ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

13-19 ਦਸੰਬਰ 2023

ਸਾਲ 14ਵਾਂ - ਅੰਕ 51
email : info@sadelok.com
Ph. : 510-706-1300
Fax : 925-373-1300

## ਧਾਰਾ 370 ਰੱਦ ਕਰਨ ਦੇ ਫੈਸਲੇ 'ਤੇ ਸੁਪਰੀਮ ਕੋਰਟ ਦੀ ਮੋਹਰ




(ਦੇਖੋ ਸਫ਼ਾ 26 'ਤੇ)

## ਸ. ਪ੍ਰਗਟ ਸਿੰਘ ਸੰਧੂ ਗਾਲਟ ਸਿਟੀ ਦੇ ਸਰਬਸੰਮਤੀ ਨਾਲ ਮੁੜ ਮੇਅਰ ਚੁਣੇ



13

## ਸਾਡਾ ਪਾਕਿਸਤਾਨ ਨਾਲ ਲਗਦਾ ਵਾਹਗਾ ਬਾਰਡਰ ਖੋਲਿਆ ਜਾਵੇ : ਸੰਤ ਬਲਬੀਰ ਸਿੰਘ ਸੀਚੇਵਾਲ



13

## 30 ਸਾਲ ਤੋਂ ਵੱਧ ਸਮਾਂ ਜੇਲ ਵਿਚ ਬਿਤਾਉਣ ਵਾਲੇ ਸਿਆਸੀ ਸਿੱਖ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਗਈ : ਸ. ਵਿਕਰਮਜੀਤ ਸਿੰਘ ਸਾਹਨੀ



13

# ਅਮਰੀਕਨ ਸਿੱਖ ਕਾਕਸ ਵਫਦ ਨੇ ਅਮਰੀਕਨ ਪ੍ਰੈਜ਼ੀਡੈਂਟ ਨਾਲ ਕੀਤੀ ਮੁਲਾਕਾਤ

## ਸਿੱਖਾਂ ਦੀ ਸੁਰੱਖਿਆ ਅਤੇ ਭਾਰਤ ਖਿਲਾਫ ਅਡਵਾਈਜਰੀ ਜਾਰੀ ਕਰਨ ਦੀ ਮੰਗ

ਭਾਰਤ ਵਲੋਂ ਵਿਦੇਸ਼ਾਂ 'ਚ ਸਿੱਖਾਂ ਦੇ ਕਤਲੇਆਮ ਨੂੰ ਠੱਲ ਪਾਉਣ ਲਈ ਅਮਰੀਕਾ ਦੇ ਉਘੇ ਸਿੱਖ ਵਫਦ ਜਿਨ੍ਹਾਂ 'ਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਕਾਕਸ ਕਮੇਟੀ ਵੱਲੋਂ ਕੁਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਇਕ ਵਫਦ ਨੇ ਰਾਸ਼ਟਰਪਤੀ ਜੋਅ ਬਾਇਡਨ ਨਾਲ ਮੁਲਾਕਾਤ ਕੀਤੀ। ਇਸ ਵਫਦ ਵਿਚ ਹੋਰਨਾਂ ਤੋਂ ਇਲਾਵਾ ਜੁਗਰਾਜ ਸਿੰਘ, ਯਾਦਵਿੰਦਰ ਸਿੰਘ ਤੇ ਹਰਮਿੰਦਰ ਸਿੰਘ ਵੀ ਸ਼ਾਮਲ ਸਨ। ਵਫਦ ਨੇ ਇਕ ਮੈਮੋਰੰਡਮ ਰਾਹੀਂ ਰਾਸ਼ਟਰਪਤੀ ਜੋਅ ਬਾਇਡਨ ਨੂੰ ਅਮਰੀਕਾ ਅਤੇ ਕੈਨੇਡਾ ਵਿਚ ਭਾਰਤ ਸਰਕਾਰ ਵੱਲੋਂ ਸਿੱਖਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਬਾਰੇ ਜਾਣੂ ਕਰਵਾਇਆ। ਇਸ ਲਿਖਤੀ ਮੰਗ ਪੱਤਰ ਵਿਚ ਦੱਸਿਆ ਗਿਆ ਕਿ ਭਾਰਤ ਸਰਕਾਰ ਦੇ ਇਕ ਅਧਿਕਾਰੀ ਦੇ ਹਾਲ ਹੀ ਦੇ ਦੋਸ਼ਾਂ ਤੋਂ ਬਾਅਦ ਜੋ ਸੱਚਾਈ ਸਾਹਮਣੇ ਆਈ ਹੈ, ਉਹ ਬਰਦਾਸ਼ਤ ਤੋਂ ਬਾਹਰ ਹੈ। ਇਸ ਅਧਿਕਾਰੀ 'ਤੇ ਅਮਰੀਕਾ ਦੇ ਨਿਊਯਾਰਕ ਵਿਚ ਰਹਿੰਦੇ ਸਿੱਖ ਆਗੂ ਦੀ ਹੱਤਿਆ ਕਰਨ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਰਾਸ਼ਟਰਪਤੀ ਨੂੰ ਜਾਣੂ ਕਰਵਾਇਆ ਗਿਆ ਕਿ ਇਸੇ ਸਾਲ ਇਕ ਕੈਨੇਡੀਅਨ ਸਿੱਖ ਆਗੂ ਦੀ ਹੱਤਿਆ 'ਚ ਵੀ ਭਾਰਤ ਦੀ ਸ਼ਮੂਲੀਅਤ ਦੇ ਦੋਸ਼ ਲੱਗੇ ਸਨ। ਵਫਦ ਨੇ ਅਮਰੀਕੀ ਪ੍ਰਸ਼ਾਸਨ ਦੀਆਂ ਏਜੰਸੀਆਂ ਵੱਲੋਂ ਇਸ ਸੰਬੰਧੀ ਆਵਾਜ਼ ਉਠਾਉਣ ਦੀ ਖੁਸ਼ੀ

(ਦੇਖੋ ਸਫ਼ਾ 29 'ਤੇ)

### ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਗਣਤੰਤਰ ਦਿਵਸ 'ਤੇ ਭਾਰਤ ਨਹੀਂ ਆਉਣਗੇ



(ਦੇਖੋ ਸਫ਼ਾ 13 'ਤੇ)

# ਆਪਣੇ ਨਹੀਂ ਤਾਂ ਰੱਬ ਦੇ ਘਰ ਹੀ ਭੇਜ ਦਿਓ: ਭਾਈ ਬਲਵੰਤ ਸਿੰਘ ਰਾਜੋਆਣਾ

## ਸਿੰਘ ਸਾਹਿਬਾਨ ਦੇ ਕਹਿਣ 'ਤੇ ਰਾਜੋਆਣਾ ਵੱਲੋਂ ਭੁੱਖ ਹੜਤਾਲ ਖਤਮ, ਸੰਘਰਸ਼ ਤੇਜ਼ ਕਰਨ ਦਾ ਭਰੋਸਾ

ਪਟਿਆਲਾ : ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਰੱਖੀ ਗਈ ਭੁੱਖ ਹੜਤਾਲ ਸਿੰਘ ਸਾਹਿਬਾਨ ਦੇ ਕਹਿਣ 'ਤੇ ਅੱਜ ਚੌਥੇ ਦਿਨ ਸਮਾਪਤ ਕਰ ਦਿੱਤੀ ਗਈ। ਇਸ ਸਬੰਧੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਸੁਲਤਾਨ ਸਿੰਘ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੱਜ ਪਟਿਆਲਾ ਜੇਲ੍ਹ ਵਿੱਚ ਰਾਜੋਆਣਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਰਾਜੋਆਣਾ ਵੀ ਮੌਜੂਦ ਸਨ। ਇਸ ਮੌਕੇ ਦੋ ਘੰਟੇ ਚੱਲੀਆਂ ਤਕਰੀਰਾਂ ਦੌਰਾਨ ਇਸ ਵਫ਼ਦ ਵੱਲੋਂ ਕੀਤੇ ਗਏ ਵਾਅਦਿਆਂ ਅਤੇ ਸੁਝਾਵਾਂ ਨਾਲ ਸਹਿਮਤ ਹੁੰਦਿਆਂ ਰਾਜੋਆਣਾ ਨੇ ਭੁੱਖ ਹੜਤਾਲ ਸਮਾਪਤ ਕਰ ਦਿੱਤੀ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿੱਚੋਂ ਲਿਆਂਦੇ ਗਏ ਪਵਿੱਤਰ ਜਲ ਸਮੇਤ ਜੂਸ ਵੀ ਸਿੰਘ ਸਾਹਿਬ ਨੇ ਆਪਣੇ ਹੱਥੀਂ ਰਾਜੋਆਣਾ ਨੂੰ ਪਿਲਾਇਆ। ਇਸ ਵਫ਼ਦ ਨੇ ਰਾਜੋਆਣਾ ਨੂੰ ਭਰੋਸਾ ਦਿਵਾਇਆ ਕਿ ਰਹਿਮ ਦੀ ਅਪੀਲ ਸਬੰਧੀ 12 ਸਾਲਾਂ ਤੋਂ ਲਟਕ ਰਹੀ ਪਟੀਸ਼ਨ ਦੇ ਜਲਦੀ ਨਿਪਟਾਰੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਰਾਜੋਆਣਾ ਨੂੰ ਦੱਸਿਆ ਗਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ 26 ਲੱਖ ਲੋਕਾਂ ਵੱਲੋਂ ਕੀਤੇ ਗਏ ਦਸਤਖ਼ਤਾਂ ਵਾਲੀ ਫਾਈਲ ਨੂੰ ਸਿਰਾਂ 'ਤੇ ਚੁੱਕ ਕੇ 20 ਦਸੰਬਰ ਨੂੰ ਰਾਸ਼ਟਰਪਤੀ ਭਵਨ ਵੱਲ ਕੂਚ ਕੀਤਾ ਜਾਵੇਗਾ। ਪੱਤਰਕਾਰਾਂ ਨਾਲ

(ਦੇਖੋ ਸਫ਼ਾ 6 'ਤੇ)



## ਦਿੱਲੀ ਸਰਕਾਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਬਾਰੇ ਫੈਸਲਾ ਲਵੇ : ਹਾਈਕੋਰਟ



ਚੰਡੀਗੜ੍ਹ : ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਦਿੱਲੀ ਸਰਕਾਰ ਨੂੰ ਫੈਸਲਾ ਲੈਣ ਲਈ ਕਿਹਾ ਹੈ। ਇਸ ਸਬੰਧੀ ਹਾਲਾਂਕਿ ਅਜੇ ਲਿਖਤੀ ਹੁਕਮ ਜਾਰੀ ਨਹੀਂ ਹੋਇਆ ਪਰ ਭੁੱਲਰ ਦੇ ਵਕੀਲ ਵੀਕੇ ਜਿੰਦਲ ਮੁਤਾਬਕ ਜਸਟਿਸ ਜੇ.ਐਸ. ਬੇਦੀ ਦੀ ਬੈਂਚ ਨੇ ਦਿੱਲੀ ਸਰਕਾਰ ਦੇ ਵਕੀਲ ਨੂੰ ਇਸ ਬਾਰੇ ਅਗਲੀ ਸੁਣਵਾਈ 4 ਜਨਵਰੀ ਨੂੰ ਜਾਣੂ ਕਰਵਾਉਣ ਲਈਂ ਕਹਾ ਹੈ।

ਜ਼ਿਕਰਯੋਗ ਹੈ ਕਿ ਦਿੱਲੀ ਸਰਕਾਰ ਇਕ ਵਾਰ ਕਹਿ ਚੁੱਕੀ ਹੈ ਕਿ ਸੈਂਟਾਂ ਰਿਵਿਊ ਬੋਰਡ ਭੁੱਲਰ ਦੀ ਰਿਹਾਈ ਦੀ ਅਰਜ਼ੀ 'ਤੇ ਮੁੜ ਵਿਚਾਰ ਕਰ ਰਹੀ ਹੈ ਰਿ ਪਿਛਲੀ ਸੁਣਵਾਈ 'ਤੇ ਦਿੱਲੀ ਸਰਕਾਰ ਦੇ ਵਕੀਲ ਨੇ ਇਹ ਕਹਿ ਦਿੱਤਾ ਸੀ ਕਿ ਇਹ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਾਖਲ ਹੀ ਨਹੀਂ ਕੀਤੀ ਜਾ ਸਕਦੀ ਜਿਸ 'ਤੇ ਬੈਂਚ ਨੇ ਭੁੱਲਰ ਦੇ ਵਕੀਲ ਨੂੰ ਇਹ ਸਾਬਤ ਕਰਨ ਲਈ ਕਿਹਾ ਸੀ ਕਿ ਦਿੱਲੀ ਦੇ ਮੁਲਜ਼ਮ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ

(ਦੇਖੋ ਸਫ਼ਾ 27 'ਤੇ)

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558


# ਸਫ਼ਰ-ਏ-ਸ਼ਹਾਦਤ

## ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Safar-e-Shahadat

## ਗੁਰਦੁਆਰਾ ਸਾਹਿਬ, ਸੈਨਹੋਜ਼ੇ ਕੈਲੀਫੋਰਨੀਆ ਵਿਖੇ

ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰਦੁਆਰਾ ਸਾਹਿਬ ਸੈਨਹੋਜ਼ੇ ਕੈਲੀਫੋਰਨੀਆ ਵਿਖੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਜੀ ਦਾ



# ਸ਼ਹੀਦੀ ਦਿਵਸ

## 22 ਤੋਂ 24 ਦਸੰਬਰ ਤੱਕ ਮਨਾਇਆ ਜਾ ਰਿਹਾ ਹੈ।



**ਅਰੰਭ ਸ੍ਰੀ ਅਖੰਡ ਪਾਠ ਸਾਹਿਬ**

22 ਦਸੰਬਰ 2023 ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ
24 ਦਸੰਬਰ 2023 ਦਿਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ 10.00 ਵਜੇ ਸਵੇਰੇ
11.00 ਵਜੇ ਸਵੇਰੇ ਤੋਂ 1.00 ਵਜੇ ਦੁਪਹਿਰ ਤੱਕ
ਕੀਰਤਨ, ਕਥਾ, ਢਾਡੀ, ਜਥੇ ਅਤੇ ਬੱਚਿਆਂ ਵਲੋਂ ਕੀਰਤਨ ਹੋਵੇਗਾ।

24 ਦਸੰਬਰ ਨੂੰ
ਗੁਰੂ ਘਰ ਦੀ ਹਦੂਦ ਅੰਦਰ
ਸ਼ਹੀਦਾਂ ਦੀ ਯਾਦ ਵਿਚ
1.00 ਵਜੇ ਨਗਰ ਕੀਰਤਨ ਹੋਵੇਗਾ

ਡਾ. ਗੁਰਨਾਮ ਸਿੰਘ ਵਲੋਂ 23 ਦਸੰਬਰ ਦਿਨ ਸ਼ਨੀਵਾਰ ਨੂੰ ਸਫ਼ਰ-ਏ-ਸ਼ਹਾਦਤ ਉਪਰ ਸਪੈਸ਼ਲ ਡਾਕੂਮੈਂਟਰੀ ਸ਼ਾਮ 7.30 PM ਤੋਂ 8.30 PM ਤੱਕ ਦਿਖਾਈ ਜਾਵੇਗੀ

ਸਮੂਹ ਸੰਗਤਾਂ ਨੂੰ ਬੇਨਤੀ ਹੈ ਜੀ ਵੱਧ ਤੋਂ ਵੱਧ ਪਹੁੰਚ ਕੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ

ਬੇਨਤੀ ਕਰਤਾ :

**ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸੰਗਤ ਇਲਾਕਾ ਸ੍ਰੀ ਫਤਹਿਗੜ੍ਹ ਸਾਹਿਬ**

ਸੰਪਰਕ ਨੰ. : (408) 891 3515, (408) 466 3133
(408) 648 6774, (209) 456 0387, (209) 968 6118
(408) 206 0095, (408) 903 5713

# ਭਾਰਤੀ-ਅਮਰੀਕੀ ਵਿਦਿਆਰਥਣ ਨੇ 'ਮਿਸ ਇੰਡੀਆ ਯੂ.ਐਸ.ਏ. 2023' ਦਾ ਤਾਜ ਪਹਿਨਿਆ



ਵਾਸ਼ਿੰਗਟਨ : ਅਮਰੀਕਾ ਦੇ ਮਿਸ਼ੀਗਨ 'ਚ ਮੈਡੀਕਲ ਦੀ ਪੜ੍ਹਾਈ ਕਰ ਰਹੀ ਵਿਦਿਆਰਥਣ ਰਿਜੁਲ ਮੈਨੀ ਨੂੰ ਨਿਊਜਰਸੀ 'ਚ ਕਰਵਾਏ ਸਾਲਾਨਾ ਮੁਕਾਬਲੇ 'ਚ 'ਮਿਸ ਇੰਡੀਆ ਯੂ.ਐਸ.ਏ. 2023' ਦਾ ਤਾਜ ਪਹਿਨਾਇਆ ਗਿਆ। ਮੁਕਾਬਲੇ ਦੌਰਾਨ ਮੈਸਾਚੁਏਟਸ ਦੀ ਸਨੇਹਾ ਨਾਂਬਿਆਰ ਨੇ 'ਮਿਸਜ਼ ਇੰਡੀਆ ਯੂ.ਐਸ.ਏ.' ਅਤੇ ਪੈਂਸਿਲਵੇਨੀਆ ਦੀ ਸਲੋਨੀ ਰਾਮਮੋਹਨ ਨੇ 'ਮਿਸ ਟੀਨ ਇੰਡੀਆ ਯੂ.ਐਸ.ਏ.' ਦਾ ਖਿਤਾਬ ਜਿੱਤਿਆ। ਭਾਰਤ ਦੇ ਬਾਹਰ ਲੰਬੇ ਸਮੇਂ ਤੱਕ ਚੱਲਣ ਵਾਲਾ ਭਾਰਤੀ ਮੁਕਾਬਲਾ ਇਸ ਸਾਲ ਆਪਣੀ 41ਵੀਂ ਵਰ੍ਹੇਗੰਢ ਮਨਾ ਰਿਹਾ ਹੈ। ਇਸ ਦੀ ਸ਼ੁਰੂਆਤ ਨਿਊਯਾਰਕ ਸਥਿਤ ਭਾਰਤੀ-ਅਮਰੀਕੀ ਧਰਮਾਤਮਾ ਸਰਨ ਤੇ ਨੀਲਮ ਸਰਨ ਨੇ 'ਵਰਲਡਵਾਈ ਪੇਜੈਂਟਸ' ਦੇ ਬੈਨਰ ਹੇਠ ਕੀਤੀ ਸੀ। 24 ਸਾਲਾ ਮੈਨੀ ਮੈਡੀਕਲ ਵਿਦਿਆਰਥਣ ਤੇ ਮਾਡਲ ਹੈ। ਉਹ ਸਰਜਨ ਬਣਨਾ ਚਾਹੁੰਦੀ ਹੈ ਤੇ ਹਰ ਥਾਂ ਔਰਤਾਂ ਦੇ ਲਈ ਇਕ ਰੋਲ ਮਾਡਲ ਦੇ ਰੂਪ 'ਚ ਕੰਮ ਕਰਨ ਦੀ ਇੱਛਾ ਰੱਖਦੀ ਹੈ। ਇਸ ਮੁਕਾਬਲੇ 'ਚ ਵਰਜੀਨੀਆ ਦੀ ਗ੍ਰੀਸ਼ਮਾ ਭੱਟ ਨੂੰ ਪਹਿਲੀ ਉਪ ਜੇਤੂ ਤੇ ਉਤਰੀ ਕੈਰੋਲੀਨਾ ਦੀ ਇਸ਼ਤਾ ਪਾਈਰਾਕਰ ਨੂੰ ਦੂਸਰੀ ਉਪ ਜੇਤੂ ਐਲਾਨਿਆ ਗਿਆ।

# ਅਮਰੀਕਾ ਦੇ ਨੇਵਾਡਾ ਰਾਜ 'ਚ ਲਾਸ ਵੇਗਾਸ ਕਾਲਜ ਕੈਂਪਸ ਵਿਚ ਹੋਈ ਗੋਲੀਬਾਰੀ ਵਿਚ 3 ਮੌਤਾਂ 1 ਦੀ ਹਾਲਤ ਗੰਭੀਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਨੇਵਾਡਾ ਰਾਜ ਦੇ ਲਾਸ ਵੇਗਾਸ ਕਾਲਜ ਕੈਂਪਸ ਵਿਚ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੇ ਮਾਰੇ ਜਾਣ ਤੇ 1 ਵਿਅਕਤੀ ਦੇ ਗੋਲੀਆਂ ਵੱਜਣ ਕਾਰਨ ਗੰਭੀਰ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਨੇ ਕਿਹਾ ਹੈ ਕਿ ਯੂਨੀਵਰਸਿਟੀ ਆਫ ਨੇਵਾਡਾ , ਲਾਗ ਵੇਗਾਸ ਵਿਚ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਪੁੱਜੇ ਪੁਲਿਸ ਅਫਸਰਾਂ ਦੀ ਜਵਾਬੀ ਕਾਰਵਾਈ ਵਿਚ ਸ਼ੱਕੀ ਹਮਲਾਵਰ ਵੀ ਮਾਰਿਆ ਗਿਆ। ਗੋਲੀਬਾਰੀ ਦੀ ਘਟਨਾ ਦੁਪਹਿਰ ਦੇ ਖਾਣੇ ਵੇਲੇ ਵਾਪਰੀ ਤੇ ਗੋਲੀ ਚੱਲਣ ਉਪਰੰਤ ਵਿਦਿਆਰਥੀਆਂ ਵਿਚ ਹਫੜਾ ਦਫੜੀ ਮਚ ਗਈ ਤੇ ਉਹ ਜਾਨਾਂ ਬਚਾਉਣ ਲਈ ਇਧਰ ਉਧਰ ਭੱਜ ਗਏ। ਲਾਸ ਵੇਗਾਸ ਮੈਟੋਰਪੋਲੀਟਨ ਪੁਲਿਸ ਵਿਭਾਗ ਨੇ 3 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਜਾਂਚਕਾਰ ਮਾਮਲੇ ਦੀ ਜਾਂਚ ਲਈ ਮੌਕੇ ਉਪਰ ਪੁੱਜ ਗਏ ਹਨ। ਸ਼ੈਰਿਫ ਕੈਵਿਨ ਮੈਕਮਾਹਿਲ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕ੍ਰਿਸਮਿਸ ਦੀਆਂ ਛੁੱਟੀਆਂ ਤੋਂ ਪਹਿਲਾਂ ਜਦੋਂ ਵਿਦਿਆਰਥੀ ਘਰ ਜਾਣ ਬਾਰੇ ਸੋਚ ਰਹੇ ਸਨ ਤਾਂ ਗੋਲੀਬਾਰੀ ਹੋਣੀ ਇਕ ਬਹੁਤ ਮੰਦਭਾਗੀ ਘਟਨਾ ਹੈ। ਉਨਾਂ ਕਿਹਾ ਹੈ ਕਿ ਸ਼ੱਕੀ ਦੋਸ਼ੀ ਦੀ ਪਛਾਣ ਕਰ ਲਈ ਗਈ ਹੈ ਪਰੰਤੂ ਅਜੇ ਉਸ ਦਾ ਨਾਂ ਜਨਤਿਕ ਨਹੀਂ ਕੀਤਾ ਜਾ ਰਿਹਾ। ਮਿਲੀ ਜਾਣਕਾਰੀ ਅਨੁਸਾਰ ਸ਼ੱਕੀ ਦੋਸ਼ੀ ਦੀ ਉਮਰ 60 ਸਾਲ ਦੇ ਕਰੀਬ ਹੈ । ਪੁਲਿਸ ਨੇ ਅਜੇ ਮ੍ਰਿਤਕਾਂ ਤੇ ਜ਼ਖਮੀ ਹੋਏ ਵਿਅਕਤੀਆਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਤੇ ਨਾ ਹੀ ਇਹ ਦੱਸਿਆ ਹੈ ਕਿ ਮ੍ਰਿਤਕ ਸਾਰੇ ਵਿਦਿਆਰਥੀ ਹਨ ਜਾਂ ਮ੍ਰਿਤਕਾਂ ਵਿਚ ਹੋਰ ਵਿਅਕਤੀ ਵੀ ਸ਼ਾਮਿਲ ਹੈ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ
ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।
ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ
Get more BENEFITS at No Cost $0 Premium
Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

Balsani Welders & Builders
We Design, Manufacture & Ship Nationwide
All Kind of Welding & Fabrication Services Available
Mobile Welding Services
Custom Febrication
Custom Welding
Alnminum Welding
Metal Canopy
Truck/Trailer Welding
Custom Metal Gates
Metal Fences
ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।
ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ
ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।
ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ
ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।
Wrought Iron Fences
Ornamental Iron Fences
Custom Designed Iron Fences
Black Rod Iron Fences
Wrought Iron Garden Fences
FROM CONCEPTION
- FABRICATION TO INSTALLATION
ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।
S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ਨਿਊਯਾਰਕ 'ਚ ਯਹੂਦੀ ਧਾਰਮਿਕ ਸਥਾਨ ਦੇ ਬਾਹਰ ਗੋਲੀਬਾਰੀ, ਮੁਲਜ਼ਮ ਗ੍ਰਿਫ਼ਤਾਰ

ਨਿਊਯਾਰਕ : ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਜੰਗ ਵਿੱਚ ਨਿਊਯਾਰਕ ਵਿੱਚ ਇੱਕ ਯਹੂਦੀ ਧਾਰਮਿਕ ਸਥਾਨ ਦੇ ਬਾਹਰ ਦੋ ਗੋਲੀਆਂ ਚਲਾਈਆਂ ਗਈਆਂ। ਸ਼ੂਟਰ ਨੇ ਫਲਸਤੀਨ ਦੀ ਆਜ਼ਾਦੀ ਦੇ ਨਾਅਰੇ ਵੀ ਲਾਏ, ਜਿਸ ਨੂੰ ਬਾਅਦ ਵਿੱਚ ਨਿਊਯਾਰਕ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ। ਹਾਲਾਂਕਿ ਇਸ ਘਟਨਾ 'ਚ ਕਿਸੇ ਦੇ ਵੀ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ।

ਪੁਲਸ ਅਧਿਕਾਰੀਆਂ ਮੁਤਾਬਕ ਦੁਪਹਿਰ ਢਾਈ ਵਜੇ ਦੇ ਕਰੀਬ ਗੋਲੀਬਾਰੀ ਕੀਤੀ ਗਈ। ਇਸ ਲਈ ਜ਼ਿੰਮੇਵਾਰ 28 ਸਾਲਾ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਸ ਵੱਲੋਂ ਉਸ ਨੂੰ ਹਿਰਾਸਤ ਵਿੱਚ ਲੈਣ ਤੋਂ ਪਹਿਲਾਂ ਉਸ ਨੇ ਫਲਸਤੀਨ ਦੀ ਆਜ਼ਾਦੀ ਲਈ ਜ਼ੋਰਦਾਰ ਨਾਅਰੇ ਲਾਏ। ਪੁਲਿਸ ਨੇ ਉਸਦੀ ਪਛਾਣ ਜਾਰੀ ਨਹੀਂ ਕੀਤੀ, ਪਰ ਨਿਊਯਾਰਕ ਦੀ ਗਵਰਨਰ ਕੈਥੀ ਹੋਚਲ ਨੇ ਕਿਹਾ ਕਿ ਉਹ ਇੱਕ ਸਥਾਨਕ ਨਾਗਰਿਕ ਹੈ।

ਗੋਲੀਬਾਰੀ ਕਰਨ ਤੋਂ ਬਾਅਦ ਮੁਲਜ਼ਮ ਉੱਥੇ ਹੀ ਖੜ੍ਹਾ ਰਿਹਾ ਅਤੇ ਜਿਵੇਂ ਹੀ ਪੁਲਸ ਪਹੁੰਚੀ, ਉਸਨੇ ਆਪਣੀ ਗੰਨ ਸੁੱਟ ਦਿੱਤੀ ਅਤੇ ਪੁਲਸ





ਸਾਹਮਣੇ ਆਤਮ-ਸਮਰਪਣ ਕਰ ਦਿੱਤਾ। ਪੁਲਸ ਨੂੰ ਸ਼ੱਕ ਹੈ ਕਿ ਇਹ ਘਟਨਾ ਨਫ਼ਰਤੀ ਅਪਰਾਧ ਦੀ ਹੈ। ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਸੀ। ਗੋਲੀਬਾਰੀ ਦੇ ਸਮੇਂ ਧਾਰਮਿਕ ਸਥਾਨ ਦੇ ਅੰਦਰ ਕੁਝ ਬੱਚੇ ਵੀ ਮੌਜੂਦ ਸਨ, ਜਿਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਕੋਲ ਭੇਜ ਦਿੱਤਾ ਗਿਆ ਹੈ। ਗੋਲੀਬਾਰੀ ਦੀ ਘਟਨਾ ਤੋਂ ਬਾਅਦ ਪੂਰੇ ਨਿਊਯਾਰਕ ਦੀ ਪੁਲਸ ਨੂੰ ਵੀ ਚੌਕਸ ਰਹਿਣ ਦੇ ਉੱਚ ਅਧਿਕਾਰੀਆਂ ਨੇ ਹੁਕਮ ਦਿੱਤੇ ਹਨ।

# ਅਮਰੀਕਾ 'ਚ ਭਾਰਤੀ ਮੂਲ ਦੇ ਮੋਟਲ ਮਾਲਕ ਦਾ ਗੋਲੀ ਮਾਰ ਕੇ ਕਤਲ

ਵਾਸ਼ਿੰਗਟਨ : ਅਮਰੀਕਾ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇੱਥੇ ਉੱਤਰੀ ਕੈਰੋਲੀਨਾ ਸੂਬੇ ਦੇ ਨਿਊਪੋਰਟ ਸ਼ਹਿਰ ਵਿੱਚ 46 ਸਾਲਾ ਭਾਰਤੀ ਮੂਲ ਦੇ ਇੱਕ ਮੋਟਲ ਮਾਲਕ ਦਾ ਇੱਕ ਬੇਘਰ ਘੁਸਪੈਠੀਏ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਕਤਲ ਦੇ ਦੋਸ਼ੀ ਨੇ ਬਾਅਦ ਵਿਚ ਖ਼ੁਦ ਨੂੰ ਵੀ ਗੋਲੀ ਮਾਰ ਲਈ। ਪੁਲਸ ਨੇ ਦੱਸਿਆ ਕਿ ਦੋਸ਼ੀ ਨੇ ਆਪਣੀ ਜਾਨ ਲੈਣ ਤੋਂ ਪਹਿਲਾਂ ਖ਼ੁਦ ਨੂੰ ਇੱਕ ਕਮਰੇ ਵਿੱਚ ਬੰਦ ਕਰ ਲਿਆ ਸੀ।

ਜਦੋਂ ਪੁਲਸ ਘਟਨਾ ਸਥਾਨ 'ਤੇ ਪਹੁੰਚੀ ਤਾਂ ਸਤਯੇਨ ਨਾਇਕ ਨੂੰ ਮੋਟਲ ਦੇ ਬਾਹਰ ਗੋਲੀ ਨਾਲ ਜ਼ਖਮੀ ਹਾਲਤ ਵਿਚ ਪਾਇਆ। ਨਿਊਪੋਰਟ ਪੁਲਸ ਦੇ ਮੁਖੀ ਕੀਥ ਲੇਵਿਸ ਨੇ ਕਿਹਾ, '10 ਵਜੇ ਤੋਂ ਬਾਅਦ 911 ਸੈਂਟਰ ਨੂੰ ਹੋਸਟਸ ਹਾਊਸ ਵਿੱਚ ਇੱਕ ਵਿਅਕਤੀ ਦੁਆਰਾ ਘੁਸਪੈਠ ਕਰਨ ਬਾਰੇ ਇੱਕ ਕਾਲ ਪ੍ਰਾਪਤ ਹੋਈ।' ਦਿ ਨਿਊਜ਼-ਟਾਈਮਜ਼ ਅਖ਼ਬਾਰ ਨੇ ਲੇਵਿਸ ਦੇ ਹਵਾਲੇ ਨਾਲ ਜਾਣਕਾਰੀ ਦਿੱਤੀ ਕਿ ਉਸ ਤੋਂ ਬਾਅਦ ਜਲਦੀ ਹੀ ਇੱਕ ਦੂਜੀ ਕਾਲ ਆਈ ਕਿ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਗਈ ਹੈ। ਕੁਝ ਹੀ ਪਲਾਂ ਵਿੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਦੋਸ਼ੀ ਦੀ ਪਛਾਣ ਟਰੌਏ ਕੇਲਮ ਵਜੋਂ ਹੋਈ ਹੈ।

ਐਮਰਜੈਂਸੀ ਕਰਮਚਾਰੀ ਨਾਇਕ ਨੂੰ ਤੁਰੰਤ ਡਾਕਟਰੀ ਸਹਾਇਤਾ ਲਈ ਕਾਰਟਰੇਟ ਹੈਲਥ



ਕੇਅਰ ਵਿੱਚ ਲੈ ਗਏ। ਬਾਅਦ ਵਿਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਲੇਵਿਸ ਨੇ ਕਿਹਾ, 'ਇਹ ਇੱਕ ਪਰਿਵਾਰਕ ਮਲਕੀਅਤ ਵਾਲਾ ਕਾਰੋਬਾਰ ਹੈ ਅਤੇ ਉਹ ਰੋਜ਼ਾਨਾ ਆਪਣੇ ਪਰਿਵਾਰ ਨਾਲ ਇਸ ਕਾਰੋਬਾਰ ਨੂੰ ਚਲਾਉਂਦਾ ਸੀ'। ਸ਼ੱਕੀ ਟਰੌਏ ਕੇਲਮ (59) ਨੂੰ ਹੋਸਟਸ ਹਾਊਸ ਦੇ ਇੱਕ ਕਮਰੇ ਦੇ ਅੰਦਰ ਬੰਦ ਪਾਇਆ ਗਿਆ। ਲੇਵਿਸ ਨੇ ਕਿਹਾ ਕਿ ਕੈਲਮ ਇੱਕ ਸਕੁਐਟਰ ਸੀ ਅਤੇ ਉਸ ਨੂੰ ਬੇਘਰ ਮੰਨਿਆ ਜਾਂਦਾ ਸੀ। ਲੇਵਿਸ ਅਨੁਸਾਰ SRT ਟੀਮ ਦੇ ਕਮਰੇ ਵਿੱਚ ਦਾਖਲ ਹੋਣ ਤੋਂ ਬਾਅਦ ਕੈਲਮ ਨੇ ਹੈਂਡਗਨ ਨਾਲ ਆਪਣੇ ਆਪ ਨੂੰ ਗੋਲੀ ਮਾਰ ਲਈ ਅਤੇ ਉਸ ਦੀ ਮੌਕੇ 'ਤੇ ਮੌਤ ਹੋ ਗਈ।

# ਅਮਰੀਕਾ ਦੇ ਅਲਬਾਮਾ ਰਾਜ 'ਚ ਪਾਲਤੂ ਕੁੱਤੇ ਨੇ 3 ਮਹੀਨੇ ਦੇ ਬੱਚੇ ਨੂੰ ਨੋਚਿਆ, ਹੋਈ ਮੌਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਅਲਬਾਮਾ ਰਾਜ ਵਿਚ ਪਰਿਵਾਰ ਦੇ ਇਕ ਪਾਲਤੂ 'ਵੋਲਫ ਹਾਈਬਰਿਡ' ਕੁੱਤੇ ਨੇ ਇਕ 3 ਸਾਲ ਦੇ ਬੱਚੇ ਉਪਰ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਵੱਢ ਕੱਟ ਦਿੱਤਾ ਜਿਸ ਉਪਰੰਤ ਉਸ ਦੀ ਮੌਤ ਹੋ ਗਈ। 'ਵੋਲਫ ਹਾਈਬਰਿਡ' ਇਕ ਜੰਗਲੀ ਜਾਨਵਰ ਹੈ ਜੋ ਕੁੱਤੇ ਤੇ ਬਘਿਆੜ ਦੀ ਮਿਸ਼ਰਤ ਸ਼੍ਰੇਣੀ ਵਿਚ ਆਉਂਦਾ ਹੈ। ਇਹ ਜਾਣਕਾਰੀ ਸ਼ੈਲਬਾਈ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਦਿੱਤੀ ਹੈ। ਸ਼ੈਰਿਫ ਦਫਤਰ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਦੁਪਹਿਰ ਤਕਰੀਬਨ 12.54 ਵਜੇ ਚੈਲਸੀ ਖੇਤਰ ਦੇ ਇਕ ਘਰ ਵਿਚ ਇਕ ਕੁੱਤੇ ਵੱਲੋਂ ਬੱਚੇ ਉਪਰ ਹਮਲਾ ਕਰ ਦੇਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਤੇ ਹੋਰ ਅਧਿਕਾਰੀ ਮੌਕੇ 'ਤੇ ਪੁੱਜੇ । ਬੱਚੇ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਲਾਅ ਇਨਫੋਰਸਮੈਂਟ ਦੀ ਬੇਨਤੀ 'ਤੇ ਕੁੱਤੇ ਨੂੰ ਮੌਕੇ ਉਪਰ ਹੀ ਮਾਰ ਦਿੱਤਾ ਗਿਆ । ਸ਼ੈਲਬੀ ਕਾਊਂਟੀ ਕੋਰੋਨਰ ਲੀਨਾ ਈਵਾਨਸ ਨੇ ਕਿਹਾ ਹੈ ਕਿ ਬੱਚੇ ਦੀ ਮੌਤ ਦੀ ਜਾਂਚ ਹੋਵੇਗੀ ਤੇ ਲਾਸ਼ ਦਾ ਪੋਸਟ ਮਾਰਟਮ ਕੀਤਾ ਜਾਵੇਗਾ।

# ਨਿਊਯਾਰਕ 'ਚ ਗੁਜਰਾਤੀ ਭਾਈਚਾਰੇ ਵੱਲੋਂ ਟਾਈਮਜ਼ ਸਕੁਆਇਰ ਵਿਖੇ ਗਰਬਾ ਸਮਾਰੋਹ ਦਾ ਆਯੋਜਨ

ਨਿਊਯਾਰਕ : ਬੀਤੇ ਦਿਨ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼ (ਐਫਆਈਏ) ਨਿਊਯਾਰਕ, ਨਿਊਜਰਸੀ ਕੈਨੇਟੀਕਟ ਰਾਜ ਦੇ ਗੁਜਰਾਤੀ ਮੂਲ ਦੇ ਲੋਕਾਂ, ਹੋਰ ਕਈ ਭਾਈਚਾਰਕ ਸੰਸਥਾਵਾਂ ਅਤੇ ਭਾਰਤ ਦੇ ਕੌਂਸਲੇਟ ਜਨਰਲ ਨਿਊਯਾਰਕ ਦੇ ਸਹਿਯੋਗ ਨਾਲ 'ਕਰਾਸਰੋਡਜ਼ ਆਫ' ਵਿਖੇ ਇੱਕ ਯਾਦਗਾਰੀ ਗਰਬਾ ਸਮਾਰੋਹ ਦਾ ਆਯੋਜਨ ਕੀਤਾ ਗਿਆ। ਨਿਊਯਾਰਕ ਵਿੱਚ ਸਥਿੱਤ ਵਿਸ਼ਵ', ਟਾਈਮਜ਼ ਸਕੁਏਅਰ ਦੁਨੀਆ ਵਿੱਚ ਕਾਫੀ ਮਸ਼ਹੂਰ ਹੈ। ਗਰਬੇ ਦਾ ਇਹ ਜਸ਼ਨ ਗਰਬਾ ਨੂੰ ਯੂਨੈਸਕੋ ਦੁਆਰਾ ਇੱਕ ਅਟੁੱਟ ਸੱਭਿਆਚਾਰਕ ਵਿਰਾਸਤ ਵਜੋਂ ਸ਼ਾਮਲ ਕੀਤਾ ਗਿਆ ਸੀ।

ਗਰਬਾ, ਗਰੁੱਪ ਡਾਂਸ ਦੇ ਸਭ ਤੋਂ ਪੁਰਾਣੇ ਰੂਪਾਂ ਵਿੱਚੋਂ ਗੁਜਰਾਤ ਵਿੱਚ ਇੱਕ ਮੰਨਿਆ ਜਾਂਦਾ ਹੈ ਅਤੇ ਨਵਰਾਤਰੀ ਦੀਆਂ ਨੌਂ ਰਾਤਾਂ ਵਿੱਚ ਫੈਲਿਆ ਸਭ ਤੋਂ ਲੰਬਾ ਨਾਚ ਤਿਉਹਾਰ, ਗੁਜਰਾਤ, ਮਹਾਰਾਸ਼ਟਰ ਅਤੇ




ਰਾਜਸਥਾਨ ਸਮੇਤ ਭਾਰਤ ਦੇ ਹੋਰ ਪ੍ਰਮੁੱਖ ਰਾਜਾਂ ਵਿੱਚ ਇੱਕ ਬਹੁਤ ਹੀ ਪ੍ਰਸਿੱਧ ਸਮੂਹ ਲੋਕਾਂ ਦਾ ਇੱਕ ਨਾਚ ਰੂਪ ਹੈ। ਫੈਡਰੇਸ਼ਨ ਆਫ਼ ਇੰਡੀਅਨ ਐਸੋਸੀਏਸ਼ਨਜ਼ ਨੇ ਟਾਈਮਜ਼ ਸਕੁਏਅਰ ਵਿਖੇ ਜਸ਼ਨ ਵਿੱਚ ਸ਼ਾਮਲ ਹੋਣ ਲਈ ਸਮੁੱਚੇ ਭਾਈਚਾਰੇ ਨੂੰ ਖੁੱਲ੍ਹਾ ਸੱਦਾ ਦਿੱਤਾ ਸੀ। ਜਿਸ ਨੂੰ ਭਾਰਤ ਦੇ ਕੌਂਸਲੇਟ ਜਨਰਲ, ਨਿਊਯਾਰਕ ਦੁਆਰਾ ਸਮਰਥਨ ਦਿੱਤਾ ਗਿਆ ਸੀ। ਸਾਰੇ ਪ੍ਰਦਰਸ਼ਨ ਕਰਨ ਵਾਲੇ ਹਾਜ਼ਰੀਨ ਲਈ ਮੁਫ਼ਤ ਆਵਾਜਾਈ, ਮੁਫ਼ਤ ਰਿਫਰੈਸ਼ਮੈਂਟ ਅਤੇ ਭਾਗੀਦਾਰੀ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਗਏ। ਇੱਥੇ ਹਾਜ਼ਰੀਨ ਭਾਰਤੀ ਲੋਕਾਂ ਦੇ ਪਹਿਰਾਵੇ ਦੇ ਚਮਕਦਾਰ ਰੰਗਾਂ ਨੇ ਜੋਸ਼ ਦੇ ਮਾਹੌਲ ਨੂੰ ਹੋਰ ਰੰਗੀਨ ਬਣਾ ਦਿੱਤਾ ਸੀ।

# ਐਸ਼ੋ ਅਰਾਮ ਲਈ ਭਾਰਤੀ ਮੂਲ ਦੇ ਵਿਅਕਤੀ ਨੇ ਅਮਰੀਕਾ 'ਚ ਚੋਰੀ ਕੀਤੇ 183 ਕਰੋੜ ਰੁਪਏ

ਨਿਊਯਾਰਕ : ਅਮਰੀਕਾ ਵਿੱਚ ਰਹਿ ਰਹੇ ਗੁਜਰਾਤੀ ਮੂਲ ਦੇ ਇੱਕ ਪ੍ਰਵਾਸੀ ਭਾਰਤੀ ਨੇ ਆਪਣੇ ਅਤੇ ਪਰਿਵਾਰ ਦੇ ਐਸ਼ੋ-ਆਰਾਮ ਲਈ ਗਲਤ ਤਰੀਕੇ ਨਾਲ ਪੈਸਾ ਕਮਾਇਆ। ਉਸ ਨੇ ਇਸਦੇ ਲਈ ਇੱਕ ਵੱਡੀ ਯੋਜਨਾ ਤਿਆਰ ਕੀਤੀ ਅਤੇ ਫਲੋਰੀਡਾ ਦੀ ਅਮਰੀਕੀ ਫੁੱਟਬਾਲ ਫਰੈਂਚਾਇਜ਼ੀ ਜੈਕਸਨਵਿਲ ਜੈਗੁਆਰਸ ਨਾਲ, ਜਿੱਥੇ ਉਸਨੇ ਪਹਿਲਾਂ ਇੱਕ ਕਾਰਜਕਾਰੀ ਵਜੋਂ ਕੰਮ ਕੀਤਾ ਸੀ, ਤੋਂ 183 ਕਰੋੜ ਰੁਪਏ ਚੋਰੀ ਕੀਤੇ।

ਦੋਸ਼ੀ ਦਾ ਨਾਮ ਅਮਿਤ ਪਟੇਲ ਹੈ। ਅਮਿਤ ਨੇ ਫਰੈਂਚਾਇਜ਼ੀ ਤੋਂ ਕੀਤੀ ਕਮਾਈ ਨਾਲ ਫਲੋਰੀਡਾ ਵਿੱਚ ਇੱਕ ਵੱਡੀ ਇਮਾਰਤ ਖਰੀਦੀ। ਇਸ ਤੋਂ ਇਲਾਵਾ ਉਹ ਜਿੱਥੇ ਵੀ ਜਾਂਦਾ ਹੈ, ਉਹ ਪ੍ਰਾਈਵੇਟ ਜੈੱਟਾਂ ਵਿੱਚ ਸਫ਼ਰ ਕਰਦਾ ਹੈ। ਉਸਨੇ ਇੱਕ ਮਹਿੰਗੀ ਟੇਸਲਾ ਕਾਰ, ਘੜੀਆਂ ਅਤੇ ਕ੍ਰਿਪਟੋ ਕਰੰਸੀ ਖਰੀਦੀ। ਅਮਿਤ ਨੇ ਕਈ ਵਿਦੇਸ਼ੀ ਦੌਰਿਆਂ 'ਤੇ ਵੀ ਇਹ ਪੈਸੇ ਖਰਚ ਕੀਤੇ। ਗੁਜਰਾਤ ਨਾਲ ਪਿਛੋਕੜ ਰੱਖਣ ਵਾਲਾ ਭਾਰਤੀ-ਅਮਰੀਕੀ



ਅਮਿਤ ਪਟੇਲ ਵਿੱਤੀ ਵਿਸ਼ਲੇਸ਼ਣ ਅਤੇ ਯੋਜਨਾ ਟੀਮ ਦੇ ਮੈਨੇਜਰ ਵਜੋਂ ਜੈਕਸ ਐਨਵਿਲ ਜੈਗੁਆਰਜ਼ ਫੁੱਟਬਾਲ ਫਰੈਂਚਾਈਜ਼ੀ ਵਿੱਚ ਸ਼ਾਮਲ ਸ਼ਾਮਿਲ ਹੋ ਗਿਆ ਸੀ। ਜਿਸ ਨੂੰ ਜੇਗੂਆਰਸ ਨੇ ਉਪਭੋਗਤਾ ਤੋਂ ਲੈਣ-ਦੇਣ ਲਈ ਇੱਕ ਵਰਚੁਅਲ ਕ੍ਰੈਡਿਟ ਕਾਰਡ (ਵਰਚੁਅਲ ਕ੍ਰੈਡਿਟ ਕਾਰਡ) ਦਿੱਤਾ ਸੀ। ਸ਼ੁਰੂਆਤ 'ਚ ਵਫ਼ਾਦਾਰੀ ਨਾਲ ਕੰਮ ਕਰਨ ਵਾਲੇ ਅਮਿਤ ਪਟੇਲ ਨੇ ਫਰੈਂਚਾਈਜ਼ੀ ਦਾ ਭਰੋਸਾ ਤੋੜ ਦਿੱਤਾ। ਹਾਲਾਂਕਿ ਕੁਝ ਸਾਲਾਂ ਤੱਕ ਉਸਨੇ ਆਲੀਸ਼ਾਨ ਜੀਵਨ ਜਿਉਣ ਦੇ ਵਿਚਾਰ ਨਾਲ ਰੁਕਾਵਟਾਂ ਦਾ ਵੀ ਸਾਹਮਣਾ ਕੀਤਾ। ਅਮਿਤ ਪਟੇਲ ਨੇ ਨਵੇਂ ਕੇਟਰਿੰਗ, ਹਵਾਈ ਕਿਰਾਏ ਅਤੇ ਹੋਟਲ ਦੇ ਬਿੱਲ ਬਣਾਉਣ ਲਈ ਵਰਚੁਅਲ ਕ੍ਰੈਡਿਟ ਕਾਰਡ ਦੀ ਦੁਰਵਰਤੋਂ ਕੀਤੀ। ਅਮਿਤ ਨੇ ਤਿੰਨ ਸਾਲਾਂ ਦੀ ਮਿਆਦ 'ਚ ਜੈਗੁਆਰਜ਼ ਦੇ ਖਾਤੇ ਦੇ ਵਿੱਚੋਂ 183 ਕਰੋੜ ਰੁਪਏ ਕਢਵਾਏ। ਇਸ ਧੋਖਾਧੜੀ ਦੇ ਸਾਹਮਣੇ ਆਉਣ ਤੋਂ ਬਾਅਦ ਜੈਕਸ ਐਨਵਿਲ ਜੈਗੁਆਰਜ਼ ਮੈਨੇਜਮੈਂਟ ਨੇ ਇਸ ਸਾਲ ਫਰਵਰੀ ਮਹੀਨੇ ਕਰੋੜਾਂ ਡਾਲਰਾਂ ਦੀ ਹੇਰਾਫੇਰੀ ਕਰਨ 'ਤੇ ਅਮਿਤ ਪਟੇਲ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ। ਆਪਣੇ ਐਸ਼ੋ-ਆਰਾਮ ਲਈ ਇਕ ਵੱਡਾ ਆਰਥਿਕ ਅਪਰਾਧ ਕਰਨ ਵਾਲਾ ਭਾਰਤੀ ਗੁਜਰਾਤੀ ਅਮਿਤ ਪਟੇਲ ਇਸ ਸਮੇਂ ਅਦਾਲਤ ਦੀ ਕਾਰਵਾਈ ਦਾ ਸਾਹਮਣਾ ਕਰ ਰਿਹਾ ਹੈ।

# ਕਹਾਣੀਕਾਰਾ ਗੁਰਮੀਤ ਪਨਾਗ ਨਾਲ ਵਿਪਸਾਅ ਕੈਲੀਫ਼ੋਰਨੀਆ ਵੱਲੋਂ ਰੂਬਰੂ

ਮਾਰਟੀਨੇਜ : ਬੀਤੇ ਐਤਵਾਰ ਵਿਸ਼ਵ ਪੰਜਾਬ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਦੇ ਮੈਂਬਰਾਂ ਵੱਲੋਂ ਨਾਮਵਰ ਪੰਜਾਬੀ ਕਨੇਡੀਅਨ ਕਹਾਣੀਕਾਰਾ ਗੁਰਮੀਤ ਪਨਾਗ ਨਾਲ ਰੂਬਰੂ ਕੀਤਾ ਗਿਆ। ਇਹ ਰੂਬਰੂ ਵਿਪਸਾਅ ਪ੍ਰਧਾਨ ਕੁਲਵਿੰਦਰ ਦੇ ਗ੍ਰਹਿ ਵਿਖੇ ਆਯੋਜਿਤ ਕੀਤੀ ਗਈ। ਲਾਜ ਨੀਲਮ ਸੈਣੀ ਅਤੇ ਸੁਖਵਿੰਦਰ ਕੰਬੋਜ ਨੇ ਗੁਰਮੀਤ ਪਨਾਗ ਨਾਲ ਸਭ ਦੀ ਜਾਣ ਪਹਿਚਾਣ ਕਰਵਾਈ। ਕੁਲਵਿੰਦਰ ਨੇ ਆਏ ਮਹਿਮਾਨਾਂ ਅਤੇ ਮੈਂਬਰਾਂ ਨੂੰ ਜੀ ਆਇਆਂ ਕਿਹਾ। ਗੁਰਮੀਤ ਪਨਾਗ ਨੇ ਆਪਣੇ ਸਾਹਿਤਕ ਸਫਰ ਬਾਰੇ ਵਿਸਥਾਰਿਤ ਜਾਣਕਾਰੀ ਹਾਜ਼ਰ ਮੈਂਬਰਾਂ ਨਾਲ ਸਾਂਝੀ ਕੀਤੀ। ਆਪਣੀ ਲਿਖਣ ਪ੍ਰਕਿਰਿਆ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਉਹ ਕਹਾਣੀ ਲਿਖਣ ਤੋਂ ਪਹਿਲਾਂ ਕਹਾਣੀ ਦੇ ਵਿਸ਼ੇ ਅਤੇ ਪਾਤਰਾਂ ਬਾਰੇ ਡੂੰਘੀ ਖੋਜ ਕਰਦੇ ਹਨ ਤਾਂ ਕਿ ਕਹਾਣੀ ਨੂੰ ਯਥਾਰਥ ਦੇ ਨੇੜ੍ਹੇ ਰੱਖਿਆ ਜਾ ਸਕੇ। ਬੇਸ਼ੱਕ ਉਹਨਾਂ ਕਹਾਣੀ 10-12 ਕੁ ਸਾਲ ਪਹਿਲਾਂ ਹੀ ਲਿਖਣੀ ਸ਼ੁਰੂ ਕੀਤੀ ਹੈ, ਉਹਨਾਂ ਨੂੰ ਸਾਹਿਤਕ



ਕਿਤਾਬਾਂ ਪੜ੍ਹਨ ਦਾ ਸ਼ੌਕ ਹਮੇਸ਼ਾ ਸੀ। ਉਹਨਾਂ ਦੇ ਪਤੀ ਜੰਗ ਪਨਾਗ ਨੇ ਦੱਸਿਆ ਕਿ ਗੁਰਮੀਤ ਹਮੇਸ਼ਾ ਡਾਇਰੀ ਲਿਖਦੇ ਰਹੇ ਹਨ ਜਿਸ ਵਿੱਚ ਉਹ ਰੋਜ਼ ਮਰਾ ਦੀ ਜ਼ਿੰਦਗੀ ਦੀ ਤਫ਼ਸੀਲ ਲਿਖਦੇ ਰਹਿੰਦੇ ਸਨ, ਇਹ ਇੱਕ ਤਰ੍ਹਾਂ ਨਾਲ ਉਹਨਾਂ ਦਾ ਲਿਖਣ ਦਾ ਅਭਿਆਸ ਸੀ। ਗੁਰਮੀਤ ਪਨਾਗ ਦਾ ਕਹਾਣੀ ਸੰਗ੍ਰਹਿ "ਮੁਰਗ਼ਾਬੀਆਂ"ਪੰਜਾਬੀ ਸਾਹਿਤਕ ਜਗਤ ਵਿੱਚ ਕਾਫੀ ਚਰ-ਚਿਤ ਰਿਹਾ ਹੈ। ਉਹਨਾਂ ਦੀਆਂ ਕਹਾਣੀਆਂ ਮੂਲ ਕਨੇਡੀਅਨਾਂ ਅਤੇ ਇੰਮੀਗਰਾਂਟ ਕਨੇਡੀਅਨਾਂ ਦੇ ਜੀਵਨ ਦੁਆਲੇ ਘੁੰਮਦੀਆਂ ਹਨ ਅਤੇ ਉਹਨਾਂ ਦੀ ਪਹਿਚਾਣ, ਸਮਾਜਕ ਹਾਲਾਤਾਂ ਅਤੇ ਆਰਥਿਕਤਾ ਨਾਲ਼ ਸਬੰਧਿਤ ਸਵਾਲਾਂ ਦੇ ਜਵਾਬ ਲੱਭਣ ਦਾ ਯਤਨ ਹਨ।

ਇਸ ਰੂ-ਬ-ਰੂ ਬੈਠਕ ਵਿੱਚ ਭਾਰਤ ਤੋਂ ਕਵੀ/ਲੇਖਕ ਜਸਵੰਤ ਜ਼ਫ਼ਰ ਅਤੇ ਉਹਨਾਂ ਦੀ ਪਤਨੀ ਬਲਬੀਰ ਕੌਰ ਪੰਧੇਰ ਅਤੇ ਬੇਟੀ ਕੀਰਤ ਪੰਧੇਰ ਵੀ ਹਾਜ਼ਰ ਸਨ। ਸਾਹਿਤਕ ਗੱਲਬਾਤ ਵਿੱਚ ਗੁਲਸ਼ਨ ਦਿਆਲ, ਜਗਜੀਤ ਨੌਸ਼ਹਿਰਵੀ, ਜਸਵੰਤ ਜ਼ਫ਼ਰ, ਸੁਖਵਿੰਦਰ ਕੰਬੋਜ, ਕੁਲਵਿੰਦਰ, ਬਲਜਿੰਦਰ ਸਿੰਘ ਸਵੈਚ, ਤਾਰਾ ਸਾਗਰ ਅਤੇ ਹੋਰ ਦੋਸਤਾਂ ਨੇ ਭਰਪੂਰ ਸ਼ਮੂਲੀਅਤ ਕੀਤੀ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸਿੰਘ ਸਾਹਿਬਾਨ ਦੇ ਕਹਿਣ 'ਤੇ ਰਾਜੋਆਣਾ ਵੱਲੋਂ ਭੁੱਖ ਹੜਤਾਲ ਖਤਮ

## ਜਥੇਦਾਰਾਂ ਤੇ ਐੱਸਜੀਪੀਸੀ ਪ੍ਰਧਾਨ ਵੱਲੋਂ ਪਟੀਸ਼ਨ ਦੇ ਨਿਪਟਾਰੇ ਲਈ ਸੰਘਰਸ਼ ਤੇਜ਼ ਕਰਨ ਦਾ ਭਰੋਸਾ

ਪਟਿਆਲਾ : ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਰੱਖੀ ਗਈ ਭੁੱਖ ਹੜਤਾਲ ਸਿੰਘ ਸਾਹਿਬਾਨ ਦੇ ਕਹਿਣ 'ਤੇ ਅੱਜ ਚੌਥੇ ਦਿਨ ਸਮਾਪਤ ਕਰ ਦਿੱਤੀ ਗਈ। ਇਸ ਸਬੰਧੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਸੁਲਤਾਨ ਸਿੰਘ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੱਜ ਪਟਿਆਲਾ ਜੇਲ੍ਹ ਵਿੱਚ ਰਾਜੋਆਣਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਰਾਜੋਆਣਾ ਵੀ ਮੌਜੂਦ ਸਨ। ਇਸ ਮੌਕੇ ਦੋ ਘੰਟੇ ਚੱਲੀਆਂ ਤਕਰੀਰਾਂ ਦੌਰਾਨ ਇਸ ਵਫ਼ਦ ਵੱਲੋਂ ਕੀਤੇ ਗਏ ਵਾਅਦਿਆਂ ਅਤੇ ਸੁਝਾਵਾਂ ਨਾਲ ਸਹਿਮਤ ਹੁੰਦਿਆਂ ਰਾਜੋਆਣਾ ਨੇ ਭੁੱਖ ਹੜਤਾਲ ਸਮਾਪਤ ਕਰ ਦਿੱਤੀ।



ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿੱਚੋਂ ਲਿਆਂਦੇ ਗਏ ਪਵਿੱਤਰ ਜਲ ਸਮੇਤ ਜੂਸ ਵੀ ਸਿੰਘ ਸਾਹਿਬ ਨੇ ਆਪਣੇ ਹੱਥੀਂ ਰਾਜੋਆਣਾ ਨੂੰ ਪਿਲਾਇਆ। ਇਸ ਵਫ਼ਦ ਨੇ ਰਾਜੋਆਣਾ ਨੂੰ ਭਰੋਸਾ ਦਿਵਾਇਆ ਕਿ ਰਹਿਮ ਦੀ ਅਪੀਲ ਸਬੰਧੀ 12 ਸਾਲਾਂ ਤੋਂ ਲਟਕ ਰਹੀ ਪਟੀਸ਼ਨ ਦੇ ਜਲਦੀ ਨਿਪਟਾਰੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਰਾਜੋਆਣਾ ਨੂੰ ਦੱਸਿਆ ਗਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ 26 ਲੱਖ ਲੋਕਾਂ ਵੱਲੋਂ ਕੀਤੇ ਗਏ ਦਸਤਖ਼ਤਾਂ ਵਾਲੀ ਫਾਈਲ ਨੂੰ ਸਿਰਾਂ 'ਤੇ ਚੁੱਕ ਕੇ 20 ਦਸੰਬਰ ਨੂੰ ਰਾਸ਼ਟਰਪਤੀ ਭਵਨ ਵੱਲ ਕੂਚ ਕੀਤਾ ਜਾਵੇਗਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਦੱਸਿਆ ਕਿ ਕੇਂਦਰ ਹੁਣ ਸਿੱਖ ਪੰਥ ਦਾ ਹੋਰ ਸਬਰ ਨਾ ਪਰਖੇ। ਇਸ ਮੌਕੇ ਸ਼੍ਰੋਮਣੀ ਕਮੇਟੀ ਕਾਰਜਕਾਰੀ ਮੈਂਬਰ ਜਸਮੇਰ ਲਾਛੜੂ, ਮੈਂਬਰ ਸਤਵਿੰਦਰ ਟੌਹੜਾ ਤੇ ਜਰਨੈਲ ਕਰਤਾਰਪੁਰ, ਮੈਨੇਜਰ ਕਰਨੈਲ ਵਿਰਕ ਤੇ ਮੀਤ ਮੈਨੇਜਰ ਜਰਨੈਲ ਮਕੌੜ ਸਾਹਿਬ ਅਤੇ ਭਾਗ ਸਿੰਘ ਚੌਹਾਨ ਆਦਿ ਵੀ ਮੌਜੂਦ ਸਨ। ਦੱਸਣਾ ਬਣਦਾ ਹੈ ਕਿ ਬੇਅੰਤ ਸਿੰਘ ਕਤਲ ਕਾਂਡ ਵਿੱਚ ਰਾਜੋਆਣਾ ਨੂੰ 2007 'ਚ ਸੁਣਾਈ ਗਈ ਫਾਂਸੀ ਦੀ ਸਜ਼ਾ ਨੂੰ ਅਮਲ 'ਚ ਲਿਆਉਣ ਲਈ 30 ਮਾਰਚ 2012 ਦਾ ਦਿਨ ਮੁਕੱਰਰ ਕੀਤਾ ਗਿਆ ਸੀ ਪਰ ਰਾਜੋਆਣਾ ਵੱਲੋਂ ਕਾਨੂੰਨੀ ਚਾਰਾਜੋਈ ਨਾ ਕੀਤੀ ਗਈ, ਜਿਸ ਕਰ ਕੇ ਮਾਰਚ 2012 'ਚ ਸ਼੍ਰੋਮਣੀ ਕਮੇਟੀ ਨੇ ਰਹਿਮ ਦੀ ਅਪੀਲ ਦਾਇਰ ਕੀਤੀ ਸੀ। ਰਾਸ਼ਟਰਪਤੀ ਵੱਲੋਂ ਤਿੰਨ ਦਿਨ ਪਹਿਲਾਂ ਫਾਂਸੀ 'ਤੇ ਰੋਕ ਲਗਾ ਕੇ ਫਾਈਲ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਗਈ ਸੀ। ਰਾਜੋਆਣਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਸਫਾਂ ਵੱਲੋਂ ਸੁਹਿਰਦ ਯਤਨ ਨਾ ਕੀਤੇ ਜਾਣ ਕਰ ਕੇ ਹੀ ਇਹ ਫਾਈਲ 12 ਸਾਲਾਂ ਤੋਂ ਲਟਕੀ ਪਈ ਹੈ ਜਿਸ ਕਰ ਕੇ ਇਸ ਪਟੀਸ਼ਨ ਨੂੰ ਵਾਪਸ ਲੈਣ ਦੀ ਮੰਗ ਕਰਦਿਆਂ ਉਨ੍ਹਾਂ ਨੇ 5 ਦਸੰਬਰ ਨੂੰ ਭੁੱਖ ਹੜਤਾਲ ਸ਼ੁਰੂ ਕੀਤੀ ਸੀ।

### ਆਪਣੇ ਨਹੀਂ ਤਾਂ ਰੱਬ ਦੇ ਘਰ ਹੀ ਭੇਜ ਦਿਓ: ਰਾਜੋਆਣਾ

ਰਾਜੋਆਣਾ 27 ਸਾਲਾਂ ਤੋਂ ਜੇਲ੍ਹ ਵਿੱਚ ਅਤੇ 16 ਸਾਲਾਂ ਤੋਂ 8×8 ਦੇ ਫਾਂਸੀ ਚੱਕੀ ਵਾਲੇ ਸੈੱਲ ਵਿੱਚ ਬੰਦ ਹੈ। ਰਾਜੋਆਣਾ ਨੇ ਅੱਜ ਵਫ਼ਦ ਰਾਹੀਂ ਸਰਕਾਰ ਨੂੰ ਆਪਣੀ ਪਟੀਸ਼ਨ ਦੇ ਜਲਦੀ ਨਿਪਟਾਰੇ ਦੀ ਅਪੀਲ ਕੀਤੀ ਹੈ। ਉਸ ਦਾ ਤਰਕ ਸੀ ਕਿ ਉਹ ਛੋਟ ਨਹੀਂ ਬੱਸ ਪਟੀਸ਼ਨ ਦਾ ਨਿਪਟਾਰਾ ਚਾਹੁੰਦਾ ਹੈ। ਉਸ ਨੇ ਕਿਹਾ ਕਿ ਜੇਕਰ ਆਪਣੇ ਘਰ ਨਹੀਂ ਤਾਂ ਉਸ ਨੂੰ ਰੱਬ ਦੇ ਘਰ ਹੀ ਭੇਜ ਦਿੱਤਾ ਜਾਵੇ ਪਰ ਸਰਕਾਰ ਇਸ ਪਟੀਸ਼ਨ ਦਾ ਜਲਦੀ ਨਿਪਟਾਰਾ ਕਰੇ।



# ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸੰਸਦ ਵੱਲ ਮਾਰਚ

## ਪ੍ਰਧਾਨ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ



ਨਵੀਂ ਦਿੱਲੀ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਦੀ ਅਗਵਾਈ 'ਚ ਇੰਟਰਨੈਸ਼ਨਲ ਪੰਥਕ ਦਲ ਤੇ ਹੋਰ ਸਿੱਖ ਜਥੇਬੰਦੀਆਂ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਇਤਿਹਾਸਕ ਗੁਰਦੁਆਰਾ ਰਕਾਬਗੰਜ ਸਾਹਿਬ ਤੋਂ ਸੰਸਦ ਮਾਰਗ ਤੱਕ ਮਾਰਚ ਕੱਢਿਆ ਗਿਆ। ਇਸ ਮੌਕੇ ਸਰਕਾਰਾਂ ਨੂੰ ਸਿੱਖਾਂ ਨਾਲ ਵਿਤਕਰੇ ਵਾਲਾ ਰਵੱਈਆ ਤੁਰੰਤ ਬੰਦ ਕਰਨ ਦੀ ਅਪੀਲ ਕੀਤੀ ਗਈ। ਪ੍ਰਦਰਸ਼ਨਕਾਰੀਆਂ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਇਕ ਮੰਗ ਪੱਤਰ ਵੀ ਸੌਂਪਿਆ ਗਿਆ। ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਕੱਢੇ ਗਏ ਇਸ ਮਾਰਚ 'ਚ ਇੰਟਰਨੈਸ਼ਨਲ ਪੰਥਕ ਦਲ ਤੋਂ ਇਲਾਵਾ ਯੂਨਾਈਟਡ ਅਕਾਲੀ ਦਲ, ਕੌਮੀ ਇਨਸਾਫ ਮੋਰਚਾ, ਲੋਕ ਅਧਿਕਾਰ ਲਹਿਰ, ਉਦਯੋਗਿਕ ਵਪਾਰ ਮੰਡਲ ਲੁਧਿਆਣਾ ਤੇ ਹੋਰ ਇਨਸਾਫ ਪਸੰਦ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ। ਅਰਦਾਸ ਉਪਰੰਤ ਸਿੱਖ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁਨਾਂ ਨੇ ਹੱਥਾਂ 'ਚ ਕੇਸਰੀ ਨਿਸ਼ਾਨ ਸਾਹਿਬ ਫੜ੍ਹ ਕੇ ਗੁ. ਰਕਾਬਗੰਜ ਸਾਹਿਬ ਤੋਂ ਸੰਸਦ ਵੱਲ ਮਾਰਚ ਸ਼ੁਰੂ ਕੀਤਾ ਤਾਂ ਪੁਲਿਸ ਨੇ ਇਸ ਮਾਰਚ ਨੂੰ ਸੰਸਦ ਤੱਕ ਜਾਣ ਤੋਂ ਪਹਿਲਾਂ ਹੀ ਰੋਕ ਲਿਆ। ਇਸ ਮੌਕੇ ਭਾਈ ਜਸਬੀਰ ਸਿੰਘ ਰੋਡੇ, ਗੁਰਦੀਪ ਸਿੰਘ ਬਠਿੰਡਾ ਤੇ ਹੋਰ ਆਗੂਆਂ ਨੇ ਮੰਗ ਕੀਤੀ ਕਿ ਸਰਕਾਰਾਂ ਨੂੰ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਰਾਜਸੀ ਕੈਦੀਆਂ ਦੀ ਰਿਹਾਈ ਤੁਰੰਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਵਲੋਂ 8 ਸਿੱਖ ਕੈਦੀਆਂ ਦੀ ਰਿਹਾਈ ਤੇ 1 ਕੈਦੀ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ 'ਚ ਤਬਦੀਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ, ਪਰ ਪ੍ਰੋ. ਦਿਵੰਦਰਪਾਲ ਸਿੰਘ ਭੁੱਲਰ ਤੇ ਗੁਰਦੀਪ ਸਿੰਘ ਖੇੜਾ ਹਾਲੇ ਵੀ ਜੇਲ੍ਹ 'ਚ ਹਨ ਤੇ ਭਾਈ ਰਾਜੋਆਣਾ ਦੀ ਸਜ਼ਾ ਵੀ ਅਜੇ ਤੱਕ ਉਮਰ ਕੈਦ 'ਚ ਤਬਦੀਲ ਨਹੀਂ ਕੀਤੀ ਗਈ ਹੈ। ਇਸੇ ਤਰ੍ਹਾਂ ਹੀ ਕਈ ਹੋਰ ਸਿੱਖ ਰਾਜਸੀ ਕੈਦੀਆਂ ਦਾ ਮਾਮਲਾ ਵੀ ਲਮਕਿਆ ਪਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਵਲੋਂ ਸਿੱਖ ਰਾਜਸੀ ਕੈਦੀਆਂ ਦੇ ਮਸਲੇ ਨੂੰ ਸਮੇਂ ਦੀਆਂ ਸਰਕਾਰਾਂ ਕੋਲ ਚੁੱਕਿਆ ਜਾਂਦਾ ਰਿਹਾ ਹੈ, ਪਰ ਸਿੱਖਾਂ ਨੂੰ ਇਨਸਾਫ ਨਹੀਂ ਮਿਲ ਸਕਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਸਿੱਖਾਂ ਨਾਲ ਵਿਤਕਰੇ ਵਾਲਾ ਰਵੱਈਆ ਅਪਨਾ ਰਹੀਆਂ ਹਨ, ਜਿਸ ਨਾਲ ਅਜਿਹਾ ਸੁਨੇਹਾ ਮਿਲਦਾ ਹੈ ਕਿ ਦੇਸ਼ 'ਚ ਕਾਨੂੰਨ ਸਾਰਿਆਂ ਲਈ ਇੱਕੋ ਜਿਹਾ ਨਹੀਂ ਹੈ। ਇਸ ਪ੍ਰਦਰਸ਼ਨ ਦੇ ਮੱਦੇਨਜ਼ਰ ਪੁਲਿਸ ਪ੍ਰਸ਼ਾਸਨ ਵਲੋਂ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ। ਮਾਰਚ 'ਚ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ, ਜਥੇ. ਬਾਬਾ ਸਵਰਨਜੀਤ ਸਿੰਘ (ਮੁਖੀ ਤਰਨਾ ਦਲ ਦੋਆਬਾ), ਜਥੇ. ਬਾਬਾ ਸਰਵਣ ਸਿੰਘ, ਬਾਬਾ ਸੁਖਵਿੰਦਰ ਸਿੰਘ, ਬਾਬਾ ਸੱਜਣ ਸਿੰਘ ਨੇ ਵੀ ਸ਼ਮੂਲੀਅਤ ਕੀਤੀ।

# ਪੰਜ ਮੈਂਬਰੀ ਕਮੇਟੀ ਪ੍ਰਧਾਨ ਮੰਤਰੀ ਨਾਲ ਕਰੇਗੀ ਮੁਲਾਕਾਤ: ਧਾਮੀ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਵੱਲੋਂ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਵਾਸਤੇ ਗਠਿਤ ਕੀਤੀ ਗਈ ਪੰਜ ਮੈਂਬਰੀ ਕਮੇਟੀ ਨੇ ਇਸ ਸਬੰਧ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਦਾ ਫੈਸਲਾ ਲਿਆ ਹੈ। ਇਸ ਸਬੰਧ ਵਿੱਚ ਤਕਰਾਰ ਦੀ ਥਾਂ ਪਿਆਰ ਤੇ ਸਦਭਾਵ ਨਾਲ ਗੱਲ ਕਰਨ ਦਾ ਰਾਹ ਅਖਤਿਆਰ ਕੀਤਾ ਜਾਵੇਗਾ। ਇਸ ਸਬੰਧੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਲਈ ਚਾਰਾਜੋਈ ਸ਼ੁਰੂ ਕੀਤੀ ਜਾ ਰਹੀ ਹੈ। ਇਸ ਕਮੇਟੀ ਨੇ ਅੱਜ ਪਲੇਠੀ ਮੀਟਿੰਗ ਕੀਤੀ।

ਇੱਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿੱਚ ਹੋਈ ਮੀਟਿੰਗ 'ਚ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਅਜੀਤ ਪ੍ਰਕਾਸ਼ਨ ਸਮੂਹ ਤੋਂ ਡਾ. ਬਰਜਿੰਦਰ ਸਿੰਘ ਹਮਦਰਦ, ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ ਰਾਜੋਆਣਾ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਸ਼ਾਮਲ ਹੋਏ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਭਾਈ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਸਬੰਧੀ ਮੁਲਾਕਾਤ ਲਈ ਸਮਾਂ ਲੈਣ ਵਾਸਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਜਾ ਰਿਹਾ ਹੈ।

ਉਹ ਚਾਹੁੰਦੇ ਹਨ ਕਿ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਵਧੀਆ ਮਾਹੌਲ 'ਚ ਸਰਕਾਰ ਨਾਲ ਗੱਲਬਾਤ ਅੱਗੇ ਤੁਰੇ। ਉਨ੍ਹਾਂ ਆਖਿਆ ਕਿ ਬੰਦੀ ਸਿੰਘਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਲੋਕਤੰਤਰੀ ਤਰੀਕੇ ਨਾਲ ਯਤਨ ਜਾਰੀ ਰੱਖੇ ਜਾਣਗੇ। ਦੱਸਣਯੋਗ ਹੈ ਕਿ ਪਹਿਲਾਂ ਇਸ ਸਬੰਧ ਵਿੱਚ ਕੇਂਦਰ ਸਰਕਾਰ ਵੱਲੋਂ ਕੋਈ ਹੁੰਗਾਰਾ ਨਾ ਮਿਲਣ ਕਾਰਨ ਸਿੱਖ ਸੰਸਥਾ ਧਰਨੇ ਤੇ ਮੁਜ਼ਾਹਰੇ ਦੇ ਰਾਹ ਤੁਰ ਪਈ ਸੀ, ਜਿਸ ਦਾ ਹੁਣ ਤੱਕ ਕੋਈ ਸਿੱਟਾ ਨਹੀਂ ਨਿਕਲਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੀ ਇਸ ਮੰਗ ਲਈ 26 ਲੱਖ ਲੋਕਾਂ ਕੋਲੋਂ ਪ੍ਰੋਫਾਰਮੇ ਵੀ ਭਰਵਾਏ ਗਏ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਅਪੀਲ ਕੀਤੀ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਬੰਦੀ ਸਿੰਘਾਂ ਦੇ ਮਾਮਲਿਆਂ ਨੂੰ ਹੱਲ ਕਰਨ ਲਈ ਪਹਿਲਕਦਮੀ ਕਰਨ। ਕਮੇਟੀ ਕੇਂਦਰ ਸਰਕਾਰ ਵੱਲੋਂ ਕੀਤੇ ਐਲਾਨ ਮੁਤਾਬਕ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਮੁਆਫ ਕਰ ਕੇ ਉਮਰ ਕੈਦ ਵਿੱਚ ਤਬਦੀਲ ਕਰਨ, ਪ੍ਰੋ. ਦਵਿੰਦਰ ਪਾਲ ਅਤੇ ਗੁਰਦੀਪ ਸਿੰਘ ਖੇੜਾ ਦੀ ਰਿਹਾਈ ਲਈ ਜ਼ੋਰ ਪਾਵੇਗੀ।



### ਚੀਫ਼ ਖ਼ਾਲਸਾ ਦੀਵਾਨ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਤਾ ਪਾਸ

ਚੀਫ਼ ਖ਼ਾਲਸਾ ਦੀਵਾਨ ਦੇ ਜਨਰਲ ਹਾਊਸ ਵੱਲੋਂ ਅੱਜ ਇਕ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਕੋਲੋਂ ਰਾਜੋਆਣਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਗਈ ਹੈ। ਚੀਫ਼ ਖ਼ਾਲਸਾ ਦੀਵਾਨ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਪਹਿਲਾਂ ਕਾਰਜਸਾਧਕ ਕਮੇਟੀ ਅਤੇ ਮਗਰੋਂ ਜਨਰਲ ਕਮੇਟੀ ਦੀ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕੀਤੀ। ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਏਜੰਡੇ ਬਾਰੇ ਜਾਣਕਾਰੀ ਦਿੱਤੀ। ਮੀਟਿੰਗ ਦੌਰਾਨ ਦੀਵਾਨ ਦੇ ਮੈਂਬਰ ਭਗਵੰਤਪਾਲ ਸਿੰਘ ਸੱਚਰ ਵੱਲੋਂ ਮਤਾ ਲਿਆਂਦਾ ਗਿਆ ਕਿ ਚੀਫ਼ ਖ਼ਾਲਸਾ ਦੀਵਾਨ ਦੀ ਇਹ ਮੀਟਿੰਗ ਕੇਂਦਰ ਸਰਕਾਰ ਤੋਂ ਸਰਬਸੰਮਤੀ ਨਾਲ ਮੰਗ ਕਰਦੀ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੀਤੇ ਗਏ ਆਪਣੇ ਫੈਸਲੇ 'ਤੇ ਤੁਰੰਤ ਅਮਲ ਕਰਦਿਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰੇ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰੇ। ਇਸ ਸਬੰਧ ਵਿੱਚ ਸਮੂਹ ਹਾਊਸ ਵੱਲੋਂ ਅਤੇ ਕਾਰਜਸਾਧਕ ਕਮੇਟੀ ਵੱਲੋਂ ਵੀ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ। ਮੀਟਿੰਗ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਫਰੈਂਡਜ਼ ਐਵੇਨਿਊ, ਅੰਮ੍ਰਿਤਸਰ ਲਈ ਸਕੂਲ ਨਾਲ ਲੱਗਦੀ 376 ਵਰਗ ਗਜ਼ ਜ਼ਮੀਨ ਖਰੀਦਣ ਅਤੇ ਹੁਸ਼ਿਆਰਪੁਰ ਵਿੱਚ ਦੀਵਾਨ ਦੇ ਸਕੂਲ ਲਈ ਖਰੀਦੀ ਗਈ ਜ਼ਮੀਨ 'ਤੇ ਇਮਾਰਤ ਦੀ ਉਸਾਰੀ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਇਸ ਦੌਰਾਨ ਪ੍ਰਧਾਨ ਡਾ. ਨਿੱਜਰ ਨੇ ਨਵੇਂ ਬਣਾਏ ਗਏ ਭਾਈ ਵੀਰ ਸਿੰਘ ਸਾਹਿਤ ਅਧਿਐਨ ਕੇਂਦਰ ਅਤੇ ਦੀਵਾਨ ਦੇ ਸਕੂਲਾਂ ਦੀਆਂ ਲਾਇਬ੍ਰੇਰੀਆਂ ਨੂੰ ਅਪਗਰੇਡ ਕਰਨ ਹਿੱਤ ਗਠਿਤ ਕਮੇਟੀ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਦੀਵਾਨ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਬਣਾਈਆਂ ਗਈਆਂ ਕਮੇਟੀਆਂ ਅਤੇ ਸਬ-ਕਮੇਟੀਆਂ ਦੀ ਕਾਰਜ ਪ੍ਰਣਾਲੀ ਦੀ ਸ਼ਲਾਘਾ ਕੀਤੀ। ਇਸ ਦੌਰਾਨ ਡਾਇਰੈਕਟਰ (ਐਜੂਕੇਸ਼ਨ) ਨੇ ਦੱਸਿਆ ਕਿ ਦੀਵਾਨ ਦੇ ਸਕੂਲਾਂ ਵਿੱਚ ਅਗਲੇ ਸਾਲ ਤੋਂ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਹੁਨਰ ਵਿਕਾਸ ਕੋਰਸ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਮੀਤ ਪ੍ਰਧਾਨ ਅਮਰਜੀਤ ਸਿੰਘ ਬਾਂਗਾ, ਜਗਜੀਤ ਸਿੰਘ, ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ. ਐੱਸ.ਐੱਸ. ਛੀਨਾ, ਜਸਪਾਲ ਸਿੰਘ ਢਿੱਲੋਂ, ਹਰਜੀਤ ਸਿੰਘ ਤਰਨ ਤਾਰਨ, ਪ੍ਰੋ. ਵਰਿਆਮ ਸਿੰਘ ਤੇ ਸੁਖਦੇਵ ਸਿੰਘ ਮੱਤੇਵਾਲ ਮੌਜੂਦ ਸਨ।

# ਬਾਈਡੇਨ ਨੂੰ ਝਟਕਾ, ਰਾਸ਼ਟਰਪਤੀ ਅਹੁਦੇ ਦੀ ਦੌੜ 'ਚ ਟਰੰਪ ਬਣੇ ਲੋਕਾਂ ਦੀ ਪਸੰਦ



ਵਾਸ਼ਿੰਗਟਨ : ਸਾਲ 2024 ਵਿਚ ਹੋਣ ਵਾਲੀ ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਦੌੜ ਵਿਚ ਡੋਨਾਲਡ ਟਰੰਪ ਨੇ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਪਿੱਛੇ ਛੱਡ ਦਿੱਤਾ ਹੈ। ਅਸਲ 'ਚ ਰਾਸ਼ਟਰੀ ਸਰਵੇਖਣ 'ਚ ਡੋਨਾਲਡ ਟਰੰਪ 47 ਫੀਸਦੀ ਲੋਕਾਂ ਦੀ ਪਹਿਲੀ ਪਸੰਦ ਬਣ ਕੇ ਸਾਹਮਣੇ ਆਏ ਹਨ। ਜਦੋਂ ਕਿ 43 ਫੀਸਦੀ ਲੋਕਾਂ ਨੇ ਜੋਅ ਬਾਈਡੇਨ ਨੂੰ ਆਪਣੀ ਪਸੰਦ ਦੱਸਿਆ। ਇਸ ਤਰ੍ਹਾਂ ਟਰੰਪ ਨੇ ਬਾਈਡੇਨ 'ਤੇ ਚਾਰ ਫੀਸਦੀ ਦੀ ਲੀਡ ਲੈ ਲਈ ਹੈ। ਸਰਵੇਖਣ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਟਰੰਪ ਨੇ ਬਿਡੇਨ 'ਤੇ ਬੜਤ ਹਾਸਲ ਕਰ ਲਈ ਹੈ। ਦਰਅਸਲ ਵਾਲ ਸਟਰੀਟ ਜਰਨਲ ਨੇ ਇਹ ਸਰਵੇ ਕੀਤਾ ਹੈ। ਸਰਵੇਖਣ ਵਿੱਚ ਧਿਆਨ ਦੇਣ ਯੋਗ ਇੱਕ ਹੋਰ ਗੱਲ ਇਹ ਹੈ ਕਿ ਬਾਈਡੇਨ ਦੀ ਪ੍ਰਵਾਨਗੀ ਰੇਟਿੰਗ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਅਜਿਹਾ ਜਾਪਦਾ ਹੈ ਕਿ ਅਗਲੇ ਕਾਰਜਕਾਲ ਲਈ ਉਮੀਦਵਾਰ ਬਣਨ ਦੀਆਂ ਬਾਈਡੇਨ ਦੀਆਂ ਕੋਸ਼ਿਸ਼ਾਂ ਨੂੰ ਝਟਕਾ ਲੱਗ ਸਕਦਾ ਹੈ। ਇੱਥੋਂ ਤੱਕ ਕਿ ਡੈਮੋਕਰੇਟਿਕ ਪਾਰਟੀ ਵਿੱਚ ਬਾਈਡੇਨ ਨੂੰ ਦੂਜਾ ਕਾਰਜਕਾਲ ਦੇਣ ਨੂੰ ਲੈ ਕੇ ਮਤਭੇਦ ਉੱਭਰ ਰਹੇ ਹਨ। ਹਾਲਾਂਕਿ ਬਾਈਡੇਨ ਨੇ ਕਿਹਾ ਹੈ ਕਿ ਉਹ ਅਗਲੇ ਸਾਲ ਹੋਣ ਵਾਲੀਆਂ ਚੋਣਾਂ 'ਚ ਵੀ ਆਪਣੀ ਉਮੀਦਵਾਰੀ ਪੇਸ਼ ਕਰਨਗੇ। ਸਭ ਤੋਂ ਵੱਡੀ ਚਿੰਤਾ ਬਾਈਡੇਨ ਦੀ ਉਮਰ ਨੂੰ ਲੈ ਕੇ ਸਾਹਮਣੇ ਆਈ ਹੈ ਕਿਉਂਕਿ ਜਦੋਂ ਅਗਲੇ ਸਾਲ ਚੋਣਾਂ ਹੋਣਗੀਆਂ ਤਾਂ ਬਾਈਡੇਨ ਦੀ ਉਮਰ 81 ਸਾਲ ਹੋਵੇਗੀ ਅਤੇ ਅਗਲੇ ਕਾਰਜਕਾਲ ਦੇ ਅੰਤ 'ਤੇ ਉਹ 86 ਸਾਲ ਦੇ ਹੋ ਜਾਣਗੇ। ਇਸ ਤੋਂ ਇਲਾਵਾ ਬਾਈਡੇਨ ਦੇ ਬੇਟੇ ਹੰਟਰ ਬਾਡੇਨ 'ਤੇ ਟੈਕਸ ਮਾਮਲਿਆਂ 'ਚ ਵੀ ਦੋਸ਼ ਲੱਗੇ ਹਨ, ਇਸ ਨਾਲ ਵੀ ਜੋ ਬਾਈਡੇਨ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ।

ਡੋਨਾਲਡ ਟਰੰਪ ਕਈ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਲੋਕਪ੍ਰਿਅਤਾ ਵਧ ਰਹੀ ਹੈ। ਡੋਨਾਲਡ ਟਰੰਪ ਆਪਣੀ ਰਿਪਬਲਿਕਨ ਪਾਰਟੀ ਦੇ ਉਮੀਦਵਾਰਾਂ ਤੋਂ ਕਾਫੀ ਅੱਗੇ ਹਨ। ਸ਼ਾਇਦ ਬਾਈਡੇਨ ਵੀ ਇਸ ਗੱਲ ਨੂੰ ਮਹਿਸੂਸ ਕਰ ਰਹੇ ਹਨ, ਇਸੇ ਲਈ ਸ਼ੁੱਕਰਵਾਰ ਨੂੰ ਕੈਲੀਫੋਰਨੀਆ ਵਿੱਚ ਇੱਕ ਫੰਡ ਰੇਜ਼ਿੰਗ ਸਮਾਗਮ ਵਿੱਚ ਬਾਈਡੇਨ ਨੇ ਟਰੰਪ 'ਤੇ ਸਿੱਧਾ ਹਮਲਾ ਕੀਤਾ ਅਤੇ ਟਰੰਪ ਸਮਰਥਕਾਂ ਵੱਲੋਂ ਯੂ.ਐੱਸ ਕੈਪੀਟਲ 'ਤੇ ਹਮਲੇ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਟਰੰਪ ਦੇ ਉਸ ਬਿਆਨ ਦੀ ਵੀ ਆਲੋਚਨਾ ਕੀਤੀ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਉਹ ਸਿਰਫ਼ ਇੱਕ ਦਿਨ ਲਈ ਤਾਨਾਸ਼ਾਹ ਬਣ ਜਾਣਗੇ।

# ਕੈਲੀਫੋਰਨੀਆ ਵਿਚ 3 ਬੇਘਰਿਆਂ ਸਮੇਤ 4 ਵਿਅਕਤੀਆਂ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਵਿਰੁੱਧ ਦੋਸ਼ ਆਇਦ

## ਅਦਾਲਤ ਨੇ ਜ਼ਮਾਨਤ ਤੋਂ ਕੀਤਾ ਇਨਕਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਪਿਛਲੇ ਹਫਤੇ ਕੈਲੀਫੋਰਨੀਆ ਦੇ ਵੱਡੇ ਸ਼ਹਿਰ ਲਾਸ ਏਂਜਲਸ ਵਿਚ ਸੁੱਤੇ ਪਏ 3 ਬੇਘਰੇ ਵਿਅਕਤੀਆਂ ਦੀ ਹੱਤਿਆ ਤੇ ਸੈਨ ਡਿਮਸ ਖੇਤਰ ਵਿਚ ਇਕ ਘਰ ਵਿਚ ਲੁੱਟਮਾਰ ਦੌਰਾਨ ਇਕ ਹੋਰ ਵਿਅਕਤੀ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਜੈਰਿਡ ਜੋਸਫ ਪਾਵਲ (33) ਵਿਰੁੱਧ ਹੋਰ ਦੋਸ਼ਾਂ ਤੋਂ ਇਲਾਵਾ 4 ਹੱਤਿਆਵਾਂ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਲਾਸ ਏਂਜਲਸ ਕਾਊਂਟੀ ਡਿਸਟ੍ਰਿਕਟ ਅਟਾਰਨੀ ਜਾਰਜ ਗੈਸਕੋਨ ਨੇ ਇਹ ਜਾਣਕਾਰੀ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਦਾਇਰ ਅਪਰਾਧਕ ਸ਼ਿਕਾਇਤ ਅਨੁਸਾਰ ਪਾਵਲ ਵਿਰੁੱਧ



4 ਹੱਤਿਆਵਾਂ ਕਰਨ, ਘਰ ਵਿਚ ਲੁੱਟਮਾਰ ਦੌਰਾਨ ਹੱਤਿਆ ਕਰਨ ਤੇ ਹੱਥਿਆਰ ਰਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਮੁੱਖੀ ਮੀਸ਼ੈਲ ਮੂਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪਾਵਲ ਨੂੰ ਪਿਛਲੇ ਹਫਤੇ ਸੈਨ ਡਿਮਸ ਖੇਤਰ ਵਿਚ ਲੁੱਟਮਾਰ ਦੌਰਾਨ ਗੋਲੀ ਚਲਾ ਕੇ ਇਕ ਵਿਅਕਤੀ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਬਾਅਦ ਵਿਚ ਜਾਂਚਕਾਰਾਂ ਨੇ ਨਿਗਰਾਨ ਤਕਨੀਕ ਦੀ ਵਰਤੋਂ ਦੁਆਰਾ ਉਸ ਨੂੰ ਉਸੇ ਹਫਤੇ ਲਾਸ ਏਂਜਲਸ ਵਿਚ 3 ਬੇਘਰੇ ਵਿਅਕਤੀਆਂ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਵੀ ਦੋਸ਼ੀ ਪਾਇਆ। ਜਾਂਚਕਾਰਾਂ ਨੇ ਇਕ ਗੰਨ ਵੀ ਬਰਾਮਦ ਕੀਤੀ ਹੈ ਤੇ ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਸ ਗੰਨ ਦੀ ਵਰਤੋਂ ਲੁੱਟਮਾਰ ਦੌਰਾਨ ਕੀਤੀ ਗਈ ਹੈ। ਪਾਵਲ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਉਸ ਨੂੰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਤੇ ਅਗਲੀ ਸੁਣਵਾਈ ਅਗਲੇ ਸਾਲ 8 ਜਨਵਰੀ ਨੂੰ ਹੋਵੇਗੀ।

# ਅਮਰੀਕਾ ਵਿਚ ਅੱਧ ਅਸਮਾਨ ਵਿੱਚ ਜਹਾਜ਼ ਦਾ ਇੰਜਣ ਬੰਦ ਕਰਨ ਦੀ ਕੋਸ਼ਿਸ਼ ਦੇ ਮਾਮਲੇ 'ਚ ਪਾਇਲਟ ਵਿਰੁੱਧ ਮੁਸਾਫਿਰਾਂ ਦੀ ਜਾਨ ਜ਼ੋਖਮ ਵਿੱਚ ਪਾਉਣ ਦੇ ਦੋਸ਼ ਆਇਦ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਵਿਚ ਇਸ ਸਾਲ ਅਕਤੂਬਰ ਮਹੀਨੇ ਵਿੱਚ ਅੱਧ ਅਸਮਾਨ ਵਿਚ ਕਥਿੱਤ ਤੌਰ 'ਤੇ ਇਕ ਯਾਤਰੀ ਜਹਾਜ਼ ਦਾ ਇੰਜਣ ਬੰਦ ਕਰਨ ਦੀ ਕੋਸ਼ਿਸ਼ ਦੇ ਮਾਮਲੇ ਵਿਚ ਅਲਾਸਕਾ ਏਅਰਲਾਈਨਜ਼ ਦੇ ਪਾਇਲਟ ਜੋਸਫ ਐਮਰਸਨ ਵਿਰੁੱਧ ਮੁਸਾਫਿਰਾਂ ਦੀ ਜਾਨ ਜ਼ੋਖਮ ਵਿਚ ਪਾਉਣ ਦੇ ਦੋਸ਼ ਆਇਦ ਕੀਤੇ ਜਾਣ ਦੀ ਖਬਰ ਹੈ। ਓਰਗੋਨ ਰਾਜ ਦੀ ਅਦਾਲਤ ਵਿਚ ਗਰੈਂਡ ਜਿਊਰੀ ਵੱਲੋਂ 22 ਅਕਤੂਬਰ ਨੂੰ ਵਾਪਰੀ ਇਸ ਘਟਨਾ ਦੇ ਮਾਮਲੇ ਵਿੱਚ ਐਮਰਸਨ ਵਿਰੁੱਧ ਜਹਾਜ਼ ਲਈ ਖਤਰਾ ਪੈਦਾ ਕਰਨ ਵਾਸਤੇ ਪਹਿਲਾ ਦਰਜਾ ਤੇ ਜਹਾਜ਼ ਵਿਚ ਸਵਾਰ 83 ਯਾਤਰੀਆਂ ਦੀ ਜਾਨ ਲਈ ਖਤਰਾ ਪੈਦਾ ਕਰਨ ਸਮੇਤ ਕੁਲ 84 ਦੋਸ਼ ਆਇਦ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਐਮਰਸਨ ਦੇ ਵਕੀਲਾਂ ਨੇ ਗਰੈਂਡ ਜਿਊਰੀ ਦੇ ਫੈਸਲਾ 'ਤੇ ਸੁੱਖ ਦਾ ਸਾਹ ਲਿਆ ਹੈ ਤੇ ਕਿਹਾ ਹੈ ਕਿ ਉਹ ਖੁਸ਼ ਹਨ ਕਿ ਐਮਰਸਨ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ ਨਹੀਂ ਕੀਤੇ ਗਏ ਹਨ।




ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ





Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home

# ਬਾਬੇ ਨਾਨਕ ਨੇ ਕਰਤਾਰਪੁਰ ਸਾਹਿਬ 'ਚ 18 ਸਾਲ 9 ਮਹੀਨੇ ਤੇ 10 ਦਿਨ ਗੁਜ਼ਾਰੇ ਸਨ

ਮੈਨੂੰ ਆਪਣੀ ਤਾਜ਼ਾ ਪਾਕਿਸਤਾਨ ਫੇਰੀ ਦੌਰਾਨ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਜਦੋਂ ਦਾ 9 ਨਵੰਬਰ 2019 ਤੋਂ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਲਾਂਘਾ ਖੁੱਲ੍ਹਾ ਹੈ, ਉਦੋਂ ਤੋਂ ਹੀ ਪਾਕਿਸਤਾਨ ਵਿਚ ਹੀ ਨਹੀਂ ਬਲਕਿ ਪੂਰੇ ਵਿਸ਼ਵ ਵਿਚ ਕਰਤਾਰਪੁਰ ਸਾਹਿਬ ਦੇ ਮਹੱਤਵ ਬਾਰੇ ਜਾਣਨ ਦੀ ਤੀਬਰਤਾ ਵਿਸ਼ਵ ਭਾਈਚਾਰੇ ਵਿਚ ਬਹੁਤ ਵਧੀ ਹੈ। ਪਾਕਿਸਤਾਨ ਵਿਚ ਵੀ ਮੈਨੂੰ ਇਸ ਗੁਰਦੁਆਰੇ ਦੇ ਮਹੱਤਵ ਸਬੰਧੀ ਬਹੁਤ ਲੋਕਾਂ ਨੇ ਸਵਾਲ ਪੁੱਛੇ ਤੇ ਮੈਂ ਆਪਣੀ ਤੁੱਛ ਬੁੱਧੀ ਮੁਤਾਬਕ ਉਨ੍ਹਾਂ ਨੂੰ ਜਾਣਕਾਰੀ ਦੇ ਕੇ ਉਨ੍ਹਾਂ ਦੀ ਜਗਿਆਸਾ ਤ੍ਰਿਪਤ ਕਰਨ ਦੀ ਕੋਸ਼ਿਸ਼ ਕੀਤੀ। ਮੈਨੂੰ ਇਹ ਸਵਾਲ ਇਸ ਕਰਕੇ ਵੀ ਪੁੱਛਿਆ ਗਿਆ ਕਿ ਮੈਂ ਕਰਤਾਰਪੁਰ ਸਾਹਿਬ ਅਤੇ ਲਾਂਘੇ ਨਾਲ ਸਬੰਧਤ ਇਸ ਮੁੱਦੇ ਉੱਤੇ ਗੁਰੂ ਕਿਰਪਾ ਨਾਲ ਪਹਿਲੀ ਪੁਸਤਕ ਲਿਖਣ ਦਾ ਮਾਣ ਪ੍ਰਾਪਤ ਕੀਤਾ।

ਉਹ ਪੁਸਤਕ 'ਤਾਰੀਖ ਬੋਲਦੀ ਹੈ-ਗਾਥਾ ਕਰਤਾਰਪੁਰ ਲਾਂਘੇ ਦੀ' ਦਾ ਪਹਿਲਾ ਐਡੀਸ਼ਨ ਗੁਰਮੁਖੀ ਲਿਪੀ ਵਿਚ ਸੀ ਜਿਸ ਕਰਕੇ ਲਹਿੰਦੇ ਪੰਜਾਬ ਦੇ ਭਾਈਚਾਰੇ ਨੂੰ ਉਸ ਪੁਸਤਕ ਤੋਂ ਕਰਤਾਰਪੁਰ ਸਾਹਿਬ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਦਾ ਕੋਈ ਲਾਭ ਨਾ ਹੋ ਸਕਿਆ। ਇੱਥੇ ਦੱਸਦਾ ਜਾਵਾਂ ਕਿ ਉਂਜ ਉਸ ਪੁਸਤਕ ਦਾ ਲੋਕ ਅਰਪਣ ਪਾਕਿਸਤਾਨ ਦੀ ਨਾਮਵਰ ਯੂਨੀਵਰਸਿਟੀ (ਗੌਰਮਿੰਟ ਕਾਲਜ ਯੂਨੀਵਰਸਿਟੀ, ਲਾਹੌਰ) ਦੇ ਵਾਈਸ ਚਾਂਸਲਰ ਡਾਕਟਰ ਅਸਗਰ ਜੈਦੀ ਦੇ ਕਰ ਕਮਲਾਂ ਨਾਲ ਹੀ ਹੋਇਆ ਸੀ ਤੇ ਹੁਣ ਉਸੇ ਪੁਸਤਕ ਦੇ ਸ਼ਾਹਮੁਖੀ ਐਡੀਸ਼ਨ ਦਾ ਲੋਕ ਅਰਪਣ ਗੌਰਮਿੰਟ ਇਸਲਾਮੀਆ ਕਾਲਜ ਵਿਖੇ ਕਾਲਜ ਦੇ ਪਿ ?ੰਸੀਪਲ ਡਾ. ਅਖਤਰ ਸੰਧੂ, ਡਾ. ਕਲਿਆਣ ਸਿੰਘ, ਡਾ. ਜ਼ਹੀਰ ਵੱਟੂ, ਡਾ. ਅਸਗਰ ਜਜਦਾਨੀ ਤੇ ਹੋਰ ਬੁੱਧੀਜੀਵੀਆਂ ਵੱਲੋਂ ਕੀਤਾ ਗਿਆ ਹੈ। ਗੁਰਦੁਆਰਾ ਕਰਤਾਰਪੁਰ ਸਾਹਿਬ ਬਾਰੇ ਆਪਣੇ ਅਹਿਸਾਸ ਲਿਖਣ ਤੋਂ ਪਹਿਲਾਂ ਮੈਂ ਇਸ ਗੁਰਧਾਮ ਦੀ ਸਿੱਖ ਧਰਮ ਅਤੇ ਸਿੱਖ ਸੰਗਤ ਵਿਚ ਅਹਿਮੀਅਤ ਬਾਰੇ ਗੱਲ ਕਰਨੀ ਮੁਨਾਸਬ ਸਮਝਦਾ ਹਾਂ। ਪੂਰੇ ਸੰਸਾਰ ਵਿਚ ਚਾਰ ਕੁ ਹਜ਼ਾਰ ਗੁਰਦੁਆਰੇ ਹਨ ਤੇ ਕਰਤਾਰਪੁਰ ਸਾਹਿਬ ਸਿੱਖ ਧਰਮ ਦਾ ਪਹਿਲਾ ਗੁਰਦੁਆਰਾ ਹੈ ਜੋ ਜਗਤ ਗੁਰੂ ਬਾਬਾ ਨਾਨਕ ਦੇਵ ਜੀ ਨੇ 1521 (1518 ਦੇ ਹਵਾਲੇ ਵੀ ਮਿਲਦੇ ਹਨ) ਵਿਚ ਸਥਾਪਤ ਕੀਤਾ ਸੀ। ਉਸ ਵੇਲੇ ਗੁਰਦੁਆਰੇ ਦਾ ਨਾਮ ਧਰਮਸਾਲਾ ਹੋਇਆ ਕਰਦਾ ਸੀ। ਗੁਰੂ ਨਾਨਕ ਦੇਵ ਜੀ ਦਾ ਜਨਮ 1469 ਵਿਚ ਰਾਇ ਭੋਇ ਦੀ ਤਲਵੰਡੀ ਜਿਸ ਨੂੰ ਹੁਣ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਵਿਖੇ ਮਾਤਾ ਤ੍ਰਿਪਤਾ ਦੇਵੀ ਅਤੇ ਪਿਤਾ ਮਹਿਤਾ ਕਾਲੂ ਪਟਵਾਰੀ ਦੇ ਗ੍ਰਹਿ ਵਿਖੇ ਹੋਇਆ ਸੀ। ਗੁਰੂ ਜੀ ਨੇ ਆਪਣੇ ਜੀਵਨ ਦੇ ਪਹਿਲੇ 15 ਸਾਲ ਉਸੇ ਧਰਤੀ ਉੱਤੇ ਬਿਤਾਏ। ਇਸ ਤੋਂ ਬਾਅਦ ਗੁਰੂ ਜੀ ਦੇ ਵੱਡੇ ਭੈਣ ਜੀ ਬੇਬੇ ਨਾਨਕੀ ਜੀ ਉਨ੍ਹਾਂ ਨੂੰ ਸੁਲਤਾਨਪੁਰ ਲੋਧੀ ਲੈ ਗਏ ਤੇ ਅਗਲੇ 14-15 ਸਾਲ ਗੁਰੂ ਜੀ ਉੱਥੇ ਹੀ ਰਹੇ। ਇਸ ਤੋਂ ਬਾਅਦ 22 ਸਾਲਾਂ ਤੱਕ ਗੁਰੂ ਜੀ ਨੇ ਦੱਖਣੀ ਏਸ਼ੀਆ ਅਤੇ ਮੱਧ ਪੂਰਬ ਦੇ ਮੁਲਕਾਂ ਦਾ ਦੌਰਾ ਕੀਤਾ ਤੇ ਲੋਕਾਈ ਨੂੰ ਅਮਨ, ਸਦਭਾਵਨਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਗੁਰੂ ਜੀ ਦੁਆਰਾ ਚਹੁੰ ਦਿਸ਼ਾਵਾਂ ਵਿਚ ਕੀਤੀਆਂ ਗਈਆਂ ਇਨ੍ਹਾਂ ਲੰਮੀਆਂ ਯਾਤਰਾਵਾਂ ਨੂੰ 'ਉਦਾਸੀਆਂ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਗੁਰੂ ਜੀ ਦਾ ਸਹੁਰਾ ਘਰ ਪਿੰਡ ਪੱਖੋਕੇ ਸੀ ਜਿਸ ਕਾਰਨ ਉਨ੍ਹਾਂ ਦਾ ਆਉਣ-ਜਾਣ ਉੱਥੇ ਅਕਸਰ ਹੀ ਰਹਿੰਦਾ ਸੀ। ਉਸ ਪਿੰਡ ਦਾ ਅਜਿੱਤੇ ਰੰਧਾਵੇ ਨਾਮ ਦਾ ਵਸਨੀਕ ਉਨ੍ਹਾਂ ਦਾ ਇਕ ਅਨਨ ਸ਼ਰਧਾਲੂ ਸੀ ਜਿਸ ਨੇ ਗੁਰੂ ਜੀ ਨੂੰ ਦਰਿਆ ਰਾਵੀ ਦੇ ਕੰਢੇ ਨਾਲ ਲੱਗਦੀ ਆਪਣੀ ਕੁਝ ਏਕੜ ਜ਼ਮੀਨ ਦਾਨ ਕਰ ਦਿੱਤੀ ਸੀ ਜਿੱਥੇ ਗੁਰੂ ਜੀ ਨੇ ਆਪਣੇ ਰਬਾਬੀ ਭਾਈ ਮਰਦਾਨੇ ਨਾਲ ਪ੍ਰਭੂ ਭਗਤੀ ਕੀਰਤਨ ਦੀ ਪ੍ਰਥਾ ਆਰੰਭ ਕੀਤੀ।




ਇਸ ਕੀਰਤਨ ਪ੍ਰਥਾ ਤੋਂ ਉਸ ਸਥਾਨ ਨੇੜੇ ਵਸਦਾ ਕਰੋੜੀ ਮੱਲ ਦੁਨੀ ਚੰਦਰ ਤੇ ਉਸ ਦੀ ਪਤਨੀ ਬਹੁਤ ਪ੍ਰਭਾਵਿਤ ਹੋਏ ਤੇ ਦੋਵੇਂ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਕਰੋੜੀ ਮੱਲ ਦੁਨੀ ਚੰਦਰ ਨੇ ਆਪਣੀ ਜਾਇਦਾਦ ਵਿੱਚੋਂ 100 ਏਕੜ ਜ਼ਮੀਨ ਗੁਰੂ ਜੀ ਨੂੰ ਦਾਨ ਕਰ ਦਿੱਤੀ। ਗੁਰੂ ਜੀ ਉਸ ਇਲਾਕੇ ਵਿਚ ਹਰਮਨ ਪਿਆਰੇ ਹੋ ਗਏ। ਸਭ ਧਰਮਾਂ ਦੇ ਲੋਕ ਨੇਮ ਨਾਲ ਉਨ੍ਹਾਂ ਦੀ ਧਰਮਸਾਲਾ ਵਿਚ ਅਗੰਮੀ ਬਾਣੀ ਦਾ ਕੀਰਤਨ ਸੁਣਨ ਵਾਸਤੇ ਨੇਮ ਨਾਲ ਆਉਣ ਲੱਗ ਪਏ ਤੇ ਜਗਤ ਬਾਬਾ ਗੁਰੂ ਨਾਨਕ ਦੇਵ ਜੀ ਨੇ ਉਸ ਪਾਵਨ ਅਸਥਾਨ ਦਾ ਨਾਮ 'ਕਰਤਾਰਪੁਰ' ਭਾਵ ਰੱਬ ਦਾ ਘਰ, ਰੱਬ ਦਾ ਦੁਆਰ ਰੱਖ ਦਿੱਤਾ। ਸਿੱਖ ਧਰਮ ਦਾ ਇਹ ਉਹ ਮੁਕੱਦਸ ਅਸਥਾਨ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 18 ਸਾਲ 9 ਮਹੀਨੇ ਤੇ 10 ਦਿਨ ਦਾ ਬਹੁਤ ਲੰਬਾ ਸਮਾਂ ਬਿਤਾਇਆ। ਇਸ ਸਮੇਂ ਦੌਰਾਨ ਉਨ੍ਹਾਂ ਨੇ ਮਨੁੱਖਤਾ ਨੂੰ ਅਸਲ ਜੀਵਨ-ਜਾਚ ਤੇ ਸਫਲ ਜ਼ਿੰਦਗੀ ਜਿਊਣ ਦਾ ਸੰਦੇਸ਼ ਦਿੱਤਾ। ਵਾਤਾਵਰਨ ਦੇ ਮਹੱਤਵ ਦਾ ਹੋਕਾ ਦਿੱਤਾ, ਮਨੁੱਖੀ ਅਧਿਕਾਰਾਂ ਦੇ ਹਨਨ ਵਿਰੁੱਧ ਆਵਾਜ਼ ਉਠਾਈ। ਔਰਤਾਂ ਨੂੰ ਬਰਾਬਰ ਦਾ ਦਰਜਾ ਦੇਣ ਦੀ ਗੱਲ ਕੀਤੀ, ਗ੍ਰਹਿਸਥ ਜੀਵਨ ਦੇ ਵਿਹਾਰਕ ਮਹੱਤਵ ਦੀ ਗੱਲ ਕੀਤੀ, ਕਿਰਤ ਕਰਨ, ਵੰਡ ਛਕਣ ਤੇ ਰੱਬ ਦਾ ਕੋਟਿ-ਕੋਟਿ ਸ਼ੁਕਰਾਨਾ ਕਰਨ ਦਾ ਮੰਤਰ ਸਮਝਾਇਆ। ਕਰਤਾਰਪੁਰ ਸਾਹਿਬ ਉਹ ਪਾਵਨ ਅਸਥਾਨ ਹੈ ਜਿੱਥੇ ਗੁਰੂ ਸਾਹਿਬ ਨੇ ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਸਤੇ ਬਾਣੀ ਦੀ ਰਚਨਾ ਕੀਤੀ, ਅਕਾਲ ਪੁਰਖ ਦੀ ਮਹਿਮਾ ਦੀ ਮਹੱਤਤਾ ਨੂੰ ਸਮਝਾਇਆ ਅਤੇ ਇਸ ਦੇ ਨਾਲ ਹੀ ਵੰਡ ਕੇ ਛਕਣ ਦੀ ਲੰਗਰ ਪ੍ਰਥਾ ਦੀ ਸ਼ੁਰੂਆਤ ਵੀ ਕੀਤੀ। ਜ਼ਿਕਰਯੋਗ ਹੈ ਕਿ ਗੁਰੂ ਜੀ ਨੇ ਇਸੇ ਪਾਵਨ ਅਸਥਾਨ ਉੱਤੇ ਜਪੁਜੀ ਸਾਹਿਬ, ਆਸਾ ਦੀ ਵਾਰ ਅਤੇ ਸਿੱਧ ਗੋਸਟਿ ਬਾਣੀਆਂ ਦੀ ਰਚਨਾ ਕੀਤੀ ਤੇ ਸਭ ਤੋਂ ਪਹਿਲਾਂ ਇਸੇ ਅਸਥਾਨ ਉੱਤੇ ਇਸ ਧੁਰ ਕੀ ਬਾਣੀ ਦਾ ਭਾਈ ਮਰਦਾਨੇ ਦੀ ਰਬਾਬ ਦੇ ਸੰਗੀਤ ਨਾਲ ਗਾਇਨ ਕੀਤਾ। ਦਰਿਆ ਰਾਵੀ ਦੇ ਪੱਛਮੀ ਕਿਨਾਰੇ 'ਤੇ ਸਥਾਪਤ ਇਹ ਗੁਰਦੁਆਰਾ ਜੋ 1947 ਤੋਂ ਪਹਿਲਾਂ ਗੁਰਦਾਸਪੁਰ ਜ਼ਿਲ੍ਹੇ ਦੀ ਨਾਰੋਵਾਲ ਤਹਿਸੀਲ ਵਿਚ ਪੈਂਦਾ ਸੀ, ਇਸ ਵੇਲੇ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੀ ਤਹਿਸੀਲ ਸ਼ੱਕਰਗੜ੍ਹ ਵਿਚ ਪੈਂਦਾ ਹੈ। ਕਰਤਾਰਪੁਰ ਸਾਹਿਬ ਲਾਹੌਰ ਤੋਂ 130 ਕਿੱਲੋਮੀਟਰ, ਨਨਕਾਣਾ ਸਾਹਿਬ ਤੋਂ 190 ਕਿੱਲੋਮੀਟਰ, ਭਾਰਤੀ ਸਰਹੱਦ ਨੇੜਲੇ ਡੇਰਾ ਬਾਬਾ ਨਾਨਕ ਤੋਂ 4 ਕਿੱਲੋਮੀਟਰ ਅਤੇ ਅੰਮ੍ਰਿਤਸਰ ਸਾਹਿਬ ਤੋਂ ਕਰੀਬ 52 ਕਿੱਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਕਰਤਾਰਪੁਰ ਸਾਹਿਬ ਉਹ ਮੁਕੱਦਸ ਅਸਥਾਨ ਹੈ ਜੋ ਸਿੱਖੀ ਦਾ ਧੁਰਾ ਹੈ, ਵਿਸ਼ਵ ਸਿੱਖ ਭਾਈਚਾਰੇ ਦਾ ਪਹਿਲਾ ਗੁਰਧਾਮ ਹੈ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਸਭ ਤੋਂ ਪਹਿਲਾਂ ਵਿਸ਼ਵ ਭਰ ਵਿਚ ਆਵਾਜ਼ ਇਸੇ ਪਾਵਨ ਅਸਥਾਨ ਤੋਂ ਉੱਠੀ, ਵਾਤਾਵਰਨ ਦੇ ਮਹੱਤਵ ਦੀ ਆਵਾਜ਼ ਬ੍ਰਹਿਮੰਡ ਦੀ ਆਰਤੀ ਦੇ ਰੂਪ 'ਚ ਦੁਨੀਆ ਭਰ 'ਚ ਸਭ ਤੋਂ ਪਹਿਲਾਂ ਇਸੇ ਅਸਥਾਨ ਤੋਂ ਉਠਾਈ ਗਈ। ਲਿੰਗ ਭੇਦ ਦਾ ਵਿਰੋਧ, ਸੰਗਤ ਦੀ ਪ੍ਰਥਾ, ਜਾਤ-ਪਾਤ ਦੇ ਭੇਦਭਾਵ ਦਾ ਵਿਰੋਧ, ਭਾਈਚਾਰੇ ਅਤੇ ਸਾਂਝੀਵਾਲਤਾ ਆਦਿ ਬਹੁਤ ਹੀ ਅਹਿਮ ਸਮਾਜਿਕ ਮੁੱਦਿਆਂ ਪ੍ਰਤੀ ਚੇਤਨਤਾ ਦੀ ਸ਼ੁਰੂਆਤ ਇਸੇ ਮੁਕੱਦਸ ਅਸਥਾਨ ਤੋਂ ਹੋਈ। ਦਰਅਸਲ, ਇਹ ਪਾਵਨ ਅਸਥਾਨ ਹੈ ਜੋ ਤਤਕਾਲੀ ਸਮਾਜਿਕ ਕ੍ਰਾਂਤੀ ਦਾ ਕੇਂਦਰ ਰਿਹਾ ਤੇ ਗੁਰੂ ਜੀ ਦੀ ਉਹ ਬਾਣੀ ਅੱਜ ਵੀ ਤੇ ਜੁੱਗੋ ਜੁੱਗ ਮਨੁੱਖੀ ਭਾਈਚਾਰੇ ਦੀ ਰਾਹ ਦਸੇਰਾ ਹੈ ਤੇ ਹਮੇਸ਼ਾ ਰਹੇਗੀ। ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨੇ ਹਰ ਸਿੱਖ ਵਾਸਤੇ ਜ਼ਰੂਰੀ ਹਨ। ਤਾਂ ਹੀ ਉਸ ਦਾ ਜੀਵਨ ਸਫਲ ਹੋ ਸਕਦਾ ਹੈ। ਇਸ ਤੋਂ ਵੀ ਜ਼ਰੂਰੀ ਹੈ ਗੁਰੂ ਸਾਹਿਬ ਦੀ ਬਾਣੀ ਦਾ ਪਾਠ ਪਠਨ ਕਰਨਾ ਤੇ ਉਸ ਬਾਣੀ ਨੂੰ ਆਪਣੇ ਹਿਰਦੇ 'ਚ ਵਸਾ ਕੇ ਵਿਹਾਰਕ ਜੀਵਨ ਦਾ ਹਿੱਸਾ ਬਣਾਉਣਾ।

**-ਸ਼ਿੰਗਾਰਾ ਸਿੰਘ ਢਿੱਲੋਂ** (ਪ੍ਰੋ.)

# ਬੈਂਕਾਂ 'ਤੇ ਪੈ ਰਹੀ ਐੱਨਪੀਏ ਦੀ ਵੱਡੀ ਮਾਰ

**-ਜਗਦੇਵ ਸ਼ਰਮਾ ਬੁਗਰਾ**




ਇਕ ਮਜ਼ਬੂਤ ਬੈਂਕਿੰਗ ਪ੍ਰਣਾਲੀ ਕਿਸੇ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਬੈਂਕਿੰਗ ਉਸ ਭਰੋਸੇ ਦਾ ਨਾਂ ਹੈ ਜਿਸ ਮੁਤਾਬਕ ਲੋਕਾਂ ਦਾ ਬੈਂਕਾਂ ਵਿਚ ਪਿਆ ਜਮ੍ਹਾਂ ਪੈਸਾ ਸੁਰੱਖਿਅਤ ਵੀ ਸਮਝਿਆ ਜਾਂਦਾ ਹੈ ਤੇ ਕਮਾਈ ਵੀ ਕਰਦਾ ਹੈ। ਸਾਰੇ ਹੀ ਜਾਗਰੂਕ ਨਾਗਰਿਕ ਬੈਂਕਾਂ ਦੇ ਐੱਨਪੀਏ ਬਾਰੇ ਪੜ੍ਹਦੇ-ਸੁਣਦੇ ਰਹਿੰਦੇ ਹਨ ਅਤੇ ਇਸ ਬਾਰੇ ਜ਼ਿਆਦਾ ਜਾਣਨ ਦੀ ਇੱਛਾ ਬਣੀ ਰਹਿੰਦੀ ਹੈ। ਅਰਥ ਸ਼ਾਸਤਰ ਅਤੇ ਕਾਮਰਸ ਦੇ ਵਿਦਿਆਰਥੀਆਂ ਦੇ ਤਾਂ ਸਿਲੇਬਸ ਦਾ ਹਿੱਸਾ ਹੈ ਬੈਂਕਿੰਗ।

ਜਦੋਂ ਤੋਂ ਹੀ ਇਕ ਦੂਜੇ ਕੋਲੋਂ ਰੁਪਏ ਉਧਾਰ ਲੈਣ-ਦੇਣ ਦਾ ਕੰਮ ਸ਼ੁਰੂ ਹੋਇਆ ਹੈ, ਉਦੋਂ ਤੋਂ ਹੀ ਚੰਗੇ-ਮਾੜੇ ਕਰਜ਼ਦਾਰ ਇਸ ਸਮਾਜ ਦਾ ਹਿੱਸਾ ਰਹੇ ਹਨ। ਨਿੱਜੀ ਬੈਂਕਿੰਗ ਦੇ ਸਮੇਂ ਕਰਜ਼ਾ ਕੋਈ ਸੰਪਤੀ ਰਹਿਣ ਰੱਖ ਕੇ ਹੀ ਦਿੱਤਾ ਜਾਂਦਾ ਸੀ। ਇਸ ਲਈ ਕਰਜ਼ਾ ਡੁੱਬਣ ਦੀ ਨੌਬਤ ਘੱਟ ਹੀ ਆਉਂਦੀ ਸੀ। ਪ੍ਰੰਤੂ ਬੈਂਕਾਂ ਦਾ ਕੌਮੀਕਰਨ ਹੋਣ ਨਾਲ ਜਦੋਂ ਅਣਗੌਲੇ ਖੇਤਰਾਂ ਨੂੰ ਕਰਜ਼ਾ ਮਿਲਣ ਲੱਗ ਪਿਆ ਤੇ ਉਹ ਵੀ ਨਰਮ ਸ਼ਰਤਾਂ ਉੱਤੇ, ਉਸ ਕਾਰਨ ਕਰਜ਼ਦਾਰ ਕਰਜ਼ਾ ਮੋੜਨ ਵਿਚ ਅਣਗਹਿਲੀ ਕਰਨ ਲੱਗੇ ਹਨ ਅਤੇ ਮਾੜੇ ਕਰਜ਼ਿਆਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਣ ਲੱਗਿਆ ਹੈ। ਕਰਜ਼ੇ 'ਤੇ ਲੱਗਿਆ ਵਿਆਜ ਜੇਕਰ ਬੈਂਕ ਨੂੰ ਮਿਲਦਾ ਰਹਿੰਦਾ ਹੈ ਤਾਂ ਬੈਂਕ ਨੂੰ ਕੋਈ ਚਿੰਤਾ ਨਹੀਂ ਹੁੰਦੀ। ਸੰਨ 1992 ਤੱਕ ਜਿਨ੍ਹਾਂ ਖਾਤਿਆਂ 'ਚ ਕਰਜ਼ਾ ਵਾਪਸੀ ਹੋ ਰਹੀ ਹੁੰਦੀ ਸੀ, ਉਨ੍ਹਾਂ ਵਿਚਲਾ ਵਿਆਜ ਤਾਂ ਬੈਂਕ ਦੇ ਲਾਭ ਦਾ ਹਿੱਸਾ ਬਣਨਾ ਹੀ ਹੁੰਦਾ ਸੀ ਪ੍ਰੰਤੂ ਜਿਨ੍ਹਾਂ ਖਾਤਿਆਂ ਵਿਚ ਵਿੱਤੀ ਵਰ੍ਹੇ ਦੌਰਾਨ ਧੇਲਾ ਵੀ ਵਾਪਸੀ ਨਹੀਂ ਆਈ ਹੁੰਦੀ ਸੀ, ਉਨ੍ਹਾਂ ਖਾਤਿਆਂ ਉੱਪਰ ਵੀ ਵਿਆਜ ਦੀ ਗਣਨਾ ਕਰ ਕੇ ਲਾਭ ਵਿਚ ਫੜ ਲਿਆ ਜਾਂਦਾ ਸੀ ਕਿਉਂਕਿ ਗਣਨਾ ਦਾ ਤਰੀਕਾ ਹੀ ਇਹੋ ਹੁੰਦਾ ਸੀ।

ਸ਼ੁਰੂ-ਸ਼ੁਰੂ ਵਿਚ ਬੈਂਕਾਂ ਕੋਲ ਚਿੱਠੀਆਂ-ਪੱਤਰੀਆਂ, ਦਬਕਿਆਂ, ਨੋਟਿਸਾਂ ਅਤੇ ਅਖ਼ੀਰ ਵਿਚ ਦਾਅਵਾ ਕਰ ਕੇ ਹੀ ਮਾੜੇ ਖਾਤਿਆਂ ਦੀ ਉਗਰਾਹੀ ਕਰਨ ਦੇ ਵਿਕਲਪ ਹੁੰਦੇ ਸਨ। ਇਸ ਪੱਖੋਂ ਬੈਂਕਾਂ ਨੂੰ ਮਜ਼ਬੂਤ ਕਰਨ ਲਈ ਸਮੇਂ-ਸਮੇਂ 'ਤੇ ਐਕਟ ਬਣਾਏ ਗਏ। ਸਤਾਈ ਅਗਸਤ 1993 ਨੂੰ ਪਾਸ ਕੀਤੇ ਐਕਟ ਮੁਤਾਬਕ ਡੈਬਟ ਰਿਕਵਰੀ ਟਿ ?ਰਬਿਊਨਲਾਂ ਦੀ ਸਥਾਪਨਾ ਕੀਤੀ ਗਈ। ਦਸ ਲੱਖ ਤੋਂ ਵੱਧ ਬਕਾਏ ਵਾਲੇ ਮਾੜੇ ਖਾਤੇ ਧਾਰਕ ਦੇ ਖ਼ਿਲਾਫ਼ ਸਿੱਧੇ ਹੀ ਟਿ ?ਰਬਿਊਨਲ ਕੋਲ ਕੇਸ ਦਾਇਰ ਕੀਤਾ ਜਾ ਸਕਦਾ ਹੈ। ਸੰਨ 2018 ਵਿਚ ਇਕ ਸੋਧ ਰਾਹੀਂ ਇਹ ਰਕਮ ਦੁੱਗਣੀ ਕਰ ਕੇ 20 ਲੱਖ ਕਰ ਦਿੱਤੀ ਗਈ ਹੈ। ਸਰਫੇਸੀ ਐਕਟ 2002 ਰਾਹੀਂ ਬੈਂਕਾਂ ਨੂੰ ਉਨ੍ਹਾਂ ਕੋਲ ਪਈਆਂ ਸਕਿਉਰਿਟੀ ਅਤੇ ਜ਼ਮਾਨਤਾਂ ਖ਼ੁਦ ਵੇਚ ਕੇ ਮਾੜੇ ਖਾਤਿਆਂ ਦੇ ਬਕਾਏ ਉਗਰਾਹੁਣ ਦੀ ਤਾਕਤ ਦੇ ਦਿੱਤੀ ਗਈ।

ਜਿਨ੍ਹਾਂ ਖਾਤਿਆਂ ਵਿਚ ਸਰਕਾਰੀ ਸਕੀਮਾਂ ਮੁਤਾਬਕ ਕੋਈ ਸਕਿਉਰਿਟੀ ਗਾਰੰਟੀ ਨਹੀਂ ਲਈ ਜਾਂਦੀ, ਉਨ੍ਹਾਂ ਖਾਤਿਆਂ ਦੀ ਭਰਪਾਈ ਲਈ ਕ੍ਰੈਡਿਟ ਗਾਰੰਟੀ ਫੰਡ ਸਕੀਮ ਉਪਲਬਧ ਹੈ ਜਿਸ ਦੇ ਬਦਲੇ ਇਹ ਕਾਰਪੋਰੇਸ਼ਨ ਕਰਜ਼ਦਾਰ ਕੋਲੋਂ ਉਗਰਾਹੁਣ ਯੋਗ ਕੁਝ ਫੀਸ ਲੈਂਦੀ ਹੈ। ਬਿਲਕੁਲ ਹੀ ਡੁੱਬ ਚੁੱਕੇ ਖਾਤਿਆਂ ਨੂੰ ਡਿਸਕਾਊਂਟ ਰੇਟ 'ਤੇ ਕੁਲੈਕਸ਼ਨ ਏਜੰਸੀ ਨੂੰ ਵੇਚ ਦੇਣ ਦਾ ਪ੍ਰਾਵਧਾਨ ਵੀ ਨਿਯਮਾਂ 'ਚ ਹੈ।

ਬੈਂਕਿੰਗ ਸੁਧਾਰਾਂ ਲਈ ਸਥਾਪਤ ਕੀਤੀ ਨਰਸਿਮਹਾ ਕਮੇਟੀ ਦੀਆਂ 1992 ਵਾਲੀਆਂ ਸਿਫ਼ਾਰਸ਼ਾਂ ਵਿਚ ਕਰਜ਼ਿਆਂ ਦੀ ਮਾੜੀ ਉਗਰਾਹੀ ਨੂੰ ਧਿਆਨ ਵਿਚ ਰੱਖਦਿਆਂ ਐੱਨਪੀਏ ਦਾ ਸੰਕਲਪ ਸ਼ੁਰੂ ਹੋਇਆ। ਇਸ ਮੁਤਾਬਕ ਜਿਸ ਖਾਤੇ ਦੇ ਵਿਆਜ ਦੀ ਵਾਪਸੀ ਬੈਂਕ ਨੂੰ ਨਹੀਂ ਮਿਲੀ ਉਹ ਖਾਤੇ ਐੱਨਪੀਏ ਕਹਿਲਾਉਣ ਲੱਗੇ। ਜਿਹੜਾ ਖਾਤਾ ਇਕ ਕੁਆਰਟਰ ਆਊਟ ਆਫ ਆਰਡਰ (ਖਰਾਬ) ਰਹਿੰਦਾ ਹੈ, ਉਹ ਐੱਨਪੀਏ ਹੋ ਜਾਂਦਾ ਹੈ। ਇਕ ਵਾਰੀ ਖਾਤਾ ਐੱਨਪੀਏ ਹੋ ਜਾਣ ਦੀ ਸੂਰਤ 'ਚ ਖਾਤੇ ਵਿਚ ਵਿਆਜ ਦੀ ਗਣਨਾ ਕਰਨੀ ਬੰਦ ਕਰ ਦਿੱਤੀ ਜਾਂਦੀ ਹੈ ਸਗੋਂ ਵਿਆਜ ਦੀ ਰਕਮ ਖਾਤੇ ਵਿਚ ਨਾ ਜੋੜ ਕੇ ਪਾਰਕਿੰਗ ਅਕਾਊਂਟ 'ਚ ਰੱਖ ਦਿੱਤੀ ਜਾਂਦੀ ਹੈ ਅਤੇ ਅਜਿਹੇ ਖਾਤੇ ਦੇ ਅੰਤਿਮ ਨਬੇੜੇ ਸਮੇਂ ਇਸ ਨੂੰ ਮੂਲ ਵਿਚ ਜੋੜ ਕੇ ਹਿਸਾਬ ਕੀਤਾ ਜਾਂਦਾ ਹੈ। ਐੱਨਪੀਏ ਮਤਲਬ ਉਹ ਤੋਕੜ ਮੱਝ ਜਿਹੜੀ ਪੱਠੇ ਤਾਂ ਖਾਂਦੀ ਹੈ ਪਰ ਦੁੱਧ ਦੀ ਚੂਲੀ ਨਹੀਂ ਦਿੰਦੀ।

ਅੰਕੜਿਆਂ 'ਤੇ ਨਜ਼ਰ ਮਾਰਦਿਆਂ ਪਤਾ ਚੱਲਦਾ ਹੈ ਕਿ ਮਾਰਚ 2023 ਨੂੰ ਬੈਂਕਾਂ ਦਾ ਸ਼ੁੱਧ ਐੱਨਪੀਏ ਕੁੱਲ ਕਰਜ਼ੇ ਦਾ 3.9% ਸੀ ਜਿਹੜਾ ਪਿਛਲੇ 10 ਸਾਲਾਂ ਦਾ ਸਭ ਤੋਂ ਨੀਚੇ ਦਾ ਅੰਕੜਾ ਹੈ। ਮਾਰਚ 2018 ਵਿਚ ਇਹ ਅੰਕੜਾ 11.5% ਸੀ। ਇਹ ਸਥਿਤੀ ਵਿਚ ਸੁਧਾਰ ਦਾ ਸੂਚਕ ਹੈ। ਇਹ ਪ੍ਰਗਟਾਵਾ ਰਿਜ਼ਰਵ ਬੈਂਕ ਦੀ ਤਾਜ਼ਾ ਫਾਈਨੈਂਸ਼ੀਅਲ ਸਟੇਬਿਲਟੀ ਰਿਪੋਰਟ ਵਿਚ ਕੀਤਾ ਗਿਆ ਹੈ। ਬੈਂਕਾਂ ਦਾ ਕੁੱਲ ਕਰਜ਼ਾ ਜਿਹੜਾ 31 ਮਾਰਚ 2018 ਨੂੰ 83.6 ਲੱਖ ਕਰੋੜ ਸੀ, ਉਹ 31 ਮਾਰਚ 2023 ਨੂੰ ਵਧ ਕੇ 135 ਲੱਖ ਕਰੋੜ ਹੋ ਗਿਆ ਹੈ।

ਇਕ ਸਾਬਕਾ ਬੈਂਕਰ ਹੋਣ ਦੇ ਨਾਤੇ ਮੇਰਾ ਤਜਰਬਾ ਦੱਸਦਾ ਹੈ ਕਿ ਜ਼ਿਆਦਾਤਰ ਉਹ ਖਾਤੇ ਜਿਨ੍ਹਾਂ ਵਿਚ ਬੈਂਕ ਕੋਲ ਜਾਂ ਤਾਂ ਕੋਈ ਸਕਿਉਰਿਟੀ ਨਹੀਂ ਹੁੰਦੀ ਜਾਂ ਫਿਰ ਨਾਮਾਤਰ ਹੁੰਦੀ ਹੈ, ਉਹੀ ਐੱਨਪੀਏ ਹੁੰਦੇ ਹਨ। ਸਰਕਾਰ ਅਜਿਹੇ ਕਰਜ਼ੇ ਦੇਣ ਨੂੰ ਇਹ ਕਹਿ ਕੇ ਸਹੀ ਠਹਿਰਾਉਂਦੀ ਹੈ ਕਿ ਵਿੱਤੀ ਸਹਾਇਤਾ ਦੇ ਸਹਾਰੇ ਇਹ ਅਦਾਰੇ ਤੇਜ਼ੀ ਨਾਲ ਵਿਕਾਸ ਕਰਨਗੇ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਦੇਸ਼ ਦੀ ਜੀਡੀਪੀ ਵਿਚ ਵਾਧਾ ਹੋਵੇਗਾ ਜਦਕਿ ਕਰਜ਼ਦਾਰ ਸਮਝਦਾ ਹੈ ਕਿ ਬੈਂਕ ਨਿਹੱਥਾ ਹੋਣ ਕਾਰਨ ਉਸ ਦਾ ਕੀ ਵਿਗਾੜੇਗਾ ਅਤੇ ਉਹ ਜਾਣਬੁੱਝ ਕੇ ਵੀ ਡਿਫਾਲਟਰ ਹੋ ਜਾਂਦਾ ਹੈ।

ਉਪਰੋਕਤ ਤੋਂ ਇਲਾਵਾ ਬੈਂਕ ਖਾਤਿਆਂ ਦੇ ਐੱਨਪੀਏ ਹੋਣ ਦੇ ਹੋਰ ਵੀ ਕਈ ਕਾਰਨ ਹਨ। ਪਹਿਲਾ, ਕਰਜ਼ਦਾਰ ਦੇ ਵਪਾਰਕ ਜਾਂ ਸਨਅਤੀ ਅਦਾਰੇ ਦਾ ਫੇਲ੍ਹ ਹੋ ਜਾਣਾ। ਇਸੇ ਤਰ੍ਹਾਂ ਕੁਦਰਤੀ ਆਫ਼ਤਾਂ ਕਾਰਨ ਖੇਤੀ ਦਾ ਖਰਾਬਾ। ਅਦਾਰੇ ਦੁਆਰਾ ਪੈਦਾ ਕੀਤੀ ਜਾ ਰਹੇ ਉਤਪਾਦ ਦਾ ਬਾਜ਼ਾਰ 'ਚੋਂ ਸਹੀ ਭਾਅ ਨਾ ਮਿਲਣਾ, ਕੀਮਤਾਂ ਉੱਪਰ ਕੌਮਾਂਤਰੀ ਬਾਜ਼ਾਰ ਦਾ ਪ੍ਰਭਾਵ, ਸਨਅਤੀ ਅਦਾਰੇ ਜਾਂ ਵਪਾਰਕ ਇਕਾਈ ਦੇ ਪ੍ਰਮੁੱਖ ਦੀ ਬੇਵਕਤੀ ਮੌਤ ਜਾਂ ਲੰਬੀ ਬਿਮਾਰੀ ਆਦਿ। ਸਭ ਤੋਂ ਮਾੜਾ ਕਾਰਨ ਹੈ ਯਕਮੁਸ਼ਤ ਸਕੀਮ ਰਾਹੀਂ ਨਿਬੇੜੇ ਦੀ ਨੀਅਤ ਨਾਲ ਜਾਣਬੁੱਝ ਕੇ ਖਾਤਾ ਖ਼ਰਾਬ ਕਰ ਲੈਣਾ। ਲੋੜੋਂ ਵੱਧ ਰਾਜਨੀਤਕ ਦਖਲਅੰਦਾਜ਼ੀ ਵੀ ਇਸ ਹਾਲਾਤ ਲਈ ਜ਼ਿੰਮੇਵਾਰ ਹੈ। ਦੋਵੇਂ ਧਿਰਾਂ ਟੇਬਲ ਉੱਤੇ ਬੈਠ ਕੇ ਇਕ ਨਿਸ਼ਚਤ ਰਾਸ਼ੀ ਉੱਤੇ ਪਹੁੰਚ ਕੇ ਸਮਝੌਤਾ ਕਰ ਲੈਂਦੀਆਂ ਹਨ। ਅਜਿਹਾ ਕਰਦਿਆਂ ਬੈਂਕ ਦਾ ਪੱਖ ਰੱਖਣ ਵਾਲੇ ਅਧਿਕਾਰੀਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਬੈਂਕ ਲਈ ਜ਼ਿਆਦਾ ਤੋਂ ਜ਼ਿਆਦਾ ਰਕਮ ਉਗਰਾਹੀ ਜਾ ਸਕੇ ਅਤੇ ਕਰਜ਼ਦਾਰ ਦੀ ਕੋਸ਼ਿਸ਼ ਹੁੰਦੀ ਹੈ ਕਿ ਘੱਟ ਤੋਂ ਘੱਟ ਰਕਮ ਦੇ ਕੇ ਖਹਿੜਾ ਛੁਡਾਇਆ ਜਾਵੇ। ਖਾਤੇ 'ਚ ਨਾ ਉਗਰਾਹੀ ਜਾਣ ਵਾਲੀ ਰਾਸ਼ੀ ਬੈਂਕ ਵੱਟੇ-ਖਾਤੇ 'ਚ ਪਾ ਕੇ ਰਾਇਟ ਆਫ ਕਰ ਦਿੰਦਾ ਹੈ ਅਤੇ ਕਰਜ਼ਦਾਰ ਨੂੰ ਇਸ ਬਕਾਇਆ ਰਾਸ਼ੀ ਦੀ ਰਿਕਵਰੀ ਤੋਂ ਛੋਟ ਮਿਲ ਜਾਂਦੀ ਹੈ ਅਤੇ ਬੈਂਕ ਉਸ ਕੋਲ ਪਈਆਂ ਸਕਿਉਰਿਟੀ ਅਤੇ ਜ਼ਮਾਨਤਾਂ ਕਰਜ਼ਦਾਰ/ਗਾਰੰਟਰ ਨੂੰ ਵਾਪਸ ਕਰ ਦਿੰਦਾ ਹੈ।

ਜਿਨ੍ਹਾਂ ਖਾਤਿਆਂ ਵਿਚ ਬੈਂਕ ਇਸ ਨਤੀਜੇ ਤੇ ਪਹੁੰਚਦਾ ਹੈ ਕਿ ਕਿਸੇ ਵੀ ਤਰੀਕੇ ਕਰਜ਼ੇ ਦੀ ਵਾਪਸੀ ਸੰਭਵ ਨਹੀਂ, ਉਨ੍ਹਾਂ ਖਾਤਿਆਂ ਦੇ ਬਕਾਏ ਨੂੰ ਬੈਂਕ ਵੱਟੇ-ਖਾਤੇ 'ਚ ਪਾ ਕੇ ਭਾਵੇਂ ਆਪਣੀਆਂ ਬਹੀਆਂ 'ਚੋਂ ਤਾਂ ਖ਼ਤਮ ਕਰ ਦਿੰਦਾ ਹੈ ਪ੍ਰੰਤੂ ਵਿੱਤੀ ਸੰਸਥਾ ਦਾ ਰਿਕਵਰੀ ਦਾ ਅਧਿਕਾਰ ਅਤੇ ਕਰਜ਼ਦਾਰ ਖ਼ਿਲਾਫ਼ ਕਾਰਵਾਈ ਕਰਨ ਦਾ ਅਧਿਕਾਰ ਜਿਉਂ ਦਾ ਤਿਉਂ ਰਹਿੰਦਾ ਹੈ। ਅਜਿਹਾ ਬੈਂਕ ਆਪਣੀ ਬੈਲੈਂਸ ਸ਼ੀਟ ਨੂੰ ਜ਼ਿਆਦਾ ਸਾਫ਼-ਸੁਥਰੀ ਦਿਖਾਉਣ ਵਾਸਤੇ ਕਰਦੇ ਹਨ। ਇਨ੍ਹਾਂ ਖਾਤਿਆਂ 'ਚ ਬੈਂਕ ਕੋਲ ਰੱਖੀ ਸਕਿਉਰਿਟੀ ਅਤੇ ਜ਼ਮਾਨਤ ਬੈਂਕ ਕੋਲ ਹੀ ਰਹਿੰਦੀ ਹੈ।

ਦੂਜੇ ਤਰੀਕੇ ਨਾਲ ਰਾਈਟ ਆਫ ਕੀਤੇ ਖਾਤਿਆਂ ਵਿਚ ਵਾਪਸੀ ਦਾ ਅਧਿਕਾਰ ਬੈਂਕ ਕੋਲ ਰਹਿੰਦਾ ਹੈ ਤੇ ਬੈਂਕ ਕਰਜ਼ਦਾਰ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਲਈ ਆਜ਼ਾਦ ਹੁੰਦਾ ਹੈ ਜਦਕਿ ਪਹਿਲੀ ਕਿਸਮ (ਓਟੀਐੱਸ) ਦੇ ਰਾਈਟ ਆਫ ਵਿਚ ਬੈਂਕ ਬਕਾਇਆ ਰਾਸ਼ੀ ਉਗਰਾਹ ਨਹੀਂ ਸਕਦੇ। ਇਸੇ ਲਈ ਜ਼ਿਆਦਾਤਰ ਐੱਨਪੀਏ ਖਾਤਿਆਂ ਦਾ ਨਿਬੇੜਾ ਪਹਿਲੇ ਤਰੀਕੇ ਨਾਲ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਸੰਸਦ ਵਿਚ ਇਹ ਦੱਸਿਆ ਗਿਆ ਹੈ ਕਿ 2014-15 ਤੋਂ ਸ਼ੁਰੂ ਹੋ ਕੇ ਪਿਛਲੇ ਨੌਂ ਸਾਲਾਂ ਵਿਚ ਕੁੱਲ 14.56 ਲੱਖ ਕਰੋੜ ਦੇ ਮਾੜੇ ਖਾਤੇ ਰਾਈਟ ਆਫ ਕੀਤੇ ਗਏ ਹਨ। ਅਜਿਹੇ ਯਕਮੁਸ਼ਤ ਨਿਬੇੜਿਆਂ ਅਤੇ ਵੱਟੇ ਖਾਤੇ ਪਾਏ ਖਾਤਿਆਂ ਰਾਹੀਂ ਬੈਂਕਾਂ ਨੂੰ ਹੋਣ ਵਾਲੇ ਘਾਟੇ ਦੀ ਪੂਰਤੀ ਸਰਕਾਰ ਬਜਟ ਵਿਚ ਪ੍ਰਾਵਧਾਨ ਰਾਹੀਂ ਕਰਦੀ ਹੈ। ਯਾਨੀਕਿ ਜਨਤਾ ਤੋਂ ਉਗਰਾਹਿਆ ਟੈਕਸ ਸਾਇਫਨਿੰਗ ਜ਼ਰੀਏ ਡਿਫਾਲਟਰਾਂ ਤੱਕ ਪਹੁੰਚ ਜਾਂਦਾ ਹੈ।

ਯਕਮੁਸ਼ਤ ਨਿਬੇੜੇ ਅਤੇ ਵੱਟੇ ਖਾਤੇ 'ਚ ਪਾਏ ਕਰਜ਼ੇ ਬੈਂਕ ਦੇ ਲਾਭ ਨੂੰ ਤਾਂ ਪ੍ਰਭਾਵਿਤ ਕਰਦੇ ਹੀ ਹਨ, ਅਜਿਹੇ ਖਾਤੇ ਕਰਜ਼ਦਾਰ ਦਾ ਸਿਬਿਲ ਰਿਕਾਰਡ ਵੀ ਖ਼ਰਾਬ ਕਰਦੇ ਹਨ ਅਤੇ ਉਹ ਕਿਸੇ ਹੋਰ ਅਦਾਰੇ ਤੋਂ ਇਕ ਖ਼ਾਸ ਸਮੇਂ ਤੱਕ ਕਰਜ਼ਾ ਲੈਣ ਦੇ ਯੋਗ ਨਹੀਂ ਰਹਿੰਦਾ। ਕਰਜ਼ਾ ਲੈਣ ਵੇਲੇ ਵਾਲੀ ਭਾਵਨਾ ਕਰਜ਼ੇ ਦੇ ਅਖ਼ੀਰ ਤੱਕ ਬਣੀ ਰਹਿਣੀ ਚਾਹੀਦੀ ਹੈ ਅਤੇ ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ ਨੂੰ ਲਾਲਚ ਵੱਸ ਇਕ ਦਿਨ ਵਿਚ ਹੀ ਨਹੀਂ ਮਾਰ ਦੇਣਾ ਚਾਹੀਦਾ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-97

**ਸਰੀਰ ਦੇ ਹੇਠਲੇ ਧੜ ਦੀ ਬਣਤਰ ਦੀਆ ਹੱਡੀਆਂ** : ਸਰੀਰ ਦੀ ਹੱਡੀਆਂ ਦੀ ਬਣਤਰ ਦੀ ਵਿਆਖਿਆ ਕਰਦਿਆਂ ਹੁਣ ਤੱਕ ਅਸਾਂ ਖੋਪੜੀ ਰੀੜ ਦੀ ਹੱਡੀ ਉੱਪਰ ਵਾਲੇ ਬਾਜੂਆਂ ਦੀ ਬਣਤਰ ਤੇ ਮਾਸਪੇਸੀਆ ਦੀ ਵਿਆਖਿਆ ਕੀਤੀ ਹੈ। ਅੱਜ ਦੇ ਲੈਕਚਰ ਵਿੱਚ ਅਸੀਂ ਵਿਚਾਰਾਂਗੇ ਹੇਠਲੇ ਧੜ ਦੀਆਂ ਹੱਡੀਆਂ ਤੇ ਮਾਸਪੇਸੀਆਂ ਬਾਰੇ। ਯਾਦ ਰਹੇ ਇਹ ਉੱਪਰ ਵਾਲੇ ਬਾਜੂਆਂ ਤੇ ਹੇਠਾਂ ਵਾਲੀਆਂ ਲੱਤਾਂ ਦੀ ਬਣਤਰ ਆਪਸ ਵਿੱਚ ਰੀੜ ਦੀ ਹੱਡੀ ਤੇ ਮਾਸਪੇਸੀਆਂ ਨਾਲ ਜੁੜੀਆਂ ਹੋਈਆਂ ਹਨ। ਬਹੁਤੀਆਂ ਮਾਸ ਪੇਸ਼ੀਆਂ ਆਪਣੇ ਆਪਣੇ ਹਿੱਸੇ ਆਉਂਦੇ ਸਰੀਰਕ ਭਾਗ ਦੀਆਂ ਹੱਡੀਆਂ ਨੂੰ ਹੀ ਆਪਸ ਵਿੱਚ ਬੰਨ੍ਹੀ ਰੱਖਣ ਲਈ ਕੰਮ ਕਰਦੀਆਂ ਹਨ। ਪਰ ਕੁਝ ਇਕ ਮਾਸਪੇਸੀਆਂ ਐਸੀਆਂ ਹਨ ਜੋ ਹੇਠਲੇ ਹੱਡੀਆਂ ਦੇ ਧੜ ਨੂੰ ਉੱਪਰ ਵਾਲੇ ਧੜ ਨਾਲ ਸਿੱਧੇ ਤੌਰ 'ਤੇ ਜੋੜਦੀਆਂ ਹਨ। ਜਿਵੇਂ ਲੈਟੀਸੀਮਸਡੌਰਸਾਈ ਨਾ ਦੀ ਮਾਸਪੇਸੀ ਹੇਠਾਂ ਸਾਡੀ ਪੈਲਵਿਸ ਯਾਨੀ ਹਿਪ ਦੀ ਇਲੀਅਮ ਹੱਡੀ ਤੋਂ ਸ਼ੁਰੂ ਹੋਕੇ ਉੱਪਰ ਵੱਲ ਆਉਂਦੀ ਹੈ ਤੇ ਪੂਰੀ ਪਿੱਠ ਵਿੱਚੋਂ ਲੰਘਦਿਆਂ ਮੋਢਿਆਂ ਵਾਲੀ ਹਿਊਮਰਸ ਹੱਡੀ ਦੇ ਉਪਰਲੇ ਸਿਰ ਨੇੜੇ ਤੱਕ ਪਹੁੰਚਦੀਆਂ ਹਨ।

ਅਸੀਂ ਪਹਿਲੇ ਲੈਕਚਰਾਂ ਵਿੱਚ ਹਿਪ ਯਾਨੀ ਚਿੱਤੜਾਂ ਦੀ ਗੁਲਾਈ ਵਾਲੀ ਬਣਤਰ ਬਣਾਉਣ ਵਾਲੀਆਂ ਹੱਡੀਆਂ ਦੀ ਵਿਆਖਿਆ ਕਰ ਚੁੱਕੇ ਹਾਂ ਫਿਰ ਹੇਠਲੀ ਇਕ ਤਸਵੀਰ ਉਸਨੂੰ ਦੁਬਾਰਾ ਮਨ ਵਿੱਚ ਯਾਦ ਤਰਨ ਲਈ ਦਿੱਤੀ ਜਾ ਰਹੀ ਹੈ ਇਸ ਬਣਤਰ ਨੂੰ ਪੈਲਵਿਕਗਿਰਡਲ ਕਹਿੰਦੇ ਹਨ। ਹੁਣ ਵਿਆਖਿਆ ਕਰਦੇ ਹਾਂ ਹਿਪ ਬੋਨ ਤੋਂ ਹੇਠਾਂ ਪੈਰਾਂ ਤੱਕ ਦੀਆਂ ਹੱਡੀਆਂ ਤੇ ਮਾਸਪੇਸੀਆਂ ਦੀ ਬਣਤਰ ਦੀਆਂ ਹੱਡੀਆਂ ਅਤੇ ਉਹਨਾਂ ਨੂੰ ਬੰਨ ਕੇ ਰੱਖਣ ਵਾਲੀਆਂ ਮਾਸਪੇਸੀਆ ਦੀ।

ਇਸ ਦੀ ਸ਼ੁਰੂਆਤੀ ਹਿਪ ਬੋਨ ਦੀ ਬਾਹਰਲੇ ਪਾਸੇ ਇਸ ਦੀ ਬਣਤਰ ਦੀਆਂ ਤਿੰਨਾਂ ਹੱਡੀਆਂ ਦੇ ਸਹਿਯੋਗ ਨਾਲ ਬਣੀ Socket ਯਾਨੀ ਕੌਲੀ ਇਸਨੂੰ ਐਸਾਟਾਬਿਊਲਮ ਨਾਲ ਹੇਠਲੇ ਪਾਸੇ ਤੋਂ ਜੁੜਨ ਵਾਲੀ ਪਹਿਲੀ ਹੱਡੀ ਹੈ। ਫੈਬੂਲਾ ਜੋ ਬਾਹਰ ਵਾਲੇ ਪਾਸੇਇਸ ਸਾਝੀ ਬਣੀ ਹਿਪ ਦੀਆਂ ਹੱਡੀਆਂ ਦੀ ਕੌਲੀ ਜਿਸਨੂੰ ਅਸੀਂ ਐਸਾਟਾਬਿਊਲਮ ਕਿਹਾ ਹੈ ਯਾਨੀ ਸੌਕਟ ਕਿਹਾ ਹੈ। ਉਸ ਨਾਲ ਆਪਣੇ ਉਪਰਲੇ ਸਿਰ ਨਾਲ ਜੁੜਦੀ ਹੈ।

**ਹਿਪ ਦਾ ਜੋੜ**

ਇਸ ਐਸਾਟਾਬਿਊਲਮ ਸੌਕਟ ਯਾਨੀ ਕੌਲੀ ਦੇ ਦੁਆਲੇ ਇਕ ਲਿਗਾਮੈਂਟ ਯਾਨੀ ਸਖ਼ਤ ਧਾਗਿਆਂ ਦੀ ਵਟੀ ਹੋਈ ਮਾਸਪੇਸੀ ਹੁੰਦੀ ਹੈ ਜਿਵੇਂ ਤੁਸੀਂ ਕਿਸੇ ਢੋਲਕੀ ਦੇ ਦੋਹਾਂ ਹੀ ਸਿਰਿਆਂ 'ਤੇ ਗੋਲ ਚਮੜੇ ਦੀ ਵੱਟ ਢੋਲਕੀ ਦੇ ਸਿਰਿਆਂ ਨੂੰ ਮਜ਼ਬੂਤ ਬਣਾਉਂਦੀ ਵੇਖੀ ਹੋਵੇਗੀ। ਜੋ ਐਸੇਟੇਬਿਊਲਮ ਤੇ ਫੀਮਰ ਗਰਦਨ ਦੇ ਪਿਛੇ ਤੱਕ ਉੱਚੇ ਟਿੱਬਿਆਂ ਤੱਕ ਜਿਹਨਾਂ ਨੂੰ ਫੀਮਰ ਦੇ ਟਰੌਕੈਟਰ ਕਹਿੰਦੇ ਹਨ ਉਥੋ ਤੱਕ ਹੁੰਦੀ ਹੈ। ਫੀਮਰ ਦੇ ਗੋਲ ਸਿਰ ਦੇ ਵਿਚਕਾਰ ਵੀ ਇਕ ਲਿਗਾਮੈਟ ਯਾਨੀ ਸਖ਼ਤ ਰਸੀਆ ਦੀ ਮਾਸਪੇਸੀ ਹੁੰਦੀ ਹੈ ਜਿਸਨੂੰ ਕੋਟੀਲੋਆਇਡਲਿਗਾਮੈਟ ਕਹਿੰਦੇ ਹਨ।

ਇਸ ਅੰਦਰਲੀ ਮਾਸਪੇਸੀਆਂ ਦੀ ਬਣਤਰ ਦੇ ਉੱਪਰ ਲਿਗਾਮੈਟ ਯਾਨੀ ਸਖਤ ਮਾਸਪੇਸੀਆਂ ਦੇ ਧਾਗਿਆਂ ਵਾਲੇ ਲਿਗਾਮੈਂਟ ਇਸ ਜੋੜ ਨੂੰ ਚੌਫੇਰੇ ਤੋ ਬੰਨ੍ਹਦੇ ਹਨ। ਹਿਪ ਦੀ ਬਾਡੀ ਦੀ ਬਣਤਰ ਦੇ ਹਿੱਸਿਆਂ ਇਲੀਅਕ ਹੱਡੀ ਪਿਊਬਿਕ ਹੱਡੀ ਅਤੇ ਇਸਚੀਅਮ ਹੱਡੀਆਂ ਤੋਂ ਵੀ ਇਸੇ ਤਰ੍ਹਾਂ ਦੇ ਲਿਗਾਮੈਟ ਫੀਮਰ ਦੇ ਸਿਰ ਨੂੰ ਆਪਣੇ ਵਿੱਚ ਲਿਪੇਟ ਕੇ ਫੀਮਰ ਹੱਡੀ ਨੂੰ ਹਿਪ ਦੇ ਜੋੜ ਦਾ ਮਜ਼ਬੂਤ ਹਿੱਸਾ ਬਣਾਉਂਦੇ ਹਨ। ਇਹ ਸਾਰੇ ਲਿਗਾਮੈਂਟ ਦੀਆਂ ਰਸੀਆ ਜੋੜ ਨੂੰ ਇੰਜ ਬੰਨ੍ਹਦੀਆਂ ਹਨ ਜਿਵੇਂ ਕਿਸੇ ਚੌਰਸਤੇ ਦੇ ਗੋਲਚਕਰ ਵਿਚੋ ਘੁੰਮ ਕੇ ਗੱਡੀਆਂ ਆਪਣਾ ਆਪਣਾ ਰਸਤਾ ਫੜਦੀਆਂ ਹਨ ਇਹਨਾਂ ਨੂੰ ਇਸੇ ਕਰਕੇ ਹੌਰੀਜੌਨਟਲ ਲਿਗਾਮੈਟ ਕਹਿੰਦੇ ਹਨ।

ਇਸ ਸਾਰੀ ਹੱਡੀਆਂ ਤੇ ਲਿਗਾਮੈਟ ਦੀ ਬਣਤਰ ਦੇ ਉੱਪਰ ਇਕ ਦੋ ਤਹਿਆਂ ਵਾਲਾ ਸਖ਼ਤ ਕੈਪਸੂਲ ਵਰਗਾ ਪਰਦਾ ਹੁੰਦਾ ਹੈ ਇਸਨੂੰ ਸਾਈਨੋਵੀਅਲ ਕੈਪਸੂਲ ਕਹਿੰਦੇ ਹਨ ਤੇ ਪਰਦਿਆਂ ਨੂੰ ਸਾਈਨੋਵੀਅਲ ਮੈਮਬਰਾਨ ਕਹਿੰਦੇ ਹਨ। ਇਸ ਕੈਪਸੂਲ ਵਿੱਚ ਇਕ ਲਚਕਦਾਰ ਮੁਆਦ ਭਰਿਆ ਹੁੰਦਾ ਹੈ ਜਿਸ ਨੂੰ ਸਾਈਨੋਵੀਅਲ ਫਲਿਊਡ ਕਹਿੰਦੇ ਹਨ।

ਉਪਰਲੀ ਵਾਲੀਆਂ ਪੰਜ ਤਸਵੀਰ ਵਿੱਚ ਵਿਖਾਇਆ ਗਿਆ ਹੈ ਕਿ ਸਾਹਮਣੇ ਪਾਸੇ ਤੋ ਹਿਪ ਦਾ ਜੋੜ ਹਿਪ ਦੀ ਐਸਾਟਾਬਿਊਲਮ ਨਾਦੀ ਸੌਕਟ ਯਾਨੀ ਕੌਲੀ ਅਤੇ ਫੀਮਰ ਹੱਡੀ ਦਾ ਗੋਲ ਸਿਰ ਆਪਸ ਵਿੱਚ ਕਿਵੇ ਜੁੜਦੇ ਹਨ। ਜੋੜ ਵਿੱਚ ਭਾਗ ਵੈਣ ਵਾਲੀਆਂ ਹੱਡੀਆਂ ਤੇਫੀਮਰ ਹੱਡੀ ਦੇ ਸਿਰ ਤੋਂ ਇਲਾਵਾ ਹੋਰ ਹਿਪ ਦੇ ਜੋੜ ਦੀ ਬਣਤਰ ਵਿੱਚ ਭਾਗ ਲੈਣ ਵਾਲੀਆਂ ਮਾਸਪੇਸ਼ੀਆ ਹੇਠਲੀ ਤਸਵੀਰ ਵਿੱਚ ਦਿਖਾਈਆਂ ਗਈਆ ਹਨ। ਹੇਠਲੀ ਤਸਵੀਰ ਇਸ ਸਾਰੇ ਨੂੰ ਇਕ ਗਰੁੱਪ ਵਿੱਚ ਬੰਨ੍ਹ ਕੇ ਹਿਪ ਦੇ ਜੋੜ ਨੂੰ ਵਿਖਾ ਰਹੀ ਹੈ।

ਇਸ ਹਿਪ ਦੇ ਜੋੜ ਨੂੰ ਇਸੇ ਕਰਕੇ ਬਾਲ ਐਡ ਸੌਕਟ ਜੁਆਇੰਟ ਵੀ ਕਹਿੰਦੇ ਹਨ ਕਿਉਂਕਿ ਇਸ ਵਿੱਚ ਹਿਉਮਰਸ ਦਾ ਹੈਡ ਬਾਲ ਨਾਲਐਸੇਟੇਬਿਊਲਮ ਦੀ ਬਣੀ ਕੌਲੀ ਯਾਨੀ ਸੌਕਟ ਵਿੱਚ ਘੁੰਮਦਾ ਹੈ। ਜਿਵੇਂ ਮੋਢੇ ਦਾ ਜੋੜ 360 ਡਿਗਰੀ ਤੇ ਘੁੰਮ ਸਕਦਾ ਹੈ ਇਸੇ ਤਰ੍ਹਾਂ ਹਿਪਦਾ ਜੋੜ ਘੁੰਮ ਤਾ ਸਕਦਾ ਹੈ ਪਰ ਪੂਰੀ ਤਿੰਨ ਸੋ ਸੱਠ ਡਿਗਰੀ ਤੇ ਨਹੀਂ। ਅਸਾਨੀ ਨਾਲ ਤੇ ਐਕਸਰਸਾਈਜ਼ ਨਾਲ ਉਹ 180 ਡਿਗਰੀ ਤੱਕ ਘੁੰਮ ਸਕਦਾ ਹੈ। ਲਚਕਦਾਰ ਤੇ ਸੁਰੂ ਤੋਂ ਐਕਸਰਸਾਈਜ਼ ਕਰਨ ਕਰਕੇ ਇਹ ਬਾਹਵਾਂ ਵਾਂਗ ਪੈਰਲਲ ਯਾਨੀ ਐਬਡਕਸਨ ਭਾਵ ਸਰੀਰ ਤੋ ਦੂਰ ਇਕ ਸੇਧ ਵਿੱਚ ਲੱਤ ਨੂੰ ਫੈਲਾ ਸਕਦਾ ਹੈ।

ਉੱਪਰ ਵਾਲੀਆਂ ਤਿੰਨ ਤਸਵੀਰਾਂ ਵਿੱਚ ਚਮੜੀ ਦੇ ਹੇਠਾਂ ਤੇ ਉੱਪਰ ਦੱਸੇ ਲਿਗਾਮੈਟਾ ਦੇ ਉੱਪਰ ਜੋ ਮਾਸਪੇਸੀਆਂ ਹਿਪ ਦੇ ਜੋੜ ਨੂੰ ਮਦਦ ਕਰਦੀਆਂ ਹਨ ਦਿਖਾਈਆਂ ਗਈਆਂ ਹਨ।

ਮਾਸਪੇਸੀਆਂ ਦਾ ਵਿਸਥਾਰ ਵੱਖਰੇ ਲੈਕਚਰ ਵਿੱਚ ਕੀਤਾ ਜਾਵੇਗਾ ਜਿਥੇ ਸਾਰੇ ਸਰੀਰ ਦੀਆਂ ਮਾਸਪੇਸੀਆਂ ਤੇ ਉਹਨਾਂ ਦੇ ਕੰਮ ਬਾਰੇ ਦੱਸਿਆ ਜਾਵੇਗਾ।

**(ਫੀਮਰ) ਪੱਟ ਦੀ ਹੱਡੀ**

ਸਾਡੇ ਪੱਟਾਂ ਨੇ ਸਾਰੇ ਸਰੀਰ ਦਾ ਬੋਝ ਹਮੇਸ਼ਾ ਚੁੱਕਣਾ ਹੁੰਦਾ ਹੈ ਤੇ ਲੱਤ ਨੂੰ ਵੀ ਸਥਿਰ ਇਹ ਭਾਰ ਚੁਕਣਯੋਗ ਬਣਾਈ ਰੱਖਣ ਲਈ ਆਪਣੇ ਆਪ ਨੂੰ ਹਰ ਤਰ੍ਹਾਂ ਲੋੜੀਂਦੇ ਹਾਲਾਤ ਅਨੁਸਾਰ ਢਾਲਣਾ ਹੁੰਦਾ ਹੈ ਉਸ ਹਿਸਾਬ ਇਹ ਹੱਡੀ ਸਰੀਰ ਦੀਆਂ ਸਾਰੀਆਂ ਹੱਡੀਆਂ ਨਾਲੋਂ ਮਜ਼ਬੂਤ ਤਾਂ ਹੈ।

(ਚੱਲਦਾ)




CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਸੰਸਦ ਦੀ ਸੁਰੱਖਿਆ 'ਚ ਵੱਡੀ ਕੁਤਾਹੀ, ਲੋਕ ਸਭਾ ਦੀ ਕਾਰਵਾਈ ਦੌਰਾਨ ਦਰਸ਼ਕ ਗੈਲਰੀ 'ਚੋਂ 2 ਨੌਜਵਾਨਾਂ ਨੇ ਮਾਰੀ ਛਾਲ



ਨਵੀਂ ਦਿੱਲੀ : ਲੋਕ ਸਭਾ ਦੀ ਕਾਰਵਾਈ ਦੌਰਾਨ ਬੁੱਧਵਾਰ ਨੂੰ ਦਰਸ਼ਕ ਗੈਲਰੀ ਤੋਂ 2 ਨੌਜਵਾਨਾਂ ਨੇ ਸਦਨ ਦੇ ਅੰਦਰ ਛਾਲ ਮਾਰ ਦਿੱਤੀ, ਜਿਸ ਤੋਂ ਬਾਅਦ ਕਾਰਵਾਈ ਦੁਪਹਿਰ 2 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ। ਸਦਨ 'ਚ ਜ਼ੀਰੋ ਕਾਲ ਦੌਰਾਨ ਦੁਪਹਿਰ ਕਰੀਬ ਇਕ ਵਜੇ ਦਰਸ਼ਕ ਗੈਲਰੀ ਤੋਂ 2 ਨੌਜਵਾਨਾਂ ਨੇ ਸਦਨ 'ਚ ਛਾਲ ਮਾਰ ਦਿੱਤੀ ਅਤੇ ਇਨ੍ਹਾਂ 'ਚੋਂ ਇਕ ਮੇਜ਼ 'ਤੇ ਟੱਪਦੇ ਹੋਏ ਦੌੜ ਰਿਹਾ ਸੀ। ਸੁਰੱਖਿਆ ਕਰਮੀਆਂ ਅਤੇ ਕੁਝ ਸੰਸਦ ਮੈਂਬਰਾਂ ਨੇ ਉਸ ਨੂੰ ਘੇਰ ਲਿਆ। ਬਾਅਦ 'ਚ ਦੋਹਾਂ ਨੂੰ ਫੜ ਲਿਆ ਗਿਆ। ਪ੍ਰਧਾਨਗੀ ਸਪੀਕਰ ਰਾਜੇਂਦਰ ਅਗਰਵਾਲ ਨੇ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ। ਕੁਝ ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਸਦਨ 'ਚ ਛਾਲ ਮਾਰ ਵਾਲੇ ਵਿਅਕਤੀਆਂ ਨੇ ਕੁਝ ਅਜਿਹੇ ਪਦਾਰਥਾਂ ਦਾ ਛਿੜਕਾਅ ਕੀਤਾ, ਜਿਸ ਨਾਲ ਗੈਸ ਫ਼ੈਲ ਗਈ। ਕਾਂਗਰਸ ਦੇ ਨੇਤਾ ਅਧੀਨ ਰੰਜਨ ਚੌਧਰੀ ਦਾ ਕਹਿਣਾ ਹੈ ਕਿ ਸਦਨ 'ਚ 2 ਲੋਕਾਂ ਨੇ ਛਾਲ ਮਾਰੀ। ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਐੱਸ.ਟੀ. ਹਸਨ ਨੇ ਕਿਹਾ ਕਿ ਦਰਸ਼ਕ ਗੈਲਰੀ 'ਚੋਂ 2 ਨੌਜਵਾਨਾਂ ਨੇ ਲੋਕ ਸਭਾ ਕਮਰੇ 'ਚ ਛਾਲ ਮਾਰੀ ਅਤੇ ਬੂਟ 'ਚੋਂ ਕੁਝ ਅਜਿਹੀ ਚੀਜ਼ ਨਿਕਲੀ, ਜਿਸ ਨਾਲ ਗੈਸ ਫੈਲਣੀ ਸ਼ੁਰੂ ਹੋ ਗਈ। ਉਨ੍ਹਾਂ ਕਿਹਾ,"ਇਹ ਗੈਸ ਕਿਹੋ ਜਿਹੀ ਸੀ ਇਹ ਕੋਈ ਜ਼ਹਿਰੀਲੀ ਗੈਸ ਤਾਂ ਨਹੀਂ ਸੀ। ਸਾਨੂੰ ਸੰਸਦ ਦੀ ਸੁਰੱਖਿਆ 'ਚ ਭਾਰੀ ਗੰਭੀਰ ਖਾਮੀ ਨਜ਼ਰ ਆ ਰਹੀ ਹੈ। ਇਸ ਤਰ੍ਹਾਂ ਨਾਲ ਤਾਂ ਕੋਈ ਬੂਟ 'ਚ ਬੰਬ ਰੱਖ ਕੇ ਆ ਸਕਦਾ ਹੈ।" ਹਸਨ ਨੇ ਕਿਹਾ ਕਿ ਇਸ ਤਰ੍ਹਾਂ ਦੀ ਸੁਰੱਖਿਆ ਕੁਤਾਹੀ 'ਤੇ ਅੱਗੇ ਧਿਆਨ ਦੇਣ ਦੀ ਜ਼ਰੂਰਤ ਹੈ। ਸੰਸਦ ਦੀ ਸੁਰੱਖਿਆ 'ਚ ਕੁਤਾਹੀ ਦੀ ਇਹ ਘਟਨਾ 2001 'ਚ ਸੰਸਦ 'ਤੇ ਹੋਏ ਅੱਤਵਾਦੀ ਹਮਲੇ ਦੀ ਬਰਸੀ ਦੇ ਦਿਨ ਹੋਈ ਹੈ।

# ਆਪਣੇ ਚਚੇਰੇ ਭਰਾ ਨਾਲ ਵਿਆਹ ਤੋਂ ਬਚਣ ਲਈ ਘਰੋਂ ਭੱਜੀ ਇਹ ਪਾਕਿਸਤਾਨੀ ਕੁੜੀ, ਹੁਣ ਅਮਰੀਕੀ ਏਅਰਫੋਰਸ 'ਚ ਹੈ ਤਾਇਨਾਤ



ਨਿਊਯਾਰਕ, (ਸਾਡੇ ਲੋਕ/ਰਾਜ ਗੋਗਨਾ) : ਪਾਕਿਸਤਾਨੀ ਮੂਲ ਦੀ ਹਮਨਾ ਜ਼ਫਰ ਇਸ ਸਮੇਂ ਅਮਰੀਕੀ ਹਵਾਈ ਸੈਨਾ ਵਿੱਚ ਸੁਰੱਖਿਆ ਡਿਫੈਂਡਰ ਵਜੋਂ ਨੌਕਰੀ ਤੇ ਤਾਇਨਾਤ ਹੈ। ਜ਼ਫਰ ਲਈ ਇਸ ਅਹੁਦੇ ਤੱਕ ਪਹੁੰਚਣਾ ਆਸਾਨ ਨਹੀਂ ਸੀ। ਚਾਰ ਸਾਲ ਪਹਿਲਾਂ ਹਮਨਾ ਦਾ ਪਰਿਵਾਰ ਹਮਨਾ ਨੂੰ ਪਾਕਿਸਤਾਨ ਲੈ ਗਿਆ ਅਤੇ ਧੋਖਾ ਦੇ ਕੇ ਉਸ ਨਾਲ ਵਿਆਹ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਹਮਨਾ ਨੇ ਪਰਿਵਾਰ ਨੂੰ ਛੱਡ ਦਿੱਤਾ।

ਹਮਨਾ ਜ਼ਫਰ ਦੀ ਕਹਾਣੀ ਪਰਿਵਾਰਕ ਅਤੇ ਸੱਭਿਆਚਾਰਕ ਦਬਾਅ ਦੇ ਵਿਚਕਾਰ ਸੁਪਨਿਆਂ ਦੀ ਇੱਕ ਨਿੱਜੀ ਉਡਾਣ ਦੀ ਕਹਾਣੀ ਹੈ, ਜੋ ਅਕਸਰ ਬੰਧਨਾਂ ਵਿੱਚ ਘੁੱਟਦੀ ਹੈ। ਖਬਰਾਂ ਮੁਤਾਬਕ ਹਮਨਾ ਦੇ ਪਰਿਵਾਰ ਨੇ 19 ਸਾਲ ਦੀ ਉਮਰ 'ਚ ਉਸ ਦਾ ਵਿਆਹ ਉਸ ਦੇ ਚਚੇਰੇ ਭਰਾ ਨਾਲ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਪਰਿਵਾਰ ਦੇ ਫੈਸਲੇ ਅੱਗੇ ਨਹੀਂ ਝੁਕੀ। ਉਸਨੇ ਆਪਣੇ ਸੁਪਨਿਆਂ ਦਾ ਪਿੱਛਾ ਕਰਨ ਲਈ ਆਪਣਾ ਪਰਿਵਾਰ ਹੀ ਛੱਡ ਦਿੱਤਾ।

ਅਮਰੀਕਾ ਦੇ ਮੈਰੀਲੈਂਡ ਸੂਬੇ 'ਚ ਜਨਮੀ ਹਮਨਾ ਜ਼ਫਰ ਹਮੇਸ਼ਾ ਆਪਣੇ ਮਾਤਾ-ਪਿਤਾ 'ਤੇ ਵਿਸ਼ਵਾਸ ਕਰਦੀ ਸੀ। ਚਾਰ ਸਾਲ ਪਹਿਲਾਂ ਯਾਨੀ 2019 'ਚ ਉਹ ਪਰਿਵਾਰਕ ਯਾਤਰਾ ਦੌਰਾਨ ਆਪਣੇ ਮਾਤਾ-ਪਿਤਾ ਨਾਲ ਪਾਕਿਸਤਾਨ ਆਈ ਸੀ ਪਰ ਬਾਅਦ 'ਚ ਉਸ ਨੂੰ ਪਤਾ ਲੱਗਾ ਕਿ ਉਸ ਦੇ ਨਿਕਾਹ ਦੀ ਤਿਆਰੀ ਉੱਥੇ ਹੋ ਰਹੀ ਹੈ ਪਰ ਹਮਾਨਾ ਆਪਣੇ ਸੁਪਨਿਆਂ ਨੂੰ ਪੂਰਾ ਕਰਨਾ ਚਾਹੁੰਦੀ ਸੀ। ਹਮਨਾ ਨੇ ਦੱਸਿਆ ਕਿ ਮੇਰੀ ਮੰਗਣੀ ਮੇਰੇ ਆਪਣੇ ਚਚੇਰੇ ਭਰਾ ਨਾਲ ਤੈਅ ਹੋ ਗਈ ਸੀ। ਸਾਰੇ ਬਹੁਤ ਖੁਸ਼ ਸਨ ਪਰ ਮੈਂ ਮੁਸੀਬਤ ਵਿੱਚ ਸੀ। ਜਿਸ ਵਿਅਕਤੀ ਨਾਲ ਮੇਰੀ ਮੰਗਣੀ ਹੋਈ ਸੀ, ਸ਼ਾਇਦ ਮੈਂ ਉਸ ਨਾਲ ਗੱਲ ਕੀਤੀ ਸੀ। ਕੁਝ ਦਿਨਾਂ ਬਾਅਦ ਅਸੀਂ ਅਮਰੀਕਾ ਆ ਗਏ। ਮੈਂ ਆਪਣੀ ਮਾਂ ਨੂੰ ਮਨਾਉਣ ਦੀ ਇੰਨੀ ਕੋਸ਼ਿਸ਼ ਕੀਤੀ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਅਮਰੀਕੀ ਫੌਜ 'ਚ ਭਰਤੀ ਹੋਣ ਦਾ ਸੁਪਨਾ ਦੇਖ ਰਿਹਾ ਹਾਂ ਤਾਂ ਉਹ ਪਰੇਸ਼ਾਨ ਹੋ ਗਈ। ਮਜ਼ਬੂਰੀ ਇਹ ਸੀ ਕਿ ਮੈਂ ਉਸ 'ਤੇ ਨਿਰਭਰ ਸੀ, ਇਸ ਤੋਂ ਪਹਿਲਾਂ ਕਿ ਹਮਨਾ ਕੁਝ ਕਰ ਸਕਦੀ, ਕੋਵਿਡ ਦਾ ਸਮਾਂ ਸ਼ੁਰੂ ਹੋ ਗਿਆ। ਜ਼ਫਰ ਦਾ ਕਹਿਣਾ ਹੈ ਕਿ ਇਹ ਬਹੁਤ ਥਕਾ ਦੇਣ ਵਾਲਾ ਸਮਾਂ ਸੀ। ਇਕ ਸਮੇਂ ਮੈਨੂੰ ਲੱਗਾ ਕਿ ਮੇਰਾ ਸੁਪਨਾ ਟੁੱਟ ਗਿਆ ਹੈ ਅਤੇ ਮੈਨੂੰ ਆਪਣੇ ਮਾਤਾ-ਪਿਤਾ ਦਾ ਕਹਿਣਾ ਮੰਨਣਾ ਪਵੇਗਾ।ਪਰਿਵਾਰ ਨੇ ਹਾਮਾਨ 'ਤੇ ਦਬਾਅ ਵੀ ਪਾਇਆ। ਇਸ ਦੌਰਾਨ ਜ਼ਫ਼ਰ ਨੂੰ ਵੀ ਆਪਣੇ ਮਾਪਿਆਂ ਦੀਆਂ ਇੱਛਾਵਾਂ ਵਿਚਕਾਰ ਸੱਭਿਆਚਾਰਕ ਝੜਪਾਂ ਦਾ ਸਾਹਮਣਾ ਕਰਨਾ ਪਿਆ,ਪਰ ਹਮਨਾ, ਨੇ ਪਰਿਵਾਰ ਨੂੰ ਸਮਰਪਣ ਕਰਨ ਤੋਂ ਇਨਕਾਰ ਕਰਦੇ ਹੋਏ, ਕਿਸੇ ਵੀ ਤਰ੍ਹਾਂ ਬੱਚਣ ਦੀ ਯੋਜਨਾ ਬਣਾਉਂਦੀ ਰਹੀ।ਅਮਰੀਕਾ ਪਹੁੰਚਣ ਤੋਂ ਬਾਅਦ ਹਮਨਾ ਨੇਂਵੀ ਦੇ ਵਿੱਚ ਭਰਤੀ ਹੋਣ ਦੇ ਸਥਾਨ 'ਤੇ ਪਹੁੰਚ ਗਈ। ਬਾਅਦ ਵਿੱਚ ਹਮਨਾ ਆਪਣੇ ਕਾਲਜ ਦੇ ਦੋਸਤ ਨਾਲ ਆਸਟਿਨ ਚਲੀ ਗਈ।ਹਮਨਾ ਨੇ ਆਸਟਿਨ ਟੈਕਸਾਸ ਵਿੱਚ ਰਹਿੰਦਿਆਂ ਆਪਣੀ ਡਿਗਰੀ ਪੂਰੀ ਕੀਤੀ। ਕਲਾਉਡੀਆ ਬਰੇਰਾ, ਕਾਲਜ ਦੇ ਦੋਸਤ ਆਸਟਿਨ ਦੀ ਮਾਂ, ਜਿਸ ਨੂੰ ਹੁਣ ਹਾਮਾ ਦੀ ਮਾਂ ਕਿਹਾ ਜਾਂਦਾ ਹੈ। ਉਸ ਨੇ ਹਾਮਾਨ ਦੀ ਪੂਰੀ ਮਦਦ ਕੀਤੀ। 2022 ਵਿੱਚ, ਜ਼ਫਰ ਨੇ ਇੱਕ ਦਲੇਰਾਨਾ ਕਦਮ ਚੁੱਕਿਆ ਅਤੇ ਅਮਰੀਕੀ ਹਵਾਈ ਸੈਨਾ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਹਮਨਾ ਇਸ ਸਮੇਂ ਅਮਰੀਕੀ ਹਵਾਈ ਸੈਨਾ ਵਿੱਚ ਸੁਰੱਖਿਆ ਡਿਫੈਂਡਰ ਵਜੋਂ ਤਾਇਨਾਤ ਹੈ। ਹਮਨਾ ਨੇ ਕਿਹਾ ਕਿ ਟ੍ਰੇਨਿੰਗ ਬਹੁਤ ਸਖ਼ਤ ਸੀ ਅਤੇ ਸਾਨੂੰ ਪੂਰਾ ਦਿਨ ਇਸ ਮਾਹੌਲ ਵਿੱਚ ਰਹਿਣਾ ਪਿਆ। ਸਰੀਰਕ ਤੌਰ 'ਤੇ ਤੰਦਰੁਸਤ ਰਹਿਣ ਦੇ ਨਾਲ-ਨਾਲ ਕੁਝ ਹੋਰ ਚੁਣੌਤੀਆਂ ਨੂੰ ਵੀ ਪੂਰਾ ਕਰਨਾ ਸੀ। ਤਨ ਤੇ ਮਨ ਦੋਵੇਂ ਥੱਕ ਗਏ ਸਨ। ਸਿਖਲਾਈ ਵਿੱਚ ਜੋ ਮੈਂ ਸਿੱਖਿਆ ਹੈ ਉਸਦਾ ਸਾਰ ਇਹ ਸੀ ਕਿ ਮੈਨੂੰ ਆਪਣੇ ਸਰੀਰ ਨਾਲੋਂ ਆਪਣੇ ਮਨ ਨੂੰ ਮਜ਼ਬੂਤ ਰੱਖਣਾ ਚਾਹੀਦਾ ਹੈ।

## ਪਰਿਵਾਰ ਨੇ ਹਮਨਾ ਨਾਲੋਂ ਤੋੜ ਲਿਆ ਸੀ ਨਾਤਾ

ਹਮਨਾ ਨੂੰ ਟਰੇਨਿੰਗ ਦੇਣ ਵਾਲੇ ਸਾਰਜੈਂਟ ਰੌਬਰਟ ਸਟੀਵਰਟ ਨੇ ਦੱਸਿਆ ਕਿ ਟਰੇਨਿੰਗ ਦੌਰਾਨ ਹਮਨਾ ਨੇ ਕਈ ਵਾਰ ਆਪਣੇ ਪਰਿਵਾਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਕੋਈ ਜਵਾਬ ਨਹੀਂ ਮਿਲਿਆ। ਹਮਨਾ ਚਾਹੁੰਦੀ ਸੀ ਕਿ ਉਸ ਦਾ ਪਰਿਵਾਰ ਗ੍ਰੈਜੂਏਸ਼ਨ ਸਮਾਰੋਹ ਵਿੱਚ ਸ਼ਾਮਲ ਹੋਵੇ।ਪਰ ਉਹ ਉਸ ਵਿਚ ਵੀ ਸ਼ਾਮਲ ਨਹੀਂ ਹੋਏ। ਹਮਨਾ ਦਾ ਕਹਿਣਾ ਹੈ ਕਿ ਮੇਰੇ ਪਰਿਵਾਰ ਨੂੰ ਮੇਰੇ 'ਤੇ ਮਾਣ ਹੋਣਾ ਚਾਹੀਦਾ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਅਜਿਹਾ ਨਹੀਂ ਹੋਇਆ। ਹੁਣ ਉਹ ਮੇਰੇ ਨਾਲ ਟੁੱਟ ਗਿਆ।

# ਪੰਜਾਬੀ ਲੜਕੇ ਦੇ ਵਿਚਾਰਾਂ ਨੇ ਅਮਰੀਕਾ 'ਚ ਸਿੱਖ ਇਤਿਹਾਸ ਬਾਰੇ ਬਿੱਲ ਪਾਸ ਕਰਵਾਇਆ



ਸ਼ੇਰਪੁਰ : ਪੰਜਾਬ ਦੇ ਧਾਰਮਿਕ ਆਗੂ ਸੰਤ ਹਾਕਮ ਸਿੰਘ ਗੰਡੇਵਾਲ ਦੇ ਹੋਣਹਾਰ ਪੋਤਰੇ ਗੁਰਇਕਪ੍ਰੀਤ ਸਿੰਘ ਸਪੁੱਤਰ ਗੁਰਪ੍ਰੀਤ ਸਿੰਘ ਗੰਡੇਵਾਲ ਨੇ SR108 ਬਿੱਲ (ਜੋ ਕਿ ਸਿੱਖ ਇਤਿਹਾਸ ਦੀ ਸਿੱਖਿਆ ਨੂੰ ਅਮਰੀਕਾ ਦੇ ਸਕੂਲਾਂ ਵਿਚ ਲਾਗੂ ਕਰਨ ਦਾ ਬਿੱਲ ਹੈ) ਦੀ ਵਕਾਲਤ ਕਰਦੇ ਹੋਏ, ਨਿਊਜਰਸੀ ਸਟੇਟ ਹਾਊਸ ਅਨੇਕਸ 'ਚ ਸਿੱਖ ਇਤਿਹਾਸ ਸੰਬੰਧੀ ਬੋਲਣ ਮੌਕੇ ਪ੍ਰਭਾਵਸ਼ਾਲੀ ਵਿਚਾਰ ਪ੍ਰਗਟ ਕੀਤੇ । ਇਸ ਕਦਮ ਸਦਕਾ SR108 ਬਿੱਲ ਸਰਬਸੰਮਤੀ ਨਾਲ ਸਿੱਖਿਆ ਕਮੇਟੀ ਸਟੇਟ ਨਿਊਜਰਸੀ ਵਿਚ ਪਾਸ ਹੋ ਗਿਆ ਅਤੇ ਹੁਣ ਇਸ ਨੂੰ ਯੂਨਾਈਟਡ ਸਟੇਟ ਸੈਨੇਟ ਆਫਿਸ ਵਿਚ ਪਾਸ ਕਰਵਾਇਆ ਜਾਵੇਗਾ, ਜਿਸ ਨਾਲ ਨਿਊਜਰਸੀ ਦੇ ਸਕੂਲਾਂ ਵਿਚ ਹੋਰ ਵਿਸ਼ਿਆਂ ਦੇ ਨਾਲ ਨਾਲ ਸਿੱਖ ਇਤਿਹਾਸ ਬਾਰੇ ਵੀ ਪੜ੍ਹਾਇਆ ਜਾਵੇਗਾ । ਮਾਸਟਰ ਹਰਬੰਸ ਸਿੰਘ ਸ਼ੇਰਪੁਰ ਪ੍ਰਧਾਨ ਸਿੱਖ ਬੁੱਧੀਜੀਵੀ ਮੰਚ ਪੰਜਾਬ, ਸੰਤ ਬਾਬਾ ਜਗਜੀਤ ਸਿੰਘ ਭੋਰਾ ਸਾਹਿਬ ਕਲੇਰਾਂ ਅਤੇ ਸੰਤ ਰਣਜੀਤ ਸਿੰਘ ਅਲੀਪੁਰ ਖ਼ਾਲਸਾ ਨੇ ਕਿਹਾ ਕਿ ਇਹ ਵਿਦੇਸ਼ਾਂ ਵਿਚ ਸਾਡੇ ਗੌਰਵਮਈ ਇਤਿਹਾਸ ਦੀ ਸ਼ਾਨਾਮੱਤੀ ਵਿਰਾਸਤ ਨੂੰ ਸੰਭਾਲਣ ਦਾ ਸ਼ਲਾਘਾਯੋਗ ਉਦਮ ਹੈ ।

# ਅਮਰੀਕਾ 'ਚ ਤੂਫਾਨ ਕਾਰਨ ਛੇ ਮੌਤਾਂ



ਨੈਸ਼ਿਵਲੇ : ਅਮਰੀਕਾ ਦੇ ਟੈਨੇਸੀ ਰਾਜ ਵਿਚ ਤੂਫਾਨ ਨਾਲ ਛੇ ਲੋਕਾਂ ਦੀ ਮੌਤ ਹੋ ਗਈ ਹੈ। ਸ਼ਨਿਚਰਵਾਰ ਨੂੰ ਇਸ ਕੁਦਰਤੀ ਆਫ਼ਤ ਕਾਰਨ ਦੋ ਦਰਜਨ ਲੋਕ ਫੱਟੜ ਵੀ ਹੋਏ ਹਨ। ਕਈ ਸ਼ਹਿਰਾਂ ਵਿਚ ਘਰਾਂ ਤੇ ਕਾਰੋਬਾਰੀ ਥਾਵਾਂ ਨੂੰ ਨੁਕਸਾਨ ਪੁੱਜਾ ਹੈ। ਨੈਸ਼ਿਵਲੇ ਨੇੜੇ ਮੌਂਟਗੋਮਰੀ ਕਾਊਂਟੀ ਵਿਚ ਇਕ ਬੱਚੇ ਸਣੇ ਤਿੰਨ ਜਣਿਆਂ ਦੀ ਮੌਤ ਹੋ ਗਈ। ਕਾਊਂਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ 23 ਹੋਰਾਂ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਪੁਲੀਸ ਨੇ ਦੱਸਿਆ ਕਿ ਤੂਫਾਨ ਬਾਅਦ ਦੁਪਹਿਰ ਕਰੀਬ ਦੋ ਵਜੇ ਆਇਆ। ਸਥਾਨਕ ਪ੍ਰਸ਼ਾਸਨ ਮੁਤਾਬਕ ਇਸ ਕੁਦਰਤੀ ਆਫਤ ਕਾਰਨ ਕਾਫੀ ਨੁਕਸਾਨ ਹੋਇਆ ਹੈ। ਪੁਲੀਸ ਨੇ ਕਿਸੇ ਵੀ ਕਿਸਮ ਦੀ ਸਹਾਇਤਾ ਲਈ ਲੋਕਾਂ ਨੂੰ 911 'ਤੇ ਫੋਨ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਜਿੰਨਾ ਸੰਭਵ ਹੋ ਸਕੇ ਲੋਕਾਂ ਨੂੰ ਘਰਾਂ ਵਿਚ ਹੀ ਰਹਿਣਾ ਚਾਹੀਦਾ ਹੈ, ਤੇ ਸੜਕਾਂ ਉਤੇ ਨਹੀਂ ਨਿਕਲਣਾ ਚਾਹੀਦਾ। ਤੂਫਾਨ ਕਾਰਨ ਟੈਨੇਸੀ ਰਾਜ ਵਿਚ ਬਿਜਲੀ ਸਪਲਾਈ ਵੀ ਠੱਪ ਹੋ ਗਈ। ਮੌਸਮ ਵਿਭਾਗ ਨੇ ਰਾਜ ਵਿਚ ਹੋਰ ਤੂਫ਼ਾਨਾਂ ਦੀ ਚਿਤਾਵਨੀ ਜਾਰੀ ਕੀਤੀ ਹੈ।

# ਆਕਸਫੋਰਡ ਹਾਈ ਸਕੂਲ ਤੇ ਹਮਲੇ ਦੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ



ਪੋਂਟੀਆਕ (ਅਮਰੀਕਾ)- ਅਮਰੀਕਾ ਦੇ ਪੋਂਟੀਆਕ 'ਚ ਇੱਕ ਜੱਜ ਨੇ ਆਕਸਫੋਰਡ ਹਾਈ ਸਕੂਲ ਵਿੱਚ ਚਾਰ ਵਿਦਿਆਰਥੀਆਂ ਦੀ ਹੱਤਿਆ ਕਰਨ ਅਤੇ ਹੋਰਨਾਂ ਲੋਕਾਂ ਵਿੱਚ ਡਰ ਪੈਦਾ ਕਰਨ ਦੇ ਦੋਸ਼ ਵਿੱਚ ਸ਼ੁੱਕਰਵਾਰ ਨੂੰ ਇੱਕ ਨਾਬਾਲਗ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਜੱਜ ਕਵਾਮੇ ਰੋਵੇ ਨੇ ਬਚਾਅ ਪੱਖ ਦੇ ਵਕੀਲਾਂ ਦੀ ਘੱਟ ਸਜ਼ਾ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਅਤੇ ਫੈਸਲਾ ਦਿੱਤਾ ਕਿ 17 ਸਾਲਾ ਐਂਥਨੀ ਕਰੰਬਲੀ ਨੂੰ ਪੈਰੋਲ ਦਾ ਮੌਕਾ ਨਹੀਂ ਦਿੱਤਾ ਜਾਣਾ ਚਾਹੀਦਾ। 2021 ਵਿੱਚ ਆਪਣੇ ਸਕੂਲ ਵਿੱਚ ਹਮਲੇ ਦੇ ਸਮੇਂ ਕ੍ਰੰਬਲੀ ਦੀ ਉਮਰ 15 ਸਾਲ ਸੀ। "ਮੈਂ ਉਹੀ ਕੀਤਾ ਜੋ ਮੈਂ ਕਰਨਾ ਸੀ" ਕਰੰਬਲੀ ਨੇ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਕਿਹਾ। ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕਿਆ। ਮੈਂ ਭਿਆਨਕ ਕੰਮ ਕੀਤੇ।

# ਲਵ ਸਟੋਰੀ ਅਤੇ ਪੇਪਰ ਮੂਨ ਦੇ ਅਮਰੀਕਾ ਦੇ ਸਟਾਰ ਰਿਆਨ ਓਨੀਲ ਦਾ ਦਿਹਾਂਤ



ਨਿਊਯਾਰਕ : 'ਲਵ ਸਟੋਰੀ ਵਿੱਚ ਇੱਕ ਟੀਵੀ ਸੋਪ ਓਪੇਰਾ ਤੋਂ ਆਸਕਰ-ਨਾਮਜ਼ਦ ਭੂਮਿਕਾ ਵਿੱਚ ਜਾਣ ਵਾਲੇ ਦਿਲ ਦੀ ਧੜਕਣ ਵਾਲੇ ਅਭਿਨੇਤਾ ਰਿਆਨ ਓ'ਨੀਲ ਦੀ ਬੀਤੇਂ ਦਿਨ ਮੌਤ ਹੋ ਗਈ, ਉਸਦੇ ਪੁੱਤਰ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਉਹ 82 ਸਾਲ ਦੇ ਸਨ। ਰਿਆਨ ਓ'ਨੀਲ ਇੱਕ ਟੀਵੀ ਸੋਪ ਓਪੇਰਾ ਤੋਂ 'ਲਵ ਸਟੋਰੀ' ਵਿੱਚ ਇੱਕ ਆਸਕਰ-ਨਾਮਜ਼ਦ ਭੂਮਿਕਾ ਵਿੱਚ ਗਏ ਅਤੇ 'ਪੇਪਰ ਮੂਨ' ਵਿੱਚ ਆਪਣੀ 9 ਸਾਲ ਦੀ ਧੀ ਟੈਟਮ ਨਾਲ ਇੱਕ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਦਿਲ ਦੀ ਧੜਕਣ ਵਾਲੇ ਅਦਾਕਾਰ ਦੀ ਮੌਤ ਹੋ ਗਈ।

ਉਹਨਾਂ ਦੇ ਪੁੱਤਰ ਕੈਲੀਫੋਰਨੀਆ ਰਾਜ ਦੇ ਲਾਸ ਏਂਜਲਸ ਦੇ ਸਪੋਰਟਸ ਕਾਸਟਰ ਪੈਟਰਿਕ ਓ'ਨੀਲ ਨੇ ਇੰਸਟਾਗ੍ਰਾਮ 'ਤੇ ਪੋਸਟ ਕੀਤਾ, ਮੇਰੇ ਪਿਤਾ ਜੀ ਦਾ ਸ਼ਾਂਤੀਪੂਰਵਕ ਦਿਹਾਂਤ ਹੋ ਗਿਆ, ਉਨ੍ਹਾਂ ਦੀ ਪਿਆਰੀ ਟੀਮ ਨੇ ਉਨ੍ਹਾਂ ਦਾ ਸਮਰਥਨ ਕੀਤਾ ਅਤੇ ਉਨ੍ਹਾਂ ਨੂੰ ਸਾਡੇ ਵਾਂਗ ਪਿਆਰ ਕੀਤਾ। ਉਸ ਨੇ ਆਪਣੇ ਪਿਤਾ ਦੀ ਮੌਤ ਦਾ ਕੋਈ ਕਾਰਨ ਨਹੀਂ ਦੱਸਿਆ। ਰਿਆਨ ਓ'ਨੀਲ ਨੂੰ ਡਾਕਟਰਾਂ ਦੀ ਜਾਂਚ ਤੋਂ ਬਾਅਦ 2012 ਵਿੱਚ ਪ੍ਰੋਸਟੇਟ ਕੈਂਸਰ ਹੋਣ ਦਾ ਪਤਾ ਲੱਗਿਆ ਸੀ ਅਤੇ ਇੱਕ ਦਹਾਕੇ ਬਾਅਦ ਉਸਨੂੰ ਪਹਿਲੀ ਵਾਰ ਪੁਰਾਣੀ ਲਿਊਕੇਮੀਆ ਦਾ ਪਤਾ ਲੱਗਿਆ ਸੀ।

ਪੈਟ੍ਰਿਕ ਓ'ਨੀਲ ਨੇ ਲਿਖਿਆ, ਮੇਰੇ ਪਿਤਾ ਰਿਆਨ ਓ'ਨੀਲ, ਹਮੇਸ਼ਾ ਮੇਰੇ ਹੀਰੋ ਰਹੇ ਹਨ, ਉਹ ਇੱਕ ਹਾਲੀਵੁੱਡ ਲੀਜੈਂਡ ਸੀ। ਓ'ਨੀਲ 1970 ਦੇ ਦਹਾਕੇ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਫਿਲਮੀ ਸਿਤਾਰਿਆਂ ਵਿੱਚੋਂ ਇੱਕ ਸੀ, ਜਿਸਨੇ 'ਪੇਪਰ ਮੂਨ' 'ਤੇ ਪੀਟਰ ਬੋਗਦਾਨੋਵਿਚ ਅਤੇ 'ਬੈਰੀ ਲਿੰਡਨ' 'ਤੇ ਸਟੈਨਲੀ ਕੁਬਰਿਕ ਸਮੇਤ ਯੁੱਗ ਦੇ ਬਹੁਤ ਸਾਰੇ ਮਸ਼ਹੂਰ ਨਿਰਦੇਸ਼ਕਾਂ ਨਾਲ ਕੰਮ ਕੀਤਾ। ਓ'ਨੀਲ ਨੇ 2010 ਦੇ ਦਹਾਕੇ ਵਿੱਚ ਆਪਣੇ 70 ਦੇ ਦਹਾਕੇ ਵਿੱਚ ਇੱਕ ਸਥਿਰ ਟੈਲੀਵਿਜ਼ਨ ਐਕਟਿੰਗ ਕੈਰੀਅਰ ਨੂੰ ਕਾਇਮ ਰੱਖਿਆ। ਰਿਆਨ ਓ'ਨੀਲ ਨੂੰ 1970 ਦੇ ਟੀਅਰ-ਜਰਕਰ ਡਰਾਮਾ 'ਲਵ ਸਟੋਰੀ' ਲਈ ਆਪਣਾ ਸਭ ਤੋਂ ਵਧੀਆ-ਅਦਾਕਾਰ ਆਸਕਰ ਨਾਮਜ਼ਦ ਕੀਤਾ ਗਿਆ ਸੀ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਬਚਪਨ ਤੋਂ ਸ਼ਹੀਦੀ ਤੱਕ ਦਾ ਸਫ਼ਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਮੈਨੂੰ ਦੋ ਕੁ ਵਾਰ ਸਤਵੰਤ ਤੋਂ ਪੈਸਿਆਂ ਦੀ ਲੋੜ ਪਈ। ਉਸ ਨੇ ਪੈਸੇ ਮੰਗਣ ਲੱਗਿਆਂ ਕਦੇ ਵੀ ਕਿਸੇ ਨਾਲ ਸਲਾਹ ਨਹੀਂ ਸੀ ਕੀਤੀ। ਚੈੱਕ ਲਿਖ ਕੇ ਉਹ ਦੇ ਦਿੰਦਾ ਸੀ, ਪਰ ਮੇਰਾ ਅਸੂਲ ਸੀ ਜਦੋਂ ਮੈਂ ਪੈਸੇ ਮੋੜਣ ਜਾਂਦਾ ਤਾਂ ਉਸ ਦੀ ਪਤਨੀ ਸਤਪਾਲ ਨੂੰ ਸਾਹਮਣੇ ਬਿਠਾ ਲੈਂਦਾ ਤੇ ਕਹਿੰਦਾ ਕਿ ਬੀਬਾ, "ਮੈਂ ਕਾਕਾ ਸਤਵੰਤ ਤੋਂ ਇੰਨੇ ਪੈਸੇ ਲੈ ਗਿਆ ਸੀ, ਇੰਨੇ ਪੈਸਿਆਂ ਦਾ ਚੈੱਕ ਮੈਂ ਦੇ ਰਿਹਾ ਹਾਂ, ਤੇ ਹੁਣ ਹੋਰ ਕੋਈ ਹਿਸਾਬ ਬਾਕੀ ਨਹੀਂ ਹੈ।" ਮੈਂ ਚਾਹੁੰਦਾ ਸੀ ਕਿ ਰਿਸ਼ਤੇਦਾਰੀ ਵਿਚ ਹਿਸਾਬ-ਕਿਤਾਬ ਸਿੱਧਾ ਰਹੇ। ਕਈ ਰਿਸ਼ਤੇਦਾਰਾਂ ਨੂੰ ਸਤਵੰਤ ਨੇ ਪੈਸੇ ਦਿੱਤੇ ਅਤੇ ਉਸ ਦੀ ਸ਼ਹਾਦਤ ਤੋਂ ਬਾਅਦ ਉਹਨਾਂ ਨੇ ਇਸ ਝਿਜਕ ਕਰਕੇ ਟੈਲੀਫੋਨ ਵੀ ਨਾ ਕੀਤਾ ਕਿ ਕਿਤੇ ਪੈਸੇ ਨਾ ਮੋੜਨੇ ਪੈ ਜਾਣ। ਸਤਵੰਤ ਦੀ ਪਤਨੀ ਵੀ ਉਨੀ ਹੀ ਦਰਿਆਦਿਲ ਹੈ। ਜਿਨ੍ਹਾਂ ਲੋਕਾਂ ਨੇ ਸਤਵੰਤ ਤੋਂ ਪੈਸਾ ਲਿਆ ਸੀ ਉਸ ਨੇ ਕਦੇ ਵੀ ਉਹਨਾਂ ਨੂੰ ਯਾਦ ਨਹੀਂ ਕਰਵਾਇਆ। ਮੈਨੂੰ ਇਹ ਲੱਗਦਾ ਹੈ ਕਿ ਸ਼ਾਇਦ ਹੀ ਕਿਸੇ ਨੇ ਉਹਨਾਂ ਨੂੰ ਪੈਸੇ ਮੋੜਣ ਦੀ ਕੋਸ਼ਿਸ਼ ਕੀਤੀ ਹੋਵੇਗੀ।


ਸਤਵੰਤ ਨੂੰ ਕਿਸੇ ਵਪਾਰ ਜਾਂ ਮਕਾਨ ਵਿਚ ਕਦੇ ਪੈਸੇ ਨਹੀਂ ਘਟੇ। ਉਸ ਦੇ ਕਾਰਨ ਜੋ ਮੈਂ ਸੋਚਦਾ ਹਾਂ।

1 ਉਹ ਕਾਰੋਬਾਰ ਲੈਣ ਵਿਚ ਕਦੇ ਕਾਹਲੀ ਨਹੀਂ ਕਰਦਾ ਸੀ।

2 ਉਹ ਕਾਰੋਬਾਰ ਦੀ ਆਮਦਨ ਤੇ ਖ਼ਰਚੇ ਦੀ ਤਹਿ ਤੱਕ ਜਾਂਦਾ ਸੀ।

3 ਉਹ ਮੁਰੰਮਤ ਦਾ ਕਾਫ਼ੀ ਕੰਮ ਆਪ ਹੀ ਕਰ ਲੈਂਦਾ ਸੀ। ਜਿਸ ਕਰਕੇ ਦਿਹਾੜੀ ਆਦਿ ਦੇ ਪੈਸੇ ਬਚਾ ਲੈਂਦਾ ਸੀ।

ਵੱਡੀ ਗੱਲ ਕਿ ਉਸ ਉਤੇ ਰੱਬ ਦੀ ਬਹੁਤ ਦਇਆ ਸੀ। ਜਿਸ ਕਰਕੇ ਉਸ ਨੇ ਜੋ ਕੁਝ ਵੀ ਲਿਆ ਉਹ ਮਹਿੰਗਾ ਹੀ ਹੋਇਆ ਤੇ ਮਹਿੰਗਾ ਹੀ ਵੇਚਿਆ। ਇਕ ਕਾਰੋਬਾਰ ਛੱਡ ਕੇ ਜਿਸ ਨੂੰ ਉਹ ਆਪ ਚਲਾਉਂਦਾ ਸੀ ਬਾਕੀ ਸਾਰੇ ਕਾਰੋਬਾਰ ਕਿਰਾਏ ਤੇ ਦਿੱਤੇ ਹੋਏ ਸਨ। ਇਸ ਕਾਰਨ ਕਰਕੇ ਉਸ ਦੀ ਭੱਜ ਦੌੜ ਵੀ ਬਹੁਤ ਘੱਟ ਸੀ। ਉਸ ਦੀ ਜ਼ਿਆਦਾ ਤਵੱਜੋਂ ਲੋਕਾਂ ਦੀ ਭਲਾਈ ਅਤੇ ਗੁਰਦੁਆਰੇ ਦੀ ਸੇਵਾ ਵਿਚ ਹੁੰਦੀ ਸੀ। ਉਸ ਦੇ ਦੋਨੋਂ ਬੱਚੇ ਭਾਰਤ ਵਿਚ ਪੈਦਾ ਹੋਏ ਅਤੇ ਛੋਟੀ ਉਮਰ ਵਿਚ ਹੀ ਅਮਰੀਕਾ ਚਲੇ ਗਏ। ਇਹ ਬੱਚੇ ਅਮਰੀਕਾ ਦੇ ਬੱਚਿਆਂ ਵਾਂਗ ਹੀ ਪੜ੍ਹੇ। ਵੱਡਾ ਲੜਕਾ ਪਰਦੀਪ ਜੋ ਕਿ ਵਪਾਰ ਵਿਚ ਮਾਤਾ ਸਤਪਾਲ ਦਾ ਹੱਥ ਵਟਾਉਂਦਾ ਹੈ, ਨੇ ਬੀ.ਏ ਪੁਲਿਸ ਕਰਕੇ ਮਿਲਵਾਕੀ ਦਾ ਪਹਿਲਾ ਦੇਸੀ ਪੁਲਿਸ ਅਫ਼ਸਰ ਹੋਇਆ। ਮਿਲਵਾਕੀ ਵਿਚ ਬਹੁਤ ਅਪਰਾਧ ਸੀ, ਇਸ ਲਈ ਸਤਵੰਤ ਦੇ ਕਹਿਣ ਤੇ ਉਸ ਨੇ ਪੁਲਿਸ ਅਫ਼ਸਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਅਧਿਆਪਕ ਲੱਗ ਗਿਆ। ਇਸ ਦਾ ਵਿਆਹ ਮਿਲਵਾਕੀ ਰਹਿੰਦੇ ਦੇਸੀ ਜੱਟ ਪਰਿਵਾਰ ਵਿਚ ਹੋਇਆ। ਇਸ ਪਰਿਵਾਰ ਦਾ ਗੋਤ ਭੁੱਲਰ ਹੈ। ਲੜਕੀ ਦੇ ਮਾਮਾ ਜੀ ਉਥੋਂ ਦੀ ਮਸ਼ਹੂਰ ਸ਼ਖ਼ਸੀਅਤ ਹਨ। ਉਹਨਾਂ ਦਾ ਨਾਮ ਡਾ. ਕੁਲਵੰਤ ਸਿੰਘ ਧਾਲੀਵਾਲ ਹੈ। ਡਾ. ਕੁਲਵੰਤ ਸਿੰਘ ਧਾਲੀਵਾਲ ਅਤੇ ਸਾਡੇ ਪਰਿਵਾਰ ਇੱਕ ਦੂਜੇ ਨੂੰ ਪਿਛਲੇ ਪੰਜਾਹ ਸਾਲਾਂ ਤੋਂ ਜਾਣਦੇ ਹਨ। ਉਹਨਾਂ ਦੇ ਅਸਰ ਨਾਲ ਹੀ ਇਹ ਰਿਸ਼ਤਾ ਹੋਇਆ। ਪਰਦੀਪ ਅਤੇ ਪਤਨੀ ਪ੍ਰੀਤੀ ਦੇ ਚਾਰ ਬੱਚੇ ਹਨ ਜੋ ਇਕੱਠੇ ਪਰਿਵਾਰ ਵਿਚ ਮਾਤਾ ਨਾਲ ਮਿਲਵਾਕੀ ਵਿਚ ਹੀ ਰਹਿੰਦੇ ਹਨ।




ਛੋਟੇ ਲੜਕੇ ਦਾ ਨਾਮ ਅਮਰਦੀਪ ਸਿੰਘ ਹੈ। ਹੁਣ ਇਸ ਨੇ ਆਪਣਾ ਨਾਮ ਬਦਲ ਕੇ ਅਮਰ ਸਿੰਘ ਰੱਖ ਲਿਆ ਹੈ। ਇਸ ਨੇ ਸਾਰੀ ਵਿੱਦਿਆ ਮਿਲਵਾਕੀ ਅਤੇ ਕੈਲੀਫੋਰਨੀਆ ਤੋਂ ਪ੍ਰਾਪਤ ਕੀਤੀ ਹੈ। ਇਸ ਨੇ ਛੋਟੀ ਉਮਰ ਵਿਚ ਹੀ ਡਾਕੂਮੈਂਟਰੀ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਨੂੰ 2009 ਅਤੇ 2012 ਵਿਚ ਐੱਮੀ ਐਵਾਰਡ ਮਿਲਿਆ। ਇਸ ਦਾ ਵਿਆਹ ਮੇਜਰ ਸਿੱਧੂ ਦੀ ਲੜਕੀ ਨਾਲ ਹੋਇਆ। ਇਹਨਾਂ ਦੇ ਇਕ ਲੜਕਾ ਅਤੇ ਇਕ ਲੜਕੀ ਹੈ। ਇਹ ਅਫਰੀਕਾ, ਭਾਰਤ ਅਤੇ ਹੋਰ ਕਾਫ਼ੀ ਦੇਸ਼ਾਂ ਦੇ ਦੌਰੇ ਕਰਦਾ ਹੈ। ਇਸ ਨੇ ਐੱਮ.ਪੀ ਦੀ ਚੋਣ ਵੀ ਲੜੀ ਸੀ, ਜੋ ਕਿ ਪ੍ਰਾਇਮਰੀ ਵਿਚ ਹਾਰ ਗਿਆ ਸੀ।

**ਸਤਵੰਤ ਦਾ ਸਹੁਰਾ ਪਰਿਵਾਰ**

ਸਤਵੰਤ ਦੀ ਸੁਪਤਨੀ ਸਤਪਾਲ ਦੇ ਪੇਕਿਆਂ ਦਾ ਜੱਦੀ ਪਿੰਡ ਤੱਖਰਾਂ ਜੋ ਲੁਧਿਆਣਾ ਜ਼ਿਲ੍ਹੇ ਵਿਚ ਪੈਂਦਾ ਹੈ। ਉਸ ਦੇ ਪੁਰਖੇ ਜਗੀਰਦਾਰ ਸਨ। ਉਸ ਦੇ ਦਾਦਾ ਸ. ਬਖਸ਼ੀਸ਼ ਸਿੰਘ ਜੋ ਤਕਰੀਬਨ 100 ਸਾਲ ਦੀ ਉਮਰ ਭੋਗ ਕੇ ਪੂਰੇ ਹੋਏ ਹਨ, ਨੇ 1952 ਵਿਚ ਯੂ.ਪੀ. ਨੇਪਾਲ ਬਾਰਡਰ ਤੇ ਇਕ ਸਾਰਾ ਪਿੰਡ ਸੁਮੇਰਪੁਰ ਜਿਸ ਦਾ ਰਕਬਾ 2000 ਬਿੱਘਾ ਸੀ, ਖਰੀਦ ਲਿਆ। ਸ. ਬਖਸ਼ੀਸ਼ ਸਿੰਘ ਦੇ 6 ਪੁੱਤਰ ਅਤੇ 2 ਲੜਕੀਆਂ ਸਨ। ਸਾਰੀ ਬੱਚਤ ਜ਼ਮੀਨ ਖ਼ਰੀਦਣ ਤੇ ਹੀ ਲੱਗ ਗਈ। ਉਹ ਛੇਵਾਂ ਪੁੱਤਰਾਂ ਨੂੰ ਲੈ ਕੇ ਜੰਗਲ ਵਿਚ ਬੈਠ ਗਏ ਜਿੱਥੇ ਸ਼ੇਰ, ਚਿਤੇ ਅਤੇ ਜੰਗਲੀ ਹਾਥੀਆਂ ਦੀ ਭਰਮਾਰ ਸੀ। ਇਲਾਕੇ ਵਿਚ ਆਏ ਦਿਨ ਇਹ ਖ਼ਬਰ ਹੁੰਦੀ ਕਿ ਸ਼ੇਰ ਜਾਂ ਹੋਰ ਜਾਨਵਰ ਕਿਸੇ ਦਾ ਬੱਚਾ ਚੁੱਕ ਕੇ ਲੈ ਗਿਆ। ਸ. ਬਖਸ਼ੀਸ਼ ਸਿੰਘ ਅਤੇ ਉਸ ਦੇ ਪੁੱਤਰਾਂ ਨੇ ਦਸ ਪੰਦਰਾਂ ਸਾਲਾਂ ਵਿਚ ਹੀ ਇਲਾਕਾ ਆਬਾਦ ਕਰ ਲਿਆ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

1936 ਵਿਚ ਅੰਕਤ ਅਰਦਾਸ ਦੀ ਅਰੰਭਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਸ੍ਰੀ ਭਗੌਤੀ ਜੀ ਸਹਾਇ' ਤੋਂ ਹੁੰਦੀ ਹੈ ਅਤੇ ਇਸ ਦੀ ਸਮਾਪਤੀ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' 'ਤੇ ਹੁੰਦੀ ਹੈ। ਅਰਦਾਸ ਦੇ ਫੁਟ ਨੋਟ ਵਿਚ ਵਿਆਖਿਆ ਕੀਤੀ ਗਈ ਹੈ ਕਿ 2 . ਇਹ ਅਰਦਾਸ ਦਾ ਨਮੂਨਾ ਹੈ। 'ਪ੍ਰਿਥਮ ਭਗੌਤੀ' ਵਾਲੇ ਸ਼ਬਦ ਅਤੇ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ।' ਇਸ ਵਿਚ ਅੰਤਲੀ ਤੁਕ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ' ਅੰਕਤ ਕੀਤੀ ਹੋਈ ਹੈ। ਬਾਵਜੂਦ ਇਸਦੇ ਕਿ ਸਪਸ਼ਟ ਤੌਰ 'ਤੇ ਅੰਕਤ ਹੈ ਕਿਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ ਪਰ ਮੌਜੂਦਾ ਰਹਿਤ ਮਰਯਾਦਾ ਵਿਚ ਇਸ ਅੰਤਲੀ ਤੁਕ ਦੀ ਥਾਵੇਂ 'ਨਾਨਕ ਨਾਮ ਚੜ੍ਹਦਾ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਕਰ ਦਿੱਤਾ ਗਿਆ ਹੈ। ਪਰ ਇਹ ਤਬਦੀਲੀ ਕੇਵਲ ਛਾਪੇ ਦੀ ਗਲਤੀ ਹੀ ਜਾਪਦੀ ਹੈ। ਇਸ ਦੀ ਦਰੁਸਤਗੀ ਕੀਤੀ ਜਾਣੀ ਚਾਹੀਦੀ ਹੈ। ਪੁਰਾਤਨ ਸਾਰਿਆਂ ਹੀ ਹਵਾਲਿਆਂ ਵਿਚ ਤੇਰੇ ਭਾਣੇ ਸਰਬੱਤ ਕਾ ਭਲਾ ਹੀ ਅੰਕਤ ਹੈ।

ਉਪਰੀ ਨਜ਼ਰੇ ਕਾ ਅਤੇ ਦਾ ਵਿਚ ਕੋਈ ਬਹੁਤਾ ਅੰਤਰ ਨਹੀਂ ਜਾਪਦਾ ਪਰ ਗਹੁ ਨਾਲ ਵਾਚਿਆਂ ਇਸ ਤਬਦੀਲੀ ਦੇ ਗੰਭੀਰ ਅਰਥ ਨਿਕਲਦੇ ਹਨ। ਗੁਰਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਵੇਂ 'ਕਾ' ਦੀ ਵਰਤੋਂ ਕੀਤੀ ਗਈ ਹੈ। ਪਰ ਕਾ ਬੁਲਾ ਨ ਰਾਖਹੁ ਚੀਤ॥ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥ ਸਤਿਗੁਰ ਕਾਸਚੁ ਸਬਦੁ ਕਮਾਵਹੁ॥ ਜੀਉ ਪਿੰਡ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ॥ ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ॥ ੪॥੯॥ ੭੯॥ ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ॥ ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥ ਆਦਿ ਆਦਿ। 'ਕਾ' ਲਫ਼ਜ਼ ਸਾਧ ਭਾਖਾ ਜਾਂ ਸੰਧੁਕੜੀ ਬੋਲੀ ਦਾ ਸੀ। ਗੁਰੂ ਕਾਲ ਵਿਚ ਤਕਰੀਬਨ ਤਕਰੀਬਨ ਸਾਰੇ ਖਿੱਤੇ ਵਿਚ ਇਸ ਲਫ਼ਜ਼ ਨੂੰ ਆਸਾਨੀ ਨਾਲ ਸਮਝਿਆ ਜਾ ਸਕੀਦਾ ਸੀ। ਪਰ ਇਸ ਦੇ ਮੁਕਾਬਲੇ 'ਦਾ' ਲਫ਼ਜ਼ ਪੰਜਾਬੀ ਜ਼ਬਾਨ ਦਾ ਹੈ। ਇਸ ਤਰ੍ਹਾਂ ਮੂਲ ਰੂਪ ਵਿਚ 'ਤੇਰੇ ਭਾਣੇ ਸਰਬੱਤ ਦਾ ਭਲਾ' ਹੀ ਸਹੀ ਹੈ ਅਤੇ ਇਸ ਦੀ ਦਰੁਸਤਗੀ ਕੀਤੀ ਜਾਣੀ ਚਾਹੀਦੀ ਹੈ। ਵਿਸ਼ੇਸ਼ ਕਰ ਕੇ ਜਦੋਂ ਇਹ ਤਬਦੀਲੀ ਛਾਪੇ ਦੀ ਗਲਤੀ ਦੀ ਹੈ ਅਤੇ ਇਸ ਬਾਰੇ ਲਿਖਿਆ ਵੀ ਹੈ ਕਿ ਇਸ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਹਰਿਮੰਦਰ ਸਾਹਿਬ ਦੀ ਪੂਰਬੀ ਬਾਹੀ 'ਤੇ ਵੀ 'ਖਾਲਸਾ ਜੀ ਕਾ ਬੋਲ ਬਾਲਾ' ਹੀ ਲਿਖਿਆ ਹੋਇਆ ਹੈ।

....ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਉਪ੍ਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਵਿਆਖਿਆ

ਅਰਦਾਸ ਦੀ ਸੰਪੂਰਨਤਾ ਤੇ ਅਦਬ ਨਾਲ ਮੱਥਾ ਟੇਕ ਕੇ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਉਣੀ ਹੈ ਅਤੇ ਅਖੀਰ ਵਿਚ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਣਾ ਹੈ। ਇਥੇ ਕੇਵਲ ਮੱਥਾ ਟੇਕਣ ਦੀ ਗੱਲ ਨਹੀਂ ਬਲਕਿਗ ਅਦਬ ਨਾਲ ਮੱਥਾ ਟੇਕਣਾ ਕਿਹਾ ਗਿਆ ਹੈ। ਭਾਈ ਨੰਦ ਲਾਲ ਜੀ ਇਥੇ ਬੇ-ਅਦਬ ਲਈ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ ਜੀ, ਜਿਹੜੇ ਬੇ-ਅਦਬ ਹਨ ਉਨ੍ਹਾਂ ਨੂੰ ਵੀ ਅਦਬ ਬਖਸ਼ੋ ਤਾਂ ਕਿ ਉਹ ਆਪਣੀ ਬਾਕੀ ਉਮਰ ਤੇਰੀ ਯਾਦ ਵਿਚ ਗੁਜ਼ਾਰ ਸਕਣ।


ਐ ਖ਼ੁਦਾ ਹਰ ਬੇ-ਅਦਬ ਰਾ ਦਿਹ ਅਦਬ
ਤਾ ਗੁਜ਼ਾਰਦ ਉਮਰ ਰਾ ਦਰ ਯਾਦਿ ਰੱਬ॥ ੩੨੦॥

(ਜ਼ਿੰਦਗੀਨਾਮਾ)

(ਅ) ਅਰਦਾਸ ਹੋਣ ਸਮੇਂ ਸੰਗਤ 'ਚ ਹਾਜ਼ਰ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਹੋਵੇ, ਉਹ ਭੀ ਉੱਠ ਕੇ ਚੌਰ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਵਿਆਖਿਆ




ਅਰਦਾਸ ਬੇਨਤੀ ਹੈ, ਜੋਦੜੀ ਹੈ, ਮਿੰਨਤ ਹੈ, ਗੁਜ਼ਾਰਿਸ਼ ਹੈ। "ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ। ੨੨॥" (ਮ.੧, ਅੰਗ 474)। ਇਹ ਖਾਸ ਧਿਆਨ ਦੇਣ ਦੀ ਲੋੜ ਹੈ ਕਿ ਅਰਦਾਸ ਖੜ੍ਹੇ ਹੋ ਕੇ ਕਰਨੀ ਹੈ ਅਤੇ ਦੋਨੋਂ ਹੱਥਾਂ ਦੀਆਂ ਤਲੀਆਂ ਜੋੜ ਕੇ ਕੀਤੀ ਜਾਣੀ ਚਾਹੀਦੀ ਹੈ।

ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ॥
ਹਾਥ ਦੇਇ ਰਾਖੀ ਪਰਮੇਸਰਿ ਸਗਲਾ ਦੁਰਤੁ ਮਿਟਾਇਆ॥੧॥

(ਮ. ੫, ਅੰਗ ੪੯੯)

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖੜ੍ਹੋ ਕੇ, ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰਕੋ, ਪ੍ਰਵਾਨ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਵਿਆਖਿਆ

ਅਰਦਾਸ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਖੜ੍ਹੇ ਹੋ ਕੇ ਅਤੇ ਹੱਥ ਜੋੜ ਕੇ ਕਰਨੀ ਹੈ। ਪਰ ਜੇ ਸ੍ਰੀ ਗੁਰੂ ਗੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਅਰਦਾਸ ਕੀਤੀ ਜਾ ਸਕਦੀ ਹੈ। ਹਾਜ਼ਰ ਨਾਜ਼ਰ ਦਾ ਅਰਥ ਹੈ ਕਿ ਇਸ਼ਟ ਪ੍ਰਤੱਖ ਹਾਜ਼ਰ ਹੈ ਅਤੇ ਮੈਂ ਉਸਦੀ ਹਾਜ਼ਰੀ ਵਿਚ ਹਾਂ ਅਤੇ ਨਾਜ਼ਰ ਦਾ ਮਤਲਬ ਹੈ ਕਿ ਮੈਂ ਉਸ ਨੂੰ ਪ੍ਰਤੱਖ ਦੇਖ ਰਿਹਾ ਹਾਂ। ਸੁਲਤਾਨਪੁਰ ਵਿਚ ਨਮਾਜ਼ ਵੇਲੇ ਨਵਾਬ ਅਤੇ ਮੌਲਵੀ ਮਸੀਤ ਵਿਚ ਮੌਜੂਦ ਤਾਂ ਸਨ ਪਰ ਰੱਬ ਨੂੰ ਹਾਜ਼ਰ ਨਾਜ਼ਰ ਨਹੀਂ ਸਨ ਸਮਝ ਰਹੇ। ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਨਾ ਹੋਣ ਦੀ ਸੂਰਤ ਵਿਚ ਗੁਰੂ ਨੂੰ ਹਾਜ਼ਰ ਨਾਜ਼ਰ ਮੰਨ ਕੇ ਕਿਸੇ ਪਾਸੇ ਵੀ ਮੂੰਹ ਕਰਕੇ ਅਰਦਾਸ ਕੀਤੀ ਜਾ ਸਕਦੀ ਹੈ।

(ਸ) ਜਦੋਂ ਕੋਈ ਖਾਸ ਅਰਦਾਸ ਕਿਸੇ ਇਕ ਜਾਂ ਵਧੀਕ ਆਦਮੀਆਂ ਵਲੋਂ ਹੋਵੇ ਤਾਂ ਉਨ੍ਹਾਂ ਤੋਂ ਬਿਨਾਂ ਸੰਗਤ ਵਿਚ ਬੈਠੇ ਹੋਰਨਾਂ ਦਾ ਉਠੇਣਾ ਜ਼ਰੂਰੀ ਨਹੀਂ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੪, ਪੰਨਾ ੧੨)

ਅਰਦਾਸ ਦਾ ਇਹ ਅੰਤਮ ਬੰਦ ਹੈ। ਜਿਸ ਮੁਤਾਬਕ ਜੇਕਰ ਸੰਗਤ ਦੀ ਬਜਾਇ ਇਕ ਜਾਂ ਵੱਧ ਵਿਅਕਤੀਆਂ ਵਲੋਂ ਹੋ ਰਹੀ ਹੈ ਤਾਂ ਬਾਕੀ ਸੰਗਤ ਦਾ ਖੜੇ ਹੋਣਾ ਜ਼ਰੂਰੀ ਨਹੀਂ ਹੈ। ਜਿਵੇਂ ਅਨੰਦ ਕਾਰਜ ਸਮੇਂ ਲੜਕਾ ਲੜਕੀ ਅਤੇ ਉਨ੍ਹਾਂ ਦੇ ਮਾਪੇ ਜਾਂ ਸਰਬਰਾਹ ਹੀ ਖੜ੍ਹੇ ਹੁੰਦੇ ਹਲ।

੪. ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ

ਗੁਰਦੁਆਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਿਾਂ ਦੇ ਜੋੜ ਮੇਲ ਦੇ ਅਸਥਾਨਾਂ ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਪਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਸਿੱਖ ਰਹਿਤ ਮਰਯਾਦਾ ਦੀ ਸ਼ਖ਼ਸੀ ਰਹਿਣੀ ਦਾ ਚੌਥਾ ਅਧਿਆਇ ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ ਹੈ। ਇਸ ਦੇ 11 ਅੰਗ ਹਨ ਅਤੇ ਪਹਿਲਾ ਅੰਗ ਗੁਰਦੁਆਰੇ ਹੈ ਜਿਸ ਦੀਆਂ ਅੱਗੋਂ 19 ਮਦਾਂ ਹਨ। ਗੁਰਸਿੱਖ ਦਾ ਸਫ਼ਰ 'ਸੋ ਦਰੁ' ਰਾਹੀਂ 'ਸੋ ਘਰੁ' ਤੱਕ ਪਹੁੰਚ ਕੇ 'ਸੋਖ ਪੁਰਖੁ' ਵਿਚ ਅਭੇਦ ਹੋਣ ਦਾ ਹੈ। ਇਸ ਲਈ ਗੁਰਦੁਆਰਾ ਗੁਰੂ ਦਰ ਹੈ।

(ਚਲਦਾ)

# ਅਮਰੀਕਾ 'ਚ ਖੁਰਾਕ ਸੰਬੰਧੀ ਦਿਸ਼ਾ-ਨਿਰਦੇਸ਼ ਅਲਟਰਾ-ਪ੍ਰੋਸੈਸ ਕੀਤੇ ਭੋਜਨਾਂ ਦੇ ਵਿਰੁੱਧ ਹੋ ਸਕਦੇ ਹਨ, ਪਰ ਸੰਭਾਵਨਾ ਘੱਟ

ਨਿਊਯਾਰਕ : 2025-30 ਲਈ ਯੂ. ਐਸ. ਸਰਕਾਰ ਦੇ ਖੁਰਾਕ ਦਿਸ਼ਾ-ਨਿਰਦੇਸ਼ਾਂ ਦੇ ਅਗਲੇ ਸੈੱਟ ਵਿੱਚ ਅਲਟਰਾ-ਪ੍ਰੋਸੈਸ ਕੀਤੇ ਭੋਜਨਾਂ ਵਿਰੁੱਧ ਸਖ਼ਤ ਚਿਤਾਵਨੀਆਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਇੱਕ ਕਮੇਟੀ ਹਰ ਪੰਜ ਸਾਲਾਂ ਵਿੱਚ ਸਰਕਾਰੀ ਖੁਰਾਕ ਸੰਬੰਧੀ ਦਿਸ਼ਾ-ਨਿਰਦੇਸ਼ਾਂ ਦੀ ਸਮੀਖਿਆ ਕਰਦੀ ਹੈ ਅਤੇ ਸੁਝਾਅ ਦਿੰਦੀ ਹੈ। ਇਸਦੇ ਮੈਂਬਰ ਅਮਰੀਕਾ ਦੇ ਖੇਤੀਬਾੜੀ ਅਤੇ ਸਿਹਤ ਵਿਭਾਗ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਹਾਲਾਂਕਿ ਇਸ ਮਾਮਲੇ ਵਿੱਚ ਕਮੇਟੀ ਦੇ ਕਈ ਮੈਂਬਰਾਂ ਦੇ ਹਿੱਤਾਂ ਦਾ ਟਕਰਾਅ ਹੋ ਸਕਦਾ ਹੈ। ਇੱਕ ਐਨ. ਜੀ. ਓ. ਦੀ ਰਿਪੋਰਟ ਦੇ ਅਨੁਸਾਰ, ਕਮੇਟੀ ਵਿੱਚ 20 ਵਿੱਚੋਂ 9 ਦੇ ਫੂਡ, ਫਾਰਮਾਸਿਊਟੀਕਲ ਜਾਂ ਭਾਰ ਘਟਾਉਣ ਵਾਲੀਆਂ ਕੰਪਨੀਆਂ ਨਾਲ ਵਿੱਤੀ ਸਬੰਧ ਹਨ ਜਿਨ੍ਹਾਂ ਨੂੰ ਨਵੇਂ ਦਿਸ਼ਾ-ਨਿਰਦੇਸ਼ਾਂ ਤੋਂ ਲਾਭ ਜਾਂ ਨੁਕਸਾਨ ਹੋ ਸਕਦਾ ਹੈ। ਵੱਡੀਆਂ ਫੂਡ ਕੰਪਨੀਆਂ ਦਾ ਇਹਨਾਂ ਦਿਸ਼ਾ-ਨਿਰਦੇਸ਼ਾਂ 'ਤੇ ਬਹੁਤ ਪ੍ਰਭਾਵ ਹੈ ਅਤੇ ਉਹ ਅਤਿ-ਪ੍ਰੋਸੈਸ ਕੀਤੇ ਭੋਜਨਾਂ ਲਈ ਸਖ਼ਤ ਨਿਯਮਾਂ ਨੂੰ ਰੋਕਣ ਵਿੱਚ ਕਾਫੀ ਦਿਲਚਸਪੀ ਰੱਖਦੀਆਂ ਹਨ। ਅਲਟਰਾ ਪ੍ਰੋਸੈਸਡ ਭੋਜਨ ਜ਼ਿਆਦਾਤਰ ਵੱਡੇ ਕਾਰਪੋਰੇਟਾਂ ਦੇ ਉਤਪਾਦ ਹਨ। ਇਹ ਆਮ ਤੌਰ 'ਤੇ ਤਕਨਾਲੋਜੀ ਦੀ ਮਦਦ ਨਾਲ ਤਿਆਰ ਕੀਤੇ ਜਾਂਦੇ ਹਨ।

ਇਹਨਾਂ ਵਿੱਚ ਕਾਰਬੋਨੇਟੇਡ ਸਾਫਟ ਡਰਿੰਕ, ਕੈਂਡੀ, ਵੱਡੇ ਪੱਧਰ 'ਤੇ ਤਿਆਰ ਕੀਤੀ ਪੈਕ ਕੀਤੀ ਬ੍ਰੈਡ, ਮਾਰਜਰੀ ਭਾਵ ਨਕਲੀ ਮਖਣ, ਫਲ, ਦਹੀਂ, ਚਿਕਨ ਨਗੇਟਸ, ਫਿਸ਼ ਸਟਿਕਸ, ਸੌਸੇਜ, ਬਰਗਰ, ਹੌਟ ਡਾਗ, ਅਤੇ ਇੱਥੋਂ ਤੱਕ ਕਿ ਬੇਬੀ ਫਾਰਮੂਲਾ ਵੀ ਸ਼ਾਮਲ ਹਨ। ਯੂਨੀਵਰਸਿਟੀ ਕਾਲਜ ਲੰਡਨ ਦੇ ਸਹਾਇਕ ਪ੍ਰੋਫੈਸਰ ਕ੍ਰਿਸ ਵੈਨ ਟੂਲੀਪੇਨ ਦੇ ਅਨੁਸਾਰ, ਅਲਟਰਾ-ਪ੍ਰੋਸੈਸਡ ਭੋਜਨ ਭੁੱਖ ਅਤੇ ਪਾਚਨ ਨੂੰ ਨਿਯਮਤ ਕਰਨ ਦੀ ਸਾਡੀ ਸਮਰੱਥਾ ਵਿੱਚ ਵਿਘਨ ਪਾਉਂਦੇ ਹਨ। ਇਹ ਹਾਰਟ ਅਟੈਕ, ਡਿਮੈਂਸ਼ੀਆ ਅਤੇ ਟਾਈਪ-2 ਡਾਇਬਟੀਜ਼ ਵਰਗੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ। ਕਰੋਹਨ ਅਤੇ ਅਲਸਰੇਟਿਵ ਕੋਲਾਈਟਿਸ ਵਰਗੀਆਂ ਇਨਫਲੇਮੇਟਰੀ ਬਾਊਲ ਡਿਸੀਜ਼ ਅਤੇ ਪੇਟ, ਲੀਵਰ, ਬ੍ਰੈਸਟ ਕੈਂਸਰ ਨਾਲ ਜਲਦੀ ਮੌਤ ਦਾ ਖ਼ਤਰਾ ਵੀ ਵੱਧ ਜਾਂਦਾ ਹੈ।

**2020-2025 ਦੇ ਖੁਰਾਕ ਸੰਬੰਧੀ ਗਾਈਡਲਾਈਨਸ 'ਚ ਇਹ ਦਿਸ਼ਾ-ਨਿਰਦੇਸ਼ਾਂ**



- ਆਪਣੀ ਖੁਰਾਕ ਵਿੱਚ ਕਈ ਤਰ੍ਹਾਂ ਦੇ ਭੋਜਨ ਸ਼ਾਮਲ ਕਰੋ
- ਆਦਰਸ਼ ਭਾਰ ਬਣਾਈ ਰੱਖੋ
- ਬਹੁਤ ਜ਼ਿਆਦਾ ਚਰਬੀ, ਸੰਤ੍ਰਿਪਤ ਚਰਬੀ ਅਤੇ ਕੋਲੈਸਟ੍ਰੋਲ ਤੋਂ ਬਚੋ
- ਸਟਾਰਚ ਅਤੇ ਫਾਈਬਰ ਵਾਲੀ ਖੁਰਾਕ ਖਾਓ
- ਬਹੁਤ ਜ਼ਿਆਦਾ ਖੰਡ ਤੋਂ ਪਰਹੇਜ਼ ਕਰੋ
- ਬਹੁਤ ਜ਼ਿਆਦਾ ਸੋਡੀਅਮ (ਲੂਣ) ਤੋਂ ਬਚੋ
- ਜੇਕਰ ਤੁਸੀਂ ਸ਼ਰਾਬ ਪੀਂਦੇ ਹੋ, ਤਾਂ ਬਹੁਤ ਜ਼ਿਆਦਾ ਨਾ ਪੀਓ।

# ਸ੍ਰ. ਪ੍ਰਗਟ ਸੰਧੂ ਗਾਲਟ ਸਿਟੀ ਦੇ ਸਰਬਸੰਮਤੀ ਨਾਲ ਮੁੜ ਮੇਅਰ ਚੁਣੇ

## ਸ਼ਹਿਰ ਦੀ ਜਨਤਾ ਦੀ ਸੇਵਾ ਹੋਰ ਲਗਨ ਅਤੇ ਮਿਹਨਤ ਨਾਲ ਕਰਾਂਗਾ : ਸ੍ਰ. ਸੰਧੂ



ਗਾਲਟ ਸਿਟੀ (ਕੈਲੀਫੋਰਨੀਆ) : ਉੱਘੇ ਬਿਜ਼ਨਸਮੈਨ ਅਤੇ ਕਮਿਉਨਟੀ ਦੇ ਉਘੇ ਸਿੱਖ ਆਗੂ ਸ੍ਰ. ਪਰਗਟ ਸਿੰਘ ਸੰਧੂ ਗਾਲਟ ਸਿਟੀ ਮੁੜ ਮੇਅਰ ਚੁਣੇ ਗਏ। ਉਨ੍ਹਾਂ ਨੂੰ ਸਮੁੱਚੇ ਕੌਂਸਲ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਇਸ ਅਹੁਦੇ 'ਤੇ ਨਿਵਾਜਿਆ ਗਿਆ। ਪਰਗਟ ਸਿੰਘ ਸੰਧੂ ਪਿਛਲੇ ਲੰਮੇ ਸਮੇਂ ਤੋਂ ਅਮਰੀਕਨ ਸਿਆਸਤ ਵਿਚ ਸਰਗਰਮ ਹਨ। ਇਸ ਤੋਂ ਪਹਿਲਾਂ ਉਹ ਗਾਲਟ ਸਿਟੀ ਦੇ ਕਈ ਮਾਣਮੱਤੇ ਅਹੁਦਿਆਂ ਉਪਰ ਰਹਿ ਚੁੱਕੇ ਹਨ। ਸ. ਪਰਗਟ ਸਿੰਘ ਸੰਧੂ ਹਮੇਸ਼ਾ ਹੀ ਕਮਿਉਨਟੀ ਦੇ ਹਰ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਦੇ ਹਨ। ਉਹ ਆਪਣੇ ਜਲੰਧਰ ਦੇ ਛੋਟੇ ਜਿਹੇ ਪਿੰਡ ਬਸ਼ੇਰਪੁਰ ਤੋਂ ਅਮਰੀਕਾ ਆਏ। ਇਥੇ ਆਣ ਕੇ ਉਨ੍ਹਾਂ ਨੇ ਬਹੁਤ ਸਖਤ ਮਿਹਨਤ ਕਰਕੇ ਬੁਲੰਦੀਆ ਤੱਕ ਪਹੁੰਚੇ। ਉਨ੍ਹਾਂ ਸ਼ੁਰੂ-ਸ਼ੁਰੂ 'ਚ 25 ਸਾਲ ਦੇ ਕਰੀਬ ਅਮਰੀਕਨ ਪੋਸਟ ਆਫਿਸ ਵਿਚ ਨੌਕਰੀ ਕੀਤੀ। ਨੌਕਰੀ ਤੋਂ ਰਿਟਾਇਰਮੈਂਟ ਲੈਣ ਉਪਰੰਤ ਉਹ ਅਮਰੀਕਨ ਰਾਜਨੀਤੀ ਵਿਚ ਕੁੱਦ ਪਏ ਅਤੇ ਉਨ੍ਹਾਂ ਕਦੇ ਵੀ ਹਾਰ ਦਾ ਮੂੰਹ ਨਹੀਂ ਦੇਖਿਆ। ਪਹਿਲੀ ਵਾਰ ਉਹ ਦਸੰਬਰ 2019 ਵਿਚ ਗਾਲਟ ਸਿਟੀ ਦੇ ਮੇਅਰ ਨਿਯੁਕਤ ਕੀਤੇ ਗਏ ਸਨ। ਉਪਰੰਤ ਉਹ ਸਿਟੀ ਦੇ ਵਾਈਸ ਮੇਅਰ ਰਹੇ ਅਤੇ ਹੁਣ ਫਿਰ ਤੋਂ ਗਾਲਟ ਸਿਟੀ ਦੇ ਮੇਅਰ ਚੁਣੇ ਗਏ ਹਨ। ਪਰਗਟ ਸਿੰਘ ਸੰਧੂ ਗਾਲਟ ਸਿਟੀ ਤੋਂ ਇਲਾਵਾ ਸਿੱਖ ਭਾਈਚਾਰੇ ਦੀਆਂ ਗਤੀਵਿਧੀਆਂ 'ਚ ਵੀ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਉਹ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਅਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਸਰਗਰਮ ਅਹੁਦੇਦਾਰ ਵੀ ਹਨ। ਉਹ ਹੋਟਲ ਮੋਟਲ ਦੇ ਬਿਜਨਸ ਹਨ aqy Holiday Inn express & suites Best Western ਦੇ ਮਾਲਿਕ ਹਨ।

ਸ੍ਰ. ਪਰਗਟ ਸਿੰਘ ਸੰਧੂ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਾਹਿਗੁਰੂ ਨੇ ਇੱਕ ਵਾਰ ਮੁੜ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਸ਼ਹਿਰੀ ਤਰੱਕੀ ਅਤੇ ਜਨਤਾ ਦੀ ਸੇਵਾ ਲਈ ਹੋਰ ਕੋਸ਼ਿਸ਼ ਕਰਾਂਗਾ।

# ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਗਣਤੰਤਰ ਦਿਵਸ 'ਤੇ ਭਾਰਤ ਨਹੀਂ ਆਉਣਗੇ

## ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰਪਤੀ ਜੋ ਬਿਡੇਨ ਨੂੰ ਗਣਤੰਤਰ ਦਿਵਸ 'ਤੇ ਭਾਰਤ ਆਉਣ ਦਾ ਦਿੱਤਾ ਸੀ ਸੱਦਾ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਜਨਵਰੀ 2024 ਵਿੱਚ ਗਣਤੰਤਰ ਦਿਵਸ ਸਮਾਰੋਹ ਵਿੱਚ ਹਿੱਸਾ ਨਹੀਂ ਲੈਣਗੇ। ਭਾਰਤ ਨੇ ਅਗਲੇ ਸਾਲ ਜਨਵਰੀ ਵਿੱਚ ਕਵਾਡ ਲੀਡਰਸ ਸੰਮੇਲਨ ਦੀ ਮੇਜ਼ਬਾਨੀ ਦੇ ਹਿੱਸੇ ਵਜੋਂ ਰਾਸ਼ਟਰਪਤੀ ਬਿਡੇਨ ਨੂੰ ਗਣਤੰਤਰ ਦਿਵਸ ਸਮਾਰੋਹ ਲਈ ਸੱਦਾ ਦਿੱਤਾ ਹੈ। ਦੂਜੇ ਪਾਸੇ ਕਵਾਡ ਦੀ ਅਹਿਮ ਬੈਠਕ ਵੀ ਮੁਲਤਵੀ ਕਰ ਦਿੱਤੀ ਗਈ ਹੈ ਅਤੇ ਹੁਣ ਇਹ ਸੰਮੇਲਨ 2024 ਦੇ ਅੰਤ 'ਚ ਹੋਣ ਦਾ ਵੀ ਪ੍ਰਸਤਾਵ ਹੈ।ਅਤੇ ਜੋ ਬਿਡੇਨ ਗਣਤੰਤਰ ਦਿਵਸ ਪਰੇਡ ਦੇ ਹੁਣ ਮੁੱਖ ਮਹਿਮਾਨ ਨਹੀਂ ਹੋਣਗੇ।ਅਤੇ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਹੁਣ ਗਣਤੰਤਰ ਦਿਵਸ ਮੌਕੇ ਤੇ ਭਾਰਤ ਨਹੀਂ ਆ ਰਹੇ। ਇਸ ਪੂਰੇ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ ਹੈ। ਜੀ-20 ਸੰਮੇਲਨ ਦੌਰਾਨ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੋ ਬਿਡੇਨ ਨੂੰ ਦੁਵੱਲੀ ਗੱਲਬਾਤ ਲਈ 26 ਜਨਵਰੀ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਸੀ।

# ਪੰਜਾਬ ਪੁਲਿਸ ਨੇ ਅੰਤਰਰਾਜੀ ਨਾਜਾਇਜ਼ ਹਥਿਆਰ ਤਸਕਰੀ ਗਰੋਹ ਦਾ ਪਰਦਾਫ਼ਾਸ਼ ਕੀਤਾ, 10 ਮੁਲਜ਼ਮ ਗ੍ਰਿਫ਼ਤਾਰ

ਚੰਡੀਗੜ੍ਹ : ਪੰਜਾਬ ਪੁਲੀਸ ਨੇ ਮੱਧ ਪ੍ਰਦੇਸ਼ ਦੇ ਹਥਿਆਰ ਬਣਾਉਣ ਵਾਲੇ ਸਮੇਤ 10 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਅੰਤਰਰਾਜੀ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਪੰਜਾਬ ਪੁਲੀਸ ਦੇ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਕੁੱਲ 22 ਹਥਿਆਰ ਬਰਾਮਦ ਕੀਤੇ ਗਏ ਹਨ। ਸ੍ਰੀ ਯਾਦਵ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, 'ਪੁਲੀਸ ਨੇ ਮੱਧ ਪ੍ਰਦੇਸ਼ ਤੋਂ ਚੱਲ ਰਹੇ ਅੰਤਰਰਾਜੀ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ ਅਤੇ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਦੋ ਤਸਕਰ ਗਰੋਹਾਂ ਦਾ ਪਰਦਾਫਾਸ਼ ਕੀਤਾ। ਇੱਕ ਹਥਿਆਰ ਨਿਰਮਾਤਾ ਸਮੇਤ 10 ਮਲਜ਼ਮਾਂ ਨੂੰ ਮੱਧ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 22 ਹਥਿਆਰ ਬਰਾਮਦ ਕੀਤੇ ਗਏ ਹਨ।'

# ਪੰਜਾਬ ਦਾ ਵਪਾਰ ਅਫਗਾਨਿਸਤਾਨ ਤੋਂ ਅੱਗੇ ਯੂਰਪ ਤੱਕ ਹੋ ਸਕਦਾ

## ਸਾਡਾ ਪਾਕਿਸਤਾਨ ਨਾਲ ਲਗਦਾ ਵਾਹਗਾ ਬਾਰਡਰ ਖੋਲਿਆ ਜਾਵੇ : ਸੰਤ ਬਲਬੀਰ ਸਿੰਘ ਸੀਚੇਵਾਲ



ਨਵੀਂ ਦਿੱਲੀ : ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਾਰਲੀਮੈਂਟ ਵਿੱਚ ਵਾਹਗਾ ਬਾਰਡਰ ਖੋਲ੍ਹਣ ਦੀ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਦੇ ਕਿਸਾਨਾਂ ਨੂੰ ਆਰਥਿਕ ਮੰਦਹਾਲੀ ਵਿਚੋਂ ਬਾਹਰ ਕੱਢਣਾ ਹੈ ਤਾਂ ਵਾਹਗਾ ਬਾਰਡਰ ਦੀ ਸਰਹੱਦ ਖੋਲ੍ਹੀ ਜਾਵੇ। ਕਿਸਾਨੀ ਅੰਦੋਲਨ ਦੌਰਾਨ ਸਰਕਾਰ ਵੱਲੋਂ ਮੰਗੀਆਂ ਮੰਗਾਂ ਵੀ ਲਾਗੂ ਨਹੀਂ ਕੀਤੀਆਂ ਜਾ ਰਹੀਆਂ

ਸਿਫ਼ਰ ਕਾਲ ਦੌਰਾਨ ਕਿਸਾਨਾਂ ਦੀਆਂ ਮੰਗਾਂ ਉਠਾਉਂਦਿਆਂ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬੀ ਦੀ ਕਹਾਵਤ ਤੋਂ ਸ਼ੁਰੂਆਤ ਕਰਦਿਆਂ ਕਿਹਾ ਕਿ "ਉੱਤਮ ਖੇਤੀ ਮੱਧਮ ਵਪਾਰ ਨਖਿਧ ਚਾਕਰੀ ਭੀਖ ਗਵਾਰ" ਭਾਵ ਕਿ ਕਦੇਂ ਖੇਤੀ ਉੱਤਮ ਧੰਦਾ ਹੋਇਆ ਕਰਦੀ ਸੀ ਪਰ ਹੁਣ ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ। ਇਸੇ ਕਰਕੇ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਤੇਜ਼ੀ ਨਾਲ ਜਾ ਰਹੀ। ਕਿਸਾਨ ਜਿਹੜੀ ਜ਼ਮੀਨ ਨੂੰ ਆਪਣੀ ਮਾਂ ਨਾਲੋਂ ਵੀ ਵੱਧ ਪਿਆਰ ਕਰਦਾ ਹੈ ਉਸ ਨੂੰ ਛੱਡਣ ਲਈ ਮਜ਼ਬੂਰ ਹੋ ਰਿਹਾ ਹੈ। ਖੇਤੀ ਲਾਹੇਵੰਦ ਧੰਦਾ ਨਾ ਰਹਿਣ ਕਾਰਨ ਕਿਸਾਨ ਅਤੇ ਮਜ਼ਦੂਰ ਖੁਦਕਸ਼ੀਆਂ ਕਰ ਰਹੇ ਹਨ। ਤਾਜ਼ਾ ਆਈਆਂ ਰਿਪੋਰਟਾਂ ਅਨੁਸਾਰ ਦੇਸ਼ ਵਿੱਚ ਰੋਜ਼ਾਨਾ 114 ਕਿਸਾਨ, ਮਜ਼ਦੂਰ ਤੇ ਦਿਹਾੜੀਦਾਰ ਖ਼ੁਦਕਸ਼ੀਆਂ ਕਰ ਰਹੇ ਹਨ।

ਸੰਤ ਸੀਚੇਵਾਲ ਨੇ ਸਦਨ ਵਿੱਚ ਮੰਗ ਉਠਾਉਂਦਿਆਂ ਕਿਹਾ ਕਿ ਕਿਸਾਨੀ ਅੰਦੋਲਨ ਦੌਰਾਨ ਸਰਕਾਰ ਵੱਲੋਂ ਮੰਗੀਆਂ ਮੰਗਾਂ ਵੀ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਐਮਐਸਪੀ ਦੀ ਸਰਕਾਰ ਗਾਰੰਟੀ ਦਾ ਕਾਨੂੰਨ ਬਣਾ ਦੇਵੇ ਤਾਂ ਇਸ ਦਾ ਲਾਭ ਕਿਸਾਨਾਂ ਨੂੰ ਮਿਲ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਹਰ ਸਾਲ 23 ਫਸਲਾਂ 'ਤੇ ਐੱਮ. ਐੱਸ. ਪੀ. ਐਲਾਨ ਕਰਦੀ ਹੈ ਪਰ ਕਣਕ ਅਤੇ ਝੋਨੇ ਨੂੰ ਛੱਡ ਕੇ ਬਾਕੀ ਫ਼ਸਲਾਂ 'ਤੇ ਕਿਸਾਨਾਂ ਦੀਆਂ ਫ਼ਸਲਾਂ ਐੱਮ. ਐੱਸ. ਪੀ. 'ਤੇ ਨਹੀਂ ਖਰੀਦੀਆਂ ਜਾਂਦੀਆਂ। ਮੱਕੀ ਦਾ ਭਾਅ ਸਰਕਾਰ ਨੇ 1962 ਰੁਪਏ ਐਲਾਨਿਆਂ ਸੀ ਪਰ ਕਿਸਾਨਾਂ ਕੋਲੋ ਮੱਕੀ 800 ਤੋਂ ਲੈ ਕੇ 1200 ਰੁਪਏ ਤੱਕ ਹੀ ਖਰੀਦੀ ਜਾ ਰਹੀ ਸੀ।

ਸੰਤ ਸੀਚੇਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਸਦਕਾ ਕਰਤਾਰਪੁਰ ਦਾ ਲਾਂਘਾ ਖੁੱਲ੍ਹਾ ਹੈ। ਇਸੇ ਤਰਜ਼ 'ਤੇ ਉਨ੍ਹਾਂ ਕੇਂਦਰ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਉਹ ਵਹਾਗਾ ਬਾਰਡਰ ਵੀ ਖੋਲ੍ਹੇ, ਜਿਸ ਨਾਲ ਫ਼ਸਲਾਂ ਉਧਰ ਵਿਕਣ ਨਾਲ ਵੱਡਾ ਲਾਭ ਕਿਸਾਨਾਂ ਨੂੰ ਹੋਵੇਗਾ। ਵਹਾਗਾ ਬਰਡਰ ਰਾਹੀਂ ਵਪਾਰ ਹੋਣ ਨਾਲ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਲਾਭ ਮਿਲੇਗਾ। ਸਾਡੇ ਕਿਸਾਨਾਂ ਦਾ ਆਲੂ ਰੁਲਣਾ ਬੰਦ ਹੋਵੇਗਾ ਅਤੇ ਉਧਰ ਲੋਕਾਂ ਨੂੰ ਸਸਤੇ ਭਾਅ ਆਲੂ ਮਿਲੇਗਾ। ਵਹਾਗਾ ਬਰਡਰ ਖੋਲ੍ਹਣ ਨਾਲ ਸਿਲਕ ਰੋਡ ਮੁੜ ਚਾਲੂ ਹੋਵੇਗਾ ਅਤੇ ਸਾਡਾ ਵਪਾਰ ਅਫਗਾਨਿਸਤਾਨ ਤੋਂ ਅੱਗੇ ਯੂਰਪ ਤੱਕ ਹੋ ਸਕਦਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਭਾਰਤ ਸਰਕਾਰ ਹਰ ਸਾਲ ਸਾਢੇ 16 ਹਾਜ਼ਰ ਕਰੋੜ ਦੀਆਂ ਦਾਲਾਂ ਵਿਦੇਸ਼ਾਂ ਤੋਂ ਮੰਗਵਾਉਂਦੀ ਹੈ

ਪਰ ਜੇ ਇਹੀ ਦਾਲਾਂ ਪੰਜਾਬ ਵਿੱਚ ਬੀਜੀਆਂ ਜਾਣ ਅਤੇ ਉਸ ਦੀ ਖ਼ਰੀਦ ਐੱਮ. ਐੱਸ. ਪੀ. ਦੀ ਗਾਰੰਟੀ ਹੋਵੇ ਤਾਂ ਪੰਜਾਬ ਦਾ ਝੋਨੇ ਤੋਂ ਖਹਿੜਾ ਛੁੱਟੇਗਾ। ਪਰਾਲੀ ਦੀ ਸਮੱਸਿਆ ਵੀ ਹੱਲ ਹੋਵੇਗੀ ਅਤੇ ਸਭ ਤੋਂ ਵੱਡੀ ਗੱਲ ਕਿ ਸਾਡਾ ਧਰਤੀ ਹੇਠਲਾ ਪਾਣੀ ਬਚੇਗਾ। ਉਨ੍ਹਾ ਕਿਹਾ ਕਿ ਸਡੀ ਜਵਾਨੀ ਮੁੜ ਖੇਤਾਂ ਵਿੱਚ ਉਸੇ ਤਰ੍ਹਾਂ ਕੰਮ ਕਰੇਗੀ, ਜਿਵੇਂ ਸਾਡੇ ਪੁਰਖੇ ਕੰਮ ਕਰਦੇ ਸਨ।

## ਬਿਲਕਿਸ ਬਾਨੋ ਕੇਸ ਦੇ ਖਤਰਨਾਕ ਦੋਸ਼ੀਆਂ ਨੂੰ ਰਿਹਾਅ ਕੀਤਾ ਗਿਆ ਹੈ, ਮੰਤਰੀ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਰਿਹਾਅ ਕੀਤਾ ਗਿਆ ਘਿਨਾਉਣੇ ਅਪਰਾਧਾਂ 'ਚ ਲਿਪਤ ਲੋਕਾਂ ਨੂੰ ਸਾਲ ਵਿਚ 4-4 ਵਾਰ ਅਤੇ ਵਾਰ-ਵਾਰ ਪੈਰੋਲ ਦਿੱਤੀ ਜਾਂਦੀ ਹੈ

# 30 ਸਾਲ ਤੋਂ ਵੱਧ ਸਮਾਂ ਜੇਲ ਵਿਚ ਬਿਤਾਉਣ ਵਾਲੇ ਸਿਆਸੀ ਸਿੱਖ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਗਈ : ਸ੍ਰ. ਵਿਕਰਮਜੀਤ ਸਿੰਘ ਸਾਹਨੀ



ਨਵੀਂ ਦਿੱਲੀ : ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਰਾਜ ਸਭਾ ਵਿਚ ਬੰਦੀ ਸਿੱਖਾਂ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਜੋ ਕਿ ਲੰਮੇ ਸਮੇਂ ਤੋਂ ਸਿੱਖ ਕੌਮ ਦੇ ਹਿਰਦਿਆਂ ਨੂੰ ਵਲੂੰਧਰ ਰਿਹਾ ਹੈ ਸਾਹਨੀ ਨੇ ਕਿਹਾ ਕਿ ਇਹ ਇਕ ਗੁੰਝਲਦਾਰ ਅਤੇ ਬਹੁਪੱਖੀ ਮੁੱਦਾ ਹੈ, ਜਿਸ ਦੀਆਂ ਜੜ੍ਹਾਂ ਇਤਿਹਾਸਕ, ਰਾਜਨੀਤਿਕ ਅਤੇ ਕਾਨੂੰਨੀ ਉਲਝਣਾਂ ਵਿਚ ਅੰਦਰ ਪਈਆਂ ਹਨ।

ਇਹ ਮਸਲਾ ਮੁੱਖ ਕਰਕੇ ਪੰਜਾਬ ਵਿਚ ਖਾੜਕੂਵਾਦ ਨਾਲ ਜੁੜੀਆਂ ਵੱਖ-ਵੱਖ ਘਟਨਾਵਾਂ ਦੇ ਸਬੰਧ ਵਿਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਨਾਲ ਜੁੜਿਆ ਹੋਇਆ ਹੈ। ਸਿੱਖ ਕੈਦੀਆਂ ਨੂੰ ਲੰਬਾ ਸਮਾਂ ਜੇਲਾਂ ਵਿਚ ਬੰਦ ਰੱਖੇ ਜਾਣ ਨਾਲ ਭਾਰਤੀ ਨਿਆਂ ਪ੍ਰਣਾਲੀ ਦੇ ਅੰਦਰ ਉਚਿਤ ਪ੍ਰਕਿਰਿਆ, ਨਿਰਪੱਖ ਸੁਣਵਾਈ ਅਤੇ ਕੈਦੀਆਂ ਨਾਲ ਕੀਤੇ ਜਾਂਦੇ ਸਲੂਕ ਨੂੰ ਲੈ ਕੇ ਚਿੰਤਾਵਾਂ ਪੈਦਾ ਹੋ ਰਹੀਆਂ ਹਨ। ਸਾਹਨੀ ਨੇ ਕਿਹਾ ਕਿ ਨਿਆਂ ਵਿਚ ਦੇਰੀ 'ਨਿਆਂ ਦੇਣ ਤੋਂ ਇਨਕਾਰ' ਕਰਨ ਦੇ ਬਰਾਬਰ ਹੈ।

ਸਾਹਨੀ ਨੇ ਦੱਸਿਆ ਕਿ ਅਸੀਂ ਪਿਛਲੇ ਦਿਨੀਂ ਬਿਲਕਿਸ ਬਾਨੋ ਕੇਸ ਦੇ ਦੋਸ਼ੀਆਂ ਨੂੰ 15 ਸਾਲ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਅ ਹੁੰਦੇ ਦੇਖਿਆ ਹੈ ਅਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਤਲਾਂ ਦੀ ਰਿਹਾਈ ਵੀ ਦੇਖੀ ਹੈ ਜੋ 30 ਸਾਲ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਅ ਕਰ ਦਿਤੇ ਗਏ ਸਨ। ਰਾਜ ਸਭਾ ਮੈਂਬਰ ਨੇ ਇਹ ਵੀ ਕਿਹਾ ਕਿ ਅਜਿਹੇ ਕਈ ਮਾਮਲੇ ਹਨ ਕਿ ਦੋਸ਼ੀਆਂ ਨੇ ਘਿਨਾਉਣੇ ਅਪਰਾਧ ਕੀਤੇ ਹੋਏ ਹਨ ਪਰ ਉਨ੍ਹਾਂ ਨੂੰ ਸਾਲ ਵਿਚ 3-4 ਵਾਰ ਵਾਰ-ਵਾਰ ਪੈਰੋਲ ਦਿਤੀ ਜਾਂਦੀ ਹੈ।

ਉਨ੍ਹਾਂ ਮੰਗ ਕੀਤੀ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਸਮੇਂ ਤੋਂ ਪਹਿਲਾਂ ਰਿਹਾਈ ਦੇ ਅਜਿਹੇ ਕੇਸਾਂ ਦਾ ਫੈਸਲਾ ਕਰਨ ਲਈ ਰਾਸ਼ਟਰੀ ਪੱਧਰ 'ਤੇ ਇਕੋ ਕਿਹੇ ਮਾਪਦੰਡ ਜਾਂ ਨੀਤੀ ਹੋਣੀ ਚਾਹੀਦੀ ਹੈ ਤਾਂ ਜੋ ਅਜਿਹੇ ਕੇਸਾਂ ਦਾ ਫੈਸਲਾ ਕਰਦੇ ਸਮੇਂ ਇਕਸਾਰਤਾ ਬਣੀ ਰਹੇ। ਸਾਹਨੀ ਨੇ ਸਦਨ ਦਾ ਧਿਆਨ ਇਸ ਤੱਥ ਵੱਲ ਦਿਵਾਇਆ ਕਿ ਕੇਂਦਰ ਸਰਕਾਰ ਵਲੋਂ 11 ਅਕਤੂਬਰ, 2019 ਨੂੰ ਜਾਰੀ ਕੀਤੇ ਗਏ ਇਕ ਨੋਟੀਫਿਕੇਸ਼ਨ ਵਿਚ ਕੁੱਝ ਕੈਦੀਆਂ ਜਿਵੇਂ ਗੁਰਦੀਪ ਸਿੰਘ ਖੇੜਾ ਅਤੇ ਦਵਿੰਦਰਪਾਲ ਭੁੱਲਰ ਦੀ ਰਿਹਾਈ ਨੂੰ ਮਨਜ਼ੂਰੀ ਦੇ ਦਿੱਤੀ ਸੀ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨਾ ਮਨਜ਼ੂਰ ਕੀਤਾ ਸੀ ਇਸ ਫੈਸਲੇ ਉਤੇ ਅੱਜ ਤਕ ਅਮਲ ਨਹੀਂ ਹੋ ਸਕਿਆ ਹੈ। ਇਨ੍ਹਾਂ ਬੰਦੀ ਸਿੱਖਾਂ ਨੂੰ ਪਿਛਲੇ 30 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸਲਾਖਾਂ ਪਿੱਛੇ ਡੱਕਿਆ ਹੋਇਆ ਹੈ। ਵਿਕਰਮਜੀਤ ਸਾਹਨੀ ਨੇ ਦੱਸਿਆ ਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਗੰਭੀਰ ਸਰੀਰਕ ਅਤੇ ਮਾਨਸਿਕ ਬੀਮਾਰੀਆਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਤੋਂ ਮੰਗ ਕੀਤੀ ਕਿ ਬੰਦੀ ਸਿੱਖਾਂ ਦੇ ਇਨ੍ਹਾਂ ਸਾਰੇ ਮਾਮਲਿਆਂ ਦੀ ਸਮੀਖਿਆ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਰਿਹਾਅ ਕਰਨ ਲਈ ਇਕ ਉੱਚ ਤਾਕਤੀ ਕਮੇਟੀ ਦਾ ਗਠਨ ਕੀਤਾ ਜਾਵੇ। ਬੰਦੀ ਸਿੱਖਾਂ ਦਾ ਮੁੱਦਾ ਇਤਿਹਾਸਕ ਬੇਇਨਸਾਫੀ ਨੂੰ ਹੱਲ ਕਰਨ ਅਤੇ ਪੰਜਾਬ ਵਿਚ ਮੇਲ-ਮਿਲਾਪ ਅਤੇ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਤ ਕਰਨ ਲਈ ਇਕ ਜ਼ਰੂਰੀ ਕਦਮ ਹੈ।

# ਅਕਾਲੀ ਦਲ ਦੇ ਸਥਾਪਨਾ ਦਿਵਸ ਸਬੰਧੀ ਅਖੰਡ ਪਾਠ ਆਰੰਭ

## ਸੁਖਬੀਰ ਤੇ ਹਰਸਿਮਰਤ ਬਾਦਲ ਨੇ ਹਰਿਮੰਦਰ ਸਾਹਿਬ ’ਚ ਸੇਵਾ ਨਿਭਾਈ








ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ 103ਵੇਂ ਸਥਾਪਨਾ ਦਿਵਸ ਨੂੰ ਪੰਥਕ ਮਰਿਆਦਾ ਅਨੁਸਾਰ ਮਨਾਉਣ ਲਈ ਅੱਜ ਇਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਅਖੰਡ ਪਾਠ ਆਰੰਭ ਕਰਵਾਏ ਗਏ। ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਦੇ ਹੋਰ ਆਗੂਆਂ ਨੇ ਗੁਰੂਘਰ ਵਿੱਚ ਸੇਵਾ ਵੀ ਕੀਤੀ। ਜ਼ਿਕਰਯੋਗ ਹੈ ਕਿ ਅਕਾਲੀ ਦਲ ਦਾ ਸਥਾਪਨਾ ਦਿਵਸ 14 ਦਸੰਬਰ ਨੂੰ ਹੈ ਤੇ ਇਸੇ ਦਿਨ ਅਖੰਡ ਪਾਠ ਦਾ ਭੋਗ ਪਵੇਗਾ। ਇਸ ਸਬੰਧੀ ਅੱਜ ਸਵੇਰੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ, ਡਾ. ਦਲਜੀਤ ਸਿੰਘ ਚੀਮਾ, ਰਵਿੰਦਰ ਸਿੰਘ ਬ੍ਰਹਮਪੁਰਾ ਤੇ ਹੋਰ ਆਗੂਆਂ ਨੇ ਅਖੰਡ ਪਾਠ ਦੀ ਆਰੰਭਤਾ ਮਗਰੋਂ ਸੰਗਤ ਦੇ ਜੋੜੇ ਸਾਫ ਕਰਨ ਅਤੇ ਲੰਗਰ ਘਰ ਵਿੱਚ ਭਾਂਡੇ ਮਾਂਜਣ ਦੀ ਸੇਵਾ ਨਿਭਾਈ। ਪਾਰਟੀ ਆਗੂਆਂ ਨੇ ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਦੀ ਸਫਾਈ ਵੀ ਕੀਤੀ ਤੇ ਸ਼ਾਮ ਨੂੰ ਕੀਰਤਨ ਸਰਵਣ ਕੀਤਾ ਤੇ ਪਾਠ ਕੀਤਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਪਾਰਟੀ ਨਾਲ ਸਬੰਧਤ ਮੈਂਬਰ ਵੀ ਅਗਲੇ ਦੋ ਦਿਨਾਂ ਤੱਕ ਅਕਾਲੀ ਦਲ ਦੇ ਸਥਾਪਨਾ ਦਿਵਸ ਨੂੰ ਸਪਰਪਿਤ ਗੁਰੂਘਰ ਵਿੱਚ ਸੇਵਾ ਕਰਨਗੇ। ਉਨ੍ਹਾਂ ਕਿਹਾ ਕਿ ਪਾਰਟੀ ਨੇ ਪਿਛਲੇ 103 ਸਾਲਾਂ ਵਿੱਚ ਡੱਟ ਕੇ ਆਪਣਾ ਫਰਜ਼ ਨਿਭਾਇਆ ਹੈ ਤੇ ਭਵਿੱਖ ਵਿੱਚ ਵੀ ਨਿਭਾਉਂਦੀ ਰਹੇਗੀ।

ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪਾਰਟੀ ਦਾ ਸਥਾਪਨਾ ਦਿਵਸ ਗੁਰੂਘਰ ਵਿੱਚ ਨਤਮਸਤਕ ਹੋ ਕੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਬੀਤੇ ਸਮਿਆਂ ਵਿੱਚ ਹੋਈਆਂ ਭੁੱਲਾਂ ਦੀ ਖਿਮਾ, ਪੰਥ, ਪਾਰਟੀ, ਪੰਜਾਬ ਤੇ ਪੰਜਾਬੀਆਂ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਹੈ। ਹਰ ਸਾਲ ਪਾਰਟੀ ਗੁਰੂਘਰ ਵਿੱਚ ਅਰਦਾਸ ਕਰਕੇ ਹੀ ਸਥਾਪਨਾ ਦਿਵਸ ਮਨਾਉਂਦੀ ਹੈ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਅਕਾਲੀ ਦਲ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਹੈ, ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਵੀ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਹਮੇਸ਼ਾ ਹੀ ਪੰਜਾਬ ਅਤੇ ਪੰਜਾਬੀਆ ਦੇ ਹਿੱਤਾਂ ਲਈ ਲੜਦੀ ਰਹੀ ਹੈ ਅਤੇ ਲੜਦੀ ਰਹੇਗੀ।

# ਆਪਣੇ ਹੀ ਪਿਓ ’ਤੇ ਭੜਕੀ ਮੁੱਖ ਮੰਤਰੀ ਭਗਵੰਤ ਮਾਨ ਦੀ ਧੀ ਸੀਰਤ ਕੌਰ




ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਧੀ ਸੀਰਤ ਕੌਰ ਨੇ ਆਪਣੇ ਹੀ ਪਿਤਾ ’ਤੇ ਸਵਾਲ ਚੁੱਕੇ ਹਨ। ਦੱਸ ਦਈਏ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਸੀਰਤ ਕੌਰ ਦੀ ਵੀਡੀਓ ਨੂੰ ਆਪਣੀ ਪ੍ਰੈਸ ਕਾਨਫਰੰਸ ਦੌਰਾਨ ਨਸ਼ਰ ਕੀਤਾ ਹੈ। ਵੀਡੀਓ ’ਚ ਸੀਰਤ ਕੌਰ ਕਹਿੰਦੀ ਹੋਈ ਨਜ਼ਰ ਆ ਰਹੀ ਹੈ ਕਿ ਤੁਸੀਂ ਸਾਡੀ ਜ਼ਿੰਮੇਵਾਰੀ ਨਹੀਂ ਨਿਭਾਅ ਸਕੇ ਅਤੇ ਆਪਣੇ ਇੱਕ ਹੋਰ ਬੱਚੇ ਨਾਲ ਕਿਵੇਂ ਇਨਸਾਫ ਕਰੋਗੇ। ਸੀਰਤ ਕੌਰ ਵੀਡੀਓ ’ਚ ਆਖ ਰਹੀ ਹੈ ਕਿ ਸੀਐੱਮ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਮਾਂ ਬਣਨ ਵਾਲੇ ਹਨ। ਉਨ੍ਹਾਂ ਅੱਗੇ ਕਿਹਾ ਕਿ ਮੇਰੇ ਪਿਤਾ ਸ਼ੁਰੂ ਤੋਂ ਹੀ ਡਰਾਮੇਬਾਜ਼ੀ ਕਰਦੇ ਰਹੇ ਹਨ। ਸਾਡੇ ਨਾਲ ਝੂਠ ਬੋਲਦੇ ਰਹੇ ਹਨ। ਇਨ੍ਹਾਂ ਹੀ ਨਹੀਂ ਸੀਰਤ ਕੌਰ ਨੇ ਅਪੀਲ ਕੀਤੀ ਕਿ ਸੀਐੱਮ ਭਗਵੰਤ ਮਾਨ ਦੇ ਨਾਲ ਉਨ੍ਹਾਂ ਦਾ ਨਾਂ ਨਾ ਜੋੜਿਆ ਜਾਵੇ। ਸੀਰਤ ਕੌਰ ਨੇ ਇਹ ਵੀ ਕਿਹਾ ਕਿ ਜਿਸ ਤਰ੍ਹਾਂ ਸੀਐੱਮ ਭਗਵੰਤ ਮਾਨ ਨੇ ਉਨ੍ਹਾਂ ਦੇ ਨਾਲ ਕੀਤਾ ਹੈ ਉਸੇ ਤਰ੍ਹਾਂ ਹੀ ਉਹ ਪੰਜਾਬ ਦੇ ਲੋਕਾਂ ਦੇ ਨਾਲ ਵੀ ਕਰ ਰਹੇ ਹਨ। ਸੀਰਤ ਕੌਰ ਨੇ ਕਿਹਾ ਉਨ੍ਹਾਂ ਦੀ ਮਾਂ ਦੇ ਨਾਲ ਤਲਾਕ ਦੀ ਇੱਕ ਵੱਖ ਕਹਾਣੀ ਹੈ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਦੀ ਮਾਂ ਨੂੰ ਭਾਵਨਾਤਮਕ ਤੌਰ ’ਤੇ ਮੂਰਖ ਬਣਾਇਆ ਹੁਣ ਅਜਿਹਾ ਹੀ ਉਹ ਪੰਜਾਬ ਦੇ ਲੋਕਾਂ ਦੇ ਨਾਲ ਕਰ ਰਹੇ ਹਨ। ਅੱਜ ਵੀ ਉਹ ਸ਼ਰਾਬ ਪੀ ਕੇ ਵਿਧਾਨ ਸਭਾ ਤੇ ਗੁਰਦੁਆਰਾ ਸਾਹਿਬ ਜਾਂਦੇ ਹਨ। ਸੀਰਤ ਕੌਰ ਨੇ ਅਪੀਲ ਕਰਦੇ ਹੋਏ ਕਿਹਾ ਕਿ ਜਿਸ ਪੰਜਾਬ ਕਰਕੇ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਛੱਡਿਆ ਸੀ ਉਨ੍ਹਾਂ ਧੀਆਂ ਮਾਂਵਾਂ ਭੈਣਾਂ ਲਈ ਕੁਝ ਕਰ ਦਓ ਜਿਨ੍ਹਾਂ ਦੀਆਂ ਉਨ੍ਹਾਂ ਦੇ ਨਾਲ ਆਸਾਂ ਜੁੜੀਆਂ ਹਨ। ਕੀ ਪਤਾ ਅਜਿਹਾ ਕਰਨ ਨਾਲ ਰੱਬ ਉਨ੍ਹਾਂ ਨੂੰ ਮੁਆਫ ਕਰ ਦੇਵੇਂ ਜੋ ਕਿ ਉਨ੍ਹਾਂ ਨੇ ਉਨ੍ਹਾਂ ਦੇ ਨਾਲ ਕੀਤਾ ਹੈ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਜਿਹੜੇ ਬੱਚਿਆਂ ਨਾਲ ਤੂੰ ਜਿਆਦਤੀ ਕੀਤੀ ਹੈ ਉਹ ਉਨ੍ਹਾਂ ਦੇ ਨਾਲ ਖੜੇ ਹੋਣਗੇ। ਜਿਹੜਾ ਆਪਣੀ ਧੀ ਦਾ ਨਹੀਂ ਉਹ ਪੰਜਾਬ ਦਾ ਕਿਵੇਂ ਹੋ ਜਾਵੇਗਾ।

# ਜੇਲ੍ਹ ’ਚੋਂ ਬਾਹਰ ਆਇਆ ਕਾਂਗਰਸੀ ਆਗੂ ਵਿਆਹ ਸਮਾਗਮ ’ਚ ਪੁੱਜਿਆ

## *ਪੀਜੀਆਈ ਵਿੱਚ ਚੈੱਕਅਪ ਕਰਵਾਉਣ ਲਈ ਆਇਆ ਸੀ ਬਾਹਰ*

ਲੁਧਿਆਣਾ : ਮੁਹਾਲੀ ਦੀ ਇਕ ਮਾਡਲ ਨਾਲ ਮਿਲ ਕੇ ਕਾਰੋਬਾਰੀਆਂ ਨੂੰ ਬਲੈਕਮੇਲ ਕਰਨ ਵਾਲਾ ਕਾਂਗਰਸੀ ਆਗੂ ਲੱਕੀ ਸੰਧੂ ਇੱਕ ਵਾਰ ਮੁੜ ਸੁਰਖੀਆਂ ਵਿੱਚ ਆ ਗਿਆ ਹੈ। ਪਿਛਲੇ ਦਿਨੀਂ ਪੀਜੀਆਈ ਇਲਾਜ ਕਰਵਾਉਣ ਦੇ ਨਾਂ ’ਤੇ ਲੱਕੀ ਸੰਧੂ ਜੇਲ੍ਹ ’ਚੋਂ ਬਾਹਰ ਆਇਆ ਤੇ ਕੱਪੜੇ ਬਦਲ ਕੇ ਉਹ ਆਪਣੇ ਕਿਸੇ ਰਿਸ਼ਤੇਦਾਰ ਦੇ ਵਿਆਹ ’ਚ ਪੁੱਜ ਗਿਆ। ਵਿਆਹ ਦੀ ਵੀਡੀਓ ਵਾਇਰਲ ਹੋਣ ਮਗਰੋਂ ਜੇਲ੍ਹ ਵਿਭਾਗ ਤੇ ਪੁਲੀਸ ਮਹਿਕਮੇ ਨੂੰ ਭਾਜੜਾਂ ਪੈ ਗਈਆਂ। ਲੱਕੀ ਸੰਧੂ ਖ਼ ?ਲਾਫ਼ ਕੇਸ ਦਰਜ ਕਰਵਾਉਣ ਵਾਲੇ ਗੁਰਬੀਰ ਸਿੰਘ ਗਰਚਾ ਨੇ ਇਸ ਦੀ ਸ਼ਿਕਾਇਤ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ-ਨਾਲ ਡੀਜੀਪੀ ਗੌਰਵ ਯਾਦਵ ਨੂੰ ਕੀਤੀ ਹੈ। ਉਸ ਨੇ ਸ਼ਿਕਾਇਤ ਨਾਲ ਵਿਆਹ ਦੀ ਵੀਡੀਓ ਵੀ ਅਟੈਚ ਕੀਤੀ ਹੈ। ਇਸ ਮਗਰੋਂ ਲੱਕੀ ਸੰਧੂ ਨੂੰ ਪੀਜੀਆਈ ਲੈ ਕੇ ਜਾਣ ਵਾਲੇ ਏਐੱਸਆਈ ਕੁਲਦੀਪ ਸਿੰਘ ਤੇ ਏਐੱਸਆਈ ਮੰਗਲ ਸਿੰਘ ਖਿਲਾਫ਼ ਵਿਭਾਗੀ ਜਾਂਚ ਦੇ ਹੁਕਮ ਜਾਰੀ ਕਰਨ ਤੋਂ ਬਾਅਦ ਪੁਲੀਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਦੋਵਾਂ ਨੂੰ ਮੁਅੱਤਲ ਕਰ ਦਿੱਤਾ ਹੈ। ਸੰਨ 2022 ਵਿੱਚ ਵਿਧਾਨ ਸਭਾ ਚੋਣਾਂ ’ਚ ਕਾਂਗਰਸ ਦੀ ਟਿਕਟ ਦੀ ਦਾਅਵੇਦਾਰੀ ਕਰਨ ਵਾਲੇ ਲੱਕੀ ਸੰਧੂ ਦਾ ਨਾਮ ਉਸ ਸਮੇਂ ਸੁਰਖੀਆਂ ਵਿੱਚ ਆਇਆ, ਜਦੋਂ ਮੁਹਾਲੀ ਦੀ ਇਕ ਮਾਡਲ ਨੇ ਸ਼ਹਿਰ ਦੇ ਵਪਾਰੀਆਂ ਨੂੰ ਬਲੈਕਮੇਲ ਕੀਤਾ ਸੀ। ਲੱਕੀ ਸੰਧੂ ਪਿਛਲੇ ਕਾਫ਼ੀ ਸਮੇਂ ਤੋਂ ਜੇਲ੍ਹ ’ਚ ਬੰਦ ਸੀ। ਇਸ ਦੌਰਾਨ ਉਸ ਨੇ ਬਿਮਾਰੀ ਦਾ ਬਹਾਨਾ ਬਣਾਇਆ ਅਤੇ ਜੇਲ੍ਹ ਤੋਂ ਸਿਵਲ ਹਸਪਤਾਲ ਇਲਾਜ ਕਰਵਾਉਣ ਲਈ ਪੁੱਜ ਗਿਆ। ਜਦੋਂ ਉਸ ਨੂੰ ਪੀਜੀਆਈ ਚੈਕਅੱਪ ਲਈ ਆਖਿਆ ਗਿਆ ਤਾਂ ਜੇਲ੍ਹ ਪ੍ਰਸ਼ਾਸਨ ਨੇ ਜ਼ਿਲ੍ਹਾ ਪੁਲੀਸ ਨੂੰ ਉਸ ਨੂੰ ਪੀਜੀਆਈ ਲਿਜਾਣ ਦੇ ਹੁਕਮ ਦਿੱਤੇ। ਜ਼ਿਲ੍ਹਾ ਪੁਲੀਸ ਵੱਲੋਂ ਏਐੱਸਆਈ ਮੰਗਲ ਸਿੰਘ ਤੇ ਏਐੱਸਆਈ ਕੁਲਦੀਪ ਸਿੰਘ ਦੀ ਡਿਊਟੀ ਲੱਕੀ ਸੰਧੂ ਨੂੰ ਪੀਜੀਆਈ ਲਿਜਾਣ ਲਈ ਲਾਈ ਗਈ। ਦੋਵੇਂ ਏਐੱਸਆਈ ਲੱਕੀ ਸੰਧੂ ਨੂੰ ਇਲਾਜ ਲਈ ਜੇਲ੍ਹ ’ਚੋਂ ਪੀਜੀਆਈ ਲਈ ਲੈ ਕੇ ਨਿਕਲੇ। ਮਗਰੋਂ ਉਹ ਦੋਵੇਂ ਉਸ ਨੂੰ ਪੀਜੀਆਈ ਦੀ ਥਾਂ ਰਾਏਕੋਟ ਵਿੱਚ ਵਿਆਹ ਸਮਾਗਮ ਵਿਖੇ ਲਿਜਾਣ ਲਈ ਰਾਜ਼ੀ ਹੋ ਗਏ। ਸੂਤਰ ਦੱਸਦੇ ਹਨ ਕਿ ਲੱਕੀ ਸੰਧੂ ਲਈ ਇਕ ਗੱਡੀ ਆਈ ਸੀ ਤੇ ਉਹ ਰਾਏਕੋਟ ਰੋਡ ’ਤੇ ਇੱਕ ਪੈਲੇਸ ’ਚ ਵਿਆਹ ਸਮਾਗਮ ਵਿੱਚ ਸ਼ਾਮਲ ਹੋਇਆ।



# ਕਬਾਇਲੀ ਆਗੂ ਵਿਸ਼ਨੂਦੇਵ ਸਾਏ ਹੋਣਗੇ ਛੱਤੀਸਗੜ੍ਹ ਦੇ ਨਵੇਂ ਮੁੱਖ ਮੰਤਰੀ

## • ਭਾਜਪਾ ਵਿਧਾਇਕ ਦਲ ਦੀ ਮੀਟਿੰਗ 'ਚ ਹੋਇਆ ਫ਼ੈਸਲਾ • ਮੋਦੀ ਦੀ ਗਾਰੰਟੀ ਪੂਰੀ ਕਰਨ ਦੀ ਕੋਸ਼ਿਸ਼ ਕਰਾਂਗਾ: ਸਾਏ



ਰਾਏਪੁਰ : ਛੱਤੀਸਗੜ੍ਹ 'ਚ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਕਬਾਇਲੀ ਆਗੂ ਵਿਸ਼ਨੂਦੇਵ ਸਾਏ ਸੂਬੇ ਦੇ ਅਗਲੇ ਮੁੱਖ ਮੰਤਰੀ ਹੋਣਗੇ। ਭਾਜਪਾ ਦੇ ਅਹੁਦੇਦਾਰਾਂ ਨੇ ਅੱਜ ਇਹ ਜਾਣਕਾਰੀ ਦਿੱਤੀ। ਇਸ ਮਗਰੋਂ ਭਾਜਪਾ ਦੇ ਨਵੇਂ ਵਿਧਾਇਕਾਂ ਦੇ ਵਫ਼ਦ ਨੇ ਰਾਜਪਾਲ ਵਿਸ਼ਵਭੂਸ਼ਨ ਹਰੀਨੰਦਨ ਨਾਲ ਰਾਜ ਭਵਨ 'ਚ ਮੁਲਾਕਾਤ ਕਰਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਜਿਸ ਮਗਰੋਂ ਰਾਜਪਾਲ ਨੇ ਸਾਏ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਹੈ। ਮੁੱਖ ਮੰਤਰੀ ਦਾ ਸਹੁੰ ਚੁੱਕ ਸਮਾਗਮ 12 ਜਾਂ 13 ਦਸੰਬਰ ਨੂੰ ਹੋ ਸਕਦਾ ਹੈ।

ਭਾਜਪਾ ਆਗੂਆਂ ਨੇ ਦੱਸਿਆ ਕਿ ਅੱਜ ਇੱਥੇ ਪਾਰਟੀ ਦੇ ਅਬਜ਼ਰਵਰਾਂ ਦੀ ਹਾਜ਼ਰੀ 'ਚ ਪਾਰਟੀ ਦੇ ਨਵੇਂ ਚੁਣੇ ਵਿਧਾਇਕਾਂ ਨੇ ਦਲ ਨੇ ਵਿਸ਼ਨੂਦੇਵ ਸਾਏ ਨੂੰ ਆਪਣਾ ਨੇਤਾ ਚੁਣਿਆ। ਉਨ੍ਹਾਂ ਦੱਸਿਆ ਕਿ ਸੂਬੇ ਦੇ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਨੇ ਸਾਏ ਦਾ ਨਾਂ ਤਜਵੀਜ਼ ਕੀਤਾ ਅਤੇ ਸੂਬਾ ਪ੍ਰਧਾਨ ਅਰੁਣ ਸਾਓ ਤੇ ਸੀਨੀਅਰ ਆਗੂ ਬ੍ਰਿਜਮੋਹਨ ਅਗਰਵਾਲ ਨੇ ਉਨ੍ਹਾਂ ਦੀ ਹਮਾਇਤ ਕੀਤੀ। ਇਸ ਸਬੰਧੀ ਫ਼ੈਸਲਾ ਅੱਜ ਛੱਤੀਸਗੜ੍ਹ 'ਚ ਨਵੇਂ ਬਣੇ 54 ਭਾਜਪਾ ਵਿਧਾਇਕਾਂ ਦੀ ਇੱਥੇ ਕੁਸ਼ਭਾਊ ਠਾਕਰੇ ਪਰਿਸਰ 'ਚ ਹੋਈ ਮੀਟਿੰਗ ਦੌਰਾਨ ਲਿਆ ਗਿਆ। ਮੀਟਿੰਗ ਵਿੱਚ ਭਾਜਪਾ ਦੇ ਅਬਜ਼ਰਵਰ ਅਰਜੁਨ ਮੁੰਡਾ, ਸਰਬਨੰਦ ਸੋਨੋਵਾਲ ਤੇ ਪਾਰਟੀ ਦੇ ਜਨਰਲ ਸਕੱਤਰ ਦੁਸ਼ਿਅੰਤ ਕੁਮਾਰ ਗੌਤਮ ਤੋਂ ਇਲਾਵਾ ਭਾਜਪਾ ਦੇ ਛੱਤੀਸਗੜ੍ਹ ਦੇ ਇੰਚਾਰਜ ਓਮ ਮਾਥੁਰ, ਕੇਂਦਰੀ ਮੰਤਰੀ ਮਨਸੁਖ ਮਾਂਡਵੀਆ ਤੇ ਛੱਤੀਸਗੜ੍ਹ 'ਚ ਪਾਰਟੀ ਦੇ ਸਹਿ-ਇੰਚਾਰਜ ਨਿਤਿਨ ਨਬੀਨ ਵੀ ਹਾਜ਼ਰ ਸਨ।

ਸਾਏ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਪ੍ਰਧਾਨ ਜੇਪੀ ਨੱਢਾ ਅਤੇ ਹੋਰ ਆਗੂਆਂ ਦਾ ਇਹ ਜ਼ਿੰਮੇਵਾਰੀ ਸੌਂਪਣ ਲਈ ਧੰਨਵਾਦ ਕੀਤਾ। ਮੁੱਖ ਮੰਤਰੀ ਚੁਣੇ ਜਾਣ ਮਗਰੋਂ ਸਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਇੱਕ ਮੁੱਖ ਮੰਤਰੀ ਵਜੋਂ ਮੈਂ ਸਰਕਾਰ ਰਾਹੀਂ ਮੋਦੀ ਦੀ ਗਾਰੰਟੀ (ਭਾਜਪਾ ਦੇ ਚੋਣ ਵਾਅਦੇ) ਪੂਰੀ ਕਰਨ ਦੀ ਕੋਸ਼ਿਸ਼ ਕਰਾਂਗਾ।' ਉਨ੍ਹਾਂ ਕਿਹਾ ਕਿ ਸੂਬੇ 'ਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 18 ਲੱਖ ਘਰਾਂ ਨੂੰ ਮਨਜ਼ੂਰੀ ਦੇਣਾ ਉਨ੍ਹਾਂ ਦੀ ਸਰਕਾਰ ਦਾ ਪਹਿਲਾ ਕੰਮ ਹੋਵੇਗਾ। ਚੋਣਾਂ ਦੌਰਾਨ ਭਾਜਪਾ ਨੇ ਕਿਸਾਨਾਂ ਤੋਂ 3100 ਰੁਪਏ ਪ੍ਰਤੀ ਕੁਇੰਟਲ ਦੀ ਦਰ ਨਾਲ ਪ੍ਰਤੀ ਏਕੜ 21 ਕੁਇੰਟਲ ਝੋਨਾ ਖਰੀਦਣ ਅਤੇ ਮਹਿਲਾਵਾਂ ਨੂੰ ਹਰ ਸਾਲ 12 ਹਜ਼ਾਰ ਰੁਪਏ ਦੇਣ ਸਮੇਤ ਕਈ ਵਾਅਦੇ ਕੀਤੇ ਸਨ। ਸਾਏ ਨੂੰ ਮੁੱਖ ਮੰਤਰੀ ਐਲਾਨੇ ਜਾਣ ਦੇ ਫ਼ੈਸਲੇ ਦਾ ਪਾਰਟੀ ਦੇ ਸੀਨੀਅਰ ਆਗੂਆਂ ਨੇ ਸਵਾਗਤ ਕੀਤਾ ਹੈ। ਜ਼ਿਕਰਯੋਗ ਹੈ ਕਿ ਛੱਤੀਸਗੜ੍ਹ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ 90 'ਚੋਂ 54 ਜਦਕਿ ਕਾਂਗਰਸ ਨੇ 35 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ।

ਜ਼ਿਕਰਯੋਗ ਹੈ ਕਿ ਵਿਸ਼ਨੂਦੇਵ ਸਾਏ ਨੇ ਆਪਣਾ ਸਿਆਸੀ ਕਰੀਅਰ ਇੱਕ ਪਿੰਡ ਦੇ ਸਰਪੰਚ ਵਜੋਂ ਸ਼ੁਰੂ ਕੀਤਾ ਅਤੇ ਭਾਜਪਾ ਵਿੱਚ ਕਈ ਮਹੱਤਵਪੂਰਨ ਜਥੇਬੰਦਕ ਅਹੁਦੇਦਾਰੀਆਂ ਨਿਭਾਉਣ ਤੋਂ ਇਲਾਵਾ ਉਹ ਕਈ ਵਾਰ ਕੇਂਦਰੀ ਮੰਤਰੀ ਤੇ ਕਈ ਵਾਰ ਲੋਕ ਸਭਾ ਮੈਂਬਰ ਵੀ ਬਣੇ।

ਇਸ ਮਗਰੋਂ ਦੇਰ ਸ਼ਾਮ ਛੱਤੀਸਗੜ੍ਹ ਦੇ ਰਾਜਪਾਲ ਵਿਸ਼ਵਭੂਸ਼ਨ ਹਰੀਚੰਦਨ ਨੇ ਅੱਜ ਭਾਜਪਾ ਵਿਧਾਇਕ ਦਲ ਦੇ ਨੇਤਾ ਵਿਸ਼ਨੂਦੇਵ ਸਾਏ ਨੂੰ ਸੂਬੇ 'ਚ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਵਜੋਂ ਨਿਯੁਕਤੀ ਬਾਰੇ ਪੱਤਰ ਸੌਂਪਿਆ। ਇੱਕ ਸੀਨੀਅਰ ਭਾਜਪਾ ਆਗੂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸਮਾਂ ਮਿਲਣ ਅਨੁਸਾਰ ਨਵੇਂ ਮੁੱਖ ਮੰਤਰੀ ਦਾ ਸਹੁੰ ਚੁੱਕ ਸਮਾਗਮ 12 ਜਾਂ 13 ਦਸੰਬਰ ਨੂੰ ਹੋ ਸਕਦਾ ਹੈ। ਰਾਜ ਭਵਨ ਵੱਲੋਂ ਜਾਰੀ ਕੀਤੇ ਗਏ ਬਿਆਨ ਅਨੁਸਾਰ ਭਾਜਪਾ ਦੇ ਸੂਬਾ ਪ੍ਰਧਾਨ ਅਰੁਣ ਰਾਓ ਨੇ ਅੱਜ ਰਾਜਪਾਲ ਨੂੰ ਪੱਤਰ ਸੌਂਪ ਦੇ ਦੱਸਿਆ ਕਿ ਨਵੇਂ ਵਿਧਾਇਕਾਂ ਨੇ ਸਾਏ ਨੂੰ ਭਾਜਪਾ ਵਿਧਾਇਕ ਦਲ ਦਾ ਨੇਤਾ ਚੁਣਿਆ ਹੈ ਅਤੇ ਉਨ੍ਹਾਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ।

ਰਾਜਪਾਲ ਨੇ ਸਾਏ ਨੂੰ ਵਧਾਈ ਦਿੱਤੀ ਅਤੇ ਮੁੱਖ ਮੰਤਰੀ ਵਜੋਂ ਨਿਯੁਕਤੀ ਪੱਤਰ ਸੌਂਪਦਿਆਂ ਉਨ੍ਹਾਂ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਰਾਜਪਾਲ ਨਾਲ ਮੁਲਾਕਾਤ ਮਗਰੋਂ ਅਰੁਣ ਸਾਓ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸਮਾਂ ਮਿਲਣ ਅਨੁਸਾਰ 12 ਜਾਂ 13 ਦਸੰਬਰ ਨੂੰ ਸਹੁੰ ਚੁੱਕ ਸਮਾਗਮ ਕਰਵਾਇਆ ਜਾ ਸਕਦਾ ਹੈ। ਸੂਬੇ 'ਚ ਉੱਪ ਮੁੱਖ ਮੰਤਰੀ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਨਵੇਂ ਮੁੱਖ ਮੰਤਰੀ ਤੇ ਕੇਂਦਰੀ ਲੀਡਰਸ਼ਿਪ ਇਸ ਬਾਰੇ ਫ਼ੈਸਲਾ ਕਰੇਗੀ।

# ਭਜਨ ਲਾਲ ਸ਼ਰਮਾ ਹੋਣਗੇ ਰਾਜਸਥਾਨ ਦੇ ਨਵੇਂ ਮੁੱਖ ਮੰਤਰੀ

## • ਰਾਜਪਾਲ ਨੂੰ ਮਿਲ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ • 15 ਨੂੰ ਲੈਣਗੇ ਹਲਫ਼







ਜੈਪੁਰ : ਭਾਜਪਾ ਨੇ ਸਾਗਾਂਨੇਰ ਹਲਕੇ ਤੋਂ ਪਹਿਲੀ ਵਾਰ ਵਿਧਾਇਕ ਬਣੇ ਭਜਨ ਲਾਲ ਸ਼ਰਮਾ(56) ਨੂੰ ਰਾਜਸਥਾਨ ਦੇ ਨਵੇਂ ਮੁੱਖ ਮੰਤਰੀ ਵਜੋਂ ਚੁਣਿਆ ਹੈ। ਦੀਆ ਕੁਮਾਰੀ ਤੇ ਪ੍ਰੇਮ ਚੰਦ ਬੈਰਵਾ ਨੂੰ ਉਪ ਮੁੱਖ ਮੰਤਰੀ ਮਨੋਨੀਤ ਕੀਤਾ ਗਿਆ ਹੈ। ਭਾਜਪਾ ਵਿਧਾਇਕ ਦਲ ਦਾ ਆਗੂ ਚੁਣੇ ਜਾਣ ਤੋਂ ਫੌਰੀ ਮਗਰੋਂ ਸ਼ਰਮਾ ਨੇ ਰਾਜਪਾਲ ਕਲਰਾਜ ਮਿਸ਼ਰਾ ਨਾਲ ਮੁਲਾਕਾਤ ਕੀਤੀ ਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਸੂਤਰਾਂ ਮੁਤਾਬਕ ਸ਼ਰਮਾ 15 ਦਸੰਬਰ ਨੂੰ ਮੁੱਖ ਮੰਤਰੀ ਵਜੋਂ ਹਲਫ਼ ਲੈਣਗੇ। ਰਾਜਪਾਲ ਨੂੰ ਮਿਲਣ ਮੌਕੇ ਸ਼ਰਮਾ ਨਾਲ ਸੀਨੀਅਰ ਭਾਜਪਾ ਆਗੂ ਤੇ ਪਾਰਟੀ ਦੇ ਕੇਂਦਰੀ ਅਬਜ਼ਰਵਰ ਰਾਜਨਾਥ ਸਿੰਘ, ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਤੇ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ, ਦੀਆ ਕੁਮਾਰੀ ਤੇ ਬੈਰਵਾ ਵੀ ਮੌਜੂਦ ਸਨ। ਸਿੰਘ ਨੇ ਰਾਜਪਾਲ ਨੂੰ 115 ਵਿਧਾਇਕਾਂ ਦੀ ਹਮਾਇਤ ਵਾਲੀ ਸੂਚੀ ਸੌਂਪੀ।

ਭਜਨ ਲਾਲ ਸ਼ਰਮਾ ਦਾ ਨਾਮ ਐਲਾਨੇ ਜਾਣ ਨਾਲ ਮੁੱਖ ਮੰਤਰੀ ਦੇ ਅਹੁਦੇ ਲਈ ਹੋਰਨਾਂ ਨਾਵਾਂ ਨੂੰ ਲੈ ਕੇ ਲਾਏ ਜਾ ਰਹੇ ਕਿਆਸਾਂ ਦਾ ਭੋਗ ਪੈ ਗਿਆ ਹੈ। ਭਾਜਪਾ ਵਿਧਾਇਕ ਦਲ ਦੀ ਬੈਠਕ ਵਿੱਚ ਸ਼ਰਮਾ ਨੂੰ ਵਿਧਾਇਕ ਦਲ ਦਾ ਆਗੂ ਚੁਣੇ ਜਾਣ ਮਗਰੋਂ ਉਨ੍ਹਾਂ ਦੇ ਨਾਂ ਦਾ ਐਲਾਨ ਕੀਤਾ ਗਿਆ। ਸੀਨੀਅਰ ਭਾਜਪਾ ਆਗੂ ਰਾਜਨਾਥ ਸਿੰਘ, ਜਿਨ੍ਹਾਂ ਦੀ ਅਗਵਾਈ ਵਿੱਚ ਪਾਰਟੀ ਦੇ ਤਿੰਨ ਕੇਂਦਰੀ ਅਬਜ਼ਰਵਰਾਂ ਦੀ ਟੀਮ ਬੈਠਕ ਵਿੱਚ ਸ਼ਾਮਲ ਸੀ, ਨੇ ਕਿਹਾ ਕਿ ਦੀਆ ਕੁਮਾਰੀ ਤੇ ਪ੍ਰੇਮ ਚੰਦ ਬੈਰਵਾ ਉਪ ਮੁੱਖ ਮੰਤਰੀ ਜਦੋਂਕਿ ਵਾਸੂਦੇਵ ਦੇਵਨਾਨੀ ਰਾਜਸਥਾਨ ਅਸੈਂਬਲੀ ਦੇ ਸਪੀਕਰ ਹੋਣਗੇ।

ਵਿਧਾਇਕ ਦਲ ਦੀ ਬੈਠਕ ਦੌਰਾਨ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ, ਜੋ ਖ਼ੁਦ ਵੀ ਮੁੱਖ ਮੰਤਰੀ ਦੀ ਦੌੜ ਵਿੱਚ ਸ਼ਾਮਲ ਸਨ, ਨੇ ਮੁੱਖ ਮੰਤਰੀ ਵਜੋਂ ਭਜਨ ਲਾਲ ਸ਼ਰਮਾ ਦੇ ਨਾਂ ਦੀ ਤਜਵੀਜ਼ ਰੱਖੀ। ਸ਼ਰਮਾ, ਜਿਨ੍ਹਾਂ ਨੂੰ ਆਰਐੱਸਐੱਸ ਦੀ ਪੂਰੀ ਹਮਾਇਤ ਹੈ, ਨੇ ਸਾਂਗਨੇਰ ਵਿਧਾਨ ਸਭਾ ਸੀਟ 48,081 ਵੋਟਾਂ ਦੇ ਫ਼ਰਕ ਨਾਲ ਜਿੱਤੀ ਹੈ। ਉਹ ਭਰਤਪੁਰ ਜ਼ਿਲ੍ਹੇ ਨਾਲ ਸਬੰਧ ਰੱਖਦੇ ਹਨ। ਮੌਜੂਦਾ ਸਮੇਂ ਭਾਜਪਾ ਦੇ ਸੂਬਾਈ ਜਨਰਲ ਸਕੱਤਰ ਸ਼ਰਮਾ ਰਾਜਨੀਤੀ ਸ਼ਾਸਤਰ ਵਿੱਚ ਐੱਮਏ ਹਨ। ਉਂਜ ਵਿਧਾਇਕ ਦਲ ਦੀ ਬੈਠਕ ਤੋਂ ਪਹਿਲਾਂ ਖਿੱਚੀ ਗਰੁੱਪ ਫੋਟੋ ਵਿੱਚ ਸ਼ਰਮਾ ਆਖਰੀ ਕਤਾਰ ਵਿੱਚ ਖੜ੍ਹੇ ਨਜ਼ਰ ਆ ਰਹੇ ਸਨ।

ਉਧਰ ਦੀਆ ਕੁਮਾਰੀ(51), ਜੋ ਪੁਰਾਣੇ ਜੈਪੁਰ ਸ਼ਾਹੀ ਪਰਿਵਾਰ ਦੀ ਮੈਂਬਰ ਹੈ, ਦੋ ਵਾਰ ਵਿਧਾਇਕ ਤੇ ਇਕ ਵਾਰ ਸੰਸਦ ਮੈਂਬਰ ਰਹਿ ਚੁੱਕੀ ਹੈ। ਦੀਆ ਕੁਮਾਰੀ ਪਹਿਲੀ ਵਾਰ ਸਾਲ 2013 ਵਿੱਚ ਸਵਾਈ ਮਾਧੋਪੁਰ ਅਸੈਂਬਲੀ ਹਲਕੇ ਤੋਂ ਵਿਧਾਇਕ ਬਣੀ ਸੀ। 2019 ਵਿੱਚ ਉਹ ਰਾਜਸਮੰਦ ਤੋਂ ਸੰਸਦ ਮੈਂਬਰ ਚੁਣੀ ਗਈ। ਦੀਆ ਕੁਮਾਰੀ ਜੈਪੁਰ ਦੇ ਸ਼ਾਹੀ ਪਰਿਵਾਰ ਸਵਾਈ ਭਵਾਨੀ ਸਿੰਘ, ਜਿਨ੍ਹਾਂ ਨੂੰ 1971 ਦੀ ਭਾਰਤ-ਪਾਕਿ ਜੰਗ ਵਿੱਚ ਲੈਫਟੀਨੈਂਟ ਕਰਨਲ ਤੇ 10ਵੀਂ ਪੈਰਾਸ਼ੂਟ ਰੈਜੀਮੈਂਟ ਦੇ ਪੈਰਾ ਕਮਾਂਡੋਜ਼ ਦੇ ਕਮਾਂਡਿੰਗ ਆਫੀਸਰ ਵਜੋਂ ਡਿਸਟਿੰਕਸ਼ਨ ਦਿੱਤੀ ਗਈ ਸੀ, ਦੀ ਧੀ ਹੈ। ਕੁਮਾਰੀ ਕਈ ਗੈਰ-ਸਰਕਾਰੀ ਸੰਸਥਾਵਾਂ (ਐੱਨਜੀਓ'ਜ਼), ਜਿਵੇਂ ਆਈ ਬੈਂਕ ਸੁਸਾਇਟੀ ਆਫ਼ ਰਾਜਸਥਾਨ ਅਤੇ ਰੇਅਜ਼ (ਐੱਚਆਈਵੀ ਪਾਜ਼ੇਟਿਵ ਬੱਚਿਆਂ ਲਈ ਕੰਮ ਕਰਨ ਵਾਲੀ ਐੱਨਜੀਓ) ਨਾਲ ਵੀ ਜੁੜੀ ਹੋਈ ਹੈ। ਬੈਰਵਾ (54), ਜਿਨ੍ਹਾਂ ਨੂੰ ਕੁਮਾਰੀ ਦੇ ਨਾਲ ਉਪ ਮੁੱਖ ਮੰਤਰੀ ਐਲਾਨਿਆ ਗਿਆ ਹੈ, ਭਾਜਪਾ ਦਾ ਦਲਿਤ ਚਿਹਰਾ ਹਨ। ਬੈਰਵਾ ਨੇ 25 ਨਵੰਬਰ ਨੂੰ ਹੋਈਆਂ ਅਸੈਂਬਲੀ ਚੋਣਾਂ ਵਿੱਚ ਡੂਡੂ ਹਲਕੇ ਤੋਂ ਜਿੱਤ ਦਰਜ ਕੀਤੀ ਹੈ। ਬੈਰਵਾ ਜੈਪੁਰ ਦੀ ਯੂਨੀਵਰਸਿਟੀ ਆਫ਼ ਰਾਜਸਥਾਨ ਤੋਂ ਪੀਐੱਚ.ਡੀ. ਹਨ ਤੇ ਉਨ੍ਹਾਂ ਕਾਂਗਰਸ ਦੇ ਬਾਬੂ ਲਾਲ ਨਾਗਰ ਨੂੰ 35,743 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਰਾਜਸਥਾਨ ਦੀ 200 ਮੈਂਬਰੀ ਅਸੈਂਬਲੀ ਵਿਚੋਂ 199 ਸੀਟਾਂ ਲਈ ਵੋਟਾਂ ਪਈਆਂ ਸਨ। ਇਨ੍ਹਾਂ ਵਿਚੋਂ ਭਾਜਪਾ ਨੇ 115 ਸੀਟਾਂ ਜਦੋਂਕਿ ਕਾਂਗਰਸ ਨੇ 69 ਸੀਟਾਂ ਜਿੱਤੀਆਂ ਸਨ। ਕਾਂਗਰਸ ਉਮੀਦਵਾਰ ਤੇ ਮੌਜੂਦਾ ਵਿਧਾਇਕ ਗੁਰਮੀਤ ਸਿੰਘ ਕੂਨਰ ਦੇ ਅਕਾਲ ਚਲਾਣੇ ਕਰਕੇ ਕਰਨਪੁਰ ਸੀਟ 'ਤੇ ਚੋਣ ਮੁਲਤਵੀ ਕਰਨੀ ਪਈ ਸੀ। ਇਸ ਸੀਟ ਲਈ ਹੁਣ 5 ਜਨਵਰੀ ਨੂੰ ਵੋਟਾਂ ਪੈਣਗੀਆਂ।




ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

# ਅਮਰੀਕਾ ਵਿਚ ਭਾਰਤੀ-ਅਮਰੀਕੀ ਭਾਈਚਾਰੇ ਨੇ 'ਗਰਬਾ' ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ

## *ਯੂਨੈਸਕੋ ਵੱਲੋਂ 'ਗਰਬਾ' ਨੂੰ ਸਭਿਆਚਾਰਕ ਵਿਰਾਸਤ ਸੂਚੀ ਵਿਚ ਸ਼ਾਮਿਲ ਕਰਨ ਉਪਰ ਪ੍ਰਗਟਾਈ ਖੁਸ਼ੀ*



ਅਮਰੀਕਾ ਦੇ ਟਾਈਮ ਸਕੁਏਅਰ ਚੌਕ ਵਿਚ ਗਰਬਾ ਮਨਾਉਣ ਲਈ ਜੁੜੇ ਲੋਕ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤੀ ਅਮਰੀਕੀ ਭਾਈਚਾਰੇ ਨੇ ਨਿਊ ਯਾਰਕ ਦੇ ਵਿਸ਼ਵ ਪ੍ਰਸਿੱਧ ਚੌਕ ਟਾਈਮਜ਼ ਸਕੁਏਅਰ ਵਿਖੇ 'ਗਰਬਾ' ਦੇ ਜਸ਼ਨ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਏ ਗਏ। ਇਸ ਮੌਕੇ ਹੋਏ ਇਕ ਵੱਡੇ ਇਕੱਠ ਵਿਚ ਨਿਊਜਰਸੀ ਸਮੇਤ ਨਿਊਯਾਰਕ ਦੇ ਆਸ ਪਾਸ ਦੇ ਖੇਤਰਾਂ ਵਿਚੋਂ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ। ਯੁਨੈਸਕੋ ਵੱਲੋਂ ਆਪਣੀ ਸਭਿਆਚਾਰਕ ਵਿਰਾਸਤ ਸੂਚੀ ਵਿਚ 'ਗਰਬਾ' ਨੂੰ ਸ਼ਾਮਿਲ ਕਰਨ ਉਪਰ ਖੁਸ਼ੀ ਪ੍ਰਗਟ ਕਰਨ ਲਈ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਵੱਲੋਂ ਹੋਰ ਕਈ ਸੰਗਠਨਾਂ ਤੇ ਕੌਂਸਲੇਟ ਜਨਰਲ ਆਫ ਇੰਡੀਆ ਨਿਊਯਾਰਕ ਦੇ ਸਮਰਥਨ ਨਾਲ ਕਰਵਾਏ ਇਸ ਸਮਾਗਮ ਵਿਚ ਸ਼ਾਮਿਲ ਲੋਕਾਂ ਨੇ ਰਵਾਇਤੀ ਗੁਜਰਾਤੀ ਨਾਚ ਕੀਤਾ ਤੇ ਇਕ ਦੂਸਰੇ ਨਾਲ ਖੁਸ਼ੀ ਸਾਂਝੀ ਕੀਤੀ। ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਸਭ ਨੂੰ ਖੁਲਾ ਸੱਦਾ ਦਿੱਤਾ ਗਿਆ ਸੀ। ਇਸ ਹਫਤੇ ਦੇ ਸ਼ੁਰੂ ਵਿਚ ਹੀ ਯੁਨੈਸਕੋ ਦੀ ਅੰਤਰਸਰਕਾਰੀ ਕਮੇਟੀ ਨੇ 'ਗਰਬਾ ਆਫ ਗੁਜਰਾਤ' ਨੂੰ ਸਭਿਆਚਾਰਕ ਵਿਰਾਸਤ ਸੂਚੀ ਵਿਚ ਸ਼ਾਮਿਲ ਕਰਨ ਦਾ ਐਲਾਨ ਕੀਤਾ ਸੀ।

# ਸ਼ਹਿਰੀ ਹਵਾਬਾਜ਼ੀ ਮੰਤਰੀ ਸਿੰਧੀਆ ਤੋਂ ਪੰਜਾਬ ਦੇ ਘਰੇਲੂ ਹਵਾਈ ਅੱਡਿਆਂ ਤੋਂ ਨਾਂਦੇੜ ਸਾਹਿਬ ਲਈ ਉਡਾਣਾਂ ਸ਼ੁਰੂ ਕਰਨ ਦੀ ਮੰਗ

## *ਅੰਮ੍ਰਿਤਸਰ ਤੋਂ ਨਾਂਦੇੜ ਲਈ ਏਅਰ ਇੰਡੀਆ ਦੀ ਬੰਦ ਪਈ ਉਡਾਣ ਤੁਰੰਤ ਸ਼ੁਰੂ ਹੋਵੇ : ਪ੍ਰੋ. ਸਰਚਾਂਦ ਸਿੰਘ ਖਿਆਲਾ, ਆਲਮਬੀਰ ਧੁੰਨ*

ਅੰਮ੍ਰਿਤਸਰ : ਸ਼ਹਿਰੀ ਹਵਾਬਾਜ਼ੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ ਨੂੰ ਪੰਜਾਬ ਦੇ ਹਵਾਈ ਅੱਡਿਆਂ ਤੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਏਅਰ ਇੰਡੀਆ ਦੀਆਂ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਅਪੀਲ ਕਰਦਿਆਂ ਪੰਜਾਬ ਭਾਜਪਾ ਦੇ ਮੀਡੀਆ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ, ਸੀਨੀਅਰ ਆਗੂ ਆਲਮਬੀਰ ਸਿੰਘ ਧੁੰਨ ਅਤੇ ਅਰੁਣ ਸ਼ਰਮਾ ਨੇ ਕਿਹਾ ਕਿ ਟਰੇਨ ਰਾਹੀਂ ਸਫ਼ਰ ਲੰਮਾ ਹੋਣ ਕਾਰਨ ਸੰਗਤਾਂ ਲਈ ਨਾਂਦੇੜ ਸਾਹਿਬ ਜਾਣਾ ਬੜਾ ਮੁਸ਼ਕਲ ਹੋ ਰਿਹਾ ਹੈ। ਇਸੇ ਲਈ ਪੰਜਾਬ ਦੇ ਘਰੇਲੂ ਹਵਾਈ ਅੱਡਿਆਂ ਤੋਂ ਨਾਂਦੇੜ ਸਾਹਿਬ ਲਈ ਉਡਾਣਾਂ ਸ਼ੁਰੂ ਕਰਨ ਦੀ ਪਿਛਲੇ ਲੰਬੇ ਸਮੇਂ ਤੋਂ ਮੰਗ ਚੱਲ ਕੀਤੀ ਜਾ ਰਹੀ ਹੈ।

ਹਵਾਬਾਜ਼ੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ ਨੂੰ ਲਿਖੇ ਪੱਤਰ 'ਚ ਭਾਜਪਾ ਆਗੂਆਂ ਨੇ ਕਿਹਾ ਕਿ ਸ੍ਰੀ ਹਜ਼ੂਰ ਸਾਹਿਬ ਸਿੱਖ ਧਰਮ ਦੇ ਲੋਕਾਂ ਲਈ ਵੱਡੀ ਆਸਥਾ ਦਾ ਕੇਂਦਰ ਹੈ। ਨਾਨਕ ਨਾਮ ਲੇਵਾ ਸੰਗਤਾਂ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਆਖ਼ਰੀ ਚੋਜਾਂ ਦੀ ਯਾਦ ਸਮੋਈ ਬੈਠੇ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਦੀ ਬਹੁਤ ਤਾਂਘ ਰੱਖਦੀਆਂ ਹਨ। ਭਾਜਪਾ ਆਗੂਆਂ ਨੇ ਸ੍ਰੀ ਸਿੰਧੀਆ ਦੇ ਧਿਆਨ ਵਿੱਚ ਲਿਆਂਦਾ ਕਿ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਰਾਜਾਸਾਂਸੀ, ਅੰਮ੍ਰਿਤਸਰ ਤੋਂ ਨਾਂਦੇੜ ਵਿਚਾਲੇ ਚੱਲਣ ਵਾਲੀ ਏਅਰ ਇੰਡੀਆ ਦੀ ਉਡਾਣ ਨੂੰ 30 ਸਤੰਬਰ 2021 ਤੋਂ ਬੰਦ ਕਰ ਦਿੱਤੇ ਜਾਣ ਨਾਲ ਸਿੱਖ ਸੰਗਤਾਂ 'ਚ ਰੋਸ ਪਾਇਆ ਜਾ ਰਿਹਾ ਹੈ। ਸੰਗਤਾਂ ਦੀ ਆਸਥਾ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੀ ਸਹੂਲਤ ਲਈ ਨਾਂਦੇੜ ਸਾਹਿਬ ਲਈ ਫਲਾਈਟਾਂ ਨੂੰ ਤੁਰੰਤ ਸ਼ੁਰੂ ਕਰਨ ਦੀ ਲੋੜ ਹੈ। ਅਜਿਹੀਆਂ ਉਡਾਣਾਂ ਪੰਜਾਬ ਦੇ ਸਾਰੇ ਘਰੇਲੂ ਹਵਾਈ ਅੱਡਿਆਂ ਤੋਂ ਜਲਦ ਤੋਂ ਜਲਦ ਸ਼ੁਰੂ ਕਰਨ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਆਦਮਪੁਰ ਜਲੰਧਰ ਤੋਂ ਫਲਾਈਟ ਸ਼ੁਰੂ ਹੋਣ ਨਾਲ ਦੁਆਬੇ ਦੀਆਂ ਸੰਗਤਾਂ, ਸਾਹਨੇਵਾਲ - ਲੁਧਿਆਣੇ ਅਤੇ ਬਠਿੰਡਾ ਦੇ ਘਰੇਲੂ ਹਵਾਈ ਅੱਡਿਆਂ ਤੋਂ ਨਾਂਦੇੜ ਲਈ ਫਲਾਈਟਾਂ ਸ਼ੁਰੂ ਕਰਨ ਨਾਲ ਮਾਲਵੇ ਦੀਆਂ ਸੰਗਤਾਂ ਨੂੰ ਵੱਡਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਸਰਦੀਆਂ 'ਚ ਸੜਕੀ ਅਤੇ ਰੇਲ ਆਵਾਜਾਈ 'ਚ ਆਉਂਦੀਆਂ ਸਮੱਸਿਆ ਨੂੰ ਹਵਾਈ ਸਫ਼ਰ ਰਾਹੀਂ ਹੀ ਜਲਦ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਦਰਬਾਰ ਸਾਹਿਬ ਹਰ ਰੋਜ਼ ਕਰੀਬ ਢਾਈ ਤੋਂ 3 ਲੱਖ ਸ਼ਰਧਾਲੂ ਨਤਮਸਤਕ ਹੋਣ ਆਉਂਦੇ ਹਨ, ਉਨ੍ਹਾਂ ਵਿੱਚੋਂ ਵੱਡੀ ਗਿਣਤੀ ਵਿੱਚ ਸ੍ਰੀ ਅੰਮ੍ਰਿਤਸਰ ਹਵਾਈ ਅੱਡੇ ਤੋਂ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨ ਦੀ ਲੋਚਾ ਰੱਖਦੇ ਹਨ। ਪਰ ਤਿੰਨ ਸਾਲ ਬੀਤ ਜਾਣ ਦੇ ਬਾਵਜੂਦ ਨਾ ਤਾਂ ਪੰਜਾਬ ਅਤੇ ਨਾ ਹੀ ਕੇਂਦਰ ਸਰਕਾਰ ਨੇ ਨਾਂਦੇੜ ਸਾਹਿਬ ਲਈ ਹਵਾਈ ਉਡਾਣ ਦੀ ਮੰਗ ਵੱਲ ਸੰਜੀਦਗੀ ਦਿਖਾਈ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅੰਮ੍ਰਿਤਸਰ ਤੋਂ ਨਾਂਦੇੜ ਆਉਣ-ਜਾਣ ਵਾਲੀ ਬੰਦ ਪਈ ਉਡਾਣ ਤੁਰੰਤ ਮੁੜ ਸ਼ੁਰੂ ਕਰਵਾਉਣ ਸਬੰਧੀ ਤੁਰੰਤ ਲੋੜੀਂਦੀ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।



ਪੰਜਾਬ ਦੇ ਹਵਾਈ ਅੱਡਿਆਂ ਤੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਏਅਰ ਇੰਡੀਆ ਦੀਆਂ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਮੰਗ ਕਰਦੇ ਹੋਏ ਪੰਜਾਬ ਭਾਜਪਾ ਦੇ ਮੀਡੀਆ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ, ਸੀਨੀਅਰ ਆਗੂ ਆਲਮਬੀਰ ਸਿੰਘ ਧੁੰਨ ਅਤੇ ਅਰੁਣ ਸ਼ਰਮਾ।




# ਹੁਣ ਸਰਕਾਰੀ ਦਫਤਰਾਂ ’ਚ ਲੋਕਾਂ ਦੀ ਖੱਜਲ ਖੁਆਰੀ ਖਤਮ: ਮਾਨ

## ‘ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ’ ਯੋਜਨਾ ਦਾ ਆਗਾਜ਼; ਲੋਕਾਂ ਨੂੰ ਘਰ ਬੈਠੇ ਹੀ ਮਿਲਣਗੀਆਂ 43 ਸਹੂਲਤਾਂ




ਲੁਧਿਆਣਾ : ਪੰਜਾਬ ਵਾਸੀਆਂ ਨੂੰ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਅੱਜ ਸੂਬੇ ਵਿੱਚ ‘ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ’ ਯੋਜਨਾ ਦਾ ਆਗਾਜ਼ ਕੀਤਾ ਗਿਆ ਹੈ ਜਿਸ ਨਾਲ 43 ਸੇਵਾਵਾਂ ਲੋਕਾਂ ਨੂੰ ਘਰ ਬੈਠਿਆਂ ਹੀ ਮਿਲਣਗੀਆਂ। ਪਿੰਡ ਧਨਾਨਸੂ ਸਥਿਤ ਸਾਈਕਲ ਵੈਲੀ ਵਿੱਚ ਇੱਕ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਯੋਜਨਾ ਦਾ ਉਦਘਾਟਨ ਕੀਤਾ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ ਕਿਉਂਕਿ ਇਮਾਨਦਾਰ ਸਰਕਾਰ ਨੇ ਸੂਬੇ ਵਿੱਚ ਅਸੰਭਵ ਜਾਪਣ ਵਾਲੀ ਗੱਲ ਨੂੰ ਹਕੀਕਤ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਤੋਂ ਆਮ ਆਦਮੀ ਦਾ ਮਾਣ-ਸਤਿਕਾਰ ਬਹਾਲ ਹੋਵੇਗਾ ਕਿਉਂਕਿ ਹੁਣ ਸਰਕਾਰੀ ਦਫਤਰਾਂ ਵਿੱਚ ਉਸ ਦੀ ਖੱਜਲ-ਖੁਆਰੀ ਹਮੇਸ਼ਾ ਲਈ ਖਤਮ ਹੋਵੇਗੀ। ਉਨ੍ਹਾਂ ਕਿਹਾ ਕਿ ਸੂਬੇ ਨੇ ਅਰਵਿੰਦ ਕੇਜਰੀਵਾਲ ਦੀ ਸੋਚ ਵਿੱਚੋਂ ਉਪਜੇ ‘ਦਿੱਲੀ ਮਾਡਲ’ ਨੂੰ ਅਪਣਾਇਆ ਹੈ ਜਿਸ ਨਾਲ ਸੂਬੇ ਵਿੱਚ ਜੁਆਬਦੇਹੀ ਅਤੇ ਪਾਰਦਰਸ਼ੀ ਸ਼ਾਸਨ ਵਾਲੇ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਨਾਗਰਿਕ ਕੇਂਦਰਿਤ ਮਾਡਲ ਸਮੁੱਚੇ ਦੇਸ਼ ਵਿੱਚ ਲਾਗੂ ਹੋਵੇਗਾ ਜਿਸ ਨਾਲ ਦੇਸ਼ ਵਾਸੀਆਂ ਨੂੰ ਬਿਹਤਰ ਸੇਵਾਵਾਂ ਹਾਸਲ ਹੋਣਗੀਆਂ। ਉਨ੍ਹਾਂ ਕਿਹਾ ਕਿ ਟੋਲ ਫਰੀ ਨੰਬਰ 1076 ਲੋਕਾਂ ਨੂੰ ਉਨ੍ਹਾਂ ਦੇ ਘਰ ਨਿਰਧਾਰਤ ਸਮੇਂ ਵਿੱਚ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਸਹਾਈ ਹੋਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਅੱਜ 43 ਸੇਵਾਵਾਂ ਦੀ ਸ਼ੁਰੂਆਤ ਕੀਤੀ ਗਈ ਹੈ ਪਰ ਸੂਬਾ ਸਰਕਾਰ ਦੀਆਂ 80 ਤੋਂ ਵੱਧ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਲੋਕਾਂ ਦੇ ਰੋਜ਼ਾਨਾ ਦੇ ਕੰਮਕਾਜ ਕਰਵਾਉਣ ਲਈ ਪਾਰਟੀ ਦੇ ਸਾਰੇ ਵਿਧਾਇਕ ਇਸ ਸਕੀਮ ਉਤੇ ਨਿਰੰਤਰ ਨਜ਼ਰ ਰੱਖਣਗੇ ਤਾਂ ਜੋ ਆਮ ਆਦਮੀ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪਿਛਲੀਆਂ ਸਰਕਾਰਾਂ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਦਿਆਂ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੀ ਲੇਖਾ-ਜੋਖਾ ਪੇਸ਼ ਕੀਤਾ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਾਰਟੀ ਵੱਲੋਂ ਸੂਬੇ ਦੇ ਲੋਕਾਂ ਨੂੰ ਦਿੱਤੀ ਗਈ ਇੱਕ-ਇੱਕ ਗਾਰੰਟੀ ਹਰ ਹਾਲ ਵਿੱਚ ਪੂਰੀ ਕੀਤੀ ਜਾਵੇਗੀ ਤਾਂ ਜੋ ਉਨ੍ਹਾਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਮਹਾਨ ਆਜ਼ਾਦੀ ਘੁਲਾਟੀਆਂ ਨੇ ਬਰਾਬਰੀ ਵਾਲੇ ਸਮਾਜ ਦਾ ਸੁਫ਼ਨਾ ਦੇਖਿਆ ਸੀ ਪਰ ਪਿਛਲੇ 75 ਸਾਲਾਂ ਦੌਰਾਨ ਦੇਸ਼ ਭਗਤਾਂ ਦੇ ਇਹ ਸੁਫ਼ਨੇ ਅਧੂਰੇ ਰਹਿ ਗਏ ਕਿਉਂਕਿ ਕਿਸੇ ਨੇ ਵੀ ‘ਸਰਕਾਰ, ਤੁਹਾਡੇ ਦੁਆਰ’ ਵਰਗਾ ਕ੍ਰਾਂਤੀਕਾਰੀ ਕਦਮ ਕਦੇ ਵੀ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ ਜਲਦੀ ਹੀ ਲੋਕਾਂ ਨੂੰ 100 ਫ਼ੀਸਦੀ ਸਰਕਾਰੀ ਸੇਵਾਵਾਂ ਉਨ੍ਹਾਂ ਦੇ ਦਰ ’ਤੇ ਪ੍ਰਾਪਤ ਹੋਣਗੀਆਂ। ਉਨ੍ਹਾਂ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਦਾ ਸਫਾਇਆ ਕਰਨ ਲਈ ਸਰਕਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵਜੋਂ ‘ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਨੰਬਰ’ ਸ਼ੁਰੂ ਕੀਤਾ ਸੀ ਅਤੇ ਕਈ ਵੱਡੀਆਂ ਭ੍ਰਿਸ਼ਟ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਗਿਆ ਹੈ ਅਤੇ ਉਨ੍ਹਾਂ ਤੋਂ ਬਰਾਮਦ ਹੋਏ ਪੈਸੇ ਨੂੰ ਸੂਬੇ ਦੇ ਵਿਕਾਸ ਲਈ ਵਰਤਿਆ ਜਾ ਰਿਹਾ ਹੈ। ਸਮਾਗਮ ਵਿੱਚ ਮੰਤਰੀ ਮੰਡਲ ਦੇ ਕਈ ਵਜ਼ੀਰ, ਵਿਧਾਇਕਤੇ ਵਰਕਰਾਂ ਵੀ ਸ਼ਾਮਲ ਹੋਏ।

# ਪਟਿਆਲਾ ਪੁਲਿਸ ਨੇ ਸਤਿੰਦਰ ਸਰਤਾਜ ਦਾ ਸ਼ੋਅ ਬੰਦ ਕਰਵਾਇਆ

## ਸਰੋਤਿਆਂ ਦੇ ਸਵਾਲਾਂ ਦੇ ਜਵਾਬ ਨਾ ਦੇ ਸਕੀ ਪੁਲੀਸ; ਐਸਐਸਪੀ ਖ਼ਿਲਾਫ਼ ਨਾਅਰੇਬਾਜ਼ੀ



ਪਟਿਆਲਾ : ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਪਟਿਆਲਾ ਦੇ ਆਡੀਟੋਰੀਅਮ ਵਿੱਚ ਉੱਘੇ ਪੰਜਾਬੀ ਗਾਇਕ ਸਤਿੰਦਰ ਸਰਤਾਜ ਦਾ ਸ਼ੋਅ ਪੁਲੀਸ ਨੇ ਧੱਕੇ ਨਾਲ ਬੰਦ ਕਰਵਾ ਦਿੱਤਾ। ਇਸ ਦੌਰਾਨ ਸਰੋਤਿਆਂ ਵਿੱਚ ਰੋਸ ਵਧ ਗਿਆ ਤੇ ਉਨ੍ਹਾਂ ਐੱਸਐੱਸਪੀ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਮੌਕੇ ਪੁਲੀਸ ਨੇ ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਵੀ ਨਾ ਦਿੱਤੇ। ਮੀਡੀਆ ਨਾਲ ਗੱਲਬਾਤ ਦੌਰਾਨ ਪੁਲੀਸ ਮੁਲਾਜ਼ਮਾਂ ਨੇ ਕਿਹਾ ਕਿ ਗਾਇਕ ਸਤਿੰਦਰ ਸਰਤਾਜ ਦੇ ਸ਼ੋਅ ਦਾ ਸਮਾਂ ਖ਼ਤਮ ਹੋ ਗਿਆ ਸੀ, ਇਸ ਕਰ ਕੇ ਪ੍ਰੋਗਰਾਮ ਬੰਦ ਕਰਵਾ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਬੀਤੀ ਰਾਤ ਲਾਅ ਯੂਨੀਵਰਸਿਟੀ ਵਿੱਚ ‘ਮਹਿਫ਼ਲ-ਏ-ਸਰਤਾਜ’ ਕਰਵਾਈ ਗਈ। ਇਸ ਦੌਰਾਨ ਸਤਿੰਦਰ ਸਰਤਾਜ ਨੇ ਆਪਣੇ ਮਕਬੂਲ ਗੀਤਾਂ ਦੀ ਝੜੀ ਲਗਾ ਦਿੱਤੀ। ਇਸ ਦਰਮਿਆਨ ਚੱਲਦੇ ਪ੍ਰੋਗਰਾਮ ਵਿੱਚ ਹੀ ਪੁਲੀਸ ਦੇ ਇਕ ਅਧਿਕਾਰੀ ਨੇ ਸਟੇਜ ’ਤੇ ਆ ਕੇ ਪ੍ਰੋਗਰਾਮ ਬੰਦ ਕਰਵਾ ਦਿੱਤਾ। ਪ੍ਰਸ਼ੰਸਕ ਸਤਿੰਦਰ ਸਰਤਾਜ ਨੂੰ ਹੋਰ ਗੀਤ ਗਾਉਣ ਲਈ ਕਹਿੰਦੇ ਰਹੇ ਪਰ ਸਰਤਾਜ ਨੇ ਪੁਲਿਸ ਦੀ ਸਖ਼ਤੀ ਕਾਰਨ ਹੋਰ ਗੀਤ ਨਾ ਗਾਉਣ ਲਈ ਉਨ੍ਹਾਂ ਕੋਲੋਂ ਮੁਆਫੀ ਮੰਗ ਲਈ। ਸਰੋਤੇ ਇਸ ਗੱਲੋਂ ਖ਼ਫ਼ਾ ਹੋ ਗਏ। ਉਨ੍ਹਾਂ ਪੁਲੀਸ ਤੇ ਪਟਿਆਲਾ ਦੇ ਐੱਸਐੱਸਪੀ ਵਿਰੁੱਧ ਮੁਰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਸਰੋਤਿਆਂ ਨੇ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਧੱਕੇਸ਼ਾਹੀ ਨਾਲ ਪ੍ਰੋਗਰਾਮ ਕਿਉਂ ਬੰਦ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਆਡੀਟੋਰੀਅਮ ਯੂਨੀਵਰਸਿਟੀ ਵੱਲੋਂ ਦਿੱਤਾ ਗਿਆ ਸੀ, ਜੇਕਰ ਗਾਇਕ ਸਮਾਂ ਵੱਧ ਲਾ ਰਿਹਾ ਸੀ ਤਾਂ ਯੂਨੀਵਰਸਿਟੀ ਇਤਰਾਜ਼ ਕਰਦੀ ਨਾ ਕਿ ਪੁਲੀਸ ਆ ਕੇ ਬੇਇੱਜ਼ਤੀ ਕਰਨ ਦੇ ਇਰਾਦੇ ਨਾਲ ਗਾਇਕ ਨੂੰ ਗਾਉਣ ਤੋਂ ਹਟਾਉਂਦੀ। ਦੂਜੇ ਪਾਸੇ ਸੂਤਰਾਂ ਨੇ ਦੱਸਿਆ ਕਿ ਸ਼ੋਅ ਦਾ ਪ੍ਰਬੰਧ ਕਰਾਉਣ ਵਾਲਿਆਂ ਨਾਲ ਕਿਸੇ ‘ਪਾਵਰਫੁੱਲ’ ਵਿਅਕਤੀ ਦੀ ਕਿਸੇ ਗੱਲੋਂ ਅਣਬਣ ਹੋ ਗਈ ਸੀ ਤਾਂ ਹੀ ਉਸ ਨੇ ਸ਼ੋਅ ਬੰਦ ਕਰਵਾਇਆ ਹੈ ਪਰ ਇਸ ਗੱਲ ਦੀ ਕਿਸੇ ਨੇ ਵੀ ਪੁਸ਼ਟੀ ਨਹੀਂ ਕੀਤੀ ਹੈ। ਮਿਲੀ ਜਾਣਕਾਰੀ ਅਨੁਸਾਰ ਇਸ ਸ਼ੋਅ ਦੀ ਟਿਕਟ ਰੱਖੀ ਗਈ ਸੀ। ਇਸ ਸ਼ੋਅ ਦੀ ਟਿਕਟ 500 ਰੁਪਏ ਤੋਂ ਲੈ ਕੇ 10,000 ਰੁਪਏ ਤੱਕ ਰੱਖੀ ਗਈ ਸੀ। ਕੁਝ ਪ੍ਰਭਾਵਸ਼ਾਲੀ ਵਿਅਕਤੀਆਂ ਵੱਲੋਂ ਪ੍ਰਬੰਧਕਾਂ ਕੋਲੋਂ ਪਾਸ ਦੀ ਮੰਗ ਕੀਤੀ ਗਈ ਸੀ ਪਰ ਪ੍ਰਬੰਧਕਾਂ ਨੇ ਕਿਸੇ ਨੂੰ ਵੀ ਪਾਸ ਨਹੀਂ ਦਿੱਤੇ, ਜਿਸ ਕਰ ਕੇ ਇਹ ਸ਼ੋਅ ਬੰਦ ਕਰਵਾ ਦਿੱਤਾ ਗਿਆ। ਉੱਧਰ, ਇਸ ਸਬੰਧ ਵਿੱਚ ਥਾਣਾ ਬਖ਼ਸ਼ੀਵਾਲਾ ਦੇ ਮੁਖੀ ਸੁਖਦੇਵ ਸਿੰਘ ਨੇ ਕਿਹਾ ਕਿ ਸਤਿੰਦਰ ਸਰਤਾਜ ਕੋਲ ਗਾਉਣ ਦੀ ਰਾਤ 10 ਵਜੇ ਤੱਕ ਦੀ ਆਗਿਆ ਸੀ। ਉਸ ਤੋਂ ਵੱਧ ਉਹ ਗਾ ਨਹੀਂ ਸਕਦੇ ਸਨ, ਇਸ ਵਾਸਤੇ ਮੌਕੇ ’ਤੇ ਮੌਜੂਦ ਪੁਲੀਸ ਨੇ ਖ਼ੁਦ ਹੀ ਸਰਤਾਜ ਨੂੰ ਗਾਉਣ ਤੋਂ ਹਟਾ ਦਿੱਤਾ।

# ’84 ਕਤਲੇਆਮ ਪੀੜਤ ਸੁਸਾਇਟੀ ਦੇ ਆਗੂ ਘਰਾਂ ’ਚ ਨਜ਼ਰਬੰਦ

## ਭਗਵੰਤ ਮਾਨ ਦੇ ਘਿਰਾਓ ਦੇ ਖਦਸ਼ੇ ਤਹਿਤ ਪੁਲੀਸ ਨੇ ਇਹਤਿਆਤ ਵਜੋਂ ਕੀਤੀ ਕਾਰਵਾਈ



ਲੁਧਿਆਣਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਲੁਧਿਆਣਾ ਦੌਰੇ ਕਾਰਨ ਅੱਜ ਪੁਲੀਸ ਵੱਲੋਂ ਸ਼ਹਿਰ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਪੁਲੀਸ ਨੇ 1984 ਕਤਲੇਆਮ ਪੀੜਤ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਤੇ ਮਹਿਲਾ ਵਿੰਗ ਦੀ ਪ੍ਰਧਾਨ ਗੁਰਦੀਪ ਕੌਰ ਨੂੰ ਉਨ੍ਹਾਂ ਦੇ ਘਰਾਂ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਦੰਗਾ ਪੀੜਤ ਪਰਿਵਾਰਾਂ ਨੇ ਮੁੱਖ ਮੰਤਰੀ ਵੱਲੋਂ ਉਨ੍ਹਾਂ ਨਾਲ ਰੱਖੀ ਮੀਟਿੰਗ ਰੱਦ ਕੀਤੇ ਜਾਣ ਮਗਰੋਂ 8 ਦਸੰਬਰ ਨੂੰ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਕੋਠੀ ਅੱਗੇ ਧਰਨਾ ਦੇ ਕੇ ਨਾਅਰੇਬਾਜ਼ੀ ਕੀਤੀ ਸੀ। ਉਸ ਦਿਨ ਸੁਰਜੀਤ ਸਿੰਘ ਦੁੱਗਰੀ ਤੇ ਗੁਰਦੀਪ ਕੌਰ ਦੀ ਅਗਵਾਈ ਹੇਠ ਪੰਜਾਬ ਭਰ ਤੋਂ ਪੁੱਜੇ ਪੀੜਤ ਪਰਿਵਾਰ ਮੀਟਿੰਗ ਲਈ ਪੰਜਾਬ ਭਵਨ ਬਾਹਰ ਮੁੱਖ ਮੰਤਰੀ ਦੀ ਉਡੀਕ ਕਰਦੇ ਰਹੇ ਸਨ ਪਰ ਕਿਸੇ ਅਧਿਕਾਰੀ ਨੇ ਉਨ੍ਹਾਂ ਨੂੰ ਉਸ ਦਿਨ ਮੀਟਿੰਗ ਨਾ ਹੋ ਸਕਣ ਸਬੰਧੀ ਜਾਣੂ ਨਹੀਂ ਕਰਵਾਇਆ ਸੀ। ਅੱਜ ਪੁਲੀਸ ਨੂੰ ਖਦਸ਼ਾ ਸੀ ਕਿ ਮੁੱਖ ਮੰਤਰੀ ਦੇ ਦੌਰੇ ਦੌਰਾਨ ਪੀੜਤ ਪਰਿਵਾਰ ਮੁੱਖ ਮੰਤਰੀ ਦਾ ਘਿਰਾਓ ਕਰ ਸਕਦੇ ਹਨ। ਇਸ ਕਰ ਕੇ ਸਵੇਰੇ 7 ਵਜੇ ਹੀ ਥਾਣਾ ਦੁੱਗਰੀ ਦੀ ਐੱਸਐੱਚਓ ਦੀ ਅਗਵਾਈ ਹੇਠ ਪੁਲੀਸ ਪਾਰਟੀ ਸੁਰਜੀਤ ਸਿੰਘ ਦੁੱਗਰੀ ਦੇ ਘਰ ਪੁੱਜ ਗਈ ਤੇ ਉਨ੍ਹਾਂ ਨੂੰ ਘਰੋਂ ਬਾਹਰ ਨਿਕਲਣ ਤੋਂ ਰੋਕ ਦਿੱਤਾ। ਉਨ੍ਹਾਂ ਗੁਰਦੀਪ ਕੌਰ ਦੇ ਘਰ ਰੱਖੀ ਇੱਕ ਮੀਟਿੰਗ ਵਿੱਚ ਜਾਣ ਦੀ ਗੱਲ ਆਖੀ ਤਾਂ ਪੁਲੀਸ ਪਾਰਟੀ ਉਨ੍ਹਾਂ ਨੂੰ ਗੱਡੀ ’ਚ ਬਿਠਾ ਕੇ ਗੁਰਦੀਪ ਕੌਰ ਦੇ ਘਰ ਲੈ ਆਈ ਜਿਥੇ ਦੋਵੇਂ ਨਜ਼ਰਬੰਦ ਰਹੇ। ਇਸੇ ਦੌਰਾਨ ਸੁਰਜੀਤ ਸਿੰਘ ਦੁੱਗਰੀ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਗਿਆ ਹੈ ਤੇ ਜਲਦੀ ਹੀ ਸੂਬਾ ਪੱਧਰੀ ਮੀਟਿੰਗ ਕਰਕੇ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ। ਇਸੇ ਦੌਰਾਨ ਪਿੰਡ ਧਨਾਨਸੂ ’ਚ ਰੱਖੀ ਮੈਗਾ ਰੈਲੀ ਦੌਰਾਨ ਹਰੇਕ ਵਿਧਾਇਕ ਨੂੰ ਰੈਲੀ ਤੱਕ ਵਰਕਰ ਲਿਆਉਣ ਲਈ ਦਿੱਤੀਆਂ 80-80 ਬੱਸਾਂ ਸਵੇਰੇ ਹੀ ਵੱਖ-ਵੱਖ ਇਲਾਕਿਆਂ ਵੱਲ ਤੋਰ ਦਿੱਤੀਆਂ ਗਈਆਂ ਤੇ ਦੂਜੇ ਪਾਸੇ ਬੱਸਾਂ ਦੀ ਉਡੀਕ ’ਚ ਸ਼ਹਿਰ ਦੇ ਚੌਰਾਹਿਆਂ ’ਤੇ ਖੜ੍ਹੀਆਂ ਸਵਾਰੀਆਂ ਸਾਰਾ ਦਿਨ ਖੱਜਲ-ਖੁਆਰ ਹੁੰਦੀਆਂ ਰਹੀਆਂ। ਬੱਸ ਅੱਡੇ ’ਤੇ ਸਰਕਾਰੀ ਬੱਸਾਂ ਨਾ ਹੋਣ ਕਾਰਨ ਯਾਤਰੀ ਇੱਧਰ-ਉੱਧਰ ਭਟਕਦੇ ਰਹੇ।

# ਮਸ਼ਹੂਰੀਆਂ ਖੱਟ ਕੇ ਹੁਣ ਸਜ਼ਾ ਤੋਂ ਡਰੇ ਗੈਂਗਸਟਰ: ਬਲਕੌਰ ਸਿੱਧੂ

ਮਾਨਸਾ : ਮਾਨਸਾ ਦੀ ਅਦਾਲਤ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਦੇ ਵਕੀਲਾਂ ਵੱਲੋਂ ਇਨ੍ਹਾਂ ਗੈਂਗਸਟਰਾਂ ਦੇ ਮੂਸੇਵਾਲਾ ਕਤਲ ਕੇਸ ਵਿੱਚ ਸ਼ਾਮਲ ਨਾ ਹੋਣ ਦਾ ਦਾਅਵਾ ਕਰਦਿਆਂ ਰਿਹਾਈ ਦੀ ਮੰਗ ਕਰਨ ਦੇ ਮਾਮਲੇ ਵਿੱਚ ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਅੱਜ ਕਿਹਾ ਕਿ ਇਸ ਕਤਲ ਨਾਲ ਖ਼ੁਦ ਨੂੰ ਜੋੜ ਕੇ ਮਸ਼ਹੂਰੀਆਂ ਖੱਟਣ ਵਾਲੇ ਗੈਂਗਸਟਰਾਂ ਨੇ ਫ਼ਿਰੌਤੀਆਂ ਦੀਆਂ ਕੀਮਤਾਂ ਵਧਾ ਲਈਆਂ ਤੇ ਹੁਣ ਜਦੋਂ ਸਜ਼ਾ ਦਾ ਮਾਮਲਾ ਨੇੜੇ ਲੱਗਣ ਲੱਗਾ ਹੈ ਤਾਂ ਇੰਟਰਵਿਊ ਤੋਂ ਵੀ ਮੁਕਰਨ ਲੱਗੇ ਹਨ। ਜ਼ਿਕਰਯੋਗ ਹੈ ਕਿ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦੇ ਵਕੀਲਾਂ ਵੱਲੋਂ ਮੰਗਲਵਾਰ ਨੂੰ ਮਾਨਸਾ ਦੀ ਅਦਾਲਤ ਵਿੱਚ ਪਟੀਸ਼ਨ ਦਾਇਰ ਕਰਦਿਆਂ ਦਾਅਵਾ ਕੀਤਾ ਸੀ ਕਿ ਪੰਜਾਬੀ ਗਾਇਕ ਮੂਸੇਵਾਲਾ ਦੇ ਕਤਲ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ। ਉਨ੍ਹਾਂ ਪੁਲੀਸ ਦੀ ਚਾਰਜਸ਼ੀਟ ਨੂੰ ਵੀ ਗ਼ਲਤ ਦੱਸਿਆ ਹੈ। ਇਸ ਸਬੰਧ ’ਚ ਬਲਕੌਰ ਸਿੰਘ ਨੇ ਕਿਹਾ ਕਿ ਕੱਲ੍ਹ ਤੱਕ ਲਾਰੈਂਸ ਬਿਸ਼ਨੋਈ ਮੀਡੀਆ ਨੂੰ ਇੰਟਰਵਿਊ ਦੇ ਕੇ ਪੰਜਾਬੀ ਗਾਇਕ ਨੂੰ ਮਾਰਨ ਦੀ ਜ਼ਿੰਮੇਵਾਰੀ ਲੈਂਦਾ ਰਿਹਾ ਸੀ ਤੇ ਹੁਣ ਕਤਲ ਨਾਲ ਕੋਈ ਸਬੰਧ ਨਾ ਹੋਣ ਦੀ ਗੱਲ ਕਹਿ ਕੇ ਸਚਾਈ ਤੋਂ ਭੱਜ ਰਿਹਾ ਹੈ। ਬਲਕੌਰ ਸਿੰਘ ਨੇ ਦੋਸ਼ ਲਾਇਆ ਕਿ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲੈ ਕੇ ਇਨ੍ਹਾਂ ਗੈਂਗਸਟਰਾਂ ਨੇ ਆਪਣੀਆਂ ਫਿਰੌਤੀਆਂ ਦਾ ਘੇਰਾ ਅਤੇ ਕੀਮਤਾਂ



ਵਧਾਈਆਂ ਹਨ ਤੇ ਦੁਨੀਆਂ ਭਰ ਵਿੱਚ ਮਸ਼ਹੂਰੀਆਂ ਖੱਟੀਆਂ ਹਨ ਅਤੇ ਹੁਣ ਪੰਜਾਬ ਦੇ ਵਪਾਰੀਆਂ ਨੂੰ ਡਰਾ ਕੇ ਖੌਫ਼ ਪੈਦਾ ਕਰਨ ਵਾਲੇ ਸਜ਼ਾ ਵੇਲੇ ਮੁੱਕਰ ਰਹੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਮਰਹੂਮ ਗਾਇਕ ਦੇ ਪਿਤਾ ਨੇ ਕਿਹਾ ਕਿ ਅਦਾਲਤ ਵਿੱਚ ਮੁਲਜ਼ਮਾਂ ਉਪਰ ਦੋਸ਼ ਆਇਦ ਹੋਣੇ ਸਨ ਇਸ ਲਈ ਵਕੀਲਾਂ ਨੇ ਕੇਸ ਨੂੰ ਲਟਕਾਉਣ ਲਈ ਇਹ ਅਰਜ਼ੀਆਂ ਲਗਾਈਆਂ ਹਨ।

# ਦਲਾਈ ਲਾਮਾ ਵੱਲੋਂ 13 ਸਾਲ ਬਾਅਦ ਸਿੱਕਿਮ ਦੇ ਦੌਰੇ 'ਤੇ


## ਦਲਾਈ ਲਾਮਾ 13 ਸਾਲ ਬਾਅਦ ਸਿੱਕਿਮ ਦੇ ਦੌਰੇ 'ਤੇ



ਗੰਗਟੋਕ : ਤਿੱਬਤੀ ਦੇ ਅਧਿਆਤਮਕ ਆਗੂ 14ਵੇਂ ਦਲਾਈਲਾਮਾ ਤੇਨਜ਼ਿਨ ਗਯਾਤਸੋ 13 ਸਾਲ ਬਾਅਦ ਤਿੰਨ ਦਿਨਾ ਦੌਰੇ ਲਈ ਸੋਮਵਾਰ ਸਵੇਰੇ ਸਿੱਕਿਮ ਪਹੁੰਚੇ। ਉਹ ਹਿਮਾਲੀਅਨ ਰਾਜ ਵਿੱਚ ਆਪਣੀ ਰਿਹਾਇਸ਼ ਦੌਰਾਨ 'ਬੋਧੀਸਤਵਸ ਦੇ 37 ਅਭਿਆਸਾਂ' ਬਾਰੇ ਸਿੱਖਿਆਵਾਂ ਦੇਣਗੇ। ਦਲਾਈਲਾਮਾ ਸਵੇਰੇ 10.30 ਵਜੇ ਪੂਰਬੀ ਸਿੱਕਿਮ ਵਿੱਚ ਲਿਬਿੰਗ ਆਰਮੀ ਹੈਲੀਪੈਡ 'ਤੇ ਉਤਰੇ ਜਿੱਥੇ ਉਨ੍ਹਾਂ ਦਾ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਨੇ ਸਵਾਗਤ ਕੀਤਾ। ਰਾਜ ਦੇ ਵੱਖ-ਵੱਖ ਮੱਠਾਂ ਦੇ ਭਿਕਸ਼ੂਆਂ ਵੱਲੋਂ 'ਸ਼ੇਰਬਾਂਗ' ਵਜੋਂ ਜਾਣੇ ਜਾਂਦੇ ਨਾਚ ਅਤੇ ਪ੍ਰਾਰਥਨਾ ਦੀ ਰਵਾਇਤੀ ਬੋਧੀ ਗੀਤ ਨਾਲ ਵੀ ਉਨ੍ਹਾਂ ਦਾ ਸਵਾਗਤ ਕੀਤਾ ਗਿਆ। 87 ਸਾਲਾ ਦਲਾਈਲਾਮਾ ਜਦੋਂ ਗੰਗਟੋਕ ਦੇ ਇੱਕ ਹੋਟਲ ਵਿੱਚ ਗਏ ਅਤੇ ਅਧਿਆਤਮਕ ਆਗੂ ਦੇ ਦਰਸ਼ਨਾਂ ਲਈ ਦੇਓਰਾਲੀ ਤੋਂ ਜ਼ੀਰੋ ਪੁਆਇੰਟ ਤੱਕ ਹਾਈਵੇਅ ਦੇ ਦੋਵੇਂ ਪਾਸੇ ਸੈਂਕੜੇ ਲੋਕਾਂ ਦੀਆਂ ਕਤਾਰਾਂ ਲੱਗ ਗਈਆਂ।

# ਡਰੱਗ ਕੇਸ: ਸਿੱਟ ਵੱਲੋਂ ਮਜੀਠੀਆ ਨੂੰ 18 ਦਸੰਬਰ ਨੂੰ ਪੇਸ਼ ਹੋਣ ਲਈ ਸੰਮਨ

## ਸਰਕਾਰ ਤੋਂ ਅਜਿਹੀ ਹੀ ਉਮੀਦ ਕਰ ਰਿਹਾ ਸੀ: ਬਿਕਰਮ ਮਜੀਠੀਆ



ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦਰਜ ਹੋਏ ਡਰੱਗ ਮਾਮਲੇ ਦੀ ਜਾਂਚ ਲਈ ਏਡੀਜੀਪੀ ਐੱਮਐੱਸ ਚੀਮਾ ਦੀ ਅਗਵਾਈ ਹੇਠ ਗਠਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਉਨ੍ਹਾਂ ਨੂੰ 18 ਦਸੰਬਰ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਹੈ।

ਸਿੱਟ ਨੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖ ਕੇ ਸਿਵਲ ਲਾਈਨਜ਼ ਪੁਲੀਸ ਸਟੇਸ਼ਨ ਨੂੰ ਹਦਾਇਤ ਕੀਤੀ ਹੈ ਕਿ ਉਹ ਮਜੀਠੀਆ ਨੂੰ 18 ਦਸੰਬਰ ਨੂੰ ਪਟਿਆਲਾ ਸਥਿਤ ਸਿੱਟ ਦੇ ਚੇਅਰਮੈਨ ਦੇ ਦਫ਼ਤਰ ਵਿੱਚ ਪੇਸ਼ ਹੋਣ ਲਈ ਨੋਟਿਸ ਦੇਣ। ਇਸ 'ਤੇ ਪ੍ਰਤੀਕਰਮ ਦਿੰਦਿਆਂ ਸ੍ਰੀ ਮਜੀਠੀਆ ਨੇ ਕਿਹਾ ਕਿ ਉਹ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਤੋਂ ਇਸੇ ਦੀ ਉਮੀਦ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਅਜਿਹੀਆਂ ਕੋਝੀਆਂ ਚਾਲਾਂ ਉਸ ਨੂੰ ਸਰਕਾਰ ਦੀਆਂ ਮਾੜੀਆਂ ਨੀਤੀਆਂ ਦਾ ਪਰਦਾਫਾਸ਼ ਕਰਨ ਤੋਂ ਰੋਕ ਨਹੀਂ ਸਕਣਗੀਆਂ। ਜ਼ਿਕਰਯੋਗ ਹੈ ਕਿ ਪੰਜਾਬ ਪੁਲੀਸ ਨੇ ਦੋ ਸਾਲ ਪਹਿਲਾਂ 20 ਦਸੰਬਰ 2021 'ਚ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਨਸ਼ਿਆਂ ਸਬੰਧੀ ਕੇਸ ਦਰਜ ਕੀਤਾ ਸੀ ਪਰ ਅਦਾਲਤ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੋ ਮਹੀਨੇ ਅੱਗੇ ਪਾ ਦਿੱਤੀ ਸੀ। ਇਸ ਮਾਮਲੇ 'ਚ ਪੰਜ ਮਹੀਨੇ ਜੇਲ੍ਹ 'ਚ ਕੱਟਣ ਮਗਰੋਂ ਮਜੀਠੀਆ ਨੂੰ 10 ਅਗਸਤ 2022 ਵਿੱਚ ਜ਼ਮਾਨਤ ਮਿਲੀ ਸੀ। ਮਜੀਠੀਆ ਖ਼ਿਲਾਫ਼ ਕੇਸ 'ਚ ਅਜੇ ਤੱਕ ਚਾਰਜਸ਼ੀਟ ਦਾਇਰ ਨਹੀਂ ਕੀਤੀ ਗਈ। ਅੱਜ ਜਾਰੀ ਹੋਏ ਸੰਮਨਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਤੇ ਮਜੀਠੀਆ ਦਰਮਿਆਨ ਚੱਲ ਰਹੀ ਸ਼ਬਦੀ ਜੰਗ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਦੀ ਧੀ ਦੀ ਇੱਕ ਵੀਡੀਓ ਸਾਹਮਣੇ ਆਉਣ ਮਗਰੋਂ ਬਿਕਰਮ ਸਿੰਘ ਮਜੀਠੀਆ ਲਗਾਤਾਰ ਮੁੱਖ ਮੰਤਰੀ ਨੂੰ ਨਿਸ਼ਾਨੇ 'ਤੇ ਲੈ ਰਹੇ ਹਨ। ਉਨ੍ਹਾਂ ਬੀਤੇ ਦਿਨ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਸੀ ਕਿ ਜੋ ਵਿਅਕਤੀ ਆਪਣੇ ਬੱਚਿਆਂ ਦੀ ਜ਼ਿੰਮੇਵਾਰੀ ਨਹੀਂ ਸੰਭਾਲ ਸਕਿਆ ਉਹ ਸੂਬੇ ਦੀ ਜ਼ਿੰਮੇਵਾਰੀ ਕਿਵੇਂ ਸੰਭਾਲੇਗਾ?

### ਨਸ਼ਾ ਬਣਿਆ ਨਾਸੂਰ

# ਨਸ਼ੇ ਦੀ ਆਦਤ ਨੇ ਧੱਕਿਆ ਦੇਹ ਵਪਾਰ ਦੇ ਧੰਦੇ 'ਚ, ਰੋਜ਼ਾਨਾ ਤਕਰੀਬਨ 10 ਹਜ਼ਾਰ ਦੇ ਲਾਉਂਦੀ ਰਹੀ ਨਸ਼ੇ ਦੇ ਟੀਕੇ



ਬਟਾਲਾ : ਨਸ਼ੇ ਖਾਤਰ ਦੇਹ ਵਪਾਰ ਕਰਨ ਲਈ ਮਜਬੂਰ ਸਟੇਜ 'ਤੇ ਡਾਂਸ ਕਰਨ ਵਾਲੀ ਲੜਕੀ ਰੋਜ਼ਾਨਾ ਤਕਰੀਬਨ 10 ਹਜ਼ਾਰ ਦੀ ਹੈਰੋਇਨ ਦਾ ਨਸ਼ਾ ਕਰਨ ਲੱਗੀ। ਡਾਂਸ ਦੌਰਾਨ ਥਕਾਨ ਦੂਰ ਕਰਨ ਲਈ ਸਾਥੀ ਲੜਕੀਆਂ ਨੇ ਉਸ ਨੂੰ ਹੈਰੋਇਨ ਦੀ ਆਦਤ ਅਜਿਹੀ ਲਾਈ ਕਿ ਉਹ ਨਸ਼ਾ ਤਾਂ ਨਹੀਂ ਛੱਡ ਸਕੀ ਸਗੋਂ ਨਸ਼ੇ ਲਈ ਪੈਸੇ ਜੁਟਾਉਣ ਲਈ ਦੇਹ ਵਪਾਰ ਦੇ ਧੰਦੇ ਵਿਚ ਜਾ ਫਸੀ। ਲੜਕੀ ਦਾ ਕਹਿਣਾ ਹੈ ਕਿ ਸਟੇਜ 'ਤੇ ਡਾਂਸ ਕਰਨ ਵਾਲੀਆਂ ਤਕਰੀਬਨ 80 ਫੀਸਦੀ ਕੁੜੀਆਂ ਨਸ਼ਾ ਕਰ ਕੇ ਸਟੇਜ 'ਤੇ ਪਰਫਾਰਮ ਕਰਦੀਆਂ ਹਨ। ਹਾਲਾਤ ਇਹ ਹਨ ਕਿ ਚਿੱਟੇ ਦੇ ਇੰਜੈਕਸ਼ਨ ਲਾ ਕੇ ਡਾਂਸਰ ਦਾ ਸਾਰਾ ਸਰੀਰ ਜ਼ਖ਼ਮਾਂ ਨਾਲ ਭਰ ਗਿਆ ਹੈ। ਹੁਣ ਉਹ ਨਸ਼ਾ ਛੱਡਣਾ ਚਾਹੁੰਦੀ ਹੈ ਪਰ ਉਸ ਦੀ ਮਦਦ ਲਈ ਅੱਗੇ ਆਉਣ ਵਾਲਾ ਕੋਈ ਨਹੀਂ ਹੈ।

ਬਟਾਲਾ ਦੀ ਰਹਿਣ ਵਾਲੀ ਲੜਕੀ ਨੇ ਦੱਸਿਆ ਕਿ ਬਚਪਨ ਵਿਚ ਹੀ ਉਸ ਦੇ ਮਾਤਾ-ਪਿਤਾ ਦੀ ਮੌਤ ਦੇ ਬਾਅਦ ਤਿੰਨ ਭੈਣਾ ਤੇ ਇਕ ਛੋਟੇ ਭਰਾ ਦੀ ਜ਼ਿੰਮੇਵਾਰੀ ਉਸ ਦੇ ਮੋਢਿਆਂ 'ਤੇ ਆ ਗਈ। ਭੈਣਾਂ ਤੇ ਭਰਾ ਨੂੰ ਪਾਲਣ ਲਈ ਖ਼ੁਸ਼ੀ ਦੇ ਮੌਕਿਆਂ 'ਤੇ ਡਾਂਸ ਗਰੁੱਪ ਵਿਚ ਸਟੇਜ 'ਤੇ ਪਰਫਾਰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਉਹ ਤਕਰੀਬਨ 10 ਹਜ਼ਾਰ ਰੁਪਏ ਪ੍ਰਤੀ ਪ੍ਰੋਗਰਾਮ ਕਮਾ ਲੈਂਦੀ ਸੀ ਜਿਸ ਨਾਲ ਉਸ ਦੇ ਪਰਿਵਾਰ ਦਾ ਚੰਗਾ ਗੁਜ਼ਾਰਾ ਹੋ ਜਾਂਦਾ ਸੀ। ਕਈ ਵਾਰ ਪ੍ਰੋਗਰਾਮ ਜ਼ਿਆਦਾ ਹੋਣ ਕਾਰਨ ਉਹ ਡਾਂਸ ਕਰ ਕੇ ਥੱਕ ਜਾਂਦੀ ਸੀ ਪਰ ਉਸ ਦੀ ਥਕਾਨ ਤੋਂ ਕਿਸੇ ਨੂੰ ਕੋਈ ਮਤਲਬ ਨਹੀਂ ਸੀ। ਪ੍ਰੋਗਰਾਮ ਬੁੱਕ ਕਰਨ ਵਾਲਿਆਂ ਤੇ ਡਾਂਸ ਦੇਖਣ ਵਾਲਿਆਂ ਨੂੰ ਬੱਸ ਉਸ ਦਾ ਡਾਂਸ ਦੇਖਣਾ ਹੁੰਦਾ ਸੀ। ਇਕ ਦਿਨ ਉਹ ਪ੍ਰੋਗਰਾਮ ਜ਼ਿਆਦਾ ਹੋਣ ਕਾਰਨ ਥੱਕ ਗਈ ਸੀ ਜਿਸ ਕਾਰਨ ਉਸ ਨੇ ਪ੍ਰੋਗਰਾਮ ਕਰਵਾਉਣ ਵਾਲਿਆਂ ਨੂੰ ਥਕਾਨ ਬਾਰੇ ਦੱਸਿਆ। ਇਸੇ ਦੌਰਾਨ ਸਾਥੀਆਂ ਨੇ ਉਸ ਨੂੰ ਪੰਨੀ 'ਤੇ ਹੈਰੋਇਨ ਦਾ ਨਸ਼ਾ ਕਰਵਾ ਦਿੱਤਾ ਜਿਸ ਦੇ ਬਾਅਦ ਉਹ ਹੈਰੋਇਨ ਛੱਡ ਨਹੀਂ ਸਕੀ। ਫਿਰ ਕੁਝ ਦਿਨਾਂ ਬਾਅਦ ਉਸ ਦਾ ਦੋਸਤ ਜ਼ਬਰਦਸਤੀ ਨਸ਼ੇ ਦਾ ਟੀਕਾ ਲਾ ਕੇ ਡਾਂਸ ਲਈ ਤਿਆਰ ਕਰਨ ਲੱਗਾ। ਬੱਸ ਫਿਰ ਕੀ ਸੀ ਉਸ ਦੇ ਬਾਅਦ ਨਾ ਕੋਈ ਥਕਾਨ ਹੋਈ ਤੇ ਨਾ ਕਦੇ ਨਸ਼ਾ ਛੁੱਟਿਆ। ਸ਼ੁਰੂ ਵਿਚ ਦੋ ਉਹ ਕਾਫੀ ਕਮਾਈ ਕਰਦੀ ਸੀ ਤਾਂ ਰੋਜ਼ਾਨਾ ਤਕਰੀਬਨ ਛੇ ਟੀਕੇ ਜਿਸ ਦੀ ਕੀਮਤ ਤਕਰੀਬਨ 10 ਹਜ਼ਾਰ ਰੁਪਏ ਹੁੰਦੀ ਸੀ, ਲਾਉਣ ਲੱਗੀ ਸੀ ਜਿਸ ਦੇ ਬਾਅਦ ਉਹ ਜਦੋਂ ਨਸ਼ੇ ਵਿਚ ਡੁੱਬ ਗਈ ਤਾਂ ਸਟੇਜ ਪ੍ਰੋਗਰਾਮ ਮਿਲਣੇ ਵੀ ਤਕਰੀਬਨ ਬੰਦ ਹੋ ਗਏ ਸਨ। ਫਿਰ ਨਸ਼ਾ ਖਰੀਦਣ ਲਈ ਪੈਸੇ ਜੁਟਾਉਣ ਲਈ ਉਹ ਦੇਹ ਵਪਾਰ ਦੇ ਧੰਦੇ ਵਿਚ ਸ਼ਾਮਿਲ ਹੋ ਗਈ।

# ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੂੰ ਕਰਾਰਾ ਝਟਕਾ

## ਕੇ ਡੀ ਭੰਡਾਰੀ ਅਤੇ ਸ੍ਰੀ ਨਿਵਾਸੁਲੂ ਨੇ ਟਿੱਕਾ ਅਤੇ ਰੰਧਾਵਾ ਦੀ ਪ੍ਰੇਰਨਾ ਸਦਕਾ ਭਾਜਪਾ 'ਚ ਸ਼ਾਮਿਲ ਹੋਏ 5 ਦਰਜਨ ਆਗੂਆਂ ਦਾ ਕੀਤਾ ਭਰਪੂਰ ਸਵਾਗਤ



ਅੰਮ੍ਰਿਤਸਰ : ਅੱਜ ਆਮ ਆਦਮੀ ਪਾਰਟੀ ਅਤੇ ਅਕਾਲੀ ਨੂੰ ਉਸ ਵਕਤ ਕਰਾਰਾ ਝਟਕ ਲਗਾ ਜਦੋਂ ਇਨ੍ਹਾਂ ਪਾਰਟੀਆਂ ਨਾਲ ਸੰਬੰਧਿਤ 5 ਦਰਜਨ ਤੋਂ ਵੱਧ ਸਰਗਰਮ ਆਗੂਆਂ ਅਤੇ ਵਰਕਰਾਂ ਨੇ ਭਾਜਪਾ 'ਚ ਸ਼ਮੂਲੀਅਤ ਕੀਤੀ ਹੈ। ਪੰਜਾਬ ਭਾਜਪਾ ਦੇ ਮੀਤ ਪ੍ਰਧਾਨ ਸਾਬਕਾ ਵਿਧਾਇਕ ਕੇ.ਡੀ. ਭੰਡਾਰੀ ਅਤੇ ਸੂਬਾਈ ਸੰਗਠਨ ਮੰਤਰੀ ਮੰਥਰੀ ਸ੍ਰੀ ਨਿਵਾਸੁਲੂ ਨੇ ਭਾਜਪਾ 'ਚ ਸ਼ਾਮਿਲ ਹੋਏ ਆਗੂਆਂ ਅਤੇ ਵਰਕਰਾਂ ਨੂੰ ਪਾਰਟੀ ਚਿੰਨ੍ਹ ਨਾਲ ਸਨਮਾਨਿਤ ਕਰਦਿਆਂ ਸਵਾਗਤ ਕੀਤਾ। ਮੀਡੀਆ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਅਨੁਸਾਰ ਭਾਜਪਾ ਕੋਰ ਕਮੇਟੀ ਮੈਂਬਰ ਗੁਰਪ੍ਰਤਾਪ ਸਿੰਘ ਟਿੱਕਾ ਅਤੇ ਅਜੈਬੀਰ ਪਾਲ ਸਿੰਘ ਰੰਧਾਵਾ ਦੀ ਪ੍ਰੇਰਨਾ ਸਦਕਾ ਭਾਜਪਾ 'ਚ ਸ਼ਾਮਿਲ ਹੋਣ ਵਾਲਿਆਂ 'ਚ ਵਾਰਡ ਨੰ. 36 ਤੋਂ ਅਕਾਲੀ ਉਮੀਦਵਾਰ ਰਹੇ ਹਰਪ੍ਰੀਤ ਸਿੰਘ ਚਾਹਲ, ਵਾਰਡ ਨੰ. 54 ਤੋਂ ਅਜ਼ਾਦ ਉਮੀਦਵਾਰ ਧਿਆਨ ਸਿੰਘ ਭਲਵਾਨ, ਸੀਨੀਅਰ ਅਕਾਲੀ ਆਗੂ ਗੁਰਦੀਪ ਸਿੰਘ ਧੁੰਨਾ, ਆਮ ਆਦਮੀ ਪਾਰਟੀ ਤੋਂ ਸਰਬਜੀਤ ਸਿੰਘ ਜੋ ਕਿ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਭਤੀਜੇ ਹਨ ਤੋਂ ਇਲਾਵਾ ਰਵਿੰਦਰ ਸਿੰਘ ਬਿੱਟਾ, ਨਵਦੀਪ ਸਿੰਘ ਯੂਥ ਅਕਾਲੀ ਆਗੂ, ਰਵਿੰਦਰ ਕੁਮਾਰ, ਬੂਟਾ ਸਿੰਘ, ਅਸ਼ੋਕ ਕੁਮਾਰ, ਅਮਰਜੀਤ ਸਿੰਘ, ਮੰਗਲ ਦਾਸ, ਸੁਮੀਤ ਸਿੰਘ ਚਾਵਲਾ, ਕੁਲਦੀਪ ਸਿੰਘ ਕਰਾਵਰ, ਜਸਮੀਤ ਸਿੰਘ, ਹਰਮੀਤ ਸਿੰਘ ਹੈਰੀ ਲੁਥਰਾ, ਹਰਿੰਦਰ ਸਿੰਘ, ਰਵਿੰਦਰ ਸਿੰਘ, ਪਵਿੱਤਰ ਸਿੰਘ, ਰਿਸ਼ੀ ਕੁਮਾਰ, ਰਾਹੁਲ ਬਾਕਸਰ, ਉਮੇਸ਼ ਪਾਲ, ਦੀਪਕ, ਮਨੋਜ ਕੁਮਾਰ, ਹਰਦੀਪ, ਰਵਿੰਦਰ ਭਲਵਾਨ, ਗੌਰਵ, ਗੋਨੀ ਸ਼ਾਹ, ਰਣਜੀਤ ਤ੍ਰਿਵੇਦੀ ਅਤੇ ਬਹੁਤ ਸਾਰੇ ਸਾਥੀ ਸ਼ਾਮਲ ਹਨ। ਇਸ ਮੌਕੇ ਪੰਜਾਬ ਭਾਜਪਾ ਆਗੂ ਕੇ.ਡੀ. ਭੰਡਾਰੀ ਅਤੇ ਸ੍ਰੀ ਨਿਵਾਸੁਲੂ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨਸ਼ਿਆਂ ਦੀ ਮਾਰ ਹੇਠ ਹੈ, ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੈ ਅਤੇ ਅਮਨ ਕਾਨੂੰਨ ਦੀ ਸਥਿਤੀ ਇੰਨੀ ਭੈੜੀ ਹੋ ਚੁੱਕੀ ਹੈ ਕਿ ਹਰ ਕੋਈ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਪੰਜਾਬ ਸਰਕਾਰ ਹਰ ਫ਼ਰੰਟ 'ਤੇ ਫ਼ੇਲ੍ਹ ਹੋ ਚੁੱਕੀ ਹੈ ਇਸ ਲਈ ਵਪਾਰੀ ਅਤੇ ਸਨਅਤਕਾਰ ਪੰਜਾਬ ਛੱਡ ਰਹੇ ਹਨ। ਪਰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਲੋਕਾਂ ਨੂੰ ਦਰਪੇਸ਼ ਇਨ੍ਹਾਂ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਦੀ ਬਜਾਏ ਸਿਰਫ਼ ਆਪਣੇ ਬੌਸ ਅਰਵਿੰਦ ਕੇਜਰੀਵਾਲ ਨੂੰ ਖ਼ੁਸ਼ ਕਰਨ ਲਈ ਹੀ ਪੰਜਾਬ ਦਾ ਖ਼ਜ਼ਾਨਾ ਅਤੇ ਸਰੋਤਾਂ ਨੂੰ ਲੁਟਾ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਅਤੇ ਪੰਜਾਬ ਦੇ ਲੋਕਾਂ ਲਾਵਾਰਸ ਨਾ ਸਮਝੇ। ਪੰਜਾਬ ਦੇ ਭਲੇ ਲਈ ਪੰਜਾਬ ਭਾਜਪਾ ਅਹਿਮ ਭੂਮਿਕਾ ਨਿਭਾਏਗੀ ਅਤੇ ਪੰਜਾਬ ਦੇ ਲੋਕ ਇਸ ਵਾਰ ਭਾਜਪਾ ਦਾ ਹੀ ਸਾਥ ਦੇਣਗੇ। ਇਸ ਮੌਕੇ ਪੰਜਾਬ ਭਾਜਪਾ ਦੇ ਓ ਬੀ ਸੀ ਮੋਰਚਾ ਦੇ ਪ੍ਰਧਾਨ ਅਮਰਪਾਲ ਸਿੰਘ ਬੋਨੀ, ਕੋਰ ਕਮੇਟੀ ਮੈਂਬਰ ਗੁਰਪ੍ਰਤਾਪ ਸਿੰਘ ਟਿੱਕਾ, ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ , ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ, ਰਜਿੰਦਰ ਮੋਹਨ ਸਿੰਘ ਛੀਨਾ, ਪ੍ਰੋ. ਸਰਚਾਂਦ ਸਿੰਘ ਖਿਆਲਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਜੈਬੀਰ ਪਾਲ ਸਿੰਘ ਰੰਧਾਵਾ, ਹਰਦੀਪ ਸਿੰਘ ਗਿੱਲ ਜਨਰਲ ਸਕੱਤਰ ਐ ਸੀ ਮੋਰਚਾ, ਭਾਜਪਾ ਦੇ ਸੂਬਾ ਸਕੱਤਰ ਸੂਰਜ ਭਾਰਦਵਾਜ ,ਕੰਵਰ ਬੀਰ ਸਿੰਘ ਮੰਜ਼ਿਲ ਜਨਰਲ ਸਕੱਤਰ ਓਬੀਸੀ ਮੋਰਚਾ, ਜਸਪਾਲ ਸਿੰਘ ਛਾਂਟੂ, ਨਰਿੰਦਰ ਸ਼ੇਖਰ ਲੂਥਰਾ, ਸੰਜੀਵ ਕੁਮਾਰ, ਸਲੀਲ ਕਪੂਰ ਵੀ ਹਾਜ਼ਰ ਸਨ।

# ਡਰੱਗਜ਼ ਮਾਮਲੇ 'ਚ ਭਾਜਪਾ ਆਗੂ ਬੋਨੀ ਅਜਨਾਲਾ ਨੂੰ ਸੰਮਨ



ਅੰਮ੍ਰਿਤਸਰ : ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਨੇ ਦਸੰਬਰ 2021 ਵਿੱਚ ਦਰਜ ਕੀਤੇ ਗਏ ਨਸ਼ੀਲੇ ਪਦਾਰਥਾਂ ਦੇ ਇਕ ਮਾਮਲੇ ਵਿੱਚ ਹੁਣ ਭਾਜਪਾ ਆਗੂ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਜਾਂਚ ਲਈ ਤਲਬ ਕੀਤਾ। ਇਸ ਤੋਂ ਪਹਿਲਾਂ ਬੀਤੇ ਕੱਲ੍ਹ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਸੰਮਨ ਕੀਤਾ ਗਿਆ ਸੀ। ਇਸ ਮਾਮਲੇ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੇ ਚੇਅਰਮੈਨ ਅਤੇ ਵਧੀਕ ਡਾਇਰੈਕਟਰ ਜਨਰਲ ਪੁਲੀਸ ਪਟਿਆਲਾ ਰੇਂਜ ਵੱਲੋਂ ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਨੂੰ ਇਸ ਸਬੰਧੀ ਪੱਤਰ ਭੇਜਿਆ ਗਿਆ। ਉਸ ਪੱਤਰ ਦੀ ਇੱਕ ਕਾਪੀ ਥਾਣਾ ਰਣਜੀਤ ਐਵੇਨਿਊ ਦੇ ਮੁੱਖ ਅਫਸਰ ਨੂੰ ਵੀ ਭੇਜੀ ਗਈ ਹੈ ਜਿਸ ਵਿੱਚ ਹਦਾਇਤ ਕੀਤੀ ਗਈ ਹੈ ਕਿ 20 ਦਸੰਬਰ 2021 ਨੂੰ ਥਾਣਾ ਪੰਜਾਬ ਸਟੇਟ ਕ੍ਰਾਈਮ ਮੁਹਾਲੀ ਵੱਲੋਂ ਐਨਡੀਪੀਐਸ ਐਕਟ ਹੇਠ ਦਰਜ ਕੀਤੇ ਗਏ ਕੇਸ ਵਿੱਚ ਜਾਂਚ ਕਰ ਰਹੀ ਸਿੱਟ ਵੱਲੋਂ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ 13 ਦਸੰਬਰ ਨੂੰ ਪਟਿਆਲਾ ਰੇਂਜ ਦਫਤਰ ਵਿਖੇ ਸੰਮਨ ਕੀਤਾ ਗਿਆ ਹੈ। ਉਸ ਨੂੰ ਦੁਪਹਿਰ 2 ਵਜੇ ਇਸ ਦਫਤਰ ਵਿੱਚ ਹਾਜ਼ਰ ਹੋਣ ਲਈ ਕਿਹਾ ਗਿਆ ਹੈ। ਇਸ ਸਬੰਧੀ ਥਾਣਾ ਰਣਜੀਤ ਐਵੇਨਿਊ ਦੇ ਐਸਐਚਓ ਨੂੰ ਆਦੇਸ਼ ਕੀਤੇ ਗਏ ਹਨ ਕਿ ਉਹ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਇਸ ਸਬੰਧੀ ਨੋਟਿਸ ਦੇਵੇ। ਸਾਬਕਾ ਅਕਾਲੀ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਇਸੇ ਸਾਲ ਫਰਵਰੀ ਮਹੀਨੇ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਿਆ ਸੀ। ਉਹ ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ ਦਾ ਪੁੱਤਰ ਹੈ। ਬੀਤੇ ਕੱਲ੍ਹ ਇਸੇ ਕੇਸ ਵਿੱਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ 18 ਦਸੰਬਰ ਨੂੰ ਪੇਸ਼ ਹੋਣ ਲਈ ਸੰਮਨ ਕੀਤਾ ਗਿਆ ਸੀ।

# ਭਾਰਤ ਇੱਕ ਲੰਮੀ ਛਾਲ ਮਾਰਨ ਲਈ ਤਿਆਰ: ਮੋਦੀ

### ਨੌਜਵਾਨਾਂ ਨੂੰ ਦੇਸ਼ ਦੀ ਅਗਵਾਈ ਲਈ ਤਿਆਰ ਕਰਨ 'ਤੇ ਦਿੱਤਾ ਜ਼ੋਰ




ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਭਰੋਸਾ ਜ਼ਾਹਿਰ ਕੀਤਾ ਕਿ ਭਾਰਤ ਮੌਜੂਦਾ ਸਮੇਂ ਅੰਦਰ ਵੱਡੀ ਛਾਲ ਮਾਰੇਗਾ ਅਤੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਇਸ ਤਰ੍ਹਾਂ ਤਿਆਰ ਕਰਨਾ ਪਵੇਗਾ ਕਿ ਉਹ ਦੇਸ਼ ਦੀ ਅਗਵਾਈ ਕਰੇ ਅਤੇ ਕੌਮੀ ਹਿੱਤਾਂ ਨੂੰ ਤਰਜੀਹ ਦੇਵੇ।

'ਵਿਕਸਿਤ ਭਾਰਤ 2047: ਨੌਜਵਾਨਾਂ ਦੀ ਆਵਾਜ਼' ਪਹਿਲ ਦੀ ਸ਼ੁਰੂਆਤ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੀ ਨੌਜਵਾਨ ਸ਼ਕਤੀ 'ਤਬਦੀਲੀ ਦੀ ਏਜੰਟ' ਅਤੇ 'ਤਬਦੀਲੀ ਦੀ ਲਾਭਪਾਤਰੀ' ਦੋਵੇਂ ਹੈ। ਉਨ੍ਹਾਂ ਕਿਹਾ, 'ਕਿਸੇ ਵੀ ਦੇਸ਼ ਦੇ ਜੀਵਨ 'ਚ ਇਤਿਹਾਸ ਇੱਕ ਮੌਕਾ ਦਿੰਦਾ ਹੈ ਜਦੋਂ ਦੇਸ਼ ਆਪਣੀ ਵਿਕਾਸ ਯਾਤਰਾ 'ਚ ਤੇਜ਼ੀ ਨਾਲ ਪ੍ਰਗਤੀ ਕਰ ਸਕਦਾ ਹੈ। ਭਾਰਤ 'ਚ ਅਜੇ ਅੰਮ੍ਰਿਤਕਾਲ ਚੱਲ ਰਿਹਾ ਹੈ ਅਤੇ ਇਹ ਭਾਰਤ ਦੇ ਇਤਿਹਾਸ ਦਾ ਉਹ ਸਮਾਂ ਹੈ ਜਦੋਂ ਦੇਸ਼ ਇੱਕ ਲੰਮੀ ਛਾਲ ਲਾਉਣ ਜਾ ਰਿਹਾ ਹੈ।' ਉਨ੍ਹਾਂ ਕਈ ਮੁਲਕਾਂ ਦੀ ਮਿਸਾਲ ਵੀ ਦਿੱਤੀ ਜਿਨ੍ਹਾਂ ਇੱਕ ਨਿਰਧਾਰਤ ਸਮੇਂ ਅੰਦਰ ਇੰਨੀ ਲੰਮੀ ਛਾਲ ਮਾਰੀ ਕਿ ਵਿਕਸਤ ਮੁਲਕ ਬਣ ਗਏ। ਉਨ੍ਹਾਂ ਕਿਹਾ ਕਿ ਭਾਰਤ ਲਈ ਇਹੀ ਸਹੀ ਸਮਾਂ ਹੈ। ਇਸ ਅੰਮ੍ਰਿਤਕਾਲ ਦੇ ਹਰ ਪਲ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਨੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਤੇ ਸਿੱਖਿਆ ਸੰਸਥਾਵਾਂ ਦੇ ਮੁਖੀਆਂ ਨੂੰ ਵਿਦਿਆਰਥੀਆਂ ਲਈ ਆਦਰਸ਼ ਬਣਨ ਦਾ ਸੱਦਾ ਦਿੱਤਾ। ਦੇਸ਼ ਦੀ ਤੇਜ਼ੀ ਨਾਲ ਵੱਧ ਰਹੀ ਨੌਜਵਾਨ ਅਬਾਦੀ ਦਾ ਜ਼ਿਕਰ ਕਰਦਿਆਂ ਮੋਦੀ ਨੇ ਕਿਹਾ ਕਿ ਭਾਰਤ ਆਉਣ ਵਾਲੇ 25-30 ਸਾਲਾਂ ਤੱਕ ਕੰਮ ਕਰਨ ਦੇ ਯੋਗ ਅਬਾਦੀ ਦੇ ਮਾਮਲੇ 'ਚ ਮੋਹਰੀ ਬਣਨ ਜਾ ਰਿਹਾ ਹੈ ਅਤੇ ਦੁਨੀਆ ਇਸ ਗੱਲ ਨੂੰ ਸਮਝਦੀ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਗਲੇ 25 ਸਾਲ ਅੱਜ ਦੇ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਨੌਜਵਾਨਾਂ ਦੇ ਕਰੀਅਰ ਲਈ ਫ਼ੈਸਲਾਕੁਨ ਹੋਣਗੇ।

# ਚੋਣਾਂ ਜਿੱਤਣ ਤੋਂ ਪਹਿਲਾਂ ਲੋਕਾਂ ਦੇ ਦਿਲ ਜਿੱਤਣੇ ਜ਼ਰੂਰੀ: ਮੋਦੀ

### ਔਰਤਾਂ ਨੂੰ ਵੱਡੀ 'ਜਾਤੀ' ਕਰਾਰ ਦਿੱਤਾ; ਵਿਰੋਧੀ ਪਾਰਟੀਆਂ ਤੋਂ ਸੁਚੇਤ ਰਹਿਣ ਲਈ ਕਿਹਾ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਮੋਦੀ ਦੀ ਗਾਰੰਟੀ 'ਚ ਦਮ ਹੈ ਅਤੇ ਕੁਝ ਪਾਰਟੀਆਂ ਇਹ ਨਹੀਂ ਸਮਝਦੀਆਂ ਕਿ 'ਝੂਠੇ ਐਲਾਨ' ਕਰਨ ਨਾਲ ਉਨ੍ਹਾਂ ਨੂੰ ਕੁਝ ਵੀ ਹਾਸਲ ਨਹੀਂ ਹੋਵੇਗਾ। 'ਵਿਕਸਤ ਭਾਰਤ ਸੰਕਲਪ ਯਾਤਰਾ' ਦੇ ਲਾਭਪਾਤਰੀਆਂ ਨਾਲ ਗੱਲਬਾਤ ਦੌਰਾਨ ਮੋਦੀ ਨੇ ਕਿਹਾ ਕਿ ਚੋਣਾਂ ਜਿੱਤਣ ਤੋਂ ਪਹਿਲਾਂ ਲੋਕਾਂ ਦੇ ਦਿਲ ਜਿੱਤਣਾ ਜ਼ਰੂਰੀ ਹੈ ਅਤੇ ਲੋਕਾਂ ਨੂੰ ਅਕਲਮੰਦ ਨਾ ਸਮਝਣਾ ਸਹੀ ਨਹੀਂ ਹੈ। ਯਾਤਰਾ ਨੂੰ ਲੋੜਵੰਦਾਂ ਤੱਕ ਪਹੁੰਚਣ ਦਾ ਬਹੁਤ ਵੱਡਾ ਸਾਧਨ ਦੱਸਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਬਹੁਤ ਹੀ ਘੱਟ ਸਮੇਂ 'ਚ ਹੁਣ ਤੱਕ ਸਵਾ ਕਰੋੜ ਤੋਂ ਵੱਧ ਲੋਕ 'ਮੋਦੀ ਦੀ ਗਾਰੰਟੀ' ਵਾਲੀ ਗੱਡੀ ਤੱਕ ਪਹੁੰਚੇ ਹਨ ਅਤੇ ਉਸ ਦਾ ਸਵਾਗਤ ਕੀਤਾ ਹੈ। ਵਿਰੋਧੀ ਧਿਰਾਂ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਆਪਣੇ ਹਿੱਤਾਂ ਦੀ ਬਜਾਏ ਸੇਵਾ ਭਾਵਨਾ ਨੂੰ ਤਰਜੀਹ ਦਿੱਤੀ ਹੁੰਦੀ ਤਾਂ ਦੇਸ਼ ਦੀ ਬਹੁਤ ਵੱਡੀ ਆਬਾਦੀ ਸਮੱਸਿਆਵਾਂ ਨਾਲ ਘਿਰੀ ਨਾ ਰਹਿੰਦੀ। 'ਸਾਡੀ ਸਰਕਾਰ 'ਮਾਈ-ਬਾਪ' ਸਰਕਾਰ ਨਹੀਂ ਹੈ ਸਗੋਂ ਮਾਪਿਆਂ ਦੀ ਸੇਵਾ ਕਰਨ ਵਾਲੀ ਸਰਕਾਰ ਹੈ। ਜਿਵੇਂ ਇਕ ਬੱਚਾ ਆਪਣੇ ਮਾਪਿਆਂ ਦੀ ਸੇਵਾ ਕਰਦਾ ਹੈ ਉਸੇ ਤਰ੍ਹਾਂ ਇਹ ਮੋਦੀ ਤੁਹਾਡੀ ਸੇਵਾ ਲਈ ਕੰਮ ਕਰਦਾ ਹੈ। ਮੋਦੀ ਗਰੀਬਾਂ ਤੇ ਹਾਸ਼ੀਏ 'ਤੇ ਧੱਕੇ ਲੋਕਾਂ ਦੀ ਪਰਵਾਹ ਕਰਦਾ ਹੈ ਜਿਨ੍ਹਾਂ ਦੀ ਕਿਸੇ ਨੇ ਪਰਵਾਹ ਨਹੀਂ ਕੀਤੀ ਸੀ। ਜਿਨ੍ਹਾਂ ਲਈ ਦਫ਼ਤਰਾਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਸਨ, ਮੋਦੀ ਨਾ ਸਿਰਫ਼ ਉਨ੍ਹਾਂ ਦੀ ਦੇਖਭਾਲ ਕਰਦਾ ਹੈ ਸਗੋਂ ਉਹ ਉਨ੍ਹਾਂ ਦੀ ਪੂਜਾ ਵੀ ਕਰਦਾ ਹੈ। ਮੇਰੇ ਲਈ ਹਰ ਗਰੀਬ, ਮਾਂ, ਧੀ, ਭੈਣ, ਕਿਸਾਨ ਅਤੇ ਨੌਜਵਾਨ ਵੀਆਈਪੀ ਹਨ।' ਮੋਦੀ ਨੇ ਕਿਹਾ ਕਿ ਸਵਾਲ ਇਹ ਹੈ ਕਿ ਦੇਸ਼ ਅਜਿਹੇ ਲੋਕਾਂ 'ਤੇ ਭਰੋਸਾ ਕਿਉਂ ਨਹੀਂ ਕਰਦਾ ਜੋ ਉਨ੍ਹਾਂ ਦਾ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ ਕੁਝ ਪਾਰਟੀਆਂ ਨੂੰ ਸਮਝ ਨਹੀਂ ਆ ਰਿਹਾ ਕਿ ਉਹ ਐਲਾਨ ਕਰਕੇ ਕੁਝ ਹਾਸਲ ਨਹੀਂ ਕਰ ਸਕਣਗੇ ਕਿਉਂਕਿ ਚੋਣਾਂ ਸੋਸ਼ਲ ਮੀਡੀਆ 'ਤੇ ਨਹੀਂ ਲੋਕਾਂ ਵਿਚਕਾਰ ਜਾ ਕੇ ਜਿੱਤੀਆਂ ਜਾਂਦੀਆਂ ਹਨ।



### ਚੰਡੀਗੜ੍ਹ 'ਚ ਚਾਹ ਦੀ ਦੁਕਾਨ ਚਲਾਉਣ ਵਾਲੀ ਕਿੰਨਰ ਨਾਲ ਪ੍ਰਧਾਨ ਮੰਤਰੀ ਨੇ ਕੀਤੀ ਗੱਲਬਾਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਹੋਰ ਲਾਭਪਾਤਰੀ ਮੋਨਾ ਨਾਲ ਵੀ ਗੱਲਬਾਤ ਕੀਤੀ ਜੋ ਕਿੰਨਰ ਹੈ। ਉਹ ਰਾਂਚੀ ਦੀ ਰਹਿਣ ਵਾਲੀ ਅਤੇ 'ਪੀਐੱਮ ਸਵੈਨਿਧੀ ਯੋਜਨਾ' ਰਾਹੀਂ 10 ਹਜ਼ਾਰ ਰੁਪਏ ਦਾ ਕਰਜ਼ਾ ਲੈਣ ਮਗਰੋਂ ਹੁਣ ਚੰਡੀਗੜ੍ਹ 'ਚ ਇਕ ਚਾਹ ਦੀ ਦੁਕਾਨ ਦੀ ਮਾਲਕ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਿੰਨਰ ਫਿਰਕੇ ਨੂੰ ਸਰਕਾਰੀ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 'ਸਬਕਾ ਸਾਥ, ਸਬਕਾ ਵਿਕਾਸ' ਤਹਿਤ ਵਿਕਾਸ ਦਾ ਲਾਭ ਸਮਾਜ ਦੇ ਹਰੇਕ ਤਬਕੇ ਤੱਕ ਪਹੁੰਚ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਔਰਤਾਂ ਨੂੰ ਵੰਡਪਾਊ ਸਿਆਸਤ ਤੋਂ ਖ਼ਬਰਦਾਰ ਕਰਦਿਆਂ ਕਿਹਾ ਕਿ ਉਹ ਇਕ ਵੱਡੀ 'ਜਾਤੀ' ਹਨ ਜੋ ਕਿਸੇ ਵੀ ਚੁਣੌਤੀ ਦਾ ਡਟ ਕੇ ਸਾਹਮਣਾ ਕਰ ਸਕਦੀਆਂ ਹਨ। ਮਹਿਲਾ ਲਾਭਪਾਤਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, "ਸਾਰੀਆਂ ਔਰਤਾਂ ਨੂੰ ਇਕਜੁੱਟ ਰਹਿਣਾ ਚਾਹੀਦਾ ਹੈ। ਅੱਜ-ਕੱਲ ਕੁਝ ਲੋਕ ਔਰਤਾਂ ਵਿਚਕਾਰ ਵੰਡੀਆਂ ਪੈਦਾ ਕਰ ਰਹੇ ਹਨ। ਸਾਰੀਆਂ ਔਰਤਾਂ ਦੀ ਇਕ ਜਾਤ ਹੁੰਦੀ ਹੈ ਜੋ ਇੰਨੀ ਵੱਡੀ ਹੈ ਕਿ ਉਹ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰ ਸਕਦੀ ਹੈ।" ਬਾਅਦ 'ਚ ਇਕ ਸਰਕਾਰੀ ਬਿਆਨ 'ਚ ਉਨ੍ਹਾਂ ਔਰਤਾਂ ਨੂੰ ਵੰਡਪਾਊ ਸਿਆਸਤ ਤੋਂ ਚੌਕਸ ਰਹਿਣ ਲਈ ਕਿਹਾ ਤਾਂ ਜੋ ਉਨ੍ਹਾਂ 'ਚ ਕੋਈ ਮੱਤਭੇਦ ਪੈਦਾ ਨਾ ਕੀਤੇ ਜਾ ਸਕਣ। ਮੋਦੀ ਦੇ ਇਸ ਬਿਆਨ ਨੂੰ ਕਾਂਗਰਸ ਹੋਰ ਪਾਰਟੀਆਂ 'ਤੇ ਤਨਜ਼ ਵਜੋਂ ਦੇਖਿਆ ਜਾ ਰਿਹਾ ਹੈ ਜਿਨ੍ਹਾਂ ਜਾਤ ਆਧਾਰਿਤ ਜਨਗਣਨਾ 'ਤੇ ਜ਼ੋਰ ਦਿੱਤਾ ਹੋਇਆ ਜਦਕਿ ਪ੍ਰਧਾਨ ਮੰਤਰੀ ਲਗਾਤਾਰ ਇਸ ਗੱਲ 'ਤੇ ਜ਼ੋਰ ਦੇ ਰਹੇ ਹਨ ਕਿ ਗਰੀਬ, ਔਰਤਾਂ, ਨੌਜਵਾਨ ਅਤੇ ਕਿਸਾਨ ਉਨ੍ਹਾਂ ਲਈ ਚਾਰ ਸਭ ਤੋਂ ਵੱਡੀਆਂ ਜਾਤੀਆਂ ਹਨ ਅਤੇ ਉਨ੍ਹਾਂ ਦੀ ਤਰੱਕੀ ਨਾਲ ਭਾਰਤ ਵਿਕਸਤ ਬਣੇਗਾ।

### ਪਿਛਲੇ 10 ਸਾਲਾਂ 'ਚ ਕੀਤੇ ਸੁਧਾਰਾਂ ਨਾਲ ਅਰਥਚਾਰਾ ਹੋਇਆ ਮਜ਼ਬੂਤ: ਮੋਦੀ

ਗਾਂਧੀਨਗਰ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਮੌਜੂਦਾ ਵਿੱਤੀ ਵਰ੍ਹੇ ਦੇ ਪਹਿਲੇ ਛੇ ਮਹੀਨਿਆਂ 'ਚ ਦੇਸ਼ ਦੀ ਵਿਕਾਸ ਦਰ 7.7 ਫ਼ੀਸਦ ਰਹਿਣਾ ਮਜ਼ਬੂਤ ਹੁੰਦੇ ਅਰਥਚਾਰੇ ਅਤੇ ਪਿਛਲੇ 10 ਸਾਲਾਂ 'ਚ ਕੀਤੇ ਗਏ ਅਹਿਮ ਸੁਧਾਰਾਂ ਦਾ ਅਕਸ ਹੈ। ਮੋਦੀ ਨੇ ਇਥੇ 'ਇਨਫਿਨਿਟੀ ਫੋਰਮ 2.0' ਸੰਮੇਲਨ ਨੂੰ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਗੁਜਰਾਤ ਇੰਟਰਨੈਸ਼ਨਲ ਫਾਇਨਾਂਸ ਟੈੱਕ-ਸਿਟੀ (ਗਿਫਟ ਸਿਟੀ) ਨੂੰ ਨਵੇਂ ਯੁੱਗ ਦੇ ਵਿੱਤੀ ਅਤੇ ਤਕਨਾਲੋਜੀ ਸੇਵਾਵਾਂ ਦਾ ਆਲਮੀ ਕੇਂਦਰ ਬਣਾਉਣਾ ਚਾਹੁੰਦੀ ਹੈ। ਉਨ੍ਹਾਂ ਆਸ ਜਤਾਈ ਕਿ ਅਗਲੇ ਕੁਝ ਸਾਲਾਂ 'ਚ ਮੁਲਕ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ ਅਤੇ 2047 ਤੱਕ ਵਿਕਸਤ ਮੁਲਕਾਂ 'ਚ ਸ਼ੁਮਾਰ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਆਰਥਿਕ ਸੁਧਾਰਾਂ ਨਾਲ ਦੇਸ਼ ਦੀ ਨੀਂਹ ਮਜ਼ਬੂਤ ਹੋਈ ਹੈ। 'ਕੋਵਿਡ-19 ਮਹਾਮਾਰੀ ਦੌਰਾਨ ਜਦੋਂ ਜ਼ਿਆਦਾਤਰ ਦੇਸ਼ ਸਿਰਫ਼ ਵਿੱਤੀ ਅਤੇ ਮਾਲੀ ਰਾਹਤ 'ਤੇ ਧਿਆਨ ਕੇਂਦਰਤ ਕਰ ਰਹੇ ਸਨ, ਅਸੀਂ ਲੰਬੇ ਸਮੇਂ ਦੇ ਵਿਕਾਸ ਅਤੇ ਆਰਥਿਕ ਸਮਰੱਥਾ ਦੇ ਵਿਸਥਾਰ 'ਤੇ ਧਿਆਨ ਦਿੱਤਾ।' ਉਨ੍ਹਾਂ ਕਿਹਾ ਕਿ ਸਤੰਬਰ 'ਚ ਕੌਮਾਂਤਰੀ ਮੁਦਰਾ ਫੰਡ ਨੇ ਅੰਦਾਜ਼ਾ ਲਾਇਆ ਸੀ ਕਿ ਭਾਰਤ ਕਾਰਨ ਆਲਮੀ ਵਿਕਾਸ ਦਰ 16 ਫ਼ੀਸਦ ਰਹੇਗੀ। ਮੋਦੀ ਨੇ ਕਿਹਾ ਕਿ ਆਲਮੀ ਬੈਂਕ ਨੇ ਇਹ ਵੀ ਕਿਹਾ ਹੈ ਕਿ ਚੁਣੌਤੀਆਂ ਦੌਰਾਨ ਭਾਰਤ ਤੋਂ ਕਾਫ਼ੀ ਉਮੀਦਾਂ ਹਨ।

# ਮੋਦੀ ਵੱਲੋਂ ਕੀਤੀ ਲੋਕ ਭਲਾਈ ਗਾਂਧੀ ਦੇ ਆਦਰਸ਼ਾਂ ਤੋਂ ਪ੍ਰੇਰਿਤ: ਰਾਜਨਾਥ



ਨਵੀਂ ਦਿੱਲੀ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਵੱਲੋਂ ਕੀਤੇ ਗਏ ਸਾਰੇ ਕੰਮ ਵੱਡੀ ਪੱਧਰ 'ਤੇ ਮਹਾਤਮਾ ਗਾਂਧੀ ਦੇ ਆਦਰਸ਼ਾਂ ਤੋਂ ਪ੍ਰੇਰਿਤ ਹਨ।

ਕੌਮੀ ਰਾਜਧਾਨੀ ਵਿੱਚ ਅੱਜ 'ਦਲਿਤ ਸਨਮਾਨ ਸਮਾਰੋਹ' ਨੂੰ ਸੰਬੋਧਨ ਕਰਦਿਆਂ ਰੱਖਿਆ ਮੰਤਰੀ ਨੇ ਕਿਹਾ, "ਗਾਂਧੀ ਜੀ ਸਾਰੇ ਦੇਸ਼ ਵਾਸੀਆਂ ਦੇ ਦਿਲ ਤੇ ਦਿਮਾਗ ਵਿੱਚ ਹਨ। ਦੇਸ਼ ਤੇ ਦੁਨੀਆਂ ਵਿੱਚ ਹਰੇਕ ਵਿਅਕਤੀ ਬਾਪੂ ਦੇ ਵਿਚਾਰਾਂ, ਸਿਧਾਂਤਾਂ ਤੇ ਸੱਚ ਲਈ ਉਨ੍ਹਾਂ ਦੀ ਜ਼ਿੰਦਗੀ ਭਰ ਦੀ ਖੋਜ ਬਾਰੇ ਜਾਣਦਾ ਹੈ। ਉਹ 154 ਸਾਲ ਪਹਿਲਾਂ 2 ਅਕਤੂਬਰ ਨੂੰ ਇਸ ਦੁਨੀਆਂ ਵਿੱਚ ਆਏ ਸਨ। ਮੇਰੇ ਲਈ 2 ਅਕਤੂਬਰ ਸਿਰਫ ਇਕ ਵਿਅਕਤੀ ਦਾ ਜਨਮ ਦਿਨ ਨਹੀਂ ਹੈ ਬਲਕਿ ਸਾਡੇ ਇਤਿਹਾਸ ਦਾ ਇਕ ਅਧਿਆਏ ਹੈ। ਇਹ ਇਕ ਯੁੱਗ ਦੀ ਨਿਸ਼ਾਨਦੇਹੀ ਕਰਦਾ ਹੈ।" ਰਾਜਨਾਥ ਸਿੰਘ ਨੇ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਾਡੇ ਵੱਲੋਂ ਕੀਤੇ ਗਏ ਕੰਮ ਮਹਾਤਮਾ ਗਾਂਧੀ ਦੇ ਵਿਚਾਰਾਂ ਤੋਂ ਪ੍ਰੇਰਿਤ ਹਨ। ਹਾਲਾਂਕਿ, ਸਾਡੇ ਬੈਂਕ ਸਾਡੇ ਸੱਤਾ ਵਿੱਚ ਆਉਣ ਤੋਂ ਕਾਫੀ ਸਮਾਂ ਪਹਿਲਾਂ ਕੌਮੀਕ੍ਰਿਤ ਹੋ ਚੁੱਕੇ ਸਨ ਪਰ ਮੋਦੀ ਜੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਹਰੇਕ ਘਰ ਦਾ ਇਕ ਮੈਂਬਰ ਬੈਂਕ ਵਿੱਚ ਆਪਣਾ ਖ਼ੁਦ ਦਾ ਖਾਤਾ ਨਹੀਂ ਸੀ ਖੋਲ੍ਹ ਸਕਦਾ।" ਇਸ ਮੌਕੇ ਰੱਖਿਆ ਮੰਤਰੀ ਨੇ ਰਾਜਘਾਟ ਵਿੱਚ ਮਹਾਤਮਾ ਗਾਂਧੀ ਦੇ ਇਕ ਬੁੱਤ ਤੋਂ ਪਰਦਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਸਭ ਤੋਂ ਪਹਿਲਾ ਕਦਮ 'ਸਵੱਛਤਾ ਅਭਿਆਨ' ਦੇ ਤੌਰ 'ਤੇ ਉਠਾਇਆ। ਇਹ ਸਾਰੇ ਜਾਣਦੇ ਹਨ ਕਿ ਗਾਂਧੀ ਜੀ ਸਾਰੀ ਉਮਰ ਸਫਾਈ ਪ੍ਰਤੀ ਸੁਚੇਤ ਰਹੇ। ਮੇਰਾ ਮੰਨਣਾ ਹੈ ਕਿ ਗਾਂਧੀ ਜੀ ਤੋਂ ਬਾਅਦ ਆਈਆਂ ਸਰਕਾਰਾਂ ਨੇ ਉਨ੍ਹਾਂ ਦੇ ਆਦਰਸ਼ਾਂ ਨੂੰ ਭੁਲਾ ਦਿੱਤਾ ਸੀ ਪਰ ਮੋਦੀ ਜੀ ਦੀ ਅਗਵਾਈ ਵਾਲੀ ਸਰਕਾਰ ਦੀ ਇਸ ਗੱਲੋਂ ਸ਼ਲਾਘਾ ਕਰਨੀ ਬਣਦੀ ਹੈ ਕਿ ਇਸ ਨੇ ਲੋਕ ਭਲਾਈ ਦੇ ਕੰਮਾਂ ਰਾਹੀਂ ਬਾਪੂ ਦੀ ਵਿਚਾਰਧਾਰਾ ਨੂੰ ਅੱਗੇ ਵਧਾਇਆ। ਇਸ ਦੌਰਾਨ ਸੀਨੀਅਰ ਭਾਜਪਾ ਆਗੂ ਨੇ ਹੋਰਾਂ ਨਾਲ ਜ਼ਮੀਨ 'ਤੇ ਬੈਠ ਕੇ ਖਾਣਾ ਖਾਧਾ।

# ਭਾਰਤ 2025 ਤੱਕ ਪੰਜ ਹਜ਼ਾਰ ਅਰਬ ਡਾਲਰ ਦੀ ਅਰਥਵਿਵਸਥਾ ਬਣ ਜਾਵੇਗਾ: ਸ਼ਾਹ

ਦੇਹਰਾਦੂਨ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਇੱਥੇ ਕਿਹਾ ਕਿ ਭਾਰਤ 2025 ਤੱਕ 5000 ਅਰਬ ਅਮਰੀਕੀ ਡਾਲਰ ਦੀ ਅਰਥਵਿਵਸਥਾ ਬਣ ਜਾਵੇਗਾ। ਉਨ੍ਹਾਂ ਇੱਥੇ ਉੱਤਰਾਖੰਡ ਆਲਮੀ ਨਿਵੇਸ਼ਕ ਸਿਖਰ ਸੰਮੇਲਨ ਦੇ ਸਮਾਪਤੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਸਦਕਾ ਭਾਰਤ ਪਿਛਲੇ ਇੱਕ ਦਹਾਕੇ ਦੌਰਾਨ ਹਰ ਮੋਰਚੇ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਸ਼ਾਹ ਨੇ ਕਿਹਾ, "ਦੁਨੀਆ ਅੱਜ ਭਾਰਤ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਹੈ। 2014 ਤੋਂ 2023 ਦਰਮਿਆਨ ਭਾਰਤ ਦੁਨੀਆ ਦੀ 11ਵੀਂ ਅਰਥਵਿਵਸਥਾ ਤੋਂ ਉੱਪਰ ਉੱਠ ਕੇ ਪੰਜਵੀਂ (ਸਭ ਤੋਂ ਵੱਡੀ) ਅਰਥਵਿਵਸਥਾ ਬਣ ਗਿਆ ਹੈ।" ਉਨ੍ਹਾਂ ਕਿਹਾ ਕਿ ਆਜ਼ਾਦੀ ਦੇ 75 ਸਾਲ ਦੌਰਾਨ ਦੇਸ਼ ਨੇ ਪਹਿਲਾਂ ਕਦੇ ਇੰਨੀ ਵੱਡੀ ਛਾਲ ਨਹੀਂ ਮਾਰੀ। ਉਨ੍ਹਾਂ ਇਸ ਦਾ ਸਿਹਰਾ ਮੋਦੀ ਦੀ ਯੋਗ ਅਗਵਾਈ ਅਤੇ ਆਪਣੇ ਟੀਚੇ ਨੂੰ ਹਕੀਕਤ ਵਿੱਚ ਬਦਲਣ ਦੀ ਉਨ੍ਹਾਂ ਦੀ ਸਮਰੱਥਾ ਨੂੰ ਦਿੱਤਾ। ਸ਼ਾਹ ਨੇ ਕਿਹਾ ਕਿ ਮੋਦੀ ਜਲਵਾਯੂ ਤਬਦੀਲੀ ਖ਼ਿਲਾਫ਼ ਅੰਦੋਲਨ ਦੀ ਅਗਵਾਈ ਕਰ ਰਹੇ ਹਨ, ਉਹ ਅਤਿਵਾਦ ਮੁਕਤ ਦੁਨੀਆ ਲਈ ਕੌਮਾਂਤਰੀ ਮੁਹਿੰਮ ਦੀ ਅਗਵਾਈ ਕਰਨ ਤੋਂ ਇਲਾਵਾ ਆਪਣੇ ਮੇਕ ਇਨ ਇੰਡੀਆ ਪ੍ਰੋਗਰਾਮ ਜ਼ਰੀਏ ਦੁਨੀਆ ਦੀ ਧੀਮੀ ਹੁੰਦੀ ਜਾ ਰਹੀ ਜੀਡੀਪੀ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੀ20 ਦਿੱਲੀ ਐਲਾਨ ਪੱਤਰ ਕੂਟਨੀਤਕ ਮੋਰਚੇ 'ਤੇ ਭਾਰਤ ਦੀ ਵੱਡੀ ਪ੍ਰਾਪਤੀ ਹੈ, ਜਿਸ ਨੂੰ ਦੁਨੀਆ ਆਉਣ ਵਾਲੇ ਦਹਾਕਿਆਂ ਤੱਕ ਯਾਦ ਰੱਖੇਗੀ।



ਸ਼ਾਹ ਨੇ ਕਿਹਾ ਕਿ ਪਿਛਲੇ ਦਸ ਸਾਲਾਂ ਵਿੱਚ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਦੁੱਗਣੀ ਹੋ ਗਈ ਹੈ ਅਤੇ ਇਸ ਦੌਰਾਨ ਦੇਸ਼ ਭਰ ਵਿੱਚ ਸਾਢੇ 13 ਕਰੋੜ ਲੋਕ ਗਰੀਬੀ ਤੋਂ ਬਾਹਰ ਆਏ ਹਨ। ਉਨ੍ਹਾਂ ਕਿਹਾ, "ਆਈਐੱਮਐੱਫ ਨੇ ਭਾਰਤ ਨੂੰ ਹਨੇਰੇ ਵਿੱਚ ਇੱਕ ਚਮਕਦਾ ਸਥਾਨ ਬਣਾਇਆ ਹੈ। ਮਾਰਗਨ ਸਟੈਨਲੀ ਨੇ ਕਿਹਾ ਕਿ 2027 ਤੱਕ ਭਾਰਤ ਜਾਪਾਨ ਅਤੇ ਜਰਮਨੀ ਤੋਂ ਅੱਗੇ ਨਿਕਲ ਕੇ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਇਹ ਚੰਗੇ ਸੰਕੇਤ ਹਨ। ਭਾਰਤ ਦਾ ਸਮਾਂ ਆ ਗਿਆ ਹੈ।" ਉਨ੍ਹਾਂ ਕਿਹਾ ਕਿ ਜਦੋਂ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਸੰਮੇਲਨ ਲਈ ਦੋ ਲੱਖ ਕਰੋੜ ਰੁਪਏ ਦਾ ਨਿਵੇਸ਼ ਲਿਆਉਣ ਦਾ ਟੀਚਾ ਰੱਖਿਆ ਹੈ ਤਾਂ ਉਨ੍ਹਾਂ ਨੂੰ ਲੱਗਿਆ ਕਿ ਇਹ ਅਸੰਭਵ ਹੈ। ਸ਼ਾਹ ਨੇ ਕਿਹਾ, "ਮੈਂ ਉਨ੍ਹਾਂ ਨੂੰ ਪਹਿਲਾਂ ਹੀ ਵੱਖ ਵੱਖ ਕੰਪਨੀਆਂ ਨਾਲ ਤਿੰਨ ਲੱਖ ਕਰੋੜ ਰੁਪਏ ਦੇ ਨਿਵੇਸ਼ ਸਮਝੌਤਿਆਂ 'ਤੇ ਦਸਤਖ਼ਤ ਕਰਨ ਲਈ ਵਧਾਈ ਦਿੰਦਾ ਹਾਂ।"

# ਗਾਜ਼ਾ 'ਚ ਤੇਜ਼ ਹੋਈ ਲੜਾਈ, ਅਮਰੀਕਾ ਨੇ ਹਥਿਆਰ ਭੇਜੇ

## ਖਾਨ ਯੂਨਿਸ ਸ਼ਹਿਰ ਵਿੱਚ ਲਗਾਤਾਰ ਗੋਲੀਬਾਰੀ ਅਤੇ ਧਮਾਕੇ



ਰਾਫਾਹ : ਦੱਖਣੀ ਗਾਜ਼ਾ ਦੇ ਖਾਨ ਯੂਨਿਸ ਸ਼ਹਿਰ ਵਿਚ ਸ਼ਨਿਚਰਵਾਰ ਰਾਤ ਤੋਂ ਜ਼ੋਰਦਾਰ ਜੰਗ ਜਾਰੀ ਹੈ। ਇਸ ਦੇ ਨਾਲ ਹੀ ਇਜ਼ਰਾਇਲੀ ਸੈਨਾ ਉੱਤਰੀ ਗਾਜ਼ਾ ਵਿਚ ਵਿਰੋਧ ਦਾ ਲਗਾਤਾਰ ਸਾਹਮਣਾ ਕਰ ਰਹੀ ਹੈ। ਗਾਜ਼ਾ ਵਿਚ ਹਮਲੇ ਅਜਿਹੇ ਸਮੇਂ ਵਧੇ ਹਨ ਜਦ ਅਮਰੀਕਾ ਨੇ ਲੜਾਈ ਰੋਕਣ ਦੇ ਹਾਲੀਆ ਕੌਮਾਂਤਰੀ ਯਤਨਾਂ ਵਿਚ ਅੜਿੱਕਾ ਪਾ ਦਿੱਤਾ ਹੈ ਤੇ ਆਪਣੇ ਕਰੀਬੀ ਸਹਿਯੋਗੀਆਂ ਨੂੰ ਹੋਰ ਜੰਗੀ ਸਾਜ਼ੋ-ਸਾਮਾਨ ਭੇਜਿਆ ਹੈ। ਇਸ ਤੋਂ ਬਾਅਦ ਇਜ਼ਰਾਈਲ ਨੇ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਹਜ਼ਾਰਾਂ ਫਲਸਤੀਨੀ ਨਾਗਰਿਕਾਂ ਦੀ ਹੱਤਿਆ ਤੇ ਗਾਜ਼ਾ ਦੀ ਕਰੀਬ 85 ਫੀਸਦੀ ਆਬਾਦੀ ਦੇ ਉਂਜੜਨ ਤੋਂ ਬਾਅਦ ਇਜ਼ਰਾਈਲ ਨੂੰ ਵਧਦੇ ਕੌਮਾਂਤਰੀ ਰੋਹ ਤੇ ਜੰਗਬੰਦੀ ਦੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੌਰਤਲਬ ਹੈ ਕਿ ਅਮਰੀਕਾ ਨੇ ਲੜਾਈ ਨੂੰ ਖ਼ਤਮ ਕਰਨ ਦੀ ਤਜਵੀਜ਼ ਉਤੇ ਸੰਯੁਕਤ ਰਾਸ਼ਟਰ ਸਲਾਮਤੀ ਪਰਿਸ਼ਦ ਵਿਚ ਆਪਣੀ 'ਵੀਟੋ' ਤਾਕਤ ਦੀ ਵਰਤੋਂ ਕਰ ਕੇ ਹਾਲ ਦੇ ਦਿਨਾਂ 'ਚ ਇਜ਼ਰਾਈਲ ਦੀ ਮੁਹਿੰਮ ਵਿਚ ਅਹਿਮ ਸਹਿਯੋਗ ਕੀਤਾ ਹੈ। ਅਮਰੀਕਾ ਨੇ ਇਜ਼ਰਾਈਲ ਨੂੰ 10 ਕਰੋੜ ਡਾਲਰ ਤੋਂ ਵੱਧ ਦੇ ਹਥਿਆਰ ਵੇਚੇ ਹਨ।

ਅਮਰੀਕਾ ਨੇ ਹਮਾਸ ਨੂੰ ਖ਼ਤਮ ਕਰਨ ਤੇ ਸੱਤ ਅਕਤੂਬਰ ਵਰਗੇ ਕਿਸੇ ਹਮਲੇ ਨੂੰ ਦੁਹਰਾਉਣ ਤੋਂ ਬਚਣ ਦੇ ਇਜ਼ਰਾਈਲ ਦੇ ਟੀਚੇ ਪ੍ਰਤੀ ਸਮਰਥਨ ਵੀ ਜਤਾਇਆ ਹੈ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੀ ਸ਼ੁਰੂਆਤ ਵਿਚ ਇਜ਼ਰਾਇਲੀ ਸੈਨਾ ਖਾਨ ਯੂਨਿਸ ਵਿਚ ਦਾਖਲ ਹੋਈ ਸੀ। ਸ਼ਹਿਰ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਰਾਤ ਭਰ ਲਗਾਤਾਰ ਗੋਲੀਬਾਰੀ ਤੇ ਧਮਾਕਿਆਂ ਦੀ ਆਵਾਜ਼ ਸੁਣੀ। ਉਨ੍ਹਾਂ ਦੱਸਿਆ ਕਿ ਲੜਾਕੂ ਜਹਾਜ਼ਾਂ ਨੇ ਗਾਜ਼ਾ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਵਿਚ ਤੇ ਇਸ ਦੇ ਆਲੇ-ਦੁਆਲੇ ਬੰਬਾਰੀ ਕੀਤੀ। ਹਮਾਸ ਦੇ ਕਬਜ਼ੇ ਵਾਲੇ ਖੇਤਰ ਦੇ ਸਿਹਤ ਮੰਤਰਾਲੇ ਮੁਤਾਬਕ ਜੰਗ ਕਾਰਨ ਗਾਜ਼ਾ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ 17 ਹਜ਼ਾਰ ਨੂੰ ਪਾਰ ਕਰ ਗਈ ਹੈ। ਇਨ੍ਹਾਂ ਵਿਚ ਵੱਡੀ ਗਿਣਤੀ ਬੱਚੇ ਤੇ ਔਰਤਾਂ ਸ਼ਾਮਲ ਹਨ।

# ਰਾਫ਼ਾਹ 'ਚ ਇਜ਼ਰਾਇਲੀ ਬੰਬਾਰੀ ਨੇ ਫਲਸਤੀਨੀਆਂ ਦੇ ਸਾਹ ਸੂਤੇ

## ਗਾਜ਼ਾ ਵਿੱਚ ਕੋਈ ਵੀ ਸੁਰੱਖਿਅਤ ਥਾਂ ਨਹੀਂ ਬਚੀ



ਰਾਫ਼ਾਹ : ਇਜ਼ਰਾਇਲੀ ਫ਼ੌਜ ਨੇ ਬੀਤੀ ਰਾਤ ਗਾਜ਼ਾ ਦੇ ਰਾਫ਼ਾਹ ਕਸਬੇ 'ਤੇ ਦੋ ਵਾਰ ਜ਼ੋਰਦਾਰ ਹਮਲੇ ਕੀਤੇ ਜਿਸ ਨਾਲ ਲੋਕਾਂ ਦੇ ਸਾਹ ਸੂਤੇ ਗਏ ਹਨ। ਲੋਕਾਂ ਮੁਤਾਬਕ ਇਜ਼ਰਾਈਲ ਵੱਲੋਂ ਹਮਲੇ ਦਾ ਘੇਰਾ ਵਧਾਉਣ ਮਗਰੋਂ ਰਾਫ਼ਾਹ ਹੀ ਅਜਿਹਾ ਟਿਕਾਣਾ ਬਚਿਆ ਸੀ ਜਿਥੇ ਉਹ ਥੋੜ੍ਹਾ-ਬਹੁਤ ਆਪਣੇ ਆਪ ਨੂੰ ਸੁਰੱਖਿਅਤ ਸਮਝ ਰਹੇ ਸਨ ਪਰ ਹਮਲਿਆਂ ਨੇ ਉਨ੍ਹਾਂ 'ਚ ਦਹਿਸ਼ਤ ਪੈਦਾ ਕਰ ਦਿੱਤੀ ਹੈ। ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੇ ਕਿਹਾ ਕਿ ਹੁਣ ਗਾਜ਼ਾ 'ਚ ਕੋਈ ਵੀ ਥਾਂ ਸੁਰੱਖਿਅਤ ਨਹੀਂ ਰਹੀ ਹੈ। ਦੱਖਣੀ ਸ਼ਹਿਰ ਖ਼ਾਨ ਯੂਨਿਸ ਦੇ ਆਲੇ-ਦੁਆਲੇ ਗਹਿਗੱਚ ਲੜਾਈ ਨੇ ਲੱਖਾਂ ਲੋਕਾਂ ਨੂੰ ਉਥੋਂ ਆਪਣੇ ਟਿਕਾਣੇ ਛੱਡਣ ਲਈ ਮਜਬੂਰ ਕਰ ਦਿੱਤਾ ਹੈ। ਉੱਤਰੀ ਅਤੇ ਕੇਂਦਰੀ ਗਾਜ਼ਾ ਦਾ ਸੰਪਰਕ ਤੋੜਨ ਤੇ ਰਾਹਤ ਸਮੱਗਰੀ ਰੋਕਣ ਕਰਕੇ ਫਲਸਤੀਨੀ ਮਿਸਰ ਸਰਹੱਦ ਨਾਲ ਲਗਦੇ ਰਾਫ਼ਾਹ ਅਤੇ ਹੋਰ ਇਲਾਕਿਆਂ ਵੱਲ ਹਿਜਰਤ ਕਰ ਗਏ ਹਨ। ਇਜ਼ਰਾਈਲ ਨੇ ਇਨ੍ਹਾਂ ਇਲਾਕਿਆਂ 'ਚ ਵੀ ਹਵਾਈ ਹਮਲੇ ਕੀਤੇ ਹਨ ਅਤੇ ਉਸ ਦਾ ਦਾਅਵਾ ਹੈ ਕਿ ਉਹ ਹਮਾਸ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਰਾਫ਼ਾਹ 'ਚ ਬੁੱਧਵਾਰ ਨੂੰ ਕੀਤੇ ਗਏ ਹਮਲੇ ਦੌਰਾਨ ਇਕ ਘਰ ਪੂਰੀ ਤਰ੍ਹਾਂ ਤਬਾਹ ਹੋ ਗਿਆ। ਇਕ ਪ੍ਰਤੱਖਦਰਸ਼ੀ ਨੇ ਕਿਹਾ ਕਿ ਹਮਲੇ 'ਚ 20 ਵਿਅਕਤੀ ਮਾਰੇ ਗਏ ਹਨ। ਲੋਕਾਂ ਨੇ ਕਿਹਾ ਕਿ ਵੀਰਵਾਰ ਤੜਕੇ ਇਕ ਹੋਰ ਘਰ 'ਤੇ ਬੰਬਾਰੀ ਹੋਈ ਹੈ। ਫ਼ੌਜ ਨੇ ਦੋਸ਼ ਲਾਇਆ ਹੈ ਕਿ ਰਾਫ਼ਾਹ 'ਚ ਦਹਿਸ਼ਤਗਰਦਾਂ ਨੇ ਉਨ੍ਹਾਂ 'ਤੇ ਰਾਕੇਟ ਦਾਗ਼ੇ ਹਨ। ਸੰਯੁਕਤ ਰਾਸ਼ਟਰ ਨੇ ਕਿਹਾ ਕਿ 23 ਲੱਖ ਦੀ ਆਬਾਦੀ 'ਚੋਂ 80 ਫ਼ੀਸਦ ਤੋਂ ਜ਼ਿਆਦਾ (18.7 ਲੱਖ) ਲੋਕ ਪਹਿਲਾਂ ਹੀ ਘਰ-ਬਾਰ ਛੱਡ ਕੇ ਜਾ ਚੁੱਕੇ ਹਨ। ਰਾਫ਼ਾਹ 'ਚ ਕਰੀਬ 2.80 ਲੱਖ ਦੀ ਆਬਾਦੀ ਹੈ ਅਤੇ ਉਥੇ ਪਹਿਲਾਂ ਹੀ 4.70 ਲੱਖ ਲੋਕ ਪੁੱਜ ਚੁੱਕੇ ਹਨ। ਮਿਸਰ ਨੇ ਸ਼ਰਨਾਰਥੀਆਂ ਨੂੰ ਰੋਕਣ ਲਈ ਸਰਹੱਦ 'ਤੇ ਹਜ਼ਾਰਾਂ ਜਵਾਨ ਤਾਇਨਾਤ ਕਰਦਿਆਂ ਵੱਡੇ ਵੱਡੇ ਅੜਿੱਕੇ ਲਗਾਏ ਹਨ।

### ਗਾਜ਼ਾ 'ਚ ਭਾਰਤੀ ਮੂਲ ਦਾ ਇਜ਼ਰਾਇਲੀ ਸੈਨਿਕ ਹਲਾਕ

ਯੇਰੂਸ਼ਲੱਮ: ਗਾਜ਼ਾ ਪੱਟੀ 'ਚ ਜੰਗ ਦੌਰਾਨ ਮੰਗਲਵਾਰ ਨੂੰ ਭਾਰਤੀ ਮੂਲ ਦਾ ਇਜ਼ਰਾਇਲੀ ਮਾਸਟਰ ਸਾਰਜੈਂਟ ਜਿਲ ਡੈਨੀਅਲਜ਼ (34) ਮਾਰਿਆ ਗਿਆ। ਉਸ ਨੂੰ ਗ੍ਰਹਿ ਨਗਰ ਐਸ਼ਡੋਡ 'ਚ ਫ਼ੌਜ ਦੇ ਕਬਰਸਤਾਨ 'ਚ ਦਫ਼ਨਾਇਆ ਗਿਆ। ਇਜ਼ਰਾਈਲ ਡਿਫੈਂਸ ਫੋਰਸਿਜ਼ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਗਾਜ਼ਾ ਪੱਟੀ 'ਚ ਮਾਰੇ ਗਏ ਦੋ ਹੋਰ ਜਵਾਨਾਂ 'ਚ ਜਿਲ ਵੀ ਸ਼ਾਮਲ ਸੀ। ਇੰਡੀਅਨ ਜਿਊਇਸ਼ ਹੈਰੀਟੇਜ ਸੈਂਟਰ ਨੇ ਕਿਹਾ ਕਿ ਜਿਲ ਨੂੰ ਜੰਗ ਸ਼ੁਰੂ ਦੇ ਤੁਰੰਤ ਮਗਰੋਂ 10 ਅਕਤੂਬਰ ਨੂੰ ਫ਼ੌਜ ਨੇ ਸੱਦਿਆ ਸੀ। ਜਿਲ ਨੇ ਹਿਬਰਊ ਯੂਨੀਵਰਸਿਟੀ ਤੋਂ ਫਾਰਮੇਸੀ 'ਚ ਮਾਸਟਰਜ਼ ਕੀਤੀ ਸੀ। ਜਿਲ ਮੂਲ ਰੂਪ ਤੋਂ ਮਹਾਰਾਸ਼ਟਰ ਖ਼ਿੱਤੇ ਨਾਲ ਸਬੰਧਤ ਸੀ। ਹਮਾਸ ਨਾਲ ਜੰਗ 'ਚ ਹੁਣ ਤੱਕ 86 ਇਜ਼ਰਾਇਲੀ ਫ਼ੌਜੀਆਂ ਦੀ ਮੌਤ ਹੋ ਚੁੱਕੀ ਹੈ।

# ਗਾਜ਼ਾ ਦੇ ਮੁੱਖ ਸ਼ਹਿਰਾਂ ਵਿੱਚ ਗਹਿਗੱਚ ਲੜਾਈ

## ਲੋਕ ਸਰਹੱਦੀ ਮੋਰਚਿਆਂ 'ਤੇ ਫਸੇ; ਰਾਹਤ ਸਮੱਗਰੀ ਦੀ ਕਮੀ ਕਾਰਨ ਹਾਲਾਤ ਵਿਗੜੇ



ਰਾਫ਼ਾਹ : ਇਜ਼ਰਾਇਲੀ ਫ਼ੌਜ ਅਤੇ ਹਮਾਸ ਵਿਚਕਾਰ ਗਾਜ਼ਾ ਦੇ ਦੋ ਵੱਡੇ ਸ਼ਹਿਰਾਂ 'ਚ ਗਹਿਗੱਚ ਲੜਾਈ ਜਾਰੀ ਹੈ। ਜੰਗ ਕਾਰਨ ਆਮ ਲੋਕਾਂ ਨੇ ਸਰਹੱਦੀ ਮੋਰਚਿਆਂ 'ਤੇ ਪਨਾਹ ਲਈ ਹੋਈ ਹੈ। ਲੋਕਾਂ ਮੁਤਾਬਕ ਖ਼ਾਨ ਯੂਨਿਸ, ਗਾਜ਼ਾ ਸਿਟੀ ਅਤੇ ਜਬਾਲੀਆ ਸ਼ਰਨਾਰਥੀ ਕੈਂਪ ਨੇੜੇ ਗਹਿਗੱਚ ਲੜਾਈ ਹੋ ਰਹੀ ਹੈ। ਖ਼ਾਨ ਯੂਨਿਸ 'ਚ ਆਪਣੇ ਰਿਸ਼ਤੇਦਾਰਾਂ ਕੋਲ ਠਹਿਰੇ ਹੋਏ ਹੁਸੈਨ ਅਲ-ਸਈਦ ਨੇ ਕਿਹਾ ਕਿ ਹਾਲਾਤ ਬਹੁਤ ਮੁਸ਼ਕਲ ਹਨ। ਉਸ ਨੇ ਕਿਹਾ ਕਿ ਹੁਣ ਕੋਈ ਵੀ ਥਾਂ ਸੁਰੱਖਿਅਤ ਨਹੀਂ ਰਹੀ। ਉਹ ਤਿੰਨ ਧੀਆਂ ਨਾਲ ਤਿੰਨ ਮੰਜ਼ਿਲਾ ਘਰ 'ਚ ਠਹਿਰਿਆ ਹੋਇਆ ਹੈ ਜਿਥੇ ਕਰੀਬ 70 ਹੋਰ ਵਿਅਕਤੀ ਮੌਜੂਦ ਹਨ। ਇਕ ਹੋਰ ਵਸਨੀਕ ਨੇ ਕਿਹਾ ਕਿ ਯੂਰੋਪੀਅਨ ਹਸਪਤਾਲ ਨੇੜੇ ਇਜ਼ਰਾਇਲੀ ਹਮਲਾ ਹੋਇਆ ਹੈ ਜਿਥੇ ਸੰਯੁਕਤ ਰਾਸ਼ਟਰ ਮਾਨਵੀ ਦਫ਼ਤਰ ਮੁਤਾਬਕ ਹਜ਼ਾਰਾਂ ਲੋਕਾਂ ਨੇ ਪਨਾਹ ਲਈ ਹੋਈ ਹੈ। ਉਸ ਨੇ ਕਿਹਾ ਕਿ ਐਤਵਾਰ ਦੇਰ ਰਾਤ ਇਕ ਘਰ 'ਤੇ ਵੀ ਹਮਲਾ ਹੋਇਆ। ਗਾਜ਼ਾ ਪੱਟੀ 'ਚ ਰਾਹਤ ਸਮੱਗਰੀ ਨਾ ਪਹੁੰਚਣ ਕਾਰਨ ਫਲਸਤੀਨੀਆਂ ਨੂੰ ਭੋਜਨ, ਪਾਣੀ ਅਤੇ ਹੋਰ ਬੁਨਿਆਦੀ ਵਸਤਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਝ ਨਿਗਰਾਨ ਇਸ ਗੱਲ ਦੀ ਫਿਕਰ ਜਤਾ ਰਹੇ ਹਨ ਕਿ ਫਲਸਤੀਨੀਆਂ ਨੂੰ ਗਾਜ਼ਾ ਤੋਂ ਇਕੋ ਵਾਰ ਜਬਰੀ ਬਾਹਰ ਕੱਢ ਦਿੱਤਾ ਜਾਵੇਗਾ ਅਤੇ ਇਹ 1948 ਦੀ ਜੰਗ ਵਾਂਗ ਹੈ ਜਦੋਂ ਵੱਡੇ ਪੱਧਰ 'ਤੇ ਹਿਜਰਤ ਹੋਈ ਸੀ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਕਤਰ 'ਚ ਇਕ ਕਾਨਫਰੰਸ ਦੌਰਾਨ ਕਿਹਾ ਕਿ ਜੇਕਰ ਛੇਤੀ ਜੰਗਬੰਦੀ ਨਾ ਹੋਈ ਤਾਂ ਉਥੇ ਮਹਾਮਾਰੀ ਫੈਲਣ ਸਮੇਤ ਹਾਲਾਤ ਹੋਰ ਵਿਗੜ ਸਕਦੇ ਹਨ ਜਦਕਿ ਮਿਸਰ ਵੱਲ ਵੱਡੀ ਗਿਣਤੀ 'ਚ ਫਲਸਤੀਨੀ ਵਧ ਸਕਦੇ ਹਨ। ਇਜ਼ਰਾਈਲ ਸਰਕਾਰ ਦੇ ਤਰਜਮਾਨ ਇਲੋਨ ਲੈਵੀ ਨੇ ਗਾਜ਼ਾ ਤੋਂ ਫਲਸਤੀਨੀਆਂ ਨੂੰ ਉਜਾੜਨ ਦੇ ਲੱਗ ਰਹੇ ਦੋਸ਼ਾਂ ਨੂੰ ਝੂਠ ਕਰਾਰ ਦਿੱਤਾ। ਫ਼ੌਜ ਨੇ ਕਿਹਾ ਕਿ ਐਤਵਾਰ ਨੂੰ ਜਵਾਨਾਂ ਨੇ ਹਥਿਆਰਬੰਦ ਵਿਅਕਤੀਆਂ ਨੂੰ ਮਾਰਿਆ ਹੈ। ਜਬਾਲੀਆ 'ਚ ਜਵਾਨਾਂ ਨੂੰ ਇਕ ਸਕੂਲ ਨੇੜੇ ਲੰਬੀ ਦੂਰੀ ਦੇ ਰਾਕੇਟਾਂ ਨਾਲ ਭਰਿਆ ਟਰੱਕ ਮਿਲਿਆ ਹੈ। ਜਬਾਲੀਆ ਦੇ ਇਕ ਘਰ 'ਚੋਂ ਰਾਈਫ਼ਲ, ਦੋ ਆਰਪੀਜੀ ਲਾਂਚਰ ਅਤੇ ਧਮਾਕਾਖੇਜ਼ ਸਮੱਗਰੀ ਮਿਲੀ ਹੈ।

# ਨਰਗਿਸ ਮੁਹੰਮਦੀ ਦੇ ਬੱਚਿਆਂ ਨੇ ਸਵੀਕਾਰਿਆ ਨੋਬੇਲ ਸ਼ਾਂਤੀ ਪੁਰਸਕਾਰ

## ਤਹਿਰਾਨ ਦੀ ਜੇਲ੍ਹ ਵਿੱਚ ਬੰਦ ਹੈ ਇਰਾਨੀ ਕਾਰਕੁਨ; ਬੱਚਿਆਂ ਨੇ ਮਾਂ ਤਰਫ਼ੋਂ ਪੜ੍ਹਿਆ ਸੰਦੇਸ਼

ਹੇਲਸਿੰਕੀ : ਜੇਲ੍ਹ ਵਿੱਚ ਬੰਦ ਇਰਾਨੀ ਕਾਰਕੁਨ ਨਰਗਿਸ ਮੁਹੰਮਦੀ ਦੇ ਬੱਚਿਆਂ ਨੇ ਅੱਜ ਨਾਰਵੇ ਦੀ ਰਾਜਧਾਨੀ ਵਿੱਚ ਇੱਕ ਸਮਾਰੋਹ ਦੌਰਾਨ ਉਸ ਦੀ ਤਰਫ਼ੋਂ ਇਸ ਸਾਲ ਦਾ ਨੋਬੇਲ ਸ਼ਾਂਤੀ ਪੁਰਸਕਾਰ ਸਵੀਕਾਰਿਆ। ਮੁਹੰਮਦੀ ਆਪਣੇ ਦੇਸ਼ ਵਿੱਚ ਮਹਿਲਾਵਾਂ ਦੇ ਅਧਿਕਾਰਾਂ ਅਤੇ ਜਮਹੂਰੀਅਤ ਲਈ ਮੁਹਿੰਮ ਚਲਾਉਣ ਦੇ ਨਾਲ-ਨਾਲ ਮੌਤ ਦੀ ਸਜ਼ਾ ਖ਼ਿਲਾਫ਼ ਸਰਗਰਮ ਰਹੀ ਹੈ। ਮੁਹੰਮਦੀ ਦੇ 17 ਸਾਲਾ ਜੌੜੇ ਬੱਚਿਆਂ ਅਲੀ ਅਤੇ ਕਿਆਨਾ ਰਹਿਮਾਨੀ ਨੇ ਓਸਲੋ ਸਿਟੀ ਹਾਲ ਵਿੱਚ ਇਹ ਪੁਰਸਕਾਰ ਪ੍ਰਾਪਤ ਕੀਤਾ, ਜਿਸ ਮਗਰੋਂ ਉਨ੍ਹਾਂ ਆਪਣੀ ਮਾਂ ਦੇ ਨਾਂ 'ਤੇ ਨੋਬੇਲ ਸ਼ਾਂਤੀ ਪੁਰਸਕਾਰ ਭਾਸ਼ਨ ਦਿੱਤਾ। ਦੋਵੇਂ ਬੱਚੇ ਆਪਣੇ ਪਿਤਾ ਨਾਲ ਪੈਰਿਸ ਵਿੱਚ ਜਲਾਵਤਨੀ ਕੱਟ ਰਹੇ ਹਨ।



ਮੁਹੰਮਦੀ (51) ਨੂੰ ਅਕਤੂਬਰ 'ਚ 2023 ਨੋਬੇਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਸੀ। ਉਹ ਫਿਲਹਾਲ ਤਹਿਰਾਨ ਦੀ ਇੱਕ ਜੇਲ੍ਹ ਵਿੱਚ ਬੰਦ ਹੈ। ਇਰਾਨ ਵਿੱਚ ਇਸ ਤੋਂ ਪਹਿਲਾਂ ਵੀ ਉਸ ਨੂੰ ਕਈ ਵਾਰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਕਈ ਸਾਲ ਜੇਲ੍ਹ ਵਿੱਚ ਰਹਿ ਚੁੱਕੀ ਹੈ। ਓਸਲੋ ਵਿੱਚ ਸ਼ਨਿੱਚਰਵਾਰ ਨੂੰ ਪ੍ਰੈੱਸ ਮਿਲਣੀ ਦੌਰਾਨ ਕਿਆਨਾ ਰਹਿਮਾਨੀ ਨੇ ਆਪਣੀ ਮਾਂ ਦਾ ਇੱਕ ਸੰਦੇਸ਼ ਪੜ੍ਹਿਆ ਜਿਸ ਵਿੱਚ ਉਨ੍ਹਾਂ 'ਅਸਹਿਮਤੀ, ਪ੍ਰਦਰਸ਼ਨਕਾਰੀਆਂ ਅਤੇ ਮਨੁੱਖ ਅਧਿਕਾਰਾਂ ਦੇ ਰਾਖਿਆਂ ਦੀ ਆਵਾਜ਼ ਨੂੰ ਦੁਨੀਆ ਤੱਕ ਪਹੁੰਚਾਉਣ' ਵਿੱਚ ਕੌਮਾਂਤਰੀ ਮੀਡੀਆ ਵੱਲੋਂ ਨਿਭਾਈ ਗਈ ਭੂਮਿਕਾ ਦੀ ਪ੍ਰਸ਼ੰਸਾ ਕੀਤੀ। ਮੁਹੰਮਦੀ ਨੇ ਆਪਣੇ ਸੰਦੇਸ਼ ਵਿੱਚ ਕਿਹਾ, "ਇਰਾਨੀ ਸਮਾਜ ਨੂੰ ਆਲਮੀ ਸਮਰਥਨ ਦੀ ਲੋੜ ਹੈ ਅਤੇ ਤੁਸੀਂ, ਪੱਤਰਕਾਰ ਅਤੇ ਮੀਡੀਆ ਕਰਮੀ ਇਸਲਾਮੀ ਗਣਤੰਤਰ ਸਰਕਾਰ ਦੇ ਵਿਨਾਸ਼ਕਾਰੀ ਜ਼ੁਲਮ ਖ਼ ?ਲਾਫ਼ ਸਖ਼ਤ ਸੰਘਰਸ਼ ਵਿੱਚ ਸਾਡੇ ਸਭ ਤੋਂ ਵੱਡੇ ਅਤੇ ਸਭ ਤੋਂ ਮਹੱਤਵਪੂਰਨ ਸਹਿਯੋਗੀ ਹੋ। ਤੁਹਾਡੀਆਂ ਕੋਸ਼ਿਸ਼ਾਂ ਲਈ, ਤੁਸੀਂ ਸਾਡੇ ਲਈ ਜੋ ਕੁੱਝ ਵੀ ਕੀਤਾ ਹੈ ਉਸ ਲਈ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ।" ਕਿਆਨਾ ਰਹਿਮਾਨੀ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਮਾਂ ਨਾਲ ਫਿਰ ਮਿਲਣ ਦੀ ਉਮੀਦ ਬਹੁਤ ਘੱਟ ਹੈ। ਉਨ੍ਹਾਂ ਕਿਹਾ, "ਸ਼ਾਇਦ ਮੈਂ ਉਨ੍ਹਾਂ ਨੂੰ 30 ਜਾਂ 40 ਸਾਲ ਵਿੱਚ ਦੇਖ ਸਕਾਂਗੀ ਪਰ ਮੈਨੂੰ ਲੱਗਦਾ ਹੈ ਕਿ ਮੈਂ ਉਨ੍ਹਾਂ ਨੂੰ ਮੁੜ ਨਹੀਂ ਦੇਖ ਸਕਾਂਗੀ ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਮੇਰੀ ਮਾਂ ਹਮੇਸ਼ਾ ਮੇਰੇ ਦਿਲ ਵਿੱਚ ਰਹੇਗੀ।" ਇਸ ਤੋਂ ਪਹਿਲਾਂ ਮੁਹੰਮਦੀ ਦੇ ਪਤੀ ਤਾਗੀ ਰਹਿਮਾਨੀ ਨੇ ਕਿਹਾ ਸੀ ਕਿ ਉਸ ਨੇ 11 ਸਾਲ ਤੋਂ ਆਪਣੀ ਪਤਨੀ ਨੂੰ ਨਹੀਂ ਦੇਖਿਆ ਹੈ ਅਤੇ ਉਸ ਦੇ ਬੱਚਿਆਂ ਨੇ ਸੱਤ ਸਾਲ ਤੋਂ ਆਪਣੀ ਮਾਂ ਨੂੰ ਨਹੀਂ ਦੇਖਿਆ ਹੈ। ਪੁਰਸਕਾਰਾਂ ਦੇ 122 ਸਾਲ ਦੇ ਇਤਿਹਾਸ ਵਿੱਚ ਇਹ ਪੰਜਵਾਂ ਮੌਕਾ ਹੈ ਕਿ ਸ਼ਾਂਤੀ ਪੁਰਸਕਾਰ ਕਿਸੇ ਅਜਿਹੇ ਵਿਅਕਤੀ ਨੂੰ ਦਿੱਤਾ ਗਿਆ ਹੈ ਜੋ ਜੇਲ੍ਹ 'ਚ ਹੈ ਜਾਂ ਘਰ ਵਿੱਚ ਨਜ਼ਰਬੰਦ ਹੈ।

# ਮਹਿੰਗਾਈ ਕਾਰਨ ਕੈਨੇਡਾ ਛੱਡਣ ਲਈ ਮਜਬੂਰ ਹੋਣ ਲੱਗੇ ਲੋਕ

ਟੋਰਾਂਟੋ : ਕੈਨੇਡਾ ਜਾ ਕੇ ਕੁਝ ਵੱਡਾ ਕਰਨ ਦਾ ਸੁਫ਼ਨਾ ਹੁਣ ਬਹੁਤੇ ਪਰਵਾਸੀਆਂ ਲਈ ਗੁਜ਼ਾਰੇ ਤੇ ਹੋਂਦ ਦੀ ਜੰਗ ਬਣਦਾ ਜਾ ਰਿਹਾ ਹੈ। ਇਸ ਦਾ ਕਾਰਨ ਮਹਿੰਗਾਈ ਤੇ ਕਿਰਾਏ 'ਤੇ ਰਹਿਣ ਲਈ ਥਾਂ ਦੀ ਵੱਡੀ ਕਮੀ ਮੰਨਿਆ ਜਾ ਰਿਹਾ ਹੈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਕਿ ਕਈ ਨਵੇਂ ਆਏ ਆਵਾਸੀ ਮੁਲਕ ਛੱਡ ਰਹੇ ਹਨ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਵਾਸ ਨੀਤੀ ਨੂੰ ਆਪਣਾ ਮੁੱਖ ਹਥਿਆਰ ਬਣਾ ਕੇ ਦੇਸ਼ ਦੀ ਘਟਦੀ ਅਤੇ ਬਜ਼ੁਰਗ ਹੋ ਰਹੀ ਆਬਾਦੀ ਦੀ ਚੁਣੌਤੀ ਨਾਲ ਨਜਿੱਠਣ ਦਾ ਯਤਨ ਕੀਤਾ ਸੀ। ਇਸ ਨੇ ਦੇਸ਼ ਦੀ ਆਰਥਿਕ ਤਰੱਕੀ ਵਿਚ ਵੀ ਯੋਗਦਾਨ ਪਾਇਆ। 'ਸਟੈਟਿਸਟਿਕਸ



ਕੈਨੇਡਾ' ਮੁਤਾਬਕ ਪਿਛਲੇ ਛੇ ਦਹਾਕਿਆਂ ਦੇ ਮੁਕਾਬਲੇ ਇਸ ਸਾਲ ਕੈਨੇਡਾ ਦੀ ਆਬਾਦੀ ਬਹੁਤ ਤੇਜ਼ੀ ਨਾਲ ਵਧੀ ਸੀ। ਪਰ ਹੁਣ 'ਰਿਵਰਸ ਇਮੀਗ੍ਰੇਸ਼ਨ' ਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਸਾਲ 2023 ਦੇ ਪਹਿਲੇ ਛੇ ਮਹੀਨਿਆਂ ਵਿਚ ਕੁੱਲ 42 ਹਜ਼ਾਰ ਲੋਕਾਂ ਨੇ ਕੈਨੇਡਾ ਛੱਡ ਦਿੱਤਾ ਸੀ, ਜਦਕਿ 2022 ਵਿਚ ਇਹ ਗਿਣਤੀ 93,818 ਸੀ। ਇਸ ਤੋਂ ਪਹਿਲਾਂ 2021 ਵਿਚ 85,927 ਲੋਕ ਦੇਸ਼ ਛੱਡ ਗਏ ਸਨ। ਅੰਕੜਿਆਂ ਮੁਤਾਬਕ ਸਾਲ 2019 ਵਿਚ ਸਭ ਤੋਂ ਵੱਧ ਆਵਾਸੀਆਂ ਨੇ ਦੇਸ਼ ਛੱਡਿਆ ਸੀ ਤੇ ਇਹ ਪਿਛਲੇ ਦੋ ਦਹਾਕਿਆਂ ਵਿਚ ਸਭ ਤੋਂ ਵੱਧ ਸੀ। ਹਾਲਾਂਕਿ ਇਹ ਗਿਣਤੀ ਕੋਵਿਡ ਲੌਕਡਾਊਨ ਦੌਰਾਨ ਘਟੀ, ਪਰ ਹੁਣ ਇਹ ਫਿਰ ਵਧ ਰਹੀ ਹੈ। ਹਾਲਾਂਕਿ ਇਸੇ ਸਮੇਂ ਦੌਰਾਨ 2,63,000 ਲੋਕ ਕੈਨੇਡਾ 'ਚ ਦਾਖਲ ਵੀ ਹੋਏ ਹਨ।

# ਸਿੱਖ ਪੰਥ ਵੱਲੋਂ ਸੌਂਪੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਵਾਂਗੇ: ਪੀਰ ਮੁਹੰਮਦ



ਚਮਕੌਰ ਸਾਹਿਬ : ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਬੰਦੀ ਸਿੰਘਾਂ ਦੇ ਕੇਸਾਂ ਸਬੰਧੀ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਫੈਡਰੇਸ਼ਨ ਆਗੂਆਂ ਤੇ ਵਰਕਰਾਂ ਵੱਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਉਲੀਕੇ ਗਏ ਭਵਿੱਖੀ ਪ੍ਰੋਗਰਾਮਾਂ ਨੂੰ ਬੇਹੱਦ ਸੰਜੀਦਗੀ ਨਾਲ ਲਿਆ ਜਾ ਰਿਹਾ ਹੈ ਅਤੇ ਭਵਿੱਖ ਵਿੱਚ ਉਲੀਕੇ ਗਏ ਪ੍ਰੋਗਰਾਮਾਂ ਦੀ ਹਰ ਤਰ੍ਹਾਂ ਨਾਲ ਪਾਲਣਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿੱਖ ਏਕਤਾ ਵਿਰੁੱਧ ਫੁੱਟ ਪਾਉਣ ਵਾਲੀਆਂ ਤਾਕਤਾਂ ਕੰਮ ਕਰ ਰਹੀਆਂ ਹਨ ਪਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਕਮਾਲ ਦੀ ਏਕਤਾ ਦਿਖਾਈ ਹੈ। ਸ੍ਰੀ ਪੀਰ ਮੁਹੰਮਦ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਟੁੱਟ ਵਚਨਬੱਧਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਿੱਖ ਪੰਥ ਦੁਆਰਾ ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾਵੇਗਾ। ਇਸ ਮੌਕੇ ਸੁਖਵਿੰਦਰ ਸਿੰਘ ਲਾਡੀ, ਨਰਿੰਦਰ ਸਿੰਘ, ਦਮਨਜੀਤ ਸਿੰਘ ਅਤੇ ਦਵਿੰਦਰ ਸਿੰਘ ਆਦਿ ਹਾਜ਼ਰ ਸਨ।

# ਰਾਜੋਆਣਾ ਮਾਮਲਾ: ਸ਼੍ਰੋਮਣੀ ਕਮੇਟੀ ਨੇ ਦਿੱਲੀ 'ਚ ਪ੍ਰਦਰਸ਼ਨ ਲਈ ਤਿਆਰੀ ਵਿੱਢੀ

## ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵੱਖ-ਵੱਖ ਗਰੁੱਪਾਂ ਦੇ ਆਗੂਆਂ ਨਾਲ ਮੀਟਿੰਗ



ਅੰਮ੍ਰਿਤਸਰ : ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਅਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ 20 ਦਸੰਬਰ ਨੂੰ ਦਿੱਲੀ ਵਿੱਚ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਬਾਰੇ ਸ਼੍ਰੋਮਣੀ ਕਮੇਟੀ ਨੇ ਤਿਆਰੀ ਆਰੰਭ ਦਿੱਤੀ ਹੈ। ਇਸ ਤਹਿਤ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀਆਂ ਵੱਖ-ਵੱਖ ਧਿਰਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਫੈਡਰੇਸ਼ਨ ਆਗੂਆਂ ਨੇ 20 ਦਸੰਬਰ ਨੂੰ ਦਿੱਲੀ ਵਿੱਚ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ 'ਚ ਭਰਵੀਂ ਸ਼ਮੂਲੀਅਤ ਕਰਨ ਦਾ ਭਰੋਸਾ ਦਿੱਤਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ 20 ਦਸੰਬਰ ਨੂੰ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਜਿਸ ਸਬੰਧੀ ਅੱਜ ਫੈਡਰੇਸ਼ਨ ਦੇ ਵੱਖ-ਵੱਖ ਗਰੁੱਪਾਂ ਦੇ ਪ੍ਰਤੀਨਿਧਾਂ ਨਾਲ ਮੀਟਿੰਗ ਕੀਤੀ ਗਈ। ਅੱਜ ਦੀ ਫੈਡਰੇਸ਼ਨ ਆਗੂਆਂ ਦੀ ਮੀਟਿੰਗ ਵਿੱਚ ਰਾਜੋਆਣਾ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਵੱਲੋਂ ਬੀਤੇ ਕੱਲ੍ਹ ਲਏ ਗਏ ਫੈਸਲੇ ਨੂੰ ਮੰਨਦਿਆਂ ਆਪਣੀ ਭੁੱਖ ਹੜਤਾਲ ਸਮਾਪਤ ਕਰਨ। ਸਮੁੱਚਾ ਪੰਥ ਉਸ ਨਾਲ ਹੈ। ਅੱਜ ਦੀ ਫੈਡਰੇਸ਼ਨ ਆਗੂਆਂ ਦੀ ਮੀਟਿੰਗ ਵਿੱਚ ਵੀ ਸਾਰਿਆਂ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੀ ਵਚਨਬੱਧਤਾ ਪ੍ਰਗਟਾਈ ਗਈ ਹੈ। ਫੈਡਰੇਸ਼ਨ ਆਗੂਆਂ ਦੀ ਮੀਟਿੰਗ ਵਿਚ ਸਾਰੀਆਂ ਧਿਰਾਂ ਦੇ ਏਕੇ ਬਾਰੇ ਵੀ ਗੱਲ ਚੱਲੀ ਜਿਸ ਨੂੰ ਸਿਰੇ ਚੜ੍ਹਾਉਣ ਲਈ ਉਨ੍ਹਾਂ (ਸ਼੍ਰੋਮਣੀ ਕਮੇਟੀ ਪ੍ਰਧਾਨ) ਨੂੰ ਜ਼ਿੰਮੇਵਾਰੀ ਅਤੇ ਅਧਿਕਾਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਸੁਝਾਅ ਨੂੰ ਅਮਲ ਵਿੱਚ ਲਿਆਉਣ ਲਈ ਯਤਨ ਕੀਤਾ ਜਾਵੇਗਾ। ਇਸ ਸਮੇਂ ਕੌਮ ਦੀ ਵੱਖੋ-ਵੱਖ ਥਾਵਾਂ 'ਤੇ ਯਤਨਸ਼ੀਲ ਸ਼ਕਤੀ ਨੂੰ ਇਕਜੁੱਟ ਕਰਨ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਦਿੱਲੀ ਪ੍ਰਦਰਸ਼ਨ ਤਹਿਤ ਪੰਥਕ ਜਥੇਬੰਦੀਆਂ ਦੇ ਨਾਲ-ਨਾਲ ਅਕਾਲੀ ਦਲ ਦੀਆਂ ਸਮੂਹ ਧਿਰਾਂ ਅਤੇ ਕਿਸਾਨ ਜਥੇਬੰਦੀਆਂ ਨਾਲ ਵੀ ਗੱਲਬਾਤ ਕੀਤੀ ਜਾਵੇਗੀ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਰਾਜਿੰਦਰ ਸਿੰਘ ਮਹਿਤਾ, ਮੈਂਬਰ ਮਨਜੀਤ ਸਿੰਘ ਭੂਰਾਕੋਹਨਾ, ਅਮਰਜੀਤ ਸਿੰਘ ਚਾਵਲਾ, ਗੁਰਚਰਨ ਸਿੰਘ ਗਰੇਵਾਲ, ਕਰਨੈਲ ਸਿੰਘ ਪੀਰਮੁਹੰਮਦ, ਸੁਰਜੀਤ ਸਿੰਘ ਤੁਗਲਵਾਲਾ ਤੇ ਦਰਸ਼ਨ ਸਿੰਘ ਬਰਾੜ ਆਦਿ ਮੌਜੂਦ ਸਨ।

# ਸਿੱਖ ਸੰਗਠਨਾਂ ਵੱਲੋਂ ਬਠਿੰਡਾ 'ਚ ਰੋਸ ਮਾਰਚ




ਬਠਿੰਡਾ : ਵਿਸ਼ਵ ਮਨੁੱਖੀ ਅਧਿਕਾਰ ਦਿਵਸ ਦੇ ਸਬੰਧ ਵਿੱਚ ਅੱਜ ਦਲ ਖਾਲਸਾ ਵੱਲੋਂ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਖਾਲਿਸਤਾਨ ਦੇ ਹੱਕ ਵਿੱਚ ਅਤੇ ਸੂਬਾ ਤੇ ਕੇਂਦਰ ਸਰਕਾਰਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਭਾਵੇਂ ਕਿ ਇਸ ਮਾਰਚ ਨੂੰ ਰੋਕਣ ਲਈ ਪੁਲੀਸ ਨੇ ਨਾਕੇ ਲਗਾਏ ਹੋਏ ਸਨ ਪਰ ਪ੍ਰਦਰਸ਼ਨਕਾਰੀਆਂ ਨੇ ਸਾਰੀਆਂ ਰੋਕਾਂ ਤੋੜ ਕੇ ਸ਼ਹਿਰ ਵਿੱਚ ਮਾਰਚ ਕੀਤਾ। ਇਸ ਮੌਕੇ ਡਾ. ਜਸਬੀਰ ਸਿੰਘ ਡਾਂਗੋ ਤੇ ਦਲ ਖਾਲਸਾ ਦੀ ਪੀਏਸੀ ਦੇ ਮੈਂਬਰ ਗੁਰਵਿੰਦਰ ਸਿੰਘ ਖਾਲਸਾ ਨੇ ਦੋਸ਼ ਲਾਇਆ ਕਿ ਪੁਲੀਸ ਵੱਲੋਂ ਪ੍ਰਦਰਸ਼ਨਕਾਰੀ ਸਿੰਘਾਂ ਨੂੰ ਗੁਰਦੁਆਰਾ ਸਿੰਘ ਸਭਾ ਅੰਦਰ ਨਤਮਸਤਕ ਨਾ ਹੋਣ ਦੇਣ ਲਈ ਰੋਕਾਂ ਲਗਾਈਆਂ ਹੋਈਆਂ ਸਨ ਅਤੇ ਦਲ ਖਾਲਸਾ ਤੇ ਹਮਾਇਤੀ ਜਥੇਬੰਦੀਆਂ ਦੇ ਆਗੂਆਂ ਨੂੰ ਮਾਰਚ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਘਰਾਂ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਘੱਟ-ਗਿਣਤੀਆਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰ ਕੁਚਲੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਘੱਟ-ਗਿਣਤੀਆਂ ਨੂੰ ਵਿਚਾਰਾਂ ਦਾ ਪ੍ਰਗਟਾਵਾ ਕਰਨ ਤੋਂ ਵੀ ਰੋਕਿਆ ਜਾ ਰਿਹਾ ਹੈ। ਉਨ੍ਹਾਂ ਜੰਮੂ ਕਸ਼ਮੀਰ ਅਤੇ ਮਨੀਪੁਰ ਵਿੱਚ ਹੋਈ ਹਿੰਸਾ ਦੀ ਨਿਖੇਧੀ ਕਰਨ ਤੋਂ ਇਲਾਵਾ ਡੇਰਾ ਸਿਰਸਾ ਦੇ ਮੁਖੀ ਨੂੰ ਵਾਰ-ਵਾਰ ਪੈਰੋਲ ਦੇਣ 'ਤੇ ਵੀ ਇਤਰਾਜ਼ ਦਾਇਰ ਕੀਤਾ ਅਤੇ ਮੰਗ ਕੀਤੀ ਕਿ ਬਿਨਾ ਕਾਰਨ ਜੇਲ੍ਹਾਂ 'ਚ ਬੰਦ ਸਿੱਖਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਵਿਦੇਸ਼ਾਂ ਵਿੱਚ ਵੀ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਜਿਸ ਕਾਰਨ ਸਿੱਖਾਂ 'ਚ ਭਾਰੀ ਰੋਸ ਹੈ।

# ਲਤੀਫ਼ਪੁਰਾ ਉਜਾੜੇ ਦਾ ਸਾਲ ਪੂਰਾ ਹੋਣ 'ਤੇ ਪੀੜਤਾਂ ਨੇ ਕਾਲਾ ਦਿਨ ਮਨਾਇਆ



ਜਲੰਧਰ : ਲਤੀਫ਼ਪੁਰਾ ਮੁੜਵਸੇਬਾ ਮੋਰਚਾ ਨੇ ਪੰਜਾਬ ਸਰਕਾਰ ਵੱਲੋਂ ਲਤੀਫ਼ਪੁਰਾ ਵਿੱਚ ਕੀਤੇ ਗਏ ਉਜਾੜੇ ਦਾ ਸਾਲ ਪੂਰਾ ਹੋਣ 'ਤੇ ਅੱਜ ਦੇ ਦਿਨ ਨੂੰ 'ਕਾਲੇ ਦਿਨ' ਵਜੋਂ ਮਨਾਇਆ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਮੁਜ਼ਾਹਰਾ ਕੀਤਾ। ਮੋਰਚੇ ਦੇ ਕਾਰਕੁਨਾਂ ਨੇ ਸ੍ਰੀ ਗੁਰੂ ਰਵਿਦਾਸ ਚੌਕ ਵਿੱਚ ਜਲੰਧਰ ਨਗਰ ਸੁਧਾਰ ਟਰੱਸਟ ਤੇ ਸੂਬਾ ਸਰਕਾਰ ਦੀ ਅਰਥੀ ਸਾੜੀ।

ਲਤੀਫਾਪੁਰਾ ਮੁੜਵਸੇਬਾ ਮੋਰਚੇ ਦੇ ਆਗੂਆਂ ਨੇ ਹਰ ਰੋਜ਼ ਲੜੀਵਾਰ ਭੁੱਖ ਹੜਤਾਲ ਹਾਲੇ ਵੀ ਜਾਰੀ ਰੱਖੀ ਹੋਈ ਹੈ। ਇਸੇ ਲੜੀ ਤਹਿਤ ਅੱਜ ਬਾਪੂ ਰਸ਼ਪਾਲ ਸਿੰਘ ਭੁੱਖ ਹੜਤਾਲ 'ਤੇ ਬੈਠੇ। ਮੋਰਚੇ ਨੇ 10 ਦਸੰਬਰ ਨੂੰ ਵੀ ਜਮਹੂਰੀਅਤ ਦਾ ਕਤਲ ਅਤੇ ਕਾਲਾ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਨਗਰ ਸੁਧਾਰ ਟਰੱਸਟ ਨੇ 9 ਤੇ 10 ਦਸੰਬਰ 2022 ਨੂੰ ਜੇਸੀਬੀ ਮਸ਼ੀਨਾਂ ਨਾਲ ਲਤੀਫਪੁਰਾ ਵਿੱਚ ਲਗਪਗ 70 ਘਰ ਢਾਹ ਦਿੱਤੇ ਸਨ। ਇਹ ਪਰਿਵਾਰ 1947 ਦੀ ਵੰਡ ਵੇਲੇ ਉੱਜੜ ਕੇ ਇੱਥੇ ਆ ਕੇ ਵੱਸੇ ਸਨ। ਸਰਕਾਰ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਇਹ ਥਾਂ ਨਗਰ ਸੁਧਾਰ ਟਰੱਸਟ ਨੇ ਗ੍ਰਹਿਣ ਕੀਤੀ ਹੋਈ ਸੀ ਅਤੇ ਉਕਤ ਪਰਿਵਾਰ ਇੱਥੇ ਕਬਜ਼ਾ ਕਰ ਕੇ ਬੈਠੇ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਉਜਾੜੇ ਗਏ ਇਨ੍ਹਾਂ ਪਰਿਵਾਰਾਂ ਵਿੱਚੋਂ ਹਾਲੇ ਵੀ ਲਗਪਗ 40 ਪਰਿਵਾਰ ਖੁੱਲ੍ਹੇ ਅਸਮਾਨ ਹੇਠ ਗੁਜ਼ਾਰਾ ਕਰ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਲਤੀਫ਼ਪੁਰਾ ਇੱਕ ਪਿੰਡ ਸੀ ਜੋ ਜਲੰਧਰ ਨੇੜੇ ਸਥਿਤ ਸੀ। ਆਬਾਦੀ ਵਧਣ ਤੇ ਸ਼ਹਿਰ ਵਿੱਚ ਹੋਏ ਵਿਕਾਸ ਦੌਰਾਨ ਇਹ ਪਿੰਡ ਸ਼ਹਿਰ ਦੀ ਜੱਦ ਵਿੱਚ ਆ ਗਿਆ। ਅੱਜ ਦਾ ਕਾਲਾ ਦਿਨ ਮਨਾਉਣ ਵਾਸਤੇ ਲਤੀਫ਼ਪੁਰਾ ਵਿੱਚ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਹਿ) ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਲਖਵੀਰ ਸਿੰਘ ਖ਼ਾਲਸਾ ਜਥੇਬੰਦੀ ਦੇ ਕਾਰਕੁਨਾਂ ਸਮੇਤ ਪਹੁੰਚੇ ਹੋਏ ਸਨ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ, ਜ਼ਿਲ੍ਹੇ ਦੇ ਆਗੂ ਸੰਤੋਖ ਸਿੰਘ ਸੰਧੂ ਵੀ ਜਥੇਬੰਦੀ ਦੇ ਕਾਰਕੁਨਾਂ ਸਮੇਤ ਪਹੁੰਚੇ। ਇਸੇ ਤਰ੍ਹਾਂ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ, ਜ਼ਿਲ੍ਹੇ ਦੇ ਆਗੂ ਭਗਵੰਤ ਸਿੰਘ, ਸ਼ ?ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸੁਖਜੀਤ ਸਿੰਘ ਡਰੋਲੀ ਵੀ ਹਾਜ਼ਰ ਸਨ। ਮੋਰਚੇ ਦੇ ਆਗੂ ਲਖਵੀਰ ਸਿੰਘ ਖ਼ਾਲਸਾ ਨੇ ਕਿਹਾ ਕਿ 2 ਜਨਵਰੀ ਨੂੰ ਲਤੀਫ਼ਪੁਰਾ ਮੋਰਚੇ ਵੱਲੋਂ ਜਲੰਧਰ ਦੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਦੇ ਘਰ ਦਾ ਘਿਰਾਓ ਕਰ ਕੇ ਪੰਜਾਬ ਸਰਕਾਰ ਦਾ ਪੁਤਲਾ ਫ਼ੂਕਿਆ ਜਾਵੇਗਾ।

# ਬਰਤਾਨੀਆ: ਸਿੱਖ ਵਿਅਕਤੀ 'ਤੇ ਹਮਲੇ ਦੇ ਦੋਸ਼ ਹੇਠ ਨਾਬਾਲਗ ਗ੍ਰਿਫ਼ਤਾਰ

## ਲੜਕਿਆਂ ਦੇ ਸਮੂਹ ਨੇ ਸਿੱਖ ਵਿਅਕਤੀ 'ਤੇ ਕੀਤਾ ਸੀ ਹਮਲਾ

ਲੰਡਨ : ਬਰਤਾਨੀਆ ਦੀ ਪੁਲੀਸ ਨੇ 50 ਸਾਲਾਂ ਤੋਂ ਵੱਧ ਉਮਰ ਦੇ ਇੱਕ ਸਿੱਖ ਵਿਅਕਤੀ 'ਤੇ ਹਮਲਾ ਕਰਨ ਦੇ ਦੋਸ਼ ਹੇਠ ਇੱਕ 14 ਸਾਲਾ ਲੜਕੇ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਸਲੋਅ 'ਚ ਲੜਕਿਆਂ ਦੇ ਇੱਕ ਸਮੂਹ ਵੱਲੋਂ ਸਿੱਖ ਵਿਅਕਤੀ 'ਤੇ ਹਮਲਾ ਕੀਤੇ



ਜਾਣ ਨਾਲ ਜੁੜੇ ਨਫਰਤੀ ਅਪਰਾਧੀ ਜਾਂਚ ਤਹਿਤ ਨਾਬਾਲਗ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਕਿਹਾ ਕਿ ਨਾਬਾਲਗ ਲੜਕੇ ਨੂੰ ਪਿਛਲੇ ਹਫ਼ਤੇ ਗ੍ਰਿਫ਼ਤਾਰ ਕੀਤਾ ਗਿਆ ਅਤੇ ਬਾਅਦ ਵਿੱਚ ਉਸ ਨੂੰ ਜ਼ਮਾਨਤ 'ਤੇ 15 ਫਰਵਰੀ, 2024 ਤੱਕ ਰਿਹਾਅ ਕਰ ਦਿੱਤਾ ਗਿਆ। ਸਲੋਅ ਥਾਣੇ 'ਚ ਤਾਇਨਾਤ ਕਾਂਸਟੇਬਲ ਹੋਲੀ ਬੈਕਸਟਰ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਉਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਕੋਲ 21 ਨਵੰਬਰ ਦੀ ਇੱਕ ਘਟਨਾ ਨਾਲ ਜੁੜੀ ਹੋਈ ਕੋਈ ਜਾਣਕਾਰੀ ਹੈ ਤਾਂ ਉਹ ਉਸ ਬਾਰੇ ਪੁਲੀਸ ਨੂੰ ਸੂਚਿਤ ਕਰਨ। ਇਸ ਮਾਮਲੇ ਦੇ ਪੀੜਤ ਦਾ ਨਾਂ ਇੰਦਰਜੀਤ ਸਿੰਘ ਹੈ। ਉਹ ਲੈਂਗਲੀ ਮੈਮੋਰੀਅਲ ਪਾਰਕ ਤੋਂ ਲੰਘ ਰਿਹਾ ਸੀ। ਉਸੇ ਸਮੇਂ ਲੜਕਿਆਂ ਦਾ ਇਕ ਸਮੂਹ ਉਸ ਨੇੜੇ ਪੁੱਜਾ। ਇੱਕ ਮੁਲਜ਼ਮ ਨੇ ਪੀੜਤ ਦੀ ਦਾੜ੍ਹੀ ਖਿੱਚਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਸਾਰੇ ਲੜਕਿਆਂ ਨੇ ਉਸ ਨੂੰ ਘੇਰ ਕੇ ਲੱਤਾਂ ਮਾਰੀਆਂ ਤੇ ਜ਼ਮੀਨ 'ਤੇ ਘੜੀਸਿਆ। ਇਸ ਹਮਲੇ 'ਚ ਇੰਦਰਜੀਤ ਸਿੰਘ ਦੀਆਂ ਤਿੰਨ ਪਸਲੀਆਂ ਟੁੱਟ ਗਈਆਂ ਅਤੇ ਉਸ ਦੇ ਹੱਥ 'ਤੇ ਸੱਟਾਂ ਵੱਜੀਆਂ ਹਨ।

# ਏਸ਼ੀਆ ਖਿੱਤੇ ਵਿੱਚ 5.5 ਕਰੋੜ ਤੋਂ ਵੱਧ ਲੋਕ ਕੁਪੋਸ਼ਣ ਦੇ ਸ਼ਿਕਾਰ

## ਸੰਯੁਕਤ ਰਾਸ਼ਟਰ ਦੇ ਖੁਰਾਕ ਤੇ ਖੇਤੀ ਸੰਗਠਨ ਵੱਲੋਂ ਨਵੇਂ ਅਨੁਮਾਨਾਂ 'ਚ ਦਾਅਵਾ

**ਦੱਖਣੀ ਏਸ਼ੀਆ ਵਿੱਚ ਲੋੜੀਂਦੇ ਭੋਜਨ ਤੋਂ ਵਾਂਝੇ ਲੋਕ ਸਭ ਤੋਂ ਵੱਧ**



ਬੈਂਕਾਕ : ਸੰਯੁਕਤ ਰਾਸ਼ਟਰ ਦੇ ਖੁਰਾਕ ਤੇ ਖੇਤੀ ਸੰਗਠਨ (ਐੱਫਏਓ) ਨੇ ਏਸ਼ੀਆ 'ਚ ਖੁਰਾਕ ਸੁਰੱਖਿਆ ਦੇ ਆਪਣੇ ਨਵੇਂ ਅਨੁਮਾਨ 'ਚ ਕਿਹਾ ਹੈ ਕਿ ਖਿੱਤੇ 'ਚ ਭੁੱਖ ਇੱਕ ਪੁਰਾਣੀ ਸਮੱਸਿਆ ਬਣੀ ਹੋਈ ਹੈ ਜਿੱਥੇ ਕੋਵਿਡ-19 ਮਹਾਮਾਰੀ ਤੋਂ ਪਹਿਲਾਂ ਮੁਕਾਬਲੇ 2022 'ਚ 5.5 ਕਰੋੜ ਤੋਂ ਵੱਧ ਲੋਕ ਕੁਪੋਸ਼ਣ ਦੇ ਸ਼ਿਕਾਰ ਸਨ।

ਐੱਫਏਓ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਲੋੜੀਂਦੇ ਭੋਜਨ ਤੋਂ ਵਾਂਝੇ ਵਧੇਰੇ ਲੋਕ ਦੱਖਣੀ ਏਸ਼ੀਆ 'ਚ ਹਨ ਅਤੇ ਮਹਿਲਾਵਾਂ ਨੂੰ ਪੁਰਸ਼ਾਂ ਮੁਕਾਬਲੇ ਘੱਟ ਭੋਜਨ ਮਿਲ ਰਿਹਾ ਹੈ। ਐੱਫਏਓ ਦਾ ਅਧਿਐਨ ਖੁਰਾਕ ਸਪਲਾਈ, ਖਪਤ ਅਤੇ ਖੁਰਾਕ ਊਰਜਾ ਲੋੜਾਂ 'ਤੇ ਕੇਂਦਰਿਤ ਹੈ। ਇਸ ਖੇਤਰ 'ਚ ਅਜਿਹੇ ਕੁਪੋਸ਼ਣ ਤੋਂ ਪ੍ਰਭਾਵਿਤ ਲੋਕਾਂ ਦੀ ਹਿੱਸੇਦਾਰੀ 2022 'ਚ ਉਸ ਤੋਂ ਇੱਕ ਸਾਲ ਪਹਿਲਾਂ ਦੇ 8.8 ਫੀਸਦ ਦੇ ਅੰਕੜੇ ਤੋਂ ਡਿੱਗ ਕੇ 8.4 ਫੀਸਦ ਹੋ ਗਈ। ਇਹ ਮਹਾਮਾਰੀ ਸ਼ੁਰੂ ਹੋਣ ਤੋਂ ਪਹਿਲਾਂ ਕੁਪੋਸ਼ਣ ਦੇ ਸ਼ਿਕਾਰ ਲੋਕਾਂ ਦੇ 7.3 ਫੀਸਦ ਦੇ ਅੰਕੜੇ ਤੋਂ ਵੱਧ ਹੈ ਜਦੋਂ ਕੁਝ ਅਰਥਚਾਰੇ ਖਸਤਾ ਹਾਲ ਹੋ ਗਏ ਅਤੇ ਲੱਖਾਂ ਲੋਕਾਂ ਦਾ ਰੁਜ਼ਗਾਰ ਖੁੱਸ ਗਿਆ। ਐੱਫਏਓ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਇਸ ਖੇਤਰ 'ਚ ਲੋਕਾਂ ਨੂੰ ਦਰਮਿਆਨੀ ਖ਼ੁਰਾਕ ਅਸੁਰੱਖਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਭੋਜਨ ਹਾਸਲ ਕਰਨ ਦੀ ਉਨ੍ਹਾਂ ਦੀ ਸਮਰੱਥਾ ਬੇਯਕੀਨੀ ਵਾਲੀ ਹੈ ਅਤੇ ਪੈਸੇ ਦੀ ਘਾਟ ਕਾਰਨ ਕਦੀ-ਕਦੀ ਘੱਟ ਜਾਂ ਖਰਾਬ ਭੋਜਨ ਖਾਣਾ ਪੈਂਦਾ ਹੈ। ਅਜਿਹੇ ਲੋਕਾਂ ਦੀ ਗਿਣਤੀ ਦੁਨੀਆ 'ਚ 30 ਫੀਸਦ ਦੇ ਕਰੀਬ ਹੈ ਅਤੇ ਏਸ਼ੀਆ-ਪ੍ਰਸ਼ਾਂਤ ਖਿੱਤੇ 'ਚ ਇਹ ਅੰਕੜਾ 25 ਫੀਸਦ ਤੋਂ ਵੱਧ ਹੈ। ਦੁਨੀਆ ਭਰ 'ਚ ਪੋਸ਼ਣ ਪ੍ਰਾਪਤ 73.5 ਕਰੋੜ ਲੋਕਾਂ 'ਚੋਂ ਅੱਧੇ ਤੋਂ ਵੱਧ ਏਸ਼ੀਆ-ਪ੍ਰਸ਼ਾਂਤ 'ਚ ਰਹਿੰਦੇ ਹਨ। ਉਨ੍ਹਾਂ 'ਚੋਂ ਵਧੇਰੇ ਦੱਖਣੀ ਏਸ਼ੀਆ ਵਿੱਚ ਹਨ। ਉੱਤਰ ਕੋਰੀਆ 'ਚ ਕੁਪੋਸ਼ਣ ਦੇ ਸ਼ਿਕਾਰ ਲੋਕਾਂ ਦੀ ਸਭ ਤੋਂ ਵੱਡੀ ਖੇਤਰੀ ਹਿੱਸੇਦਾਰੀ ਤਕਰੀਬਨ 45 ਫੀਸਦ ਹੈ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਮਾਹਿਲਪੁਰ ਇਲਾਕੇ ਦਾ ਚਰਚਿਤ ਗਾਇਕ ਤੇ ਗੀਤਕਾਰ-ਜਿੰਦਰ ਖਾਨਪੁਰੀ






ਦੋਆਬੇ ਦਾ ਇਲਾਕਾ ਮਾਹਿਲਪੁਰ ਪੂਰੀ ਦੁਨੀਆਂ ਵਿਚ ਆਪਣੀਆਂ ਵਿਲੱਖਣ ਕਲਾਵਾਂ ਕਰਕੇ ਮਸ਼ਹੂਰ ਹੈ। ਇਸਦਾ ਇਤਿਹਾਸ ਸਦੀਆਂ ਪੁਰਾਣਾ ਹੋਣ ਕਰਕੇ ਇਥੇ ਸਮੇਂ-ਸਮੇਂ ਤੇ ਕਲਾ, ਸਾਹਿਤ, ਸਭਿਆਚਾਰ, ਖੇਡਾਂ ਅਤੇ ਸੈਨਾਵਾਂ ਵਿਚ ਅਗਵਾਈ ਕਰਨ ਵਾਲੇ ਯੋਧੇ ਪੈਦਾ ਹੁੰਦਾ ਰਹੇ ਹਨ। ਕਹਿੰਦੇ ਨੇ ਚੀਨੀ ਯਾਤਰੀ ਰਿਊਨਸਾਂਗ 400 ਵੀਸਵੀ ਵਿਚ ਇਥੋਂ ਦੇ ਰਾਜਾ ਮਾਹਿਲ ਦੇਵ ਦੇ ਘਰ ਆਇਆ ਸੀ। ਇਥੇ ਹੀ ਬਸ ਨਹੀਂ ਸਗੋਂ ਇਸ ਧਰਤੀ ਨੇ ਗੀਤ ਸੰਗੀਤ ਦੀ ਦੁਨੀਆਂ ਵਿਚ ਵੀ ਮਾਰਕੇ ਮਾਰਨ ਵਾਲੇ ਪ੍ਰੋ. ਦਰਸ਼ਨ ਸਿੰਘ ਕੋਮਲ, ਮਨਮੋਹਨ ਵਾਰਿਸ, ਸੰਗਤਾਰ, ਕਮਲ ਹੀਰ, ਦੀਪਕ ਬਾਲੀ, ਦੇਬੀ ਮਖਸੂਸਪਰੀ, ਆਤਿਸ਼ ਵਰਗੇ ਕਲਾਕਾਰਾਂ ਨੂੰ ਆਪਣੀ ਗੋਦ ਦਾ ਨਿੱਘ ਪ੍ਰਦਾਨ ਕੀਤਾ।

ਨਵੀਂ ਪਨੀਰੀ ਵਿਚ ਹੁਣ ਚਰਚਿਤ ਹੋਇਆ ਹੈ ਪਿੰਡ ਖਾਨਪੁਰ ਦਾ ਗੱਭਰੂ ਕਲਾਕਾਰ ਜਿੰਦਰ ਖਾਨਪੁਰੀ ਜੋ ਗਾਇਕੀ ਅਤੇ ਗੀਤਕਾਰੀ ਦੇ ਖੇਤਰ ਵਿਚ ਸੰਦਲੀ ਪੈੜਾਂ ਪਾ ਰਿਹਾ ਹੈ। ਉਸਨੇ ਤਾਂ ਕਦੀ ਇਹ ਸੁਪਨਾ ਵੀ ਨਹੀਂ ਸੀ ਲਿਆ ਕਿ ਉਹ ਇਸ ਖੇਤਰ ਵਿਚ ਐਨੀ ਸ਼ੁਹਰਤ ਕਮਾਵੇਗਾ। ਗੀਤ ਸੁਣਦਾ ਸੁਣਦਾ ਗੀਤਕਾਰੀ ਕਰਨ ਲੱਗ ਪਿਆ। ਉਘੇ ਕਲਾਕਾਰ ਦੇਬੀ ਮਖਸੂਸਪੁਰੀ ਨੂੰ ਗੁਰੂ ਧਾਰਿਆ ਤਾਂ ਗਾਇਕੀ ਦੇ ਖੇਤਰ ਵਿਚ ਵੀ ਸਰਗਰਮ ਹੋ ਗਿਆ। ਉਸਨੂੰ ਗੀਤ ਆਪ ਮੁਹਾਰੇ ਹੀ ਉਤਰਦੇ ਹਨ। ਇਸਨੂੰ ਕਹਿੰਦੇ ਨੇ ਉਸ ਮਾਲਕ ਦੀ ਕਿਰਪਾ। ਉਸ ਉਤੇ ਮਾਤਾ ਸਰਸਵਤੀ ਦੀ ਐਨੀ ਕਿਰਪਾ ਹੈ ਕਿ ਉਸਨੇ ਗਾਇਕੀ ਅਤੇ ਗੀਤਕਾਰੀ ਦੇ ਖੇਤਰ ਵਿਚ ਬਰਾਬਰੀ ਨਾਲ ਭੱਲ ਖੱਟੀ ਹੈ। ਅਦਾਕਾਰੀ ਵੀ ਕਮਾਲ ਦੀ ਕਰ ਲੈਂਦਾ ਹੈ। ਆਪਣੇ ਬਹੁਤੇ ਗੀਤਾਂ ਵਿਚ ਉਸਨੇ ਮਾਡਲਿੰਗ ਨਾਲ ਵੀ ਜਵਾਨ ਦਿਲਾਂ ਦੀ ਧੜਕਣ ਤੇਜ਼ ਕੀਤੀ ਹੈ। ਉਸਦੇ ਗੀਤਾਂ ਦਾ ਮੁੱਖ ਵਿਸ਼ਾ ਮੌਜੂਦਾ ਸਮਾਜ ਅਤੇ ਨੌਜਵਾਨ ਪੀੜ੍ਹੀ ਹੈ। ਉਸਦੀ ਇਛਾ ਹੈ ਕਿ ਨਵੀਂ ਪੀੜ੍ਹੀ ਨੂੰ ਪਾਏਦਾਰ ਮਨੋਰੰਜਨ ਦਿੱਤਾ ਜਾਵੇ ਤਾਂ ਕਿ ਉਹ ਨਰੋਈ ਸੋਚ ਦੇ ਮਾਲਕ ਬਣਕੇ ਦੇਸ਼ ਕੌਮ ਦੇ ਨਵ ਨਿਰਮਾਣ ਵਿਚ ਨਿੱਗਰ ਯੋਗਦਾਨ ਪਾ ਸਕਣ। ਇਸ ਵਾਸਤੇ ਆਪਣੀ ਕਲਾ ਨੂੰ ਤਰਾਸ਼ਣ ਲਈ ਦਿਨ ਰਾਤ ਅਭਿਆਸ ਕਰਦਾ ਹੈ।

ਸੱਭਿਆਚਾਰਕ ਹਲਕਿਆਂ ਵਿਚ ਉਸਦੇ ਗੀਤਾਂ ਦੀ ਅਕਸਰ ਚਰਚਾ ਹੁੰਦੀ ਹੈ। ਕਾਰਨ ਇਹ ਹੈ ਕਿ ਉਸਨੇ ਜੱਸਾ ਫਤਹਿਪੁਰੀਆ ਤੋਂ ਲੈ ਕੇ ਉੱਘੀ ਕਲਾਕਾਰ ਮਿੱਸ ਪੂਜਾ ਤਕ ਦੀਆਂ ਅਵਾਜ਼ਾਂ ਵਿਚ ਗੀਤ ਰਿਕਾਰਡ ਕਰਵਾਏ ਹਨ। ਉਸਦੇ ਬਹੁ ਚਰਚਿਤ



ਦਲਜੀਤ ਸਿੰਘ ਅਜਨੋਹਾ
ਬਿਊਰੋ ਚੀਫ਼
98721-83601


ਗੀਤਾਂ ਵਿਚ ਦੀਵਾਨਾ-ਮਿੱਸ ਪੂਜਾ, ਪਰਪੋਜ਼ ਭੁਪਿੰਦਰ ਗਿੱਲ-ਜੰਨਤ ਕੌਰ, ਸਰਦਾਰੀ-ਦੀਪ ਢਿੱਲੋਂ, ਮੰਡਾ ਨੱਚਦੀ ਨੂੰ- ਅੰਮ੍ਰਿਤਾ ਵਿਰਕ, ਕਰਾਊਡ-ਰਵੀ ਰਾਜ ਆਦਿ ਨਾਮ ਜ਼ਿਕਰਯੋਗ ਹਨ। ਉਸਨੇ ਆਪਣੀ ਆਵਾਜ਼ ਵਿਚ ਬੀਕਾਨੇਰ, ਆਊਟ ਆਫ ਰੇਂਜ ਅਤੇ ਆਫਰਾਂ ਆਦਿ ਗੀਤ ਵੀ ਰਿਕਾਰਡ ਕਰਵਾਏ ਹਨ। ਵੱਖ-ਵੱਖ ਚੈਨਲਾਂ ਤੇ ਚੱਲੇ ਇਹਨਾਂ ਗੀਤਾਂ ਨੂੰ ਕਾਫੀ ਸਲਾਹਿਆ ਗਿਆ। ਤਿੰਨਾ ਭੈਣਾਂ ਦੇ ਇਸ ਲਾਡਲੇ ਵੀਰ ਨੂੰ ਪਿਤਾ ਅਸ਼ੋਕ ਕੁਮਾਰ ਬਾਂਸਲ ਅਤੇ ਮਾਤਾ ਕਮਲੇਸ਼ ਰਾਣੀ ਨੇ ਬੜੇ ਚਾਵਾਂ ਤੇ ਲਾਡਾਂ ਨਾਲ ਪਾਲ਼ਿਆ। ਉਸਨੂੰ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਬਣਾਕੇ ਸਕੂਲ ਕਾਲਜ ਤੋਰਿਆ ਤਾਂ ਉਹ ਕਾਲਜ ਦਾ ਸਟਾਰ ਵਿਦਿਆਰਥੀ ਬਣ ਗਿਆ। ਮਾਹਿਲਪੁਰ ਦੇ ਖਾਲਸਾ ਕਾਲਜ ਵਿਚ ਪੜ੍ਹਦਾ ਹੀ ਉਹ ਕਲਾ ਦੇ ਅੰਬਰ ਤੇ ਉੱਚੀਆਂ ਉਡਾਰੀਆਂ ਮਾਰਨ ਲੱਗ ਪਿਆ। ਕਲਮ ਦਾ ਸਾਥ ਮਿਲਿਆ ਤੇ ਖੇਤਰ ਹੋਰ ਵਿਸ਼ਾਲ ਹੋ ਗਿਆ। ਹੁੰਦੜਹੇਲ ਮੁਟਿਆਰ ਇਸ਼ੂ ਦੇ ਸਾਥ ਨੇ ਉਸਦੇ ਜੀਵਨ ਵਿਚ ਸੱਤੇ ਰੰਗ ਭਰ ਦਿੱਤੇ। ਬੇਟੀ ਮਾਨਿਆ ਅਤੇ ਬੇਟੇ ਆਰਵ ਬਾਂਸਲ ਦੀਆਂ ਕਿਲਕਾਰੀਆਂ ਨੇ ਰੌਣਕਾਂ ਲਾ ਖੁਸ਼ੀਆਂ ਨਾਲ ਵਿਹੜਾ ਭਰ ਦਿੱਤਾ। ਇਸ ਤਰਾਂ ਉਹ ਪਰਿਵਾਰਕ ਜੀਵਨ ਤੋਂ ਸੰਤੁਸ਼ਟ ਹੋ ਕੇ ਕਲਾ ਜਗਤ ਨੂੰ ਸਮਰਪਿਤ ਹੋ ਚੁੱਕਾ ਹੈ। ਆਪਣੀ ਹੀ ਮੌਜ ਵਿਚ ਲਿਖਦਾ ਤੇ ਗਾਉਂਦਾ ਹੈ। ਉਸਦਾ ਕਹਿਣਾ ਹੈ ਕਿ ਅਜੇ ਮੰਜ਼ਿਲਾਂ ਬਹੁਤ ਦੂਰ ਨੇ। ਇਸ ਲਈ ਉਹ ਸਦਾ ਮਿਹਨਤ ਦਾ ਲੜ ਫੜਕੇ ਹੋਰ ਅੱਗੇ ਵਧ ਰਿਹਾ ਹੈ। ਕਈ ਸੰਸਥਾਵਾਂ ਵਲੋਂ ਸਨਮਾਨ ਹਾਸਲ ਕਰਕੇ ਉਹ ਆਪਣੀ ਜ਼ਿੰਮੇਵਾਰੀ ਪ੍ਰਤੀ ਹੋਰ ਸੁਚੇਤ ਹੋ ਗਿਆ ਹੈ। ਕੁੱਝ ਗੀਤ ਫੀਚਰ ਫਿਲਮਾਂ ਵਿਚ ਵੀ ਸ਼ਾਮਲ ਕੀਤੇ ਜਾ ਰਹੇ ਹਨ।

# ਬਾਲ ਭਲਾਈ ਕੌਂਸਲ ਪੰਜਾਬ ਨੇ ਹੁਸ਼ਿਆਰਪੁਰ ਵਿਖੇ ਕਰਵਾਇਆ ਰਾਜ ਪੱਧਰੀ ਬਾਲ ਦਿਵਸ ਸਮਾਗਮ

## ਵੱਖ-ਵੱਖ ਜ਼ਿਲ੍ਹਿਆਂ ਨੇ ਗਰੁੱਪ ਲੋਕ ਗੀਤ, ਗਰੁੱਪ ਲੋਕ ਨਾਚ ਅਤੇ ਕਵਿਤਾ ਗਾਇਨ ਮੁਕਾਬਲਿਆਂ ਵਿਚ ਲਿਆ ਭਾਗ







ਹੁਸ਼ਿਆਰਪੁਰ (ਦਲਜੀਤ ਅਜਨੋਹਾ) : ਬਾਲ ਭਲਾਈ ਕੌਂਸਲ ਪੰਜਾਬ ਵੱਲੋਂ ਜ਼ਿਲ੍ਹਾ ਬਾਲ ਭਲਾਈ ਕੌਂਸਲ ਅਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਹਿਯੋਗ ਨਾਲ ਸਿਟੀ ਸੈਂਟਰ ਹੁਸ਼ਿਆਰਪੁਰ ਵਿਖੇ ਰਾਜ ਪੱਧਰੀ ਬਾਲ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ, ਜਿਸ ਵਿਚ ਸੂਬੇ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਗਰੁੱਪ ਲੋਕ ਗੀਤ,ਗਰੁੱਪ ਲੋਕ ਨਾਚ ਅਤੇ ਕਵਿਤਾ ਗਾਇਨ ਮੁਕਾਬਲਿਆਂ ਵਿਚ ਭਾਗ ਲੈ ਕੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਦੌਰਾਨ ਬਾਲ ਭਲਾਈ ਕੌਂਸਲ ਵੱਲੋਂ ਵੱਖ-ਵੱਖ ਜੇਤੂ ਜ਼ਿਲ੍ਹਿਆਂ ਦੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਬਾਲ ਭਲਾਈ ਕੌਂਸਲ ਪੰਜਾਬ ਦੀ ਚੇਅਰਪਰਸਨ ਪ੍ਰਾਜਕਤਾ ਅਵਧ ਨੀਲਕੰਠ ਅਤੇ ਸਕੱਤਰ ਡਾ. ਪ੍ਰੀਤਮ ਸੰਧੂ ਨੇ ਸਾਂਝੇ ਤੌਰ 'ਤੇ ਸ਼ਮ੍ਹਾ ਰੌਸ਼ਨ ਕਰਕੇ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਵੀ ਹਾਜ਼ਰ ਸਨ।

ਮੁੱਖ ਮਹਿਮਾਨ ਐਸ.ਡੀ.ਐਮ ਪ੍ਰੀਤਇੰਦਰ ਸਿੰਘ ਬੈਂਸ ਨੇ ਕਿਹਾ ਕਿ ਅਜਿਹੇ ਮੁਕਾਬਲੇ ਸਾਨੂੰ ਸੰਘਰਸ਼ ਰਾਹੀਂ ਜ਼ਿੰਦਗੀ ਵਿਚ ਅੱਗੇ ਵਧਣਾ ਸਿਖਾਉਂਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਬੱਚਿਆਂ ਵਿਚ ਮੁਕਾਬਲੇ ਦੀ ਭਾਵਨਾ ਪੈਦਾ ਕਰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਭਾਵੇਂ ਵਿੱਦਿਆ ਹੋਵੇ, ਕਲਾ ਹੋਵੇ ਜਾਂ ਖੇਡਾਂ, ਉਨ੍ਹਾਂ ਨੂੰ ਵੱਧ ਤੋਂ ਵੱਧ ਮੁਕਾਬਲਿਆਂ ਵਿਚ ਭਾਗ ਲੈਣਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ੇ ਤੋਂ ਆਪਣੇ ਆਪ ਨੂੰ ਬਚਾਉਣ ਅਤੇ ਹੋਰਨਾਂ ਨੂੰ ਵੀ ਇਸ ਨਾਮੁਰਾਦ ਬਿਮਾਰੀ ਪ੍ਰਤੀ ਜਾਗਰੂਕ ਕਰਨ ਦਾ ਸੁਨੇਹਾ ਦਿੱਤਾ।

ਇਸ ਮੌਕੇ ਬਾਲ ਭਲਾਈ ਕੌਂਸਲ ਪੰਜਾਬ ਦੀ ਚੇਅਰਪਰਸਨ ਪ੍ਰਾਜਕਤਾ ਅਵਧ ਨੀਲਕੰਠ ਨੇ ਦੱਸਿਆ ਕਿ ਕੌਂਸਲ ਵੱਲੋਂ ਹਰ ਸਾਲ ਵੱਖ-ਵੱਖ ਜ਼ਿਲ੍ਹਿਆਂ ਵਿਚ ਬਾਲ ਮੇਲਾ ਕਰਵਾਇਆ ਜਾਂਦਾ ਹੈ, ਜਿਸ ਵਿਚ ਸੂਬੇ ਦੇ ਵੱਖ-ਵੱਖ ਜ਼ਿਲ੍ਹੇ ਭਾਗ ਲੈਂਦੇ ਹਨ। ਇਸ ਵਾਰ ਇਹ ਰਾਜ ਪੱਧਰੀ ਬਾਲ ਮੇਲਾ ਹੁਸ਼ਿਆਰਪੁਰ ਵਿਚ ਕਰਵਾਇਆ ਗਿਆ, ਜਿਸ ਵਿਚ ਸੂਬੇ ਦੇ ਸਾਰੇ ਜ਼ਿਲ੍ਹਿਆਂ ਦੇ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਉਨ੍ਹਾਂ ਕਿਹਾ ਕਿ ਬਾਲ ਭਲਾਈ ਕੌਂਸਲ ਬੱਚਿਆਂ ਦੀ ਭਲਾਈ ਨਾਲ ਸਬੰਧਤ ਗਤੀਵਿਧੀਆਂ ਕਰਦੀ ਹੈ, ਜਿਸ ਵਿਚ ਸ਼ਾਮ ਦੀਆਂ ਕਲਾਸਾਂ, ਕਰੈਚ ਸੈਂਟਰ, ਗਾਈਡ ਹੈਲਪ ਲਾਈਨ, ਆਰਟ ਵਰਕਸ਼ਾਪ, ਸ਼ੌਕ ਕਲਾਸਾਂ, ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਕਲਾਸਾਂ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਅੱਜ ਹੋਏ ਰਾਜ ਪੱਧਰੀ ਮੁਕਾਬਲੇ ਵਿਚ ਗਰੁੱਪ ਲੋਕ ਗੀਤ ਵਿਚ ਜਲੰਧਰ ਪਹਿਲੇ, ਫਰੀਦਕੋਟ ਦੂਜੇ ਅਤੇ ਹੁਸ਼ਿਆਰਪੁਰ ਤੀਜੇ ਸਥਾਨ 'ਤੇ ਰਿਹਾ। ਲੋਕ ਨਾਚ ਸੰਮੀ ਵਿਚ ਫਰੀਦਕੋਟ ਪਹਿਲੇ, ਗੁਰਦਾਸਪੁਰ ਦੂਜੇ ਅਤੇ ਹੁਸ਼ਿਆਰਪੁਰ ਤੀਜੇ ਸਥਾਨ 'ਤੇ ਰਿਹਾ। ਕਵਿਤਾ ਗਾਇਨ ਮੁਕਾਬਲੇ ਵਿਚ ਬਰਨਾਲਾ ਦੀ ਗੁਨੀਤ ਸ਼ਰਮਾ ਪਹਿਲੇ, ਹੁਸ਼ਿਆਰਪੁਰ ਦੀ ਵੰਸ਼ਿਕਾ ਦੂਜੇ ਅਤੇ ਫ਼ਰੀਦਕੋਟ ਦੀ ਹਰਲੀਨ ਤੀਜੇ ਸਥਾਨ 'ਤੇ ਰਹੀ। ਇਸ ਮੌਕੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪ੍ਰੀਤ ਕੋਹਲੀ, ਡਾ. ਮੋਨਿਕਾ, ਡਾ. ਰੁਬਿਨ ਬਾਹਲਵੀ, ਡਿਪਟੀ ਡੀ.ਈ.ਓ. ਧੀਰਜ ਵਸ਼ਿਸ਼ਟ, ਮਦਨ ਵੀਰਾ, ਡਾ. ਜਸਵੰਤ ਰਾਏ, ਪ੍ਰੋ. ਹਰਜਿੰਦਰ ਸਿੰਘ, ਡਾ. ਸੀਮਾ ਚੱਢਾ, ਰਵੀ ਸ਼ਰਮਾ, ਅਜੈ ਕੁਮਾਰ, ਅਦਿੱਤਿਆ ਰਾਣਾ, ਨਰਿੰਦਰ ਅਰੋੜਾ, ਸਰਬਜੀਤ ਸਿੰਘ ਅਤੇ ਹੋਰ ਪਤਵੰਤਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।



# ਕਲਾਕਾਰੀ ਨੂੰ ਨਵਾਂ ਰੂਪ ਦੇਣ ਵਾਲਾ ਕੈਮਰਾਮੈਨ ਜੀਵਨ ਹੀਰ

ਜਦੋਂ ਵੀ ਕਿਸੇ ਫਿਲਮ, ਨਾਟਕ ਜਾਂ ਗੀਤ ਦੀ ਵੀਡਿਓ ਦੇਖੀ ਜਾਂਦੀ ਹੈ, ਜਿਆਦਾਤਰ ਲੋਕ ਫਿਲਮ, ਨਾਟਕ ਜਾਂ ਗੀਤ ਵਿਚ ਕੰਮ ਕਰ ਰਹੇ ਕਲਾਕਾਰ ਦੀ ਕਲਾਕਾਰੀ ਜਾਂ ਕਹਾਣੀ ਦੀ ਖੂਬਸੂਰਤੀ ਨੂੰ ਦੇਖਦਾ ਹੈ ਲੇਕਿਨ ਉਸ ਵੀਡਿਓ ਨੂੰ ਬਣਾਉਣ ਵਿਚ ਸਭ ਤੋਂ ਅਹਿਮ ਕਿਰਦਾਰ ਨਿਭਾਉਂਦਾ ਹੈ ਕੈਮਰਾਮੈਨ। ਇਕ ਕੈਮਰਾਮੈਨ ਹੀ ਹੁੰਦਾ ਹੈ ਜੋ ਵੀਡਿਓ ਨੂੰ ਖੂਬਸੂਰਤ ਬਣਾ ਦੇਵੇ ਜਾਂ ਕਿਸੇ ਨੂੰ ਵੀਡਿਓ ਨੂੰ ਵਿਗਾੜ ਦੇਵੇ। ਇਸੇ ਤਰਾਂ ਦਾ ਹੀ ਇਕ ਕੈਮਰਾਮੈਨ ਹੈ ਜੀਵਨ ਹੀਰ। ਮਾਂ ਨਛੱਤਰ ਕੌਰ ਦਾ ਲਾਡਲਾ ਤੇ ਪਿਤਾ ਹਰਬੰਸ ਲਾਲ ਦਾ ਪਿਆਰਾ ਜੀਵਨ ਹੀਰ, ਜੋ ਕਿ ਕਲਾਕਾਰ ਦੀ ਕਲਾਕਾਰੀ ਨੂੰ ਨਿਖਾਰ ਕੇ ਸੋਹਣਾ ਰੂਪ ਦੇਣ ਲਈ ਜਾਣਿਆ ਜਾਂਦਾ ਹੈ। ਫਿਲਮੀ ਦੁਨੀਆਂ ਦੀ ਲਾਇਨ ਦਾ ਰਸਤਾ ਜੀਵਨ ਹੀਰ ਨੂੰ ਉਸਦੇ ਦੋਸਤ ਰਾਕੇਸ਼ ਸ਼ਰਮਾ ਨੇ ਦਿਖਾਇਆ। ਸੈਕੜਿਆਂ ਦੀ ਗਿਣਤੀ 'ਚ ਵੀਡਿਓ ਬਣਾਉਣ ਵਾਲੇ ਜੀਵਨ ਹੀਰ ਨੇ ਧਾਰਮਿਕ ਗੀਤਾਂ, ਰੋਮਾਂਟਿਕ, ਸੈਡ ਤੇ ਬੀਟ ਗੀਤਾਂ ਦੀ ਵੀਡਿਓ ਬਣਾਈ ਹੈ ਉਥੇ ਕਾਫੀ ਫਿਲਮਾਂ 'ਚ ਕੈਮਰੇ ਨਾਲ ਜਾਨ ਪਾ ਚੁੱਕਾ ਹੈ। ਜੀਵਨ ਹੀਰ ਕਾਫੀ ਪੰਜਾਬੀ ਕਲਾਕਾਰਾਂ ਜਿਸ ਵਿਚ ਰੀਤੂ ਨੂਰਾਂ, ਰਣਜੀਤ ਮਣੀ, ਜੌ ਖਾਨ, ਅਫਸਾਨਾਂ ਖਾਨ, ਰਣਜੀਤ ਮਾਣ,ਟੋਨੀ ਜਰਨੈਲ, ਰਾਣੀ ਅਰਮਾਣ, ਲਾਡੀ ਧਾਲੀਵਾਲ, ਦਿਲਸ਼ਾਦ ਅਖਤਰ ਖਾਨ, ਸੁੱਖ ਜੰਡੂ, ਆਦਿ ਸਮੇਤ ਅਨੇਕਾਂ ਗਾਇਕਾਂ ਦੀਆਂ ਵੀਡਿਓ ਬਣਾਉਣ ਦੇ ਨਾਲ ਨਾਲ ਅਨੇਕਾਂ ਹੀ ਸ਼ਾਰਟ ਫਿਲਮਾਂ ਵਿਚ ਕੰਮ ਕੀਤਾ ਹੈ। ਜੀਵਨ ਹੀਰ ਦੇ ਅਨੇਕਾਂ ਗੀਤ ਯੂ ਟਿਊਬ ਦੇ ਨਾਲ ਨਾਲ ਵੱਖ ਵੱਖ ਚੈਨਲਾਂ'ਚ ਆ ਚੁੱਕੇ ਹਨ। ਜੀਵਨ ਹੀਰ ਦਾ ਜੀਵਨ ਬਹੁਤ ਹੀ ਸ਼ੰਘਰਸ਼ ਵਾਲਾ ਰਿਹਾ ਹੈ। ਕੈਮਰਾਮੈਨ ਦਾ ਕੰਮ ਕਰਨ ਤੋਂ ਪਹਿਲਾਂ ਲਾਇਟਮੈਨ ਦਾ ਕੰਮ ਵੀ ਕੀਤਾ। ਜੀਵਨ ਹੀਰ ਨੇ ਦੱਸਿਆ ਕਿ ਉਸਦੀ ਸ਼ੰਘਰਸ਼ ਭਰੀ ਜਿੰਦਗੀ ਵਿਚ ਚਾਚਾ ਤਿਲਕ ਰਾਜ, ਗਾਇਕ ਜੌ ਖਾਨ, ਤਰਨਦੀਪ ਮਾਹੀ, ਜੀਵਨ ਜੋਤ ਸਿੰਘ ਤੇ ਐਕਟਰ ਵਿਵੇਕ ਹਾਸ਼ਿਰ ਨੇ ਬਹੁਤ ਸਹਿਯੋਗ ਕੀਤਾ ਹੈ, ਜਿਸ ਲਈ ਉਹ ਬਹੁਤ ਹੀ ਧੰਨਵਾਦੀ ਹੈ।


**ਦਲਜੀਤ ਅਜਨੋਹਾ**
**ਬਿਊਰੋ ਚੀਫ਼**
**98721/83601**

# ਅਮਰੀਕਾ ਵਿਚ ਹੱਤਿਆ ਦੇ ਮਾਮਲੇ ਵਿੱਚ 20 ਸਾਲ ਜੇਲ ਕੱਟਣ ਉਪਰੰਤ ਨਿਰਦੋਸ਼ ਕਰਾਰ ਦੇ ਕੇ ਕੀਤਾ ਰਿਹਾਅ




ਰਿਹਾਈ ਉਪਰੰਤ ਆਪਣ ਸੱਕੇ ਸੰਬੰਧੀਆਂ ਤੇ ਮਿਤਰਾਂ ਦੋਸਤਾਂ ਨਾਲ ਮਾਰਵਿਨ ਹੇਅਨਸ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਹੱਤਿਆ ਦੇ ਮਾਮਲੇ ਵਿਚ ਗਲਤ ਢੰਗ ਤਰੀਕੇ ਨਾਲ ਦੋਸ਼ੀ ਕਰਾਰ ਦੇ ਕੇ ਸੁਣਾਈ ਸਜ਼ਾ ਤਹਿਤ ਤਕਰੀਬਨ 20 ਸਾਲ ਜੇਲ ਕੱਟਣ ਉਪਰੰਤ ਇਕ ਵਿਅਕਤੀ ਨੂੰ ਨਿਰਦੋਸ਼ ਕਰਾਰ ਦੇ ਕੇ ਰਿਹਾਅ ਕਰ ਦੇਣ ਦੀ ਖਬਰ ਹੈ। ਮਿਨੀਸੋਟਾ ਦੇ 35 ਸਾਲਾ ਵਿਅਕਤੀ ਮਾਰਵਿਨ ਹੇਅਨਸ ਨੂੰ ਮਿਨੀਆਪੋਲਿਸ ਫਲਾਵਰ ਸ਼ਾਪ ਵਿਖੇ 55 ਸਾਲਾ ਰੈਂਡੀ ਸ਼ੈਰਰ ਨੂੰ ਗੋਲੀ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਪਹਿਲਾ ਦਰਜਾ ਹਤਿਆ ਲਈ 2004 ਵਿਚ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ ਗਈ ਸੀ। ਉਸ ਸਮੇ ਉਹ 16 ਸਾਲਾਂ ਦਾ ਸੀ। ਗਰੇਟ ਨਾਰਥ ਇਨੋਸੈਂਸ ਪ੍ਰੋਜੈਕਟ ਦੁਆਰਾ ਮਾਮਲੇ ਦੀ ਮੁੜ ਸਮੀਖਿਆ ਲਈ ਕੀਤੀ ਬੇਨਤੀ 'ਤੇ ਹੈਨਪਿਨ ਕਾਊਂਟੀ ਅਟਰਾਨੀ ਦਫਤਰ ਨੇ ਸਹਿਮਤੀ ਪ੍ਰਗਟਾਈ ਕਿ ਸਜ਼ਾ ਪ੍ਰਕ੍ਰਿਆ ਦੌਰਾਨ ਹੇਅਨਸ ਦੇ ਅਧਿਕਾਰ ਦੀ ਉਲੰਘਣਾ ਹੋਈ ਹੈ। ਇਹ ਵੀ ਦਲੀਲੀ ਦਿੱਤੀ ਗਈ ਕਿ ਇਹ ਮਾਮਲਾ ਸਮੁੱਚੇ ਤੌਰ 'ਤੇ ਗਵਾਹਾਂ ਦੇ ਬਿਆਨਾਂ 'ਤੇ ਅਧਾਰਤ ਸੀ ਜੋ ਬਾਅਦ ਵਿਚ ਮੁਕਰ ਗਏ ਸਨ। ਨਿਰਦੋਸ਼ ਕਰਾਰ ਦੇ ਕੇ ਹੇਅਨਸ ਨੂੰ ਮਿਨਿਆਪੋਲਿਸ ਜੇਲ ਵਿਚੋਂ ਰਿਹਾਅ ਕਰ ਦਿੱਤਾ ਗਿਆ। ਹੇਅਨਸ ਨੇ ਇਕ ਬਿਆਨ ਵਿਚ ਗਰੇਟ ਨਾਰਥ ਇਨੋਸੈਂਸ ਪ੍ਰੋਜੈਕਟ ਤੇ ਲੰਬੀ ਜੇਲ ਯਾਤਰਾ ਦੌਰਾਨ ਸਮਰਥਨ ਕਰਨ ਵਾਲੇ ਮਿਤਰਾਂ ਦੋਸਤਾਂ ਦਾ ਧੰਨਵਾਦ ਕੀਤਾ ਹੈ।

# ਅਮਰੀਕੀ ਅਦਾਲਤ ਨੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਨਬਾਲਗ ਨੂੰ ਸੁਣਾਈ ਉਮਰ ਭਰ ਲਈ ਜੇਲ ਦੀ ਸਜ਼ਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : 2021 ਵਿਚ ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਆਪਣੇ 4 ਸਾਥੀ ਵਿਦਿਆਰਥੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਤੇ ਇਕ ਅਧਿਆਪਕ ਸਮੇਤ 6 ਹੋਰਨਾਂ ਨੂੰ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਅਦਾਲਤ ਨੇ 17 ਸਾਲਾ ਨਬਾਲਗ ਏਥਾਨ ਕਰੂੰਬਲੇ ਨੂੰ ਬਿਨਾਂ ਪੈਰੋਲ ਉਮਰ ਭਰ ਲਈ ਜੇਲ ਵਿਚ ਬੰਦ ਰਖਣ ਦੀ ਸਜ਼ਾ ਸੁਣਾਈ ਹੈ। ਓਕਲੈਂਡ ਕਾਊਂਟੀ ਸਰਕਟ ਕੋਰਟ ਜੱਜ ਵਾਮ ਰੋਏ ਨੇ ਬਚਾਅ ਪੱਖ ਦੇ ਵਕੀਲਾਂ ਵੱਲੋਂ ਆਖਰੀ ਸਮੇ ਵਿਚ ਕਰੂੰਬਲੇ ਦੀ ਉਮਰ ਦੇ ਮੱਦੇਨਜਰ ਉਸ ਨੂੰ ਮੁਆਫ ਕਰ ਦੇਣ ਦੀ ਕੀਤੀ ਅਪੀਲ ਰੱਦ ਕਰਦਿਆਂ ਕਿਹਾ ਕਿ ਏਥਾਨ ਕਰੂੰਬਲੇ ਨੇ ਖੁਦ ਅਦਾਲਤ ਨੂੰ ਕਿਹਾ ਹੈ ਕਿ "ਇਹ ਹੋਰ ਕਿਸੇ ਦੀ ਨਹੀਂ ਬਲਕਿ ਉਸ ਦੀ ਆਪਣੀ ਗਲਤੀ ਹੈ।" ਇਸ ਗੋਲੀਬਾਰੀ ਵਿਚ 17 ਸਾਲ ਤੋਂ ਘੱਟ ਉਮਰ ਦੇ 4 ਵਿਦਿਆਰਥੀ ਮਾਰੇ ਗਏ ਸਨ ਜਿਨਾਂ ਦੇ ਕਈ



ਏਥਾਨ ਕਰੂੰਬਲੇ ਅਦਾਲਤ ਵਿਚ ਸੁਣਵਾਈ ਦੌਰਾਨ

ਕਈ ਗੋਲੀਆਂ ਮਾਰੀਆਂ ਗਈਆਂ ਸਨ। ਮਾਰੇ ਗਏ ਵਿਦਿਆਰਥੀਆਂ ਵਿਚ ਜਸਟਿਨ ਸ਼ੀਲਿੰਗ, ਹਨਾ ਜੁਲੀਅਨਾ, ਟੇਟ ਮਾਇਰ ਤੇ ਮੈਡੀਸਿਨ ਬੈਲਡਵਿਨ ਸ਼ਾਮਿਲ ਹਨ। ਜਦੋਂ ਏਥਾਨ ਕਰੂੰਬਲੇ ਨੇ ਇਹ ਅਪਰਾਧ ਕੀਤਾ ਸੀ ਉਸ ਸਮੇ ਉਸ ਦੀ ਉਮਰ 15 ਸਾਲ ਸੀ।

# ਕੈਲੀਫੋਰਨੀਆ ਦੇ ਭਾਰਤੀ ਅਮਰੀਕੀ ਡਾਕਟਰ ਸਚਿਨ ਸਿਹਤ ਸੰਭਾਲ ਖੇਤਰ ਦੇ ਸਭ ਤੋਂ ਵਧ 100 ਪ੍ਰਭਾਵਸ਼ਾਲੀ ਵਿਅਕਤੀਆਂ ਵਿਚ ਸ਼ਾਮਿਲ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸਕੈਨ ਐਂਡ ਸਕੈਨ ਹੈਲਥ ਪਲੈਨ ਦੇ ਕੈਲੀਫੋਰਨੀਆ ਵਿਚਲੇ ਸੀ ਈ ਓ ਡਾ ਸਚਿਨ ਐਚ ਜੈਨ ਨੂੰ ਸਿਹਤ ਸੰਭਾਲ ਖੇਤਰ ਵਿਚ ਸਭ ਤੋਂ ਵਧ ਅਸਰਦਾਇਕ 100 ਵਿਅਕਤੀਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਮਾਡਰਨ ਹੈਲਥਕੇਅਰ ਦੇ 'ਮਾਨਤਾ ਪ੍ਰੋਗਰਾਮ' ਤਹਿਤ ਭਾਰਤੀ-ਅਮਰੀਕੀ ਡਾਕਟਰ ਸਚਿਨ ਦੀ ਚੋਣ ਸਿਹਤ ਸੰਭਾਲ ਖੇਤਰ ਵਿਚ ਪਾਏ ਸ਼ਾਨਦਾਰ ਯੋਗਦਾਨ ਦੇ ਮੱਦੇ ਨਜਰ ਹੋਈ ਹੈ। ਮਾਡਰਨ ਹੈਲਥ ਕੇਅਰ ਅਨੁਸਾਰ ਡਾ ਸਚਿਨ ਨੇ ਬਜ਼ੁਰਗਾਂ ਸਮੇਤ ਅਮਰੀਕੀ ਸਮਾਜ ਦੇ ਹਰ ਵਿਅਕਤੀ ਦੀ ਸਿਹਤ ਸੰਭਾਲ ਵਿਚ ਆਪਣਾ ਯੋਗਦਾਨ ਪਾਇਆ ਹੈ। ਜੈਨ ਨੇ ਘਰਾਂ ਵਿਚ ਬਜ਼ੁਰਗ ਵਿਅਕਤੀਆਂ ਲਈ ਡਾਕਟਰੀ ਸਹਾਇਤਾ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਿਸ ਤਹਿਤ ਡਾਕਟਰ ਉਨਾਂ ਦਾ ਹਾਲ ਚਾਲ ਜਾਣਨ ਲਈ ਉਨਾਂ ਦੇ ਘਰਾਂ ਵਿਚ ਜਾਂਦੇ ਹਨ। ਇਸ ਤੋਂ ਇਲਾਵਾ ਉਨਾਂ ਦੁਆਰਾ ਬੇਘਰੇ ਲੋਕਾਂ ਨੂੰ ਡਾਕਟਰੀ ਸਹਾਇਤਾ ਦੇਣ ਲਈ ਗਠਿਤ ਇਕ ਮੈਡੀਕਲ ਗਰੁੱਪ ਨੇ ਸਾਰੇ ਦੇਸ਼ ਦਾ ਧਿਆਨ ਖਿਚਿਆ ਹੈ ਜੋ ਗਰੁੱਪ ਕੈਲੀਫੋਰਨੀਆ ਵਿਚਲੀਆਂ 6 ਕਾਊਂਟੀਆਂ ਵਿਚ 1000 ਤੋਂ ਵਧ ਮਰੀਜਾਂ ਨੂੰ ਸੇਵਾਵਾਂ ਦੇ ਰਿਹਾ ਹੈ।

# ਲੋਕ ਸਭਾ 'ਚੋਂ ਬਰਖਾਸਤਗੀ ਖ਼ਿਲਾਫ਼ ਸੁਪਰੀਮ ਕੋਰਟ ਪੁੱਜੀ ਮਹੂਆ ਮੋਇਤਰਾ

ਨਵੀਂ ਦਿੱਲੀ: ਤ੍ਰਿਣਮੂਲ ਕਾਂਗਰਸ (ਟੀਐੱਮਸੀ) ਦੀ ਨੇਤਾ ਮਹੂਆ ਮੋਇਤਰਾ ਨੇ ਅੱਜ ਸੁਪਰੀਮ ਕੋਰਟ ਦਾ ਰੁਖ਼ ਕਰਕੇ ਲੋਕ ਸਭਾ 'ਚੋਂ ਆਪਣੀ ਬਰਖਾਸਤਗੀ ਨੂੰ ਚੁਣੌਤੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਲੋਕ ਸਭਾ ਦੀ ਸਦਾਚਾਰ ਕਮੇਟੀ ਨੇ ਉਸ ਰਿਪੋਰਟ ਨੂੰ ਸਵੀਕਾਰ ਕਰ ਲਿਆ ਜਿਸ ਵਿੱਚ ਮੋਇਤਰਾ ਨੂੰ 'ਪੈਸੇ ਲੈ ਕੇ ਸਵਾਲ ਪੁੱਛਣ' ਦੇ ਮਾਮਲੇ 'ਚ ਅਨੈਤਿਕ ਵਿਹਾਰ ਲਈ ਜ਼ਿੰਮੇਵਾਰ ਮੰਨਿਆ ਗਿਆ ਸੀ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਅੱਠ ਦਸੰਬਰ ਨੂੰ ਹੰਗਾਮਾ ਭਰਪੂਰ ਚਰਚਾ ਤੋਂ ਬਾਅਦ ਲੋਕ ਸਭਾ 'ਚ ਮੋਇਤਰਾ ਨੂੰ ਬਰਖਾਸਤ ਕਰਨ ਦਾ ਮਤਾ ਪੇਸ਼ ਕੀਤਾ ਜਿਸ ਨੂੰ ਜ਼ੁਬਾਨੀ ਵੋਟਾਂ ਨਾਲ ਮਨਜ਼ੂਰੀ ਦਿੱਤੀ ਗਈ। ਚਰਚਾ 'ਚ ਮੋਇਤਰਾ ਨੂੰ ਖੁਦ ਦਾ ਪੱਖ ਰੱਖਣ ਦਾ ਮੌਕਾ ਨਹੀਂ ਮਿਲਿਆ ਸੀ। ਆਪਣੀ



ਬਰਖਾਸਤਗੀ 'ਤੇ ਪ੍ਰਤੀਕਿਰਿਆ ਦਿੰਦਿਆਂ ਮੋਇਤਰਾ ਨੇ ਇਸ ਫ਼ੈਸਲੇ ਦੀ ਤੁਲਨਾ 'ਕੰਗਾਰੂ ਅਦਾਲਤ' ਵੱਲੋਂ ਸਜ਼ਾ ਦਿੱਤੇ ਜਾਣ ਨਾਲ ਕੀਤੀ ਸੀ।

# ਅਦਾਲਤ ਨੇ ਗਿਆਨਵਾਪੀ ਸਰਵੇਖਣ ਰਿਪੋਰਟ ਪੇਸ਼ ਕਰਨ ਲਈ ਏਐੱਸਆਈ ਨੂੰ ਇਕ ਹੋਰ ਹਫ਼ਤੇ ਦਾ ਸਮਾਂ ਦਿੱਤਾ

ਵਾਰਾਣਸੀ : ਵਾਰਾਣਸੀ ਦੀ ਜ਼ਿਲ੍ਹਾ ਅਦਾਲਤ ਨੇ ਸੋਮਵਾਰ ਨੂੰ ਭਾਰਤੀ ਪੁਰਾਤੱਤਵ ਸਰਵੇਖਣ (ਏਐੱਸਆਈ) ਨੂੰ ਇਥੇ ਸਮਜਿਦ ਦੀ ਵਿਗਿਆਨਕ ਸਰਵੇਖਣ ਰਿਪੋਰਟ ਪੂਰੀ ਕਰਨ ਅਤੇ ਉਸ ਨੂੰ ਪੇਸ਼ ਕਰਨ ਲਈ ਇਕ ਹਫ਼ਤੇ ਦਾ ਹੋਰ ਸਮਾਂ ਦਿੱਤਾ ਹੈ। ਹਿੰਦੂ ਪੱਖ ਦੇ ਵਕੀਲ ਮਦਨ ਮੋਹਨ ਯਾਦਵ ਨੇ ਕਿਹਾ ਕਿ ਮਾਮਲੇ ਦੀ ਸੁਣਵਾਈ ਕਰਦੇ ਹੋਏ ਜ਼ਿਲ੍ਹਾ ਜੱਜ ਏਕੇ ਵਿਸ਼ਵੇਸ਼ ਨੇ ਏਐੱਸਆਈ ਨੂੰ ਸਰਵੇਖਣ ਪੂਰਾ ਕਰਨ ਅਤੇ ਆਪਣੀ ਰਿਪੋਰਟ ਸੌਂਪਣ ਲਈ ਇਕ ਹਫ਼ਤੇ ਦਾ ਹੋਰ ਸਮਾਂ ਦਿੱਤਾ ਹੈ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 18 ਦਸੰਬਰ ਦੀ ਤਰੀਕ ਤੈਅ ਕੀਤੀ ਹੈ। ਹਿੰਦੂ ਪੱਖ ਦੇ ਵਕੀਲ ਮੋਹਨ ਯਾਦਵ ਨੇ ਕਿਹਾ ਕਿ ਏਐੱਸਆਈ ਨੇ ਆਪਣੇ ਬਿਨੈ 'ਚ ਆਪਣੇ ਪੁਰਾਤਤਵ ਵਿਭਾਗ ਦੇ ਸੁਪਰਡੈਂਟ ਅਵਿਨਾਸ਼ ਮੋਹੰਤੀ ਦੀ ਖਰਾਬ ਸਿਹਤ ਦਾ ਹਵਾਲਾ ਦਿੰਦਿਆਂ ਅਦਾਲਤ 'ਚ ਪੇਸ਼ ਹੋਣ ਤੋਂ ਅਸਮਰੱਥਾ ਜਤਾਉਂਦਿਆਂ ਰਿਪੋਰਟ ਪੇਸ਼ ਕਰਨ 'ਚ ਹੋਰ ਸਮਾਂ ਦੇਣ ਦੀ ਮੰਗ ਕੀਤੀ ਸੀ। ਇਹ ਛੇਵੀਂ ਵਾਰ ਹੈ ਜਦ ਅਦਾਲਤ ਨੇ ਏਐੱਸਆਈ ਨੂੰ ਆਪਣੀ ਸਰਵੇਖਣ ਰਿਪੋਰਟ ਦਾਖ਼ਲ ਕਰਨ ਲਈ ਸਮਾਂ ਦਿੱਤਾ ਹੈ।



# ਸਿੱਧੂ ਮੂਸੇਵਾਲਾ ਕਤਲ ਕੇਸ: ਲਾਰੈਂਸ ਬਿਸ਼ਨੋਈ ਤੇ ਭਗਵਾਨਪੁਰੀਆ ਨੇ ਰਿਹਾਈ ਮੰਗੀ

## *ਜੇਲ੍ਹ 'ਚ ਬੰਦ ਹੋਣ ਕਾਰਨ ਪੰਜਾਬੀ ਗਾਇਕ ਦੀ ਹੱਤਿਆ ਵਿੱਚ ਸ਼ਾਮਲ ਨਾ ਹੋਣ ਦਾ ਕੀਤਾ ਦਾਅਵਾ*

ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਨੇ ਅੱਜ ਮਾਨਸਾ ਦੀ ਇੱਕ ਅਦਾਲਤ ਵਿੱਚ ਮੂਸੇਵਾਲਾ ਦੇ ਕਤਲ ਕੇਸ ਵਿੱਚ ਆਪਣੀ ਰਿਹਾਈ ਦੀ ਮੰਗ ਕਰਦੇ ਹੋਏ ਦਾਅਵਾ ਕੀਤਾ ਕਿ ਉਹ ਮਾਰੇ ਗਏ ਪੰਜਾਬੀ ਗਾਇਕ ਦੀ ਹੱਤਿਆ ਵਿੱਚ ਸ਼ਾਮਲ ਨਹੀਂ ਸਨ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਚ ਛੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਵਕੀਲ ਨੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਵਿੱਚ ਧਾਰਾ 239 ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ (ਸੀਆਰਪੀਸੀ) ਤਹਿਤ ਇੱਕ ਅਰਜ਼ੀ ਦਾਇਰ ਕਰਕੇ ਹੱਤਿਆ ਦੇ ਮਾਮਲੇ ਵਿੱਚ ਆਪਣੇ ਮੁਵੱਕਿਲ ਦੇ ਦੋਸ਼-ਮੁਕਤ ਹੋਣ ਦੀ ਮੰਗ ਕੀਤੀ ਹੈ। ਇਸੇ ਤਰ੍ਹਾਂ ਜੱਗੂ ਭਗਵਾਨਪੁਰੀਆ ਦੇ ਵਕੀਲ ਨੇ ਸੀਆਰਪੀਸੀ ਦੀ ਧਾਰਾ 227 ਤਹਿਤ 235 ਪੰਨਿਆਂ ਦੀ ਅਰਜ਼ੀ ਦਾਇਰ ਕਰਕੇ ਰਿਹਾਈ ਮੰਗੀ। ਹੈ ਸਰਕਾਰੀ ਵਕੀਲ ਨੇ ਅਦਾਲਤ



ਵੱਲੋਂ ਦਾਇਰ ਡਿਸਚਾਰਜ ਅਰਜ਼ੀਆਂ ਦਾ ਜਵਾਬ ਦਾਖ਼ਲ ਕਰਨ ਲਈ ਸਮਾਂ ਦੇਣ ਲਈ ਕਿਹਾ ਜਿਸ ਤੋਂ ਬਾਅਦ ਅਦਾਲਤ ਨੇ ਜਵਾਬ ਲਈ ਮਾਮਲੇ ਦੀ ਸੁਣਵਾਈ 5 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਬਿਸ਼ਨੋਈ ਅਤੇ ਭਗਵਾਨਪੁਰੀਆ ਨੇ ਆਪਣੀਆਂ ਅਰਜ਼ੀਆਂ ਵਿੱਚ ਦਾਅਵਾ ਕੀਤਾ ਹੈ ਕਿ ਉਹ ਕਤਲ ਵਿੱਚ ਸ਼ਾਮਲ ਨਹੀਂ ਸਨ। ਉਹ ਕਤਲ ਦੇ ਸਮੇਂ ਜੇਲ੍ਹ ਵਿੱਚ ਬੰਦ ਸਨ ਅਤੇ ਕਤਲ ਵਿੱਚ ਉਨ੍ਹਾਂ ਦਾ ਕੋਈ ਸਬੰਧ ਨਹੀਂ ਸੀ। ਇਸ ਤੋਂ ਪਹਿਲਾਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ 24 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਦੌਰਾਨ ਮੁਲਜ਼ਮ ਮੋਨੂੰ ਡਾਗਰ ਨੂੰ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਗਿਆ। ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਐੱਸਆਈਟੀ (ਸਿਟ) ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 32 ਮੁਲਜ਼ਮਾਂ ਖ਼ਿਲਾਫ਼ ਤਿੰਨ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ ਅਤੇ ਦਾਅਵਾ ਕੀਤਾ ਹੈ ਕਿ ਇਹ ਕਤਲ ਬਿਸ਼ਨੋਈ ਅਤੇ ਬੰਬੀਹਾ ਗੈਂਗ ਦਰਮਿਆਨ ਬਦਲਾਖੋਰੀ ਦੀ ਇੱਕ ਲੜੀ ਦਾ ਹਿੱਸਾ ਸੀ। ਐੱਸਆਈਟੀ ਨੇ ਮੂਸੇਵਾਲਾ ਦੇ ਕਤਲ ਵਿੱਚ ਬਿਸ਼ਨੋਈ ਅਤੇ ਭਗਵਾਨਪੁਰੀਆ ਨੂੰ ਮੁੱਖ ਸਾਜ਼ਿਸ਼ਕਰਤਾ ਅਤੇ ਗੋਲਡੀ ਬਰਾੜ ਨੂੰ ਮਾਸਟਰਮਾਈਂਡ ਵਜੋਂ ਨਾਮਜ਼ਦ ਕੀਤਾ ਹੈ। ਐੱਸਆਈਟੀ ਦੀ ਚਾਰਜਸ਼ੀਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਲਾਰੈਂਸ ਬਿਸ਼ਨੋਈ ਨੇ ਸੋਸ਼ਲ ਮੀਡੀਆ 'ਤੇ ਕਤਲ ਦੀ ਜ਼ਿੰਮੇਵਾਰੀ ਲਈ ਸੀ ਅਤੇ ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਨਾਲ ਮਿਲ ਕੇ ਸਿੱਧੂ ਮੂਸੇਵਾਲਾ ਨੂੰ ਮਾਰਨ ਦੀ ਕਥਿਤ ਯੋਜਨਾ ਬਣਾਈ ਸੀ। ਦੂਜੇ ਪਾਸੇ ਸਿੱਧੂ ਮੂਸੇਵਾਲਾ ਦੇ ਪਿਤਾ ਇਸ ਗੱਲੋਂ ਖਫਾ ਹਨ ਕਿ ਹੱਤਿਆ ਦੇ ਮਾਮਲੇ 'ਤੇ ਹਾਲੇ ਸਹੀ ਢੰਗ ਨਾਲ ਕਾਰਵਾਈ ਨਹੀਂ ਕਿਉਂ। ਉਹ ਮੰਗ ਕਰ ਰਹੇ ਹਨ ਕਿ ਇਹ ਹੱਤਿਆ ਕਿਸ ਦੇ ਕਹਿਣ 'ਤੇ ਕਰਵਾਈ ਗਈ।

# ਧਾਰਾ 370 ਰੱਦ ਕਰਨ ਦੇ ਫੈਸਲੇ ’ਤੇ ਸੁਪਰੀਮ ਕੋਰਟ ਦੀ ਮੋਹਰ

- ਸੰਵਿਧਾਨਕ ਬੈਂਚ ਨੇ ਮੋਦੀ ਸਰਕਾਰ ਵੱਲੋਂ ਲਏ ਫੈਸਲੇ ਨੂੰ ਬਰਕਰਾਰ ਰੱਖਿਆ
- ਅਗਲੇ ਸਾਲ ਸਤੰਬਰ ਤੱਕ ਜੰਮੂ ਕਸ਼ਮੀਰ ਵਿੱਚ ਅਸੈਂਬਲੀ ਚੋਣਾਂ ਕਰਵਾਉਣ ਤੇ ਰਾਜ ਦਾ ਦਰਜਾ ਛੇਤੀ ਬਹਾਲ ਕਰਨ ਦੇ ਹੁਕਮ



ਚੀਫ਼ ਜਸਟਿਸ ਡੀਵਾਈ ਚੰਦਰਚੂੜ (ਵਿਚਕਾਰ), ਜਸਟਿਸ ਬੀਆਰ ਗਵਈ (ਐਨ ਖੱਬੇ), ਜਸਟਿਸ ਸੰਜੈ ਕਿਸ਼ਨ ਕੌਲ, ਜਸਟਿਸ ਸੰਜੀਵ ਖੰਨਾ ਤੇ ਜਸਟਿਸ ਸੂਰਿਆ ਕਾਂਤ ’ਤੇ ਆਧਾਰਿਤ ਸੰਵਿਧਾਨਕ ਬੈਂਚ ਧਾਰਾ 370 ਬਾਰੇ ਫੈਸਲਾ ਸੁਣਾਉਂਦਾ ਹੋਇਆ।

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੰਵਿਧਾਨ ਦੀ ਧਾਰਾ 370 ਮਨਸੂਖ ਕਰਨ ਦੇ ਫੈਸਲੇ ਨੂੰ ਸਰਬਸੰਮਤੀ ਨਾਲ ਬਰਕਰਾਰ ਰੱਖਿਆ ਹੈ। ਇਸ ਧਾਰਾ ਤਹਿਤ ਸਾਬਕਾ ਰਾਜ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਤੇ ਤਾਕਤਾਂ ਹਾਸਲ ਸਨ। ਇਹੀ ਨਹੀਂ ਸੰਵਿਧਾਨਕ ਬੈਂਚ ਨੇ ਕੇਂਦਰ ਸਰਕਾਰ ਨੂੰ ‘ਜਿੰਨਾ ਛੇਤੀ ਹੋ ਸਕੇ’ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਰਾਜ ਦੇ ਰੁਤਬੇ ਨੂੰ ਬਹਾਲ ਕਰਨ ਦੇ ਹੁਕਮ ਵੀ ਦਿੱਤੇ ਹਨ। ਸਰਵਉੱਚ ਅਦਾਲਤ ਨੇ ਅਸੈਂਬਲੀ ਚੋਣਾਂ ਕਰਵਾਉਣ ਲਈ 30 ਸਤੰਬਰ 2024 ਤੱਕ ਦੀ ਸਮਾਂ ਸੀਮਾ ਨਿਰਧਾਰਿਤ ਕੀਤੀ ਹੈ। ਸੰਵਿਧਾਨਕ ਵਿਵਸਥਾ ਨੂੰ ਲੈ ਕੇ ਦਹਾਕਿਆਂ ਤੋਂ ਚੱਲ ਰਹੇ ਵਾਦ-ਵਿਵਾਦ ਨੂੰ ਸ਼ਾਂਤ ਕਰਦਿਆਂ ਚੀਫ਼ ਜਸਟਿਸ ਡੀ.ਵਾਈ.ਚੰਦਰਚੂੜ ਦੀ ਅਗਵਾਈ ਹੇਠਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਸਰਬਸੰਮਤੀ ਵਾਲੇ ਤਿੰਨ ਫੈਸਲੇ ਸੁਣਾਉਂਦਿਆਂ ਧਾਰਾ 370 ਰੱਦ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਬਰਕਰਾਰ ਰੱਖਿਆ। ਚੇਤੇ ਰਹੇ ਕਿ 1947 ਵਿੱਚ ਜੰਮੂ ਕਸ਼ਮੀਰ ਨੂੰ ਭਾਰਤ ਵਿੱਚ ਸ਼ਾਮਲ ਕੀਤੇ ਜਾਣ ਮੌਕੇ ਰਾਜ ਨੂੰ ਧਾਰਾ 370 ਤਹਿਤ ਵਿਸ਼ੇਸ਼ ਦਰਜਾ ਤੇ ਤਾਕਤਾਂ ਦਿੱਤੀਆਂ ਗਈਆਂ ਸਨ। ਕੇਂਦਰ ਸਰਕਾਰ ਨੇ 5 ਅਗਸਤ 2019 ਨੂੰ ਧਾਰਾ 370 ਮਨਸੂਖ ਕਰਦੇ ਹੋਏ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ ਸੀ।

ਚੀਫ਼ ਜਸਟਿਸ ਚੰਦਰਚੂੜ ਨੇ ਬੈਂਚ ਵਿੱਚ ਸ਼ਾਮਲ ਜਸਟਿਸ ਬੀ.ਆਰ.ਗਵਈ ਤੇ ਜਸਟਿਸ ਸੂਰਿਆ ਕਾਂਤ ਅਤੇ ਖ਼ੁਦ ਲਿਖੇ ਲਈ ਫੈਸਲੇ ਵਿੱਚ ਕਿਹਾ ਕਿ ਧਾਰਾ 370 ਆਰਜ਼ੀ ਪ੍ਰਬੰਧ ਸੀ ਅਤੇ ਸਾਬਕਾ ਰਾਜ ਵਿੱਚ ਸੰਵਿਧਾਨ ਸਭਾ, ਜਿਸ ਦੀ ਮਿਆਦ 1957 ਵਿੱਚ ਖ਼ਤਮ ਹੋ ਗਈ ਸੀ, ਦੀ ਗੈਰਮੌਜੂਦਗੀ ਵਿੱਚ ਇਸ ਆਰਜ਼ੀ ਵਿਵਸਥਾ ਨੂੰ ਵਾਪਸ ਲੈਣ ਦਾ ਅਧਿਕਾਰ ਭਾਰਤ ਦੇ ਰਾਸ਼ਟਰਪਤੀ ਕੋਲ ਸੀ। ਅਦਾਲਤ ਨੇ ਕਿਹਾ, “ਸੰਵਿਧਾਨ ਦੀ ਧਾਰਾ 370 ਨੂੰ ਧਾਰਾ 1 ਨਾਲ ਮਿਲ ਕੇ ਪੜ੍ਹਿਆ ਗਿਆ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਹੈ ਕਿ ਜੰਮੂ ਕਸ਼ਮੀਰ ਦਾ ਰਾਸ਼ਟਰ ਦੇ ਇੱਕ ਹਿੱਸੇ ਵਜੋਂ ਏਕੀਕਰਨ, ਜੋ ਕਿ ਆਪਣੇ ਆਪ ਵਿੱਚ ਰਾਜਾਂ ਦਾ ਸੰਘ ਸੀ, ਸੰਪੂਰਨ ਸੀ। ਧਾਰਾ 370 ਦੀ ਕੋਈ ਵੀ ਵਿਆਖਿਆ ਇਹ ਦਾਅਵਾ ਨਹੀਂ ਕਰ ਸਕਦੀ ਕਿ ਜੰਮੂ-ਕਸ਼ਮੀਰ ਦਾ ਭਾਰਤ ਨਾਲ ਏਕੀਕਰਨ ਅਸਥਾਈ ਸੀ।” ਬੈਂਚ ਵਿੱਚ ਸ਼ਾਮਲ ਦੋ ਹੋਰਨਾਂ ਜੱਜਾਂ ਜਸਟਿਸ ਸੰਜੈ ਕਿਸ਼ਨ ਕੌਲ ਤੇ ਜਸਟਿਸ ਸੰਜੀਵ ਖੰਨਾ ਨੇ ਭਾਵੇਂ ਵੱਖੋ-ਵੱਖਰੇ ਫੈਸਲੇ ਲਿਖੇ, ਪਰ ਉਨ੍ਹਾਂ ਇਸ ਮਸਲੇ ’ਤੇ ਰਜ਼ਾਮੰਦੀ ਵਾਲੇ ਫੈਸਲੇ ਦਿੱਤੇ। ਜਸਟਿਸ ਕੌਲ ਨੇ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਕਿ ਧਾਰਾ 370 ਦਾ ਮੰਤਵ ਜੰਮੂ ਕਸ਼ਮੀਰ ਨੂੰ ਹੌਲੀ ਹੌਲੀ ਹੋਰਨਾਂ ਭਾਰਤੀ ਰਾਜਾਂ ਦੇ ਬਰਾਬਰ ਲਿਆਉਣਾ ਸੀ। ਜਸਟਿਸ ਕੌਲ ਨੇ ਹੁਕਮ ਦਿੱਤਾ ਕਿ ਘੱਟੋ-ਘੱਟ 1980 ਤੋਂ ਰਾਜਕੀ ਤੇ ਗੈਰ-ਰਾਜਕੀ ਅਨਸਰਾਂ ਵੱਲੋਂ ਕੀਤੀਆਂ ਗਈਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਜਾਂਚ ਲਈ ‘ਨਿਰਪੱਖ ਟਰੁੱਥ (ਸੱਚ) ਤੇ ਰੀਕੰਸੀਲਿਏਸ਼ਨ (ਸੁਲ੍ਹਾ-ਸਫਾਈ) ਕਮਿਸ਼ਨ’ ਸਥਾਪਿਤ ਕੀਤਾ ਜਾਵੇ। ਜਸਟਿਸ ਖੰਨਾ ਨੇ ਆਪਣੇ ਵੱਖਰੇ ਫੈਸਲੇ ਵਿੱਚ ਸੀਜੇਆਈ ਤੇ ਜਸਟਿਸ ਕੌਲ ਨਾਲ ਸਹਿਮਤੀ ਜਤਾਉਂਦਿਆਂ ਨਤੀਜੇ ’ਤੇ ਪੁੱਜਣ ਲਈ ਆਪਣੇ ਵੱਖਰੇ ਕਾਰਨ ਦਿੱਤੇ।

ਸਰਵਉੱਚ ਅਦਾਲਤ ਨੇ ਪੁਰਾਣੇ ਰਾਜ ਜੰਮੂ ਕਸ਼ਮੀਰ ਵਿਚੋਂ ਲੱਦਾਖ ਨੂੰ ਵੱਖਰਾ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੇ ਕੇਂਦਰ ਸਰਕਾਰ ਦੇ ਫੈਸਲੇ ਦੀ ਪ੍ਰਮਾਣਿਕਤਾ ਨੂੰ ਵੀ ਕਾਇਮ ਰੱਖਿਆ। ਸੀਜੇਆਈ ਚੰਦਰਚੂੜ ਨੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਦੇ ਇਸ ਬਿਆਨ ਕਿ ਜੰਮੂ ਕਸ਼ਮੀਰ ਦਾ ਰਾਜ ਦਾ ਰੁਤਬਾ ਜਲਦੀ ਬਹਾਲ ਕੀਤਾ ਜਾਵੇਗਾ, ਦਾ ਹਵਾਲਾ ਦਿੱਤਾ। ਜੰਮੂ ਕਸ਼ਮੀਰ ਨੂੰ ਭਾਵੇਂ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡਿਆ ਹੈ ਪਰ ਕੇਂਦਰ ਸਰਕਾਰ ਨੇ ਸਿਰਫ਼ ਜੰਮੂ ਕਸ਼ਮੀਰ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਹੀ ਵਿਧਾਨਕ ਅਸੈਂਬਲੀ ਦੀ ਗੱਲ ਆਖੀ ਹੈ। ਚੀਫ ਜਸਟਿਸ ਨੇ ਕਿਹਾ, “ਬਿਆਨ ਦੇ ਮੱਦੇਨਜ਼ਰ ਅਸੀਂ ਇਹ ਨਿਰਧਾਰਤ ਕਰਨਾ ਜ਼ਰੂਰੀ ਨਹੀਂ ਸਮਝਦੇ ਕਿ ਜੰਮੂ-ਕਸ਼ਮੀਰ ਰਾਜ ਦਾ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲੱਦਾਖ ਅਤੇ ਜੰਮੂ-ਕਸ਼ਮੀਰ ਵਿੱਚ ਪੁਨਰਗਠਨ ਕਰਨਾ ਧਾਰਾ 3 ਤਹਿਤ ਜਾਇਜ਼ ਹੈ ਜਾਂ ਨਹੀਂ। ਹਾਲਾਂਕਿ ਅਸੀਂ ਧਾਰਾ 3 (ਏ) ਦੇ ਮੱਦੇਨਜ਼ਰ ਲੱਦਾਖ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੇ ਫੈਸਲੇ ਦੀ ਪ੍ਰਮਾਣਿਕਤਾ ਨੂੰ ਬਰਕਰਾਰ ਰੱਖਦੇ ਹਾਂ।” ਬੈਂਚ 5 ਅਗਸਤ 2019 ਦੀ ਤਰੀਕ ਵਾਲੇ ਸੰਵਿਧਾਨਕ ਹੁਕਮ (ਸੀਓ)-272, ਜਿਸ ਤਹਿਤ ਭਾਰਤ ਦੇ ਸੰਵਿਧਾਨ ਵਿਚਲੀਆਂ ਸਾਰੀਆਂ ਵਿਵਸਥਾਵਾਂ ਜੰਮੂ ਕਸ਼ਮੀਰ ’ਤੇ ਲਾਗੂ ਹੁੰਦੀਆਂ ਸਨ ਅਤੇ ਧਾਰਾ 370(3) ਵਿਚਲੇ ਸ਼ਬਦ ‘ਸੰਵਿਧਾਨ ਸਭਾ’, ਜਿਸ ਨੂੰ ‘ਵਿਧਾਨਕ ਅਸੈਂਬਲੀ’ ਵਿੱਚ ਬਦਲਿਆ ਗਿਆ ਸੀ, ਦੀ ਪ੍ਰਮਾਣਿਕਤਾ ਨਾਲ ਨਜਿੱਠ ਰਿਹਾ ਸੀ। ਬੈਂਚ ਨੇ ਕਿਹਾ ਕਿ ‘ਧਾਰਾ 370(1)(ਡੀ) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਕੇ ਧਾਰਾ 370 ਵਿੱਚ ਸੋਧ ਨਹੀਂ ਕੀਤੀ ਜਾ ਸਕਦੀ। ਸੁਪਰੀਮ ਕੋਰਟ ਨੇ ਸੀਓ-273 ਦੀ ਪ੍ਰਮਾਣਿਕਤਾ ਨੂੰ ਵੀ ਬਹਾਲ ਰੱਖਦਿਆਂ ਕਿਹਾ ਕਿ ਰਾਸ਼ਟਰਪਤੀ ਵੱਲੋਂ ਜਾਰੀ ਐਲਾਨਨਾਮਾ ਏਕੀਕਰਨ ਦੀ ਪ੍ਰਕਿਰਿਆ ਦਾ ਨਤੀਜਾ ਹੈ ਅਤੇ ਇਸ ਤਰ੍ਹਾਂ ਸ਼ਕਤੀ ਦੀ ਜਾਇਜ਼ ਵਰਤੋਂ ਹੈ। ਚੀਫ ਜਸਟਿਸ ਨੇ ਕਿਹਾ ਕਿ ਸੰਵਿਧਾਨਕ ਸ਼ਾਸਨ ਲਈ ਸੰਵਿਧਾਨ ਮੁਕੰਮਲ ਕੋਡ ਹੈ। ਚੀਫ਼ ਜਸਟਿਸ ਚੰਦਰਚੂੜ ਨੇ 352 ਸਫ਼ ?ਆਂ ਦੇ ਫੈਸਲੇ ਵਿੱਚ ਕਿਹਾ, “ਰਾਸ਼ਟਰਪਤੀ ਕੋਲ ਨੋਟੀਫਿਕੇਸ਼ਨ ਜਾਰੀ ਕਰਨ ਦੀ ਸ਼ਕਤੀ ਸੀ ਕਿ ਧਾਰਾ 370(3) ਸੰਵਿਧਾਨ ਸਭਾ ਦੀ ਸਿਫ਼ਾਰਸ਼ ਤੋਂ ਬਿਨਾਂ ਕੰਮ ਕਰਨਾ ਬੰਦ ਕਰ ਦਿੰਦੀ ਹੈ। ਰਾਸ਼ਟਰਪਤੀ ਵੱਲੋਂ ਧਾਰਾ 370(1) ਤਹਿਤ ਸ਼ਕਤੀ ਦੀ ਨਿਰੰਤਰ ਵਰਤੋਂ ਦਰਸਾਉਂਦੀ ਹੈ ਕਿ ਸੰਵਿਧਾਨਕ ਏਕੀਕਰਨ ਦਾ ਅਮਲ ਸਹਿਜੇ ਸਹਿਜੇ ਜਾਰੀ ਸੀ।” ਚੇਤੇ ਰਹੇ ਕਿ ਪਟੀਸ਼ਨਰਾਂ ਨੇ ਦਾਅਵਾ ਕੀਤਾ ਸੀ ਕਿ ਸੂਬੇ ਦੀ ਸੰਵਿਧਾਨ ਸਭਾ, ਜੋ 1957 ਵਿਚ ਮੌਜੂਦ ਨਹੀਂ ਸੀ, ਦੀ ਸਹਿਮਤੀ ਬਗੈਰ ਧਾਰਾ 370 ਵਿੱਚ ਸੋਧ ਨਹੀਂ ਕੀਤੀ ਜਾ ਸਕਦੀ ਅਤੇ ਦਲੀਲ ਦਿੱਤੀ ਸੀ ਕਿ ਇਸ ਦੀ ਗੈਰਮੌਜੂਦਗੀ ਵਿੱਚ ਸੰਵਿਧਾਨਕ ਵਿਵਸਥਾ ਸਥਾਈ ਹੋ ਗਈ।

ਚੀਫ ਜਸਟਿਸ ਨੇ ਕਿਹਾ, “ਅਸੀਂ ਚੋਣ ਕਮਿਸ਼ਨ ਨੂੰ ਹਦਾਇਤ ਕਰਦੇ ਹਾਂ ਕਿ ਪੁਨਰਗਠਨ ਐਕਟ ਦੀ ਧਾਰਾ 14 ਤਹਿਤ ਗਠਿਤ ਜੰਮੂ ਕਸ਼ਮੀਰ ਵਿਧਾਨਕ ਅਸੈਂਬਲੀ ਦੀਆਂ ਚੋਣਾਂ 30 ਸਤੰਬਰ 2024 ਤੱਕ ਕਰਵਾਈਆਂ ਜਾਣ। ਰਾਜ ਦੀ ਬਹਾਲੀ ਦੇ ਅਮਲ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ।” ਜੰਮੂ-ਕਸ਼ਮੀਰ ਦੀ ਪ੍ਰਭੂਸੱਤਾ ਦੇ ਪਹਿਲੂ ਨਾਲ ਨਜਿੱਠਦੇ ਹੋਏ ਫੈਸਲੇ ਵਿੱਚ ਕਿਹਾ ਗਿਆ, “ਜੇ ਧਾਰਾ 370 ਦੇ ਅਧਾਰ ’ਤੇ ਜੰਮੂ-ਕਸ਼ਮੀਰ ਦੀ ਪ੍ਰਭੂਸੱਤਾ ਨੂੰ ਸਵੀਕਾਰ ਕੀਤਾ ਜਾਂਦਾ ਹੈ, ਤਾਂ ਇਹ ਇਸ ਗੱਲ ਦੀ ਪਾਲਣਾ ਕਰੇਗਾ ਕਿ ਸੰਘ ਦੇ ਨਾਲ ਵਿਸ਼ੇਸ਼ ਪ੍ਰਬੰਧ ਵਾਲੇ ਹੋਰ ਰਾਜਾਂ ਕੋਲ ਵੀ ਪ੍ਰਭੂਸੱਤਾ ਹੈ।” ਪਟੀਸ਼ਨਰਾਂ ਨੇ ਦਲੀਲ ਦਿੱਤੀ ਸੀ ਕਿ ਜੰਮੂ-ਕਸ਼ਮੀਰ ਦੇ ਤਤਕਾਲੀ ਮਹਾਰਾਜਾ ਹਰੀ ਸਿੰਘ ਨੇ 1947 ਵਿੱਚ ਇੰਸਟਰੂਮੈਂਟ ਆਫ ਐਕਸੈੱਸ਼ਨ (ਭਾਰਤ ਦਾ ਹਿੱਸਾ ਬਣਨ ਨਾਲ ਸਬੰਧਤ ਕਰਾਰ) ’ਤੇ ਸਹੀ ਪਾਉਣ ਮੌਕੇ ਸਿਰਫ ਰੱਖਿਆ, ਸੰਚਾਰ ਅਤੇ ਵਿਦੇਸ਼ੀ ਮਾਮਲਿਆਂ ’ਤੇ ਪ੍ਰਭੂਸੱਤਾ ਸੌਂਪੀ ਸੀ। ਸੀਜੇਆਈ ਨੇ ਕਿਹਾ ਕਿ ਇਸ ਕਰਾਰ ਦੇ ਅਮਲ ਵਿੱਚ ਆਉਣ ਤੇ 25 ਨਵੰਬਰ 1949 ਨੂੰ ਘੋਸ਼ਣਾ ਪੱਤਰ ਲਾਗੂ ਹੋਣ ਮਗਰੋਂ, ਜਿਸ ਤਹਿਤ ਭਾਰਤ ਦੇ ਸੰਵਿਧਾਨ ਨੂੰ ਅਪਣਾਇਆ ਗਿਆ ਸੀ, ਜੰਮੂ-ਕਸ਼ਮੀਰ ਦੇ ਪੁਰਾਣੇ ਰਾਜ ਨੇ “ਪ੍ਰਭੂਸੱਤਾ ਦੇ ਤੱਤ” ਨੂੰ ਬਰਕਰਾਰ ਨਹੀਂ ਰੱਖਿਆ।




## ਫੈਸਲਾ ਮੌਤ ਦੀ ਸਜ਼ਾ ਤੋਂ ਘੱਟ ਨਹੀਂ: ਮਹਿਬੂਬਾ




ਸ੍ਰੀਨਗਰ: ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀਡੀਪੀ) ਦੀ ਮੁਖੀ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਕੇਂਦਰ ਦੇ ਧਾਰਾ 370 ਰੱਦ ਕਰਨ ਦੇ ਫੈਸਲੇ ਨੂੰ ਬਰਕਰਾਰ ਰੱਖਣ ਦਾ ਸੁਪਰੀਮ ਕੋਰਟ ਦਾ ਫੈਸਲਾ ‘ਮੌਤ ਦੀ ਸਜ਼ਾ ਤੋਂ ਘੱਟ ਨਹੀਂ’ ਹੈ। ਉਨ੍ਹਾਂ ਕਿਹਾ ਕਿ ਫੈਸਲਾ ਭਾਰਤ ਦੇ ਸੰਕਲਪ ਦੀ ਹਾਰ ਹੈ, ਜਿਸ ਤਹਿਤ ਮੁਸਲਿਮ ਬਹੁਗਿਣਤੀ ਰਾਜ ਨੂੰ 1947 ਵਿੱਚ ਸਵੀਕਾਰ ਕੀਤਾ ਗਿਆ ਸੀ। ਮੁਫ਼ਤੀ ਨੇ ਐਕਸ ’ਤੇ ਪੋਸਟ ਕੀਤੇ ਪੰਜ ਮਿੰਟਾਂ ਦੇ ਵੀਡੀਓ ਸੁਨੇਹੇ ਵਿੱਚ ਕਿਹਾ, “ਸੰਸਦ ਵਿੱਚ ਹੋਈ ਇਕ ਗੈਰਸੰਵਿਧਾਨਕ ਤੇ ਗੈਰਕਾਨੂੰਨੀ ਕਾਰਵਾਈ ਨੂੰ ਅੱਜ ਕਾਨੂੰਨੀ ਤੌਰ ’ਤੇ ਵੈਧ ਐਲਾਨਿਆ ਗਿਆ ਹੈ। ਇਹ ਮੌਤ ਦੀ ਸਜ਼ਾ ਤੋਂ ਘੱਟ ਨਹੀਂ, ਨਾ ਸਿਰਫ਼ ਜੰਮੂ ਕਸ਼ਮੀਰ ਦੇ ਲੋਕਾਂ ਬਲਕਿ ਭਾਰਤ ਦੇ ਸੰਕਲਪ ਲਈ।” ਸਾਬਕਾ ਮੁੱਖ ਮੰਤਰੀ ਨੇ ਕਿਹਾ, “ਸੁਪਰੀਮ ਕੋਰਟ ਨੇ ਕਿਹਾ ਸੀ ਕਿ ਧਾਰਾ 370 ਆਰਜ਼ੀ ਹੈ, ਜਿਸ ਕਰਕੇ ਇਸ ਨੂੰ ਮਨਸੂਖ ਕੀਤਾ ਗਿਆ ਸੀ। ਇਹ ਨਾ ਸਿਰਫ਼ ਸਾਡੀ ਹਾਰ ਹੈ ਬਲਕਿ ਭਾਰਤ ਦੇ ਸੰਕਲਪ ਦੀ ਹਾਰ ਹੈ। ਇਹ ਭਾਰਤ ਦੀ ਕਲਪਨਾ, ਗਾਂਧੀ ਦੇ ਭਾਰਤ ਜਿਸ ਵਿੱਚ ਜੰਮੂ ਕਸ਼ਮੀਰ ਦੇ ਮੁਸਲਮਾਨਾਂ ਨੇ ਪਾਕਿਸਤਾਨ ਨੂੰ ਨਕਾਰ ਕੇ ਹਿੰਦੂਆਂ, ਬੋਧੀਆਂ, ਸਿੱਖਾਂ ਤੇ ਈਸਾਈਆਂ ਨਾਲ ਹੱਥ ਮਿਲਾਇਆ ਸੀ, ਦੀ ਹਾਰ ਹੈ। ਅੱਜ ਭਾਰਤ ਦੇ ਸੰਕਲਪ ਦੀ ਹਾਰ ਦਾ ਦਿਨ ਹੈ।”

## ਭਰੇ ਮਨ ਨਾਲ ਫ਼ੈਸਲਾ ਸਵੀਕਾਰ ਕਰਨਾ ਹੋਵੇਗਾ: ਆਜ਼ਾਦ



ਸ੍ਰੀਨਗਰ: ਡੈਮੋਕਰੈਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ ਦੇ ਚੇਅਰਪਰਸਨ ਗੁਲਾਮ ਨਬੀ ਆਜ਼ਾਦ ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ‘ਦੁਖਦਾਈ ਤੇ ਮੰਦਭਾਗਾ’ ਕਰਾਰ ਦਿੱਤਾ ਹੈ। ਹਾਲਾਂਕਿ ਉਨ੍ਹਾਂ ਨਾਲ ਹੀ ਕਿਹਾ ਕਿ ਹਰੇਕ ਨੂੰ ‘ਭਰੇ ਮਨ’ ਨਾਲ ਇਸ ਨੂੰ ਸਵੀਕਾਰ ਕਰਨਾ ਹੋਵੇਗਾ। ਆਜ਼ਾਦ ਨੇ ਕਿਹਾ ਕਿ ਜੰਮੂ ਕਸ਼ਮੀਰ ਵਿਚ ਕੋਈ ਵੀ ਇਸ ਫੈਸਲੇ ਨਾਲ ਖ਼ੁਸ਼ ਨਹੀਂ ਹੋਵੇਗਾ। ਇਥੇ ਆਪਣੀ ਰਿਹਾਇਸ਼ ’ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਜ਼ਾਦ ਨੇ ਕਿਹਾ, “ਬਦਕਿਸਮਤੀ ਨਾਲ ਸਾਰਿਆਂ ਨੂੰ ਭਰੇ ਮਨ ਨਾਲ ਸੁਪਰੀਮ ਕੋਰਟ ਦਾ ਇਹ ਫੈਸਲਾ ਸਵੀਕਾਰ ਕਰਨਾ ਹੋਵੇਗਾ। ਸਾਨੂੰ ਇਸ ਫੈਸਲੇ ਦੀ ਉਮੀਦ ਨਹੀਂ ਸੀ। ਅਸੀਂ ਸੋਚ ਰਹੇ ਸੀ ਕਿ ਸੁਪਰੀਮ ਕੋਰਟ ਜੰਮੂ ਕਸ਼ਮੀਰ ਦੇ ਲੋਕਾਂ ਦੀਆਂ ਭਾਵਨਾਵਾਂ ਅਤੇ ਇਤਿਹਾਸਕ ਪਿਛੋਕੜ, ਜਿਸ ਤਹਿਤ ਸੰਵਿਧਾਨ ਵਿੱਚ ਧਾਰਾ 370 ਸ਼ਾਮਲ ਕੀਤੀ ਗਈ ਸੀ, ’ਤੇ ਗੌਰ ਕਰੇਗਾ। ਸਾਨੂੰ ਇਹ ਆਸ ਸੀ, ਪਰ ਬਦਕਿਸਮਤੀ ਨਾਲ ਅਜਿਹਾ ਨਹੀਂ ਹੋਇਆ।” ਰਾਜ ਦੀ ਬਹਾਲੀ ਤੇ ਚੋਣਾਂ ਕਰਵਾਉਣ ਬਾਰੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਬਾਰੇ ਪੁੱਛੇ ਜਾਣ ’ਤੇ ਆਜ਼ਾਦ ਨੇ ਕਿਹਾ ਕਿ ਕੇਂਦਰ ਸਰਕਾਰ ਸੰਸਦ ਵਿੱਚ ਇਸ ਬਾਰੇ ਆਪਣੀ ਵਚਨਬੱਧਤਾ ਪਹਿਲਾਂ ਹੀ ਜ਼ਾਹਿਰ ਕਰ ਚੁੱਕੀ ਹੈ।

## ਧਾਰਾ 370 ਬਾਰੇ ਫੈਸਲਾ ਇਤਿਹਾਸਕ: ਮੋਦੀ



ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਵਿਧਾਨ ਦੀ ਧਾਰਾ 370 ਮਨਸੂਖ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਬਰਕਰਾਰ ਰੱਖਣ ਦੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਇਤਿਹਾਸਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿਖਰਲੀ ਕੋਰਟ ਦਾ ਫੈਸਲਾ ਇਸ ਗੱਲ ’ਤੇ ਮੋਹਰ ਹੈ ਕਿ ਸਰਕਾਰ ਦੀ ਉਪਰੋਕਤ ਪੇਸ਼ਕਦਮੀ ‘ਪੂਰੀ ਤਰ੍ਹਾਂ ਸੰਵਿਧਾਨਕ’ ਸੀ। ਦੋਵਾਂ ਆਗੂਆਂ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਫ਼ੈਸਲਾ ਨਾ ਸਿਰਫ਼ ਕਾਨੂੰਨੀ ਫ਼ੈਸਲਾ ਹੈ ਬਲਕਿ ‘ਆਸ ਦਾ ਚਾਨਣ-ਮੁਨਾਰਾ’ ਅਤੇ ਮਜ਼ਬੂਤ ਤੇ ਵਧੇਰੇ ਇਕਜੁੱਟ ਭਾਰਤ ਦੇ ਨਿਰਮਾਣ ਦੇ ਸਾਂਝੇ ਅਹਿਦ ਦੇ ਨਾਲ ਜੰਮੂ ਕਸ਼ਮੀਰ ਵਿਚ ਅਮਨ-ਸ਼ਾਂਤੀ ਤੇ ਸਾਜ਼ਗਾਰ ਮਾਹੌਲ ਲਿਆਉਣ ਦਾ ਇੱਛਾ ਪੱਤਰ ਹੈ। ਸ੍ਰੀ ਮੋਦੀ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਫੈਸਲਾ ‘ਇਤਿਹਾਸਕ’ ਤੇ ਸੰਸਦ ਵੱਲੋਂ 5 ਅਗਸਤ 2019 ਨੂੰ ਲਏ ਫੈਸਲੇ ਨੂੰ ਸੰਵਿਧਾਨਕ ਤੌਰ ’ਤੇ ਬਹਾਲ ਰੱਖਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ, “ਮੈਂ ਜੰਮੂ, ਕਸ਼ਮੀਰ ਤੇ ਲੱਦਾਖ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਤੁਹਾਡੇ ਸੁਫ਼ਨੇ ਪੂਰੇ ਕਰਨ ਦੀ ਸਾਡੀ ਵਚਨਬੱਧਤਾ ਅਟੱਲ ਰਹੇਗੀ। ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਤਰੱਕੀ ਤੇ ਵਿਕਾਸ ਦਾ ਫਲ ਨਾ ਸਿਰਫ਼ ਤੁਹਾਡੇ ਤੱਕ ਪੁੱਜੇ ਬਲਕਿ ਇਸ ਦਾ ਲਾਹਾ ਧਾਰਾ 370 ਦੀ ਸਭ ਤੋਂ ਵੱਧ ਮਾਰ ਝੱਲਣ ਵਾਲੇ ਸਾਡੇ ਸਮਾਜ ਦੇ ਸਭ ਤੋਂ ਕਮਜ਼ੋਰ ਤੇ ਹਾਸ਼ੀਏ ’ਤੇ ਧੱਕੇ ਵਰਗਾਂ ਤੱਕ ਵੀ ਪਹੁੰਚੇ।” ਉਧਰ ਸ਼ਾਹ, ਜਿਨ੍ਹਾਂ ਧਾਰਾ 370 ਮਨਸੂਖ ਕਰਨ ਸਬੰਧੀ ਵਿਧਾਨ ਸੰਸਦ ਵਿੱਚ ਰੱਖਿਆ ਸੀ, ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਪੰਜ ਸਾਲ ਪਹਿਲਾਂ ਦੂਰਦ੍ਰਿਸ਼ਟੀ ਵਾਲਾ ਫੈਸਲਾ ਲਿਆ ਸੀ ਜਿਸ ਨਾਲ ਜੰਮੂ ਕਸ਼ਮੀਰ ਵਿੱਚ ਅਮਨ ਤੇ ਸਾਜ਼ਗਾਰ ਮਾਹੌਲ ਯਕੀਨੀ ਬਣਿਆ।

## ਫੈਸਲੇ ਤੋਂ ਨਿਰਾਸ਼, ਪਰ ਸੰਘਰਸ਼ ਜਾਰੀ ਰਹੇਗਾ: ਉਮਰ ਅਬਦੁੱਲਾ



ਸ੍ਰੀਨਗਰ: ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਫੈਸਲੇ ਤੋਂ ਨਿਰਾਸ਼ ਹਨ, ਪਰ ਉਨ੍ਹਾਂ ਦੀ ਹਿੰਮਤ ਨਹੀਂ ਟੁੱਟੀ। ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਧਾਰਾ 370 ਦੀਆਂ ਵਿਵਸਥਾਵਾਂ ਮਨਸੂਖ ਕਰਨ ਵਿੱਚ ਭਾਜਪਾ ਨੂੰ ਦਹਾਕੇ ਲੱਗ ਗਏ। ਉਮਰ ਨੇ ਐਕਸ ’ਤੇ ਪੋਸਟ ਵਿੱਚ ਕਿਹਾ, “ਅਸੀਂ ਵੀ ਲੰਮੀ ਲੜਾਈ ਲਈ ਤਿਆਰ ਹਾਂ। ਨਿਰਾਸ਼ ਹਾਂ, ਪਰ ਹਿੰਮਤ ਨਹੀਂ ਹਾਰੇ। ਸੰਘਰਸ਼ ਜਾਰੀ ਰਹੇਗਾ।” ਉਮਰ ਨੇ ਮਕਬੂਲ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੀਆਂ ਇਨ੍ਹਾਂ ਸਤਰਾਂ, “ਦਿਲ ਨਾ-ਉਮੀਦ ਤੋ ਨਹੀਂ, ਨਾਕਾਮ ਹੀ ਤੋ ਹੈ, ਲੰਬੀ ਹੈ ਗ਼ਮ ਕੀ ਸ਼ਾਮ, ਮਗਰ ਸ਼ਾਮ ਹੀ ਤੋ ਹੈ” ਦੇ ਹਵਾਲੇ ਨਾਲ ਕਿਹਾ ਕਿ ਆਸ ਖ਼ਤਮ ਨਹੀਂ ਹੋਣੀ ਚਾਹੀਦੀ।

# ਜੰਮੂ ਕਸ਼ਮੀਰ 'ਚ ਅਨੰਦ ਮੈਰਿਜ ਐਕਟ ਲਾਗੂ, ਉਪ ਰਾਜਪਾਲ ਮਨੋਜ ਸਿਨਹਾ ਨੇ ਦਿੱਤੀ ਮਨਜ਼ੂਰੀ



ਜੰਮੂ : ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ 'ਚ ਵੀ ਆਨੰਦ ਮੈਰਿਜ ਐਕਟ ਲਾਗੂ ਹੋ ਗਿਆ ਹੈ। ਇਸ ਨਾਲ ਸਿੱਖ ਕੌਮ ਦੀ ਚਿਰੋਕਣੀ ਮੰਗ ਪੂਰੀ ਹੋ ਗਈ ਹੈ। ਹੁਣ ਸਿੱਖ ਭਾਈਚਾਰੇ 'ਚ ਵਿਆਹ ਦੀ ਰਜਿਸਟ ?ਰੇਸ਼ਨ ਇਸ ਕਾਨੂੰਨ ਤਹਿਤ ਹੋਵੇਗੀ। ਅਨੰਦ ਮੈਰਿਜ ਐਕਟ ਦੇਸ਼ 'ਚ ਪਹਿਲਾਂ ਤੋਂ ਲਾਗੂ ਹੈ ਪਰ ਧਾਰਾ 370 ਕਾਰਨ ਜੰਮੂ ਕਸ਼ਮੀਰ 'ਚ ਇਹ ਲਾਗੂ ਨਹੀਂ ਸੀ। ਪੰਜ ਅਗਸਤ, 2019 ਨੂੰ ਧਾਰਾ 370 ਖ਼ਤਮ ਹੋਣ ਤੋਂ ਬਾਅਦ ਕੇਂਦਰੀ ਕਾਨੂੰਨ ਜੰਮੂ-ਕਸ਼ਮੀਰ 'ਚ ਲਾਗੂ ਹੋ ਗਏ। ਇਸ ਤੋਂ ਬਾਅਦ ਸਿੱਖ ਭਾਈਚਾਰਾ ਮੰਗ ਕਰ ਰਿਹਾ ਸੀ ਕਿ ਜੰਮੂ ਕਸ਼ਮੀਰ 'ਚ ਵੀ ਅਨੰਦ ਮੈਰਿਜ ਐਕਟ ਲਾਗੂ ਕੀਤਾ ਜਾਵੇ।

ਉਪ ਰਾਜਪਾਲ ਮਨੋਜ ਸਿਨਹਾ ਨੇ ਜੰਮੂ ਕਸ਼ਮੀਰ ਅਨੰਦ ਮੈਰਿਜ ਰਜਿਸਟ ?ਰੇਸ਼ਨ ਨਿਯਮ 2023 ਲਾਗੂ ਕਰਨ ਨੂੰ ਮਨਜ਼ੂਰੀ ਦੇ ਦਿਤੀ ਹੈ। ਇਸ ਸਬੰਧੀ ਸੂਬਾ ਸਰਕਾਰ ਦੇ ਕਾਨੂੰਨ, ਨਿਆਂ ਤੇ ਸੰਸਦੀ ਮਾਮਲਿਆਂ ਦੇ ਵਿਭਾਗ ਨੇ ਹੁਕਮ ਵੀ ਜਾਰੀ ਕਰ ਦਿਤਾ ਹੈ। ਅਨੰਦ ਮੈਰਿਜ ਐਕਟ ਤਹਿਤ ਪ੍ਰਮਾਣ ਪੱਤਰ ਜਾਰੀ ਕਰਨ ਲਈ ਸਬੰਧਤ ਤਹਿਸੀਲਦਾਰ ਇਸ ਦੇ ਰਜਿਸਟਰਾਰ ਹੋਣਗੇ। ਵਿਆਹ ਦੀ ਰਜਿਸਟ ?ਰੇਸ਼ਨ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਰਜਿਸਟਰਾਰ ਦੋਵੇਂ ਧਿਰਾਂ ਨੂੰ ਅਨੰਦ ਮੈਰਿਜ ਦੇ ਪ੍ਰਮਾਣ ਪੱਤਰ ਦੀਆਂ ਦੋ ਕਾਪੀਆਂ ਮੁਫ਼ਤ ਜਾਰੀ ਕਰਨਗੇ।

ਵਰਣਨਯੋਗ ਹੈ ਕਿ ਜੰਮੂ-ਕਸ਼ਮੀਰ ਵਿਚ ਕਰੀਬ ਸਾਢੇ ਛੇ ਲੱਖ ਸਿੱਖ ਭਾਈਚਾਰੇ ਦੀ ਆਬਾਦੀ ਹੈ, ਜਿਸ ਵਿਚ ਕਸ਼ਮੀਰ ਦੇ 105 ਪਿੰਡਾਂ ਵਿਚ ਸਿੱਖ ਭਾਈਚਾਰਾ ਮੌਜੂਦ ਹੈ, ਪੁਣਛ, ਰਾਜੌਰੀ, ਜੰਮੂ ਅਤੇ ਕਠੂਆ ਵਿਚ ਵੀ ਸਿੱਖ ਭਾਈਚਾਰੇ ਦੀ ਆਬਾਦੀ ਹੈ। ਸਿੱਖਾਂ ਨੇ ਇਸ ਫੈਸਲੇ ਦਾ ਨਿੱਘਾ ਸਵਾਗਤ ਕੀਤਾ ਹੈ।

# ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਗੋਰਖਪੁਰ 'ਚ 'ਸਮੂਹ ਵਿਆਹ ਸਮਾਰੋਹ' ਵਿੱਚ ਕੀਤੀ ਸ਼ਿਰਕਤ



ਗੋਰਖਪੁਰ: ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸ਼ਨੀਵਾਰ ਨੂੰ ਕਿਹਾ ਕਿ ਜਦੋਂ ਸਰਕਾਰ ਸੰਵੇਦਨਸ਼ੀਲ ਹੁੰਦੀ ਹੈ ਤਾਂ ਉਹ ਗਰੀਬ ਅਤੇ ਕਮਜ਼ੋਰ ਲੋਕਾਂ ਦੀਆਂ ਚਿੰਤਾਵਾਂ ਸੁਣਦੀ ਹੈ। ਉਹ ਬਿਨਾਂ ਕਿਸੇ ਭੇਦਭਾਵ ਅਤੇ ਪੂਰੀ ਪਾਰਦਰਸ਼ਤਾ ਨਾਲ ਸਰਕਾਰੀ ਯੋਜਨਾਵਾਂ ਦਾ ਲਾਭ ਲੈਂਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਮਿਲ ਕੇ ਕੰਮ ਕਰਕੇ ਨਾ ਸਿਰਫ਼ ਭਲਾਈ ਯੋਜਨਾਵਾਂ ਦੇ ਲਾਭ ਨੂੰ ਬਿਨਾਂ ਕਿਸੇ ਭੇਦਭਾਵ ਦੇ ਯਕੀਨੀ ਬਣਾ ਰਹੀਆਂ ਹਨ ਸਗੋਂ ਸਮਾਜ ਦੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਜਨਤਕ ਸਹਿਯੋਗ ਨਾਲ ਯਤਨ ਵੀ ਕਰ ਰਹੀਆਂ ਹਨ।

ਮਹੰਤ ਦਿਗਵਿਜੈਨਾਥ ਪਾਰਕ ਵਿਖੇ 1500 ਜੋੜਿਆਂ ਦੇ ਮੁੱਖ ਮੰਤਰੀ ਸਮੂਹਿਕ ਵਿਆਹ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਇਹ ਸਕੀਮ ਸਮਾਜਿਕ ਬੁਰਾਈਆਂ 'ਤੇ ਹਮਲਾ ਕਰਨ ਲਈ ਸਰਕਾਰ ਦਾ ਦੋਹਰਾ ਇੰਜਣ ਹੈ। ਦਾਜ ਦੀ ਪ੍ਰਥਾ ਨੇ ਬਹੁਤ ਸਾਰੇ ਗਰੀਬ ਪਰਿਵਾਰਾਂ ਨੂੰ ਵਿਆਹ ਦੀ ਪਵਿੱਤਰ ਰਸਮ ਵਿੱਚ ਹਿੱਸਾ ਲੈਣ ਤੋਂ ਵਾਂਝਾ ਕਰ ਦਿੱਤਾ ਸੀ। ਇਹ ਸਮਾਗਮ ਦਾਜ ਦੀ ਦੁਰਵਰਤੋਂ ਨੂੰ ਖਤਮ ਕਰਨ ਅਤੇ ਬਾਲ ਵਿਆਹ ਦੀ ਪ੍ਰਥਾ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਇੱਕ ਨਵੀਨਤਾਕਾਰੀ ਯਤਨ ਹੈ।

ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਮਾਜ ਵਿਚ ਕਿਸੇ ਵੀ ਮਾੜੀ ਪ੍ਰਥਾ ਨੂੰ ਪ੍ਰਫੁੱਲਤ ਨਹੀਂ ਹੋਣ ਦੇਣਾ ਚਾਹੀਦਾ, ਜੋ ਸਮਾਜ ਦੇ ਵਿਕਾਸ ਵਿਚ ਰੁਕਾਵਟ ਪਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਮੁੱਖ ਮੰਤਰੀ ਸਮੂਹਿਕ ਵਿਆਹ ਯੋਜਨਾ ਤਹਿਤ 2017 ਤੋਂ ਹੁਣ ਤੱਕ ਕਰੀਬ ਤਿੰਨ ਲੱਖ ਵਿਆਹਾਂ ਦੀ ਸਹੂਲਤ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸ਼ੁਰੂ ਵਿੱਚ ਹਰੇਕ ਜੋੜੇ ਦੇ ਵਿਆਹ ਦਾ ਖਰਚਾ 31,000 ਰੁਪਏ ਸੀ, ਪਰ ਬਾਅਦ ਵਿੱਚ 2017 ਤੋਂ ਬਾਅਦ ਇਸ ਨੂੰ ਵਧਾ ਕੇ 51,000 ਰੁਪਏ ਕਰ ਦਿੱਤਾ ਗਿਆ।

# ਦਿੱਲੀ ਸਰਕਾਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਬਾਰੇ ਫੈਸਲਾ ਲਵੇ : ਹਾਈਕੋਰਟ



ਚੰਡੀਗੜ੍ਹ : ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਦਿੱਲੀ ਸਰਕਾਰ ਨੂੰ ਫੈਸਲਾ ਲੈਣ ਲਈ ਕਿਹਾ ਹੈ। ਇਸ ਸਬੰਧੀ ਹਾਲਾਂਕਿ ਅਜੇ ਲਿਖਤੀ ਹੁਕਮ ਜਾਰੀ ਨਹੀਂ ਹੋਇਆ ਪਰ ਭੁੱਲਰ ਦੇ ਵਕੀਲ ਵੀਕੇ ਜਿੰਦਲ ਮੁਤਾਬਕ ਜਸਟਿਸ ਜੇ.ਐਸ. ਬੇਦੀ ਦੀ ਬੈਂਚ ਨੇ ਦਿੱਲੀ ਸਰਕਾਰ ਦੇ ਵਕੀਲ ਨੂੰ ਇਸ ਬਾਰੇ ਅਗਲੀ ਸੁਣਵਾਈ 4 ਜਨਵਰੀ ਨੂੰ ਜਾਣੂ ਕਰਵਾਉਣ ਲਈਂ ਕਹਾ ਹੈ।

ਜ਼ਿਕਰਯੋਗ ਹੈ ਕਿ ਦਿੱਲੀ ਸਰਕਾਰ ਇਕ ਵਾਰ ਕਹਿ ਚੁੱਕੀ ਹੈ ਕਿ ਸੈਂਟਾਂ ਰਿਵਿਊ ਬੋਰਡ ਭੁੱਲਰ ਦੀ ਰਿਹਾਈ ਦੀ ਅਰਜ਼ੀ 'ਤੇ ਮੁੜ ਵਿਚਾਰ ਕਰ ਰਹੀ ਹੈ ਰਿ ਪਿਛਲੀ ਸੁਣਵਾਈ 'ਤੇ ਦਿੱਲੀ ਸਰਕਾਰ ਦੇ ਵਕੀਲ ਨੇ ਇਹ ਕਹਿ ਦਿੱਤਾ ਸੀ ਕਿ ਇਹ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਦਾਖਲ ਹੀ ਨਹੀਂ ਕੀਤੀ ਜਾ ਸਕਦੀ ਜਿਸ 'ਤੇ ਬੈਂਚ ਨੇ ਭੁੱਲਰ ਦੇ ਵਕੀਲ ਨੂੰ ਇਹ ਸਾਬਤ ਕਰਨ ਲਈ ਕਿਹਾ ਸੀ ਕਿ ਦਿੱਲੀ ਦੇ ਮੁਲਜ਼ਮ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਕਿਵੇਂ ਦਾਖ਼ਲ ਕੀਤੀ ਜਾ ਸਕਦੀ ਹੈ। ਹੁਣ ਮੰਗਲਵਾਰ ਨੂੰ ਭੁੱਲਰ ਦੇ ਵਕੀਲ ਵੀ.ਕੇ. ਜਿੰਦਲ ਨੇ ਦਲੀਲਾਂ ਦਿੱਤੀਆਂ ਕਿ ਭੁੱਲਰ ਪੰਜਾਬ ਦਾ ਰਹਿਣ ਵਾਲਾ ਹੈ, ਉਸ ਦਾ ਪਰਿਵਾਰ ਤੇ ਜਾਇਦਾਦ ਪੰਜਾਬ ਵਿਚ ਹੈ ਤੇ ਪਰਿਵਾਰ ਟਰਾਂਸਫਰ ਐਕਟ ਤਹਿਤ ਹੀ ਉਸ ਨੂੰ ਦਿੱਲੀ ਤੇ ਪੰਜਾਬ ਸਰਕਾਰ ਦੀ ਸਹਿਮਤੀ ਉਪਰੰਤ ਪੰਜਾਬ ਤਬਦੀਲ ਕੀਤਾ ਗਿਆ ਹੈ, ਲਿਹਾਜਾ ਪਟੀਸ਼ਨ ਇਥੇ ਦਾਖਲ ਕੀਤੀ ਜਾ ਸਕਦੀ ਹੈ। ਇਹ ਵੀ ਹਾਈਕੋਰਟ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਭੁੱਲਰ ਦਿੱਲੀ ਵਿਚ ਹੋਏ ਅਪਰਾਧ ਵਿਚ ਸ਼ਾਮਲ ਸੀ ਤੇ ਰਿਹਾਈ ਦਾ ਫੈਸਲਾ ਦਿੱਲੀ ਸਰਕਾਰ ਨੇ ਲੈਣਾ ਹੈ। ਇਸੇ 'ਤੇ ਬੈਂਚ ਨੇ ਦਿੱਲੀ ਸਰਕਾਰ ਦੇ ਵਕੀਲ ਨੂੰ ਕਿਹਾ ਹੈ ਕਿ ਅਗਲੀ ਸੁਣਵਾਈ 'ਤੇ ਰਿਹਾਈ ਬਾਰੇ ਫੈਸਲਾ ਲੈ ਕੇ ਜਾਣੂ ਕਰਵਾਇਆ ਜਾਵੇ।

# ਸਾਈਆਂ ਗੀਤ ਨਾਲ ਚਰਚਿਤ ਹੋਇਆ ਗਾਇਕ ਨੀਲ ਕਮਲ ਮਾਹਿਲਪੁਰੀ




ਮਾਹਿਲਪੁਰ ਦੀ ਧਰਤੀ ਨੂੰ ਇਹ ਮਾਣ ਹਾਸਲ ਹੈ ਕਿ ਇਸਨੇ ਆਪਣੀ ਗੋਦੀ ਵਿਚ ਸਾਹਿਤ, ਸਿੱਖਿਆ, ਖੇਡਾਂ, ਗੀਤ ਸੰਗੀਤ ਅਤੇ ਹਰ ਖੇਤਰ ਦੇ ਹੀਰਿਆਂ ਨੂੰ ਖਿਡਾਇਆ ਹੈ। ਲਾਗਲੇ ਪਿੰਡ ਨੰਗਲ ਕਲਾਂ ਦੇ ਸੰਗੀਤਕਾਰ ਤੇ ਗੀਤਕਾਰ ਪ੍ਰੋ.ਦਰਸ਼ਨ ਸਿੰਘ ਕੋਮਲ ਦਾ ਇਕ ਮਾਣਮੱਤਾ ਸੰਗੀਤ ਘਰਾਣਾ ਹੈ। ਜੇ ਪੂਰੀ ਦੁਨੀਆ ਵਿਚ ਵਿਰਸੇ ਦੀਆਂ ਬਾਤਾਂ ਨਾਲ ਨਾਮਣਾ ਕਮਾਉਣ ਵਾਲੇ ਗਾਇਕਾਂ ਦੀ ਗੱਲ ਕਰਨ ਹੋਵੇ ਤਾਂ ਉਹ ਨੇ ਹੱਲੂਵਾਲ ਪਿੰਡ ਦੇ ਵਾਰਸ ਭਰਾ ਮਨਮੋਹਨ ਵਾਰਸ, ਸੰਗਤਾਰ ਅਤੇ ਕਮਲ ਹੀਰ। ਹੁਣ ਇਸੇ ਲੜੀ ਵਿਚ ਗਾਇਕ ਜੁੜਿਆ ਹੈ ਨੀਲ ਕਮਲ। ਜਿਸਨੇ ਸੂਫੀ ਰੰਗ ਦੀ ਗਾਇਕੀ ਵਿਚ ਨਵਾਂ ਦਿਸਹਦਾ ਸਿਰਜਿਆ ਹੈ। ਉਸਦੇ ਗੀਤ ਸਾਈਆਂ ਨੂੰ ਦੇਸ਼ ਵਿਦੇਸ਼ ਦੇ ਸਰੋਤਿਆਂ ਤੇ ਦਰਸ਼ਕਾਂ ਨੇ ਮਣਾਮੂੰਹੀਂ ਪਿਆਰ ਤੇ ਸਤਿਕਾਰ ਦਿੱਤਾ ਅਤੇ ਦੇ ਰਹੇ ਹਨ। ਉਸਦੀ ਲੰਮੀ ਘਾਲਣਾ ਦਾ ਇਹ ਸਿੱਟਾ ਹੈ। ਜਿਸਦੇ ਬੋਲ ਲਿਖੇ ਨੇ ਉਘੇ ਗੀਤਕਾਰ ਵਿਜੇ ਰਸੂਲਪੁਰੀ ਨੇ।

ਤਬਦੀਲੀ ਕੁਦਰਤ ਦਾ ਨਿਯਮ ਹੈ। ਗਾਇਕੀ ਵਿਚ ਵੀ ਤਬਦੀਲੀਆਂ ਦਾ ਦੌਰ ਚੱਲਦਾ ਰਹਿੰਦਾ ਹੈ।ਕਦੀ ਸੋਲੋ ਗਾਇਕੀ ਤੇ ਕਦੀ ਦੋਗਾਣਾ ਗਾਇਕੀ ਲੋਕਾਂ ਦੀ ਪਸੰਦ ਬਣ ਜਾਂਦੀ ਹੈ।ਪਰ ਸੂਝਵਾਨ ਸਰੋਤਿਆਂ ਦੀ ਗਾਇਕੀ ਵਿਚ ਬਹੁਤ ਘੱਟ ਬਦਲਾਅ ਹੁੰਦਾ ਹੈ। ਕਿਉਂਕਿ ਕਲਾਸੀਕਲ ਸੰਗੀਤ ਦਾ ਇਕ ਵੱਖਰਾ ਹੀ ਦਰਬਾਰ ਹੈ। ਜਿਸਦੇ ਦੀਵਾਨੇ ਇਸਦਾ ਆਨੰਦ ਆਪਣੇ ਹੀ ਰੰਗ ਢੰਗ ਨਾਲ ਲੈਂਦੇ ਹਨ।ਗਾਇਕੀ ਦਾ ਸੂਫ਼ੀ ਰੰਗ ਪੇਸ਼ ਕਰਨ ਵਾਲੇ ਗਾਇਕ ਤਾਂ ਉਂਗਲਾ ਤੇ ਗਿਣਨ ਜੋਗੇ ਵੀ ਨਹੀਂ ਹਨ। ਇਸੇ ਲੜੀ ਵਿਚ ਸੂਫੀ ਗਾਇਕ ਨੀਲ ਕਮਲ ਕਾਫੀ ਲੰਬੇ ਸਮੇਂ ਤੋਂ ਇਸ ਖੇਤਰ ਵਿਚ ਜੁਟਿਆ ਹੋਇਆ ਹੈ। ਉਸਦਾ ਇਕ ਆਪਣਾ ਹੀ ਸਰੋਤਾ ਵਰਗ ਹੈ। ਉਹ ਮਹਿਫਲੀ ਗਾਇਕੀ ਦੇ ਸਰੋਤਿਆਂ ਵਿਚ ਬੜਾ ਹਰਮਨ ਪਿਆਰਾ ਹੈ। ਦੁਆਬੇ ਦੇ ਨਿੱਕੇ ਵੱਡੇ ਸ਼ਹਿਰਾਂ ਤੇ ਕਸਬਿਆਂ ਵਿਚ ਉਸਦੀਆਂ ਮਹਿਫਲਾਂ ਨੇ ਚੰਗੀ ਧੁੰਮ ਪਾਈ ਹੋਈ ਹੈ। ਸੂਫ਼ੀ ਮਹਿਫ਼ਲਾਂ ਵਿਚ ਉਸਦਾ ਸਿਤਾਰਾ ਸਦਾ ਬੁਲੰਦ ਰਹਿੰਦਾ ਹੈ। ਮਿਹਨਤ ਨਾਲ ਉਸਨੇ ਇਸ ਖੇਤਰ ਵਿਚ ਕਈ ਪੁਰਸਕਾਰ ਵੀ ਹਾਸਿਲ ਕੀਤੇ ਹਨ।ਸਾਲ 2009 ਵਿਚ ਅੰਮ੍ਰਿਤਸਰ ਵਿਖੇ ਕਰਵਾਏ ਮੁਕਾਬਲੇ 'ਤਲਾਸ਼ ਏ ਰਫੀ' ਵਿਚ ਉਸਨੇ ਉੱਤਰੀ ਭਾਰਤ ਦੇ 200 ਕਲਾਕਾਰਾਂ ਵਿਚੋਂ ਦੂਜਾ ਪੁਰਸਕਾਰ ਪ੍ਰਾਪਤ ਕਰਕੇ ਆਪਣੀ ਗਾਇਕੀ ਦਾ ਨਿਵੇਕਲਾ ਰੰਗ ਬੰਨ੍ਹ ਦਿੱਤਾ।

ਅਨੇਕਾਂ ਕਲਾਕਾਰਾਂ ਨੂੰ ਗੀਤ ਸੰਗੀਤ ਦੀ ਦੁਨੀਆਂ ਦਾ ਰਾਹ ਦਿਖਾਉਣ ਵਾਲੇ ਸੰਗੀਤ ਅਧਿਆਪਕ ਸ੍ਰੀ ਭਾਰਤ ਭੂਸ਼ਨ ਦਾ ਉਹ ਚਹੇਤਾ ਸ਼ਗਿਰਦ ਹੈ। ਉਹਨਾਂ ਦੇ ਅਸ਼ੀਰਵਾਦ ਸਦਕਾ ਹੀ ਉਹ ਉੱਚੀਆਂ ਮੰਜਿਲਾਂ ਵੱਲ ਵੱਧ ਰਿਹਾ ਹੈ। ਨੀਲ ਕਮਲ ਨੇ ਸਰਸਵਤੀ ਸੰਗੀਤ ਟਰੇਨਿੰਗ ਸੈਂਟਰ ਰਾਹੀਂ ਕਈ ਕਲਾਕਾਰਾਂ ਨੂੰ ਨਵੀਂ ਰਾਹ ਦਿਖਾਈ ਹੈ। ਉਸਦੀ ਕਲਾਕਾਰ ਜੀਵਨ ਸਾਥਣ ਸੋਨੀਆ ਉਸਦੀ ਕਲਾ ਨੂੰ ਨਿਖਾਰਨ ਤੇ ਸ਼ਿੰਗਾਰਨ ਵਾਲੀ ਅਧੁਨਿਕ ਖਿਆਲਾਂ ਵਾਲੀ ਸੁਆਣੀ ਹੈ। ਜਿਸਦੀ ਰੋਸ਼ਨੀ ਰਾਹੀਂ ਉਹ ਕਈ ਨਵੇਂ ਦਿਸਹੱਦੇ ਸਰ ਕਰ ਗਿਆ ਹੈ। 1990 ਵਿਚ ਉਸਨੇ 'ਆਓ ਸਾਰੇ ਗਾਓ' ਮੁਕਾਬਲੇ ਵਿਚ ਭਾਗ ਲਿਆ ਤਾਂ ਸਾਰੇ ਪੰਜਾਬ ਵਿਚੋਂ ਪਹਿਲੀ ਥਾਂ ਹਾਸਿਲ ਕਰ ਗਿਆ। ਇਹ ਪ੍ਰੋਗਰਾਮ ਲਿਸ਼ਕਾਰਾ ਚੈਨਲ ਤੇ ਪੇਸ਼ ਹੋਇਆ ਸੀ। ਇਸ ਤਰ੍ਹਾਂ ਉਹ ਸਹਿਜੇ ਸਹਿਜੇ ਆਪਣੀ ਮੰਜਿਲ ਵੱਲ ਵਧਦਾ ਗਿਆ। ਨੀਲ ਕਮਲ ਨੇ ਫਿਦਾ ਚੈਨਲ ਤੇ ਪੇਸ਼ ਹੋਏ ਰਿਐਲਟੀ ਸ਼ੋ 'ਗੂੰਜ ਇੰਡੀਆ ਗੂੰਜ' ਵਿਚ ਵੀ ਆਪਣੀ ਗੂੰਜ ਪਾਈ। ਇਸ ਤੋਂ ਪਹਿਲਾ ਉਹ ਪ੍ਰੋ ਮੋਹਨ ਸਿੰਘ ਮੇਲੇ ਸਮੇਤ ਕਈ ਹੋਰ ਮੇਲਿਆਂ ਵਿਚ ਆਪਣੀ ਕਲਾ ਦੇ ਜੋਹਰ ਦਿਖਾ ਚੁੱਕਾ ਹੈ। ਕਲਾਸੀਕਲ ਅਤੇ ਸੈਮੀ ਕਲਾਸੀਕਲ ਸੰਗੀਤ ਰਾਹੀਂ ਉਸਨੇ ਆਪਣਾ ਇਕ ਵੱਖਰਾ ਮੁਕਾਮ ਸਿਰਜ ਲਿਆ ਹੈ। ਦੂਰਦਰਸ਼ਨ ਦੇ ਪ੍ਰੋਗਰਾਮ ਸਟਾਰ ਕਲਾਕਾਰ ਤੋਂ ਇਲਾਵਾ ਪੰਜਾਬ ਦੇ ਸੱਭਿਆਚਾਰਕ ਮੇਲਿਆਂ ਵਿਚ ਵੀ ਆਪਣੀ ਹਾਜ਼ਰੀ ਬੜੀ ਸ਼ਾਨ ਨਾਲ ਲਗਵਾਉਂਦਾ ਰਹਿੰਦਾ ਹੈ।



ਦਲਜੀਤ ਸਿੰਘ ਅਜਨੋਹਾ
98721-83601

ਨੀਲ ਕਮਲ ਨੇ ਇਨ੍ਹਾਂ ਸਤਹਰਾਂ ਦੇ ਲੇਖਕ ਬਲਜਿੰਦਰ ਮਾਨ ਸਮੇਤ ਸਾਬੀ ਈਸਪੁਰੀ, ਵਿਜੇ ਰਸੂਲਪੂਰੀ ਆਦਿ ਗੀਤਕਾਰਾਂ ਦੇ ਗੀਤਾਂ ਨੂੰ ਆਪਣੀ ਸੁਰੀਲੀ ਅਵਾਜ਼ ਨਾਲ ਸ਼ਿੰਗਾਰਿਆ ਹੈ। ਉਹ ਸੰਗੀਤ ਦਾ ਮਾਸਟਰ ਹੋਣ ਕਰਕੇ ਹਰ ਗੀਤ ਨੂੰ ਆਪਣੇ ਰੰਗ ਵਿਚ ਢਾਲਕੇ ਪੇਸ਼ ਕਰਦਾ ਹੈ। ਕਿੰਗ ਐਡਵਰਡ ਪਬਲਿਕ ਸਕੂਲ ਮਾਹਿਲਪੁਰ ਵਿਚ ਸੰਗੀਤ ਦੀ ਸਿੱਖਿਆ ਪ੍ਰਦਾਨ ਕਰਦਾ ਸੂਫੀ ਗਾਇਕੀ ਨਾਲ ਵੀ ਅਟੁੱਟ ਨਾਤਾ ਜੋੜੀ ਬੈਠਾ। ਨਿਰਮਾਤਾ ਨਿਰਦੇਸ਼ਕ ਅਸ਼ੋਕ ਪੁਰੀ ਦੁਆਰਾ ਕੁੱਝ ਟੈਲੀ ਫਿਲਮਾ ਵਿਚ ਉਸਦੀਆਂ ਗਜ਼ਲਾਂ ਅਤੇ ਗੀਤ ਸ਼ਾਮਿਲ ਕੀਤੇ ਜਾ ਚੁੱਕੇ ਹਨ। ਕੁੱਝ ਸਮਾਂ ਪਹਿਲਾਂ ਉਸਦਾ ਸਿੰਗਲ ਟਰੈਕ 'ਪ੍ਰਾਈਵੇਟ ਟੀਚਰ'ਬੜਾ ਮਸ਼ਹੂਰ ਹੋਇਆ ਜੋ ਹਰ ਉਮਰ ਦੇ ਗੱਭਰੂਆਂ ਤੇ ਮੁਟਿਆਰਾਂ ਦੁਆਰਾ ਮਹਿਫਲਾਂ ਵਿਚ ਫਰਮਾਇਸ਼ ਨਾਲ ਸੁਣਿਆ ਤੇ ਦੇਖਿਆ ਜਾਂਦਾ ਹੈ। ਅਜੋਕੇ ਸਮੇਂ ਦੀ ਪੇਸ਼ ਹੋ ਰਹੀ ਗਾਇਕੀ ਤੋਂ ਉਹ ਸੰਤੁਸ਼ਟ ਨਹੀਂ ਹੈ। ਫਿਰ ਵੀ ਉਸਦੇ ਮਾਸਟਰ ਸਲੀਮ, ਹੰਸ ਰਾਜ ਹੰਸ ਅਤੇ ਸਰਦੂਲ ਸਿਕੰਦਰ ਨੂੰ ਪਸੰਦੀ ਦੇ ਗਾਇਕ ਹਨ। ਮੁਹੰਮਦ ਰਫੀ ਅਤੇ ਲਤਾ ਮੰਗੇਸ਼ਕਰ ਨੂੰ ਸਭ ਤੋਂ ਵੱਧ ਸੁਣਿਆ ਤੇ ਗਾਇਆ ਹੈ।

ਸੂਫੀ ਗਾਇਕੀ ਦੇ ਅੰਬਰ ਤੇ ਆਪਣੀ ਮਿਹਨਤ ਅਤੇ ਲਗਨ ਨਾਲ ਆਪਣੀ ਨਿਵੇਕਲੀ ਥਾਂ ਬਣਾ ਚੁੱਕਾ ਹੈ। ਸਾਈਂ ਬੁੱਲ੍ਹੇ ਸ਼ਾਹ ਤੇ ਸੁਲਤਾਨ ਬਾਹੂ ਆਦਿ ਅਜ਼ੀਮ ਸ਼ਾਇਰਾਂ ਨੂੰ ਵੀ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰਦਾ ਹੈ।ਗਲੇ ਵਿਚ ਰਸ ਹੋਣ ਕਰਕੇ ਹਰ ਰਚਨਾ ਸਫਲਤਾ ਨਾਲ ਗਾ ਜਾਂਦਾ ਹੈ। 6 ਜਨਵਰੀ 1974 ਨੂੰ ਮਾਤਾ ਪਰਸਿੰਨੀ ਦੇਵੀ, ਪਿਤਾ ਸ਼੍ਰੀ ਰਾਮ ਆਸਰਾ ਦੇ ਘਰ ਦਾ ਭਾਗ ਬਣਿਆ ਇਹ ਗਾਇਕ ਜਗਤਾਰ ਸਿੰਘ ਦਾ ਭਰਾ ਹੈ। ਦੋ ਭੈਣਾ ਦਾ ਭਾਈ ਤੇ ਬੇਟੀ ਤਮੰਨਾ ਦਾ ਬਾਪ ਬਣ ਚੁੱਕਾ ਹੈ। ਨੀਲ ਕਮਲ ਦਾ ਸੂਫੀ ਰੰਗ ਜਿੱਥੇ ਆਮ ਸਰੋਤਿਆਂ ਵਲੋਂ ਸਲਾਹਿਆ ਜਾਂਦਾ ਹੈ ਉੱਥੇ ਗਾਇਕੀ ਦੇ ਪੰਡਤ ਵੀ ਉਸਦੀ ਕਲਾ ਦੀ ਸ਼ਲਾਘਾ ਕਰਦੇ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਬੇਅਦਬੀ ਘਟਨਾ ਦੇ ਗਵਾਹ ਦਾ ਸਨਮਾਨ



ਅੰਮ੍ਰਿਤਸਰ : ਜ਼ਿਲ੍ਹਾ ਮੋਗਾ ਦੇ ਪਿੰਡ ਮੱਲਕੇ ਵਿੱਚ ਨਵੰਬਰ 2015 'ਚ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਮੁੱਖ ਗਵਾਹ ਗੁਰਸੇਵਕ ਸਿੰਘ ਫ਼ੌਜੀ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਨਮਾਨਿਤ ਕੀਤਾ ਗਿਆ। ਉਹ ਉਸ ਬੇਅਦਬੀ ਮਾਮਲੇ ਦਾ ਮੁੱਖ ਗਵਾਹ ਸੀ, ਜਿਸ ਦੀ ਗਵਾਹੀ 'ਤੇ ਡੇਰਾ ਪ੍ਰੇਮੀਆਂ ਨੂੰ ਸਜ਼ਾਵਾਂ ਹੋਈਆਂ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 2015 ਵਿਚ ਪਿੰਡ ਮੱਲਕੇ 'ਚ ਵਾਪਰੀ ਘਟਨਾ ਦੇ ਮੁੱਖ ਗਵਾਹ ਗੁਰਸੇਵਕ ਸਿੰਘ ਫ਼ੌਜੀ ਨੇ ਆਪਣੀ ਜ਼ਿੰਮੇਵਾਰੀ ਪੂਰੀ ਦ੍ਰਿੜ੍ਹਤਾ ਨਾਲ ਨਿਭਾਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਡੇਰਾ ਪ੍ਰੇਮੀਆਂ ਵੱਲੋਂ ਉਸ ਨੂੰ ਗਵਾਹੀ ਤੋਂ ਮੁਕਰਾਉਣ ਲਈ ਕਈ ਤਰ੍ਹਾਂ ਦੀਆਂ ਚਾਲਾਂ ਚੱਲੀਆਂ ਗਈਆਂ। ਉਸ ਨੂੰ 15 ਲੱਖ ਰੁਪਏ ਦਾ ਲਾਲਚ ਦੇ ਕੇ ਗਵਾਹੀ ਨਾ ਦੇਣ ਲਈ ਕਿਹਾ ਗਿਆ ਪਰ ਇਸ ਵਿਅਕਤੀ ਨੇ ਗੁਰੂ ਸਾਹਿਬ ਦੇ ਅਦਬ ਸਤਿਕਾਰ ਲਈ ਪੈਸਿਆਂ ਦੀ ਪਰਵਾਹ ਨਹੀਂ ਕੀਤੀ।

# ਵੱਖ ਵੱਖ ਸਟੇਟਾਂ ਦੇ ਕਲਾਕਾਰਾਂ ਵਲੋਂ ਸਾਊਥ ਏਸ਼ੀਆ ਕਲਚਰ ਮੇਲਾ

## ਪੰਜਾਬ ਸਮੇਤ ਕਈ ਰਾਜਾ ਨੇ ਆਪਣੀ ਸਭਿਅਤਾ ਦਾ ਕੀਤਾ ਪ੍ਰਗਟਾਵਾ

ਗੁਹਾਟੀ : ਵੱਖ-ਵੱਖ ਸਟੇਟਾਂ ਦੇ ਕਲਾਕਾਰਾਂ ਵਲੋਂ ਸਾਊਥ ਏਸ਼ੀਆ ਕਲਚਰ ਮੇਲਾ ’ਚ ਪੰਜਾਬ ਸਮੇਤ ਕਈ ਰਾਜਾਂ ਨੇ ਆਪਣੀ ਸਭਿਅਤਾ ਦਾ ਪ੍ਰਗਟਾਵਾ ਕੀਤਾ। ਇਸ ਮੇਲੇ ’ਚ ਸੈਂਕੜੇ ਕਲਾਕਾਰਾ ਨੇ ਭਾਗ ਲਿਆ। ਮੇਲੇ ਵਿੱਚ ਭਾਰਤੀ ਸ਼ਿਲਪਕਾਰੀ, ਹੱਥਾਂ ਨਾਲ ਬਣੇ ਉਤਪਾਦ ਆਦਿ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ। ਦੇਸ਼ ਭਰ ਦੇ ਕਲਾਕਾਰ ਵੀ ਹਰ ਸ਼ਾਮ ਆਪਣੀ ਸੁਰੀਲੀ ਆਵਾਜ਼ ਅਤੇ ਸੰਗੀਤ ਨਾਲ ਇਸ ਨੂੰ ਰੌਸ਼ਨ ਕਰਨਗੇ। ਦੇਸ਼ ਦੇ ਕੋਨੇ-ਕੋਨੇ ਤੋਂ ਦਸਤਕਾਰੀ ਨੂੰ ਬੁਲਾਇਆ ਗਿਆ ਹੈ, ਜਿਸ ਵਿੱਚ ਭਾਰਤ ਦੇ ਰਵਾਇਤੀ ਸ਼ਿਲਪਕਾਰੀ ਅਤੇ ਪਕਵਾਨਾਂ ਦੇ ਲਗਭਗ 151 ਸਟਾਲ ਲਗਾਏ ਜਾਣਗੇ। ਇਸ ਵਿੱਚ ਹਰ ਵੱਡੇ ਰਾਜ ਦੇ ਖਾਣੇ ਦੇ ਸਟਾਲ ਵੀ ਹੋਣਗੇ।

ਵੱਖ-ਵੱਖ ਰਾਜਾਂ ਦੇ ਲੋਕ ਕਲਾਕਾਰ ਸਟੇਜ ’ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ ਅਤੇ ਸਥਾਨਕ ਦਸਤਕਾਰੀ ਦਾ ਵੀ ਇਕੱਠ ਹੋਵੇਗਾ। 1 ਦਸੰਬਰ ਨੂੰ ਬਾਅਦ ਦੁਪਹਿਰ 1 ਵਜੇ ਸ਼ੋਭਾ ਯਾਤਰਾ ਕੱਢੀ ਗਈ। ਮਨੋਰੰਜਨ ਦੇ ਨਾਲ-ਨਾਲ ਦਰਸ਼ਕ ਖਾਣ-ਪੀਣ ਦਾ ਵੀ ਆਨੰਦ ਲੈ ਸਕਣਗੇ।

ਰਾਸ਼ਟਰੀ ਸ਼ਿਲਪ ਮੇਲੇ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਪਕਵਾਨਾਂ ਦੀ ਮਹਿਕ ਦਾ ਸੰਗਮ ਵੀ ਹੋਵੇਗਾ।

ਹਰ ਸ਼ਾਮ ਸ਼ੀਲਫਾਟ ਦੇ ਮੁਕਤਾਕਾਸ਼ੀ ਮੰਚ ’ਤੇ ਸੱਭਿਆਚਾਰਕ ਪ੍ਰੋਗਰਾਮ ਹੋਵੇਗਾ। ਪਦਮਸ਼੍ਰੀ ਮਾਲਿਨੀ ਅਵਸਥੀ ਨੇ ਵੀ ਆਪਣਾ ਕਲਾਮ ਪੇਸ਼ ਕੀਤਾ।











## ਸਾਊਥ ਏਸ਼ੀਆ ਕਲਚਰ ਮੇਲੇ ਦੀ ਯਾਦਗਾਰੀ ਝਲਕੀਆਂ ਫੋਟੋ ਦੀ ਜੁਬਾਨੀ


























# ਅਮਰੀਕਨ ਸਿੱਖ ਕਾਕਸ ਵਫਦ ਨੇ ਅਮਰੀਕਨ ਪ੍ਰੈਜੀਡੈਂਟ ਨਾਲ ਕੀਤੀ ਮੁਲਾਕਾਤ

## ਸਿੱਖਾਂ ਦੀ ਸੁਰੱਖਿਆ ਅਤੇ ਭਾਰਤ ਖਿਲਾਫ ਅਡਵਾਈਜਰੀ ਜਾਰੀ ਕਰਨ ਦੀ ਮੰਗ

- ਯੂ ਐਸ ਪ੍ਰੈਜੀਡੈਂਟ ਬਾਈਡਨ ਵਲੋਂ 26 ਜਨਵਰੀ ਗਣਤੰਤਰ ਦਿਵਸ ਚ ਸ਼ਾਮਲ ਹੋਣ ਦਾ ਭਾਰਤੀ ਸੱਦਾ ਰੱਦ
- ਸਰਕਾਰੀ ਕਤਲ ਸਿੱਖਾਂ ਨੂੰ ਪਹਿਲਾ ਚੁੱਪ ਕਰਾ ਸਕੇ ਅਤੇ ਨਾਹੀ ਹੁਣ ਕਰਾ ਸਕਣਗੇ ਡਾ. ਪ੍ਰਿਤਪਾਲ ਸਿੰਘ



ਭਾਰਤ ਵਲੋਂ ਵਿਦੇਸ਼ਾਂ 'ਚ ਸਿੱਖਾਂ ਦੇ ਕਤਲੇਆਮ ਨੂੰ ਠੱਲ ਪਾਉਣ ਲਈ ਅਮਰੀਕਾ ਦੇ ਉਘੇ ਸਿੱਖ ਵਫਦ ਜਿਨ੍ਹਾਂ 'ਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਕਾਕਸ ਕਮੇਟੀ ਵੱਲੋਂ ਕੁਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਇਕ ਵਫਦ ਨੇ ਰਾਸ਼ਟਰਪਤੀ ਜੋਅ ਬਾਇਡਨ ਨਾਲ ਮੁਲਾਕਾਤ ਕੀਤੀ। ਇਸ ਵਫਦ ਵਿਚ ਹੋਰਨਾਂ ਤੋਂ ਇਲਾਵਾ ਜੁਗਰਾਜ ਸਿੰਘ, ਯਾਦਵਿੰਦਰ ਸਿੰਘ ਤੇ ਹਰਮਿੰਦਰ ਸਿੰਘ ਵੀ ਸ਼ਾਮਲ ਸਨ। ਵਫਦ ਨੇ ਇਕ ਮੈਮੋਰੰਡਮ ਰਾਹੀਂ ਰਾਸ਼ਟਰਪਤੀ ਜੋਅ ਬਾਇਡਨ ਨੂੰ ਅਮਰੀਕਾ ਅਤੇ ਕੈਨੇਡਾ ਵਿਚ ਭਾਰਤ ਸਰਕਾਰ ਵੱਲੋਂ ਸਿੱਖਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਬਾਰੇ ਜਾਣੂ ਕਰਵਾਇਆ। ਇਸ ਲਿਖਤੀ ਮੰਗ ਪੱਤਰ ਵਿਚ ਦੱਸਿਆ ਗਿਆ ਕਿ ਭਾਰਤ ਸਰਕਾਰ ਦੇ ਇਕ ਅਧਿਕਾਰੀ ਦੇ ਹਾਲ ਹੀ ਦੇ ਦੋਸ਼ਾਂ ਤੋਂ ਬਾਅਦ ਜੋ ਸੱਚਾਈ ਸਾਹਮਣੇ ਆਈ ਹੈ, ਉਹ ਬਰਦਾਸ਼ਤ ਤੋਂ ਬਾਹਰ ਹੈ। ਇਸ ਅਧਿਕਾਰੀ 'ਤੇ ਅਮਰੀਕਾ ਦੇ ਨਿਊਯਾਰਕ ਵਿਚ ਰਹਿੰਦੇ ਸਿੱਖ ਆਗੂ ਦੀ ਹੱਤਿਆ ਕਰਨ ਦੀ ਯੋਜਨਾ ਬਣਾਉਣ ਦਾ ਦੋਸ਼ ਹੈ। ਰਾਸ਼ਟਰਪਤੀ ਨੂੰ ਜਾਣੂ ਕਰਵਾਇਆ ਗਿਆ ਕਿ ਇਸੇ ਸਾਲ ਇਕ ਕੈਨੇਡੀਅਨ ਸਿੱਖ ਆਗੂ ਦੀ ਹੱਤਿਆ 'ਚ ਵੀ ਭਾਰਤ ਦੀ ਸ਼ਮੂਲੀਅਤ ਦੇ ਦੋਸ਼ ਲੱਗੇ ਸਨ। ਵਫਦ ਨੇ ਅਮਰੀਕੀ ਪ੍ਰਸ਼ਾਸਨ ਦੀਆਂ ਏਜੰਸੀਆਂ ਵੱਲੋਂ ਇਸ ਸੰਬੰਧੀ ਆਵਾਜ਼ ਉਠਾਉਣ ਦੀ ਖੁਸ਼ੀ ਜ਼ਾਹਿਰ ਕੀਤੀ ਹੈ। ਵਫਦ ਨੇ ਨਵੇਂ ਲਾਂਚ ਕੀਤੇ ਜੀ-7 ਰੈਪਿਡ ਰਿਸਪਾਂਸ ਮਕੈਨਿਜ਼ਮ ਵਰਕਿੰਗ ਗਰੁੱਪ ਨੂੰ ਅੰਤਰਰਾਸ਼ਟਰੀ ਜ਼ੁਲਮ ਦਾ ਮੁਕਾਬਲਾ ਕਰਨ ਦੇ ਸਿਧਾਂਤਾਂ ਦੇ ਐਲਨਨਾਮੇ 'ਤੇ ਦਸਤਖਤ ਕਰਨ ਲਈ ਅਮਰੀਕੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ। ਵਫਦ ਵੱਲੋਂ ਰਾਸ਼ਟਰਪਤੀ ਜੋਅ ਬਾਇਡਨ ਤੋਂ ਮੰਗ ਕੀਤੀ ਗਈ ਕਿ ਅਮਰੀਕੀ ਸਰਕਾਰ ਵੱਲੋਂ ਬਿੱਲ ਨੰਬਰ ਐੱਸ-831 ਅਤੇ ਐੱਚ.ਆਰ.-3654 ਨੂੰ ਪਾਸ ਕਰਵਾਉਣ ਲਈ ਤੁਰੰਤ ਉਪਰਾਲੇ ਕੀਤੇ ਜਾਣ। ਇਸ ਨਾਲ ਅੰਤਰਰਾਸ਼ਟਰੀ ਜ਼ੁਲਮ 'ਤੇ ਠੱਲ੍ਹ ਪਵੇਗੀ ਅਤੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾ ਸਕੇਗੀ। ਵਫਦ ਨੇ ਅਮਰੀਕੀ ਰਾਸ਼ਟਰਪਤੀ ਨੂੰ ਬੇਨਤੀ ਕੀਤੀ ਕਿ ਅਮਰੀਕੀ ਨਾਗਰਿਕਾਂ ਦੀ ਰੱਖਿਆ ਲਈ ਨਿਰਣਾਇਕ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਕਿ ਇਸ ਮਹਾਨ ਰਾਸ਼ਟਰ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਜ਼ੁਲਮ ਮਨੁੱਖੀ ਅਧਿਕਾਰਾਂ ਅਤੇ ਪ੍ਰਭੂਸੱਤਾ ਦੀ ਉਲੰਘਣਾ ਹੈ, ਜਿਸ ਨੂੰ ਠੱਲ੍ਹ ਪਾਉਣੀ ਜ਼ਰੂਰੀ ਹੈ। ਸਿੱਖ ਵਫਦ ਨੇ ਯੂ ਐਸ ਪ੍ਰੈਜੀਡੈਂਟ ਬਾਈਡਨ ਤੋਂ ਭਾਰਤ ਖਿਲਾਫ ਐਡਵਾਈਜਰੀ ਜਾਰੀ ਕਰਨ ਲਈ ਮੰਗ ਪਤਰ ਦਿੱਤਾ ਗਿਆ। ਇਸ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਸਿੱਖ ਕਾਕਸ ਦੇ ਕੋਆਰਡੀਨੇਟਰ ਡਾ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਭਾਰਤ 'ਚ ਪਿਛਲੇ ਚਾਰ ਦਹਕਿਆਂ ਤੋਂ ਸਿੱਖਾਂ ਦਾ ਸਰਕਾਰੀ ਕਤਲੇਆਮ ਹੋ ਰਿਹਾ ਹੈ ਸਿੱਖਾਂ ਨੂੰ ਇਨਸਾਫ ਤਾਂ ਕੀ ਮਿਲਣਾ ਭਾਰਤ ਸਰਕਾਰ ਨੇ ਵਿਦੇਸ਼ਾਂ 'ਚ ਸਿੱਖਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ ਹੈ ਇਹ ਇੱਕ ਦਹਿਸ਼ਤਗਰਦੀ ਕਾਰਵਾਈ ਹੈ ਜਿਸ ਦਾ ਸਿੱਖ ਢੁਕਵਾਂ ਜਵਾਬ ਦੇਣਗੇ। ਉਨ੍ਹਾਂ ਕਿਹਾ ਕਿ ਨਾ ਸਰਕਾਰੀ ਕਤਲ ਸਿੱਖਾਂ ਨੂੰ ਪਹਿਲਾਂ ਚੁੱਪ ਕਰਾ ਸਕੇ ਅਤੇ ਨਾ ਹੀ ਹੁਣ ਕਰਾ ਸਕਣਗੇ। ਜਦੋਂ ਤੱਕ ਸਿੱਖ ਇਨਸਾਫ ਅਤੇ ਆਪਣਾ ਘਰ ਨਹੀ ਲੈ ਲੈਂਦੇ ਚੁੱਪ ਕਰਕੇ ਨਹੀਂ ਬੈਠਣਗੇ।

**American Sikh Caucus Committee**
800 3rd St SW, Washington DC 20024
Tel: (202) 780–SIKH (7454)
Email: info@sikhcaucus.org

Dec, 8, 2023

President Joe Biden
The White House
1600 Pennsylvania Avenue
Washington DC

Dear Mr. President:

I write to you for and on behalf of the American Sikh Caucus Committee, which closely collaborates with the American Sikh Congressional Caucus. We wanted to highlight our concern regarding the Government of India,which has consistently silenced dissent inside its own country and is now trying to stifle free speech around the world, including here in the United States. India's transnational repression has far-reaching impacts on diaspora, exile communities and human rights defenders.

Our concerns have deepened following recent allegations of an Indian Government official accused of planning to assassinate a U.S. citizen in New York for their critical stance of the Indian Government. This follows allegations of India's involvement in the killing of a Canadian Sikh leader earlier this year. The right of American Sikhs to exercise their First Amendment and call for self-determination is sacrosanct, requiring protection from the overreaching arm of the Indian government.

We are pleased that your Administration has made addressing transnational repression a priority issue across agencies. We also commend the US leadership in the newly launched G7 Rapid Response Mechanism Working Group on Transnational Repression and for signing the Declaration of Principles to Combat Transnational Repression. In the light of the above we make the following vital appeals:

1- Pass legislation to address gaps in the US government's response to transnational repression. This includes codifying a definition of transnational repression, ensuring government officials who may encounter perpetrators or victims of transnational repression receive the training necessary to recognize and respond to the problem, and strengthening sanctions authorities to make it easier to hold perpetrators accountable. The Transnational Repression Policy Act, which was introduced by Senators Merkley, Rubio, Cardin, and Hagerty, includes provisions in all these areas. We urge its passage.

2- The Executive Branch continues to raise transnational repression as a priority issue with partners and allies. The involvement of a government's engagement in transnational repression should be a significant factor in determining the nature of bilateral relations and the closeness of any partnership.

3- We seek your assistance in obtaining and publicly sharing advisory opinions from the U.S. Department of Justice, the U.S. Department of Homeland Security, and the U.S. State Department on appropriate measures to safeguard our communities across America.

The urgency of our requests reflects the need for decisive action to protect American lives and uphold the values that define our great nation.Transnational repression is a violation of rights and sovereignty and breaks the bond of trust that must exist for deep cooperation between nations.

Regards,

Dr. Pritpal Singh
CoordinatorAmerican Sikh Caucus Committee


# American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ
ਦੋ ਸਾਲ ਦਾ ਤਜਰਬਾ ਹੋਵੇ




ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience

(209) 405-1544

127 Darcy Parkway,Lathrop,CA 95330

ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸਿੱਖਿਆਵਾਂ ਨੂੰ ਜੀਵਨ 'ਚ ਢਾਲਣ ਦੀ ਲੋੜ



*ਇਨ੍ਹਾਂ ਦਿਨਾਂ ਵਿੱਚ ਸਮੇਂ ਦੇ ਹਾਕਮ ਔਰੰਗਜ਼ੇਬ ਵੱਲੋਂ ਹਿੰਦੂ ਜਨਤਾ ਉੱਤੇ ਬੇ-ਹਿਸਾਬ ਜ਼ੁਲਮ ਕੀਤੇ ਜਾ ਰਹੇ ਸਨ ਅਤੇ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਕਰਕੇ ਉਨ੍ਹਾਂ ਨੂੰ ਇਸਲਾਮ ਵਿੱਚ ਲਿਆਉਣ ਲਈ ਕੋਝੇ ਹਥਕੰਡੇ ਵਰਤੇ ਜਾ ਰਹੇ ਸਨ ਅਤੇ ਤਲਵਾਰ ਦੀ ਖੁੱਲ੍ਹ ਕੇ ਵਰਤੋਂ ਆਰੰਭ ਕਰ ਦਿੱਤੀ ਹੋਈ ਸੀ। ਜਿਸ ਕਰਕੇ ਕਸ਼ਮੀਰੀ ਪੰਡਿਤਾਂ ਦਾ ਇੱਕ ਵਫ਼ਦ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਵਿੱਚ ਆ ਫਰਿਆਦੀ ਹੋਇਆ। ਪੰਡਿਤਾਂ ਵੱਲੋਂ ਆਪਣੇ ਧਰਮ ਦੀ ਰੱਖਿਆ ਦੀ ਮੰਗ ਕੀਤੀ ਗਈ ਤਾਂ ਸਤਿਗੁਰੂ ਜੀ ਨੇ ਜੋ ਸ਼ਰਨ ਆਵੇ ਤਿਸ ਕੰਠ ਲਾਵੇ ਦੇ ਮਹਾਂਵਾਕ ਅਨੁਸਾਰ ਉਨ੍ਹਾਂ ਦੀ ਬਾਂਹ ਫੜੀ ਅਤੇ ਦਿੱਲੀ ਦਰਬਾਰ ਦੇ ਵਿਰੋਧ ਵਿੱਚ ਟੱਕਰ ਲੈਣ ਦਾ ਫੈਸਲਾ ਕੀਤਾ। ਆਪ ਨੇ ਐਲਾਨ ਕੀਤਾ ਕਿ ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ 'ਨਾ ਕਿਸੇ ਤੋਂ ਡਰੋ ਅਤੇ ਨਾ ਕਿਸੇ ਨੂੰ ਡਰਾਓ'।*

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ 5 ਵੈਸਾਖ ਸੰਮਤ 1678, ਚੰਦ ਦੇ ਹਿਸਾਬ ਨਾਲ ਵੈਸਾਖ ਸੁਦੀ 5, 1 ਅਪ੍ਰੈਲ 1621 ਦਿਨ ਐਤਵਾਰ ਨੂੰ ਮਾਤਾ ਨਾਨਕੀ ਜੀ ਦੀ ਕੁਖੋਂ ਅੰਮ੍ਰਿਤਸਰ, ਜਿਥੇ ਅੱਜ ਗੁਰਦੁਆਰਾ ਗੁਰੂ ਕੇ ਮਹਲ ਸਥਿਤ ਹੈ, ਵਿਖੇ ਹੋਇਆ। ਆਪ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਜੀ ਨੇ 9 ਸਾਲ ਦੇ ਕਰੀਬ ਸਮਾਂ ਅੰਮ੍ਰਿਤਸਰ ਵਿਖੇ ਗੁਜ਼ਾਰਿਆ ਅਤੇ ਫਿਰ ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ ਚਲੇ ਗਏ।

ਅਠਵੇਂ ਪਤਾਸ਼ਾਹ ਗੁਰੂ ਹਰਿਕ੍ਰਿਸਨ ਸਾਹਿਬ ਜੀ ਦਿੱਲੀ ਵਿਖੇ 3 ਵੈਸਾਖ (ਚੇਤਰ ਸੁਦੀ 14) ਸੰਮਤ 1721 (ਮੁਤਾਬਕ 30 ਮਾਰਚ, ਸੰਨ 1664) ਨੂੰ ਜੋਤੀ ਜੋਤ ਸਮਾਉਣ ਲੱਗਿਆਂ ਸੰਗਤ ਨੂੰ ਹਦਾਇਤ ਕਰ ਗਏ ਕਿ 'ਬਾਬਾ ਵਸੇ ਗ੍ਰਾਮ ਬਕਾਲੇ'। ਜੋ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਕਿਹਾ ਗਿਆ ਸੀ। ਉਸ ਸਮੇਂ ਤੱਕ ਗੁਰੂ ਸਾਹਿਬਾਨ ਪ੍ਰਤੀ ਬਾਬਾ ਲਫਜ਼ ਆਮ ਵਰਤਿਆ ਜਾਣ ਲੱਗਾ ਪਿਆ ਸੀ। (ਹਵਾਲਾ ਪ੍ਰੋ. ਸਾਹਿਬ ਸਾਹਿਬ ਸਿੰਘ ਲਿਖਤ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ') ਭਾਈ ਗੁਰਦਾਸ ਜੀ ਵੱਲੋਂ ਵੀ ਆਪਣੀਆਂ ਵਾਰਾਂ ਵਿੱਚ ਗੁਰੂ ਨਾਨਕ ਸਾਹਿਬ ਮਾਹਰਾਜ ਲਈ ਸ਼ਬਦ ਬਾਬਾ ਵਰਤਿਆ ਗਿਆ ਸੀ। ਬੇਸ਼ੱਕ ਅੱਜ ਕੁੱਝ ਲੋਕ ਇਤਾਰਜ਼ ਕਰ ਰਹੇ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਸਿਰਫ 'ਬਾਬਾ ਨਾਨਕ' ਸੰਬੋਧਨ ਕਰਕੇ ਗੁਰੂ ਸਾਹਿਬਾਨ ਦੇ ਸਤਿਕਾਰ ਨੂੰ ਠੇਸ ਪਹੁੰਚਾ ਰਹੇ ਹਨ, ਜੋ ਕਿ ਨਿਰਮੂਲ ਹੈ।

ਭਾਈ ਮੱਖਣ ਸ਼ਾਹ ਲੁਭਾਣਾ ਵੱਲੋਂ ਲੱਗੀਆਂ 22 ਨਕਲੀ ਮੰਜੀਆਂ ਵਿਚੋਂ ਆਪਣੇ ਸੱਚੇ ਪ੍ਰੀਤਮ ਨੂੰ ਲੱਭਣਾ ਅਤੇ 'ਗੁਰੂ ਲਾਧੋ ਰੇ' ਦਾ ਨਾਅਰਾ ਮਾਰਨ ਵਾਲੀ ਸਾਖੀ ਤੋਂ ਸਾਰਾ ਸਿੱਖ ਜਗਤ ਵਾਕਿਫ ਹੈ, ਉਹ ਗੱਲ ਵੱਖਰੀ ਹੈ ਕਿ ਅੱਜ ਦਾ ਸਿੱਖ ਸ਼ਰਧਾਲੂ ਪ੍ਰਤੱਖ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਵੇਖ ਕੇ ਵੀ ਕੋਲ ਡੱਠੀ ਇੱਕ ਨਕਲੀ ਮੰਜੀ 'ਤੇ ਰੱਖੇ ਬਚਿੱਤਰ ਨਾਟਕ ਨੂੰ ਵੀ ਬਰਾਬਰ ਮਾਨਤਾ ਦੇਈ ਜਾਣ ਤੇ ਚੁੱਪ ਕਰਕੇ ਬੈਠਾ ਮੈਨੂੰ ਕੀ?"ਵਾਲੀ ਵਿਚਾਰਧਾਰਾ ਦਾ ਧਾਰਨੀ ਬਣ ਗਿਆ ਹੈ ਅਤੇ ਪ੍ਰਤੱਖ ਗੁਰੂ ਹੁੰਦਾ ਹੋਇਆ ਵੀ ਦੁੱਚਿਤੀ ਵਿੱਚ ਫਸਿਆ ਪਿਆ ਹੈ। ਖੈਰ! ਆਪਣੇ ਵਿਸ਼ੇ ਵੱਲ ਆਈਏ।

ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਮੁੱਚੀ ਮਾਨਵਤਾ ਨੂੰ ਸਰਬ ਸਾਂਝਾ ਉਪਦੇਸ਼ ਦੇਣ ਲਈ ਅਤੇ ਇਕ ਨਵੀਂ ਨਿਰੋਈ ਜੀਵਣ ਜਾਂਚ ਜਿਸ ਦਾ ਮੁੱਢ ਬਾਬਾ ਨਾਨਕ ਜੀ ਰੱਖ ਕੇ ਗਏ ਸਨ, ਨੂੰ ਅੱਗੇ ਵਧਾਉਣ ਲਈ ਲੰਮੇ-ਲੰਮੇ ਪ੍ਰਚਾਰਕ ਦੌਰੇ ਕੀਤੇ। ਆਪ ਜੀ ਮਾਖੋਵਾਲ ਪਿੰਡ ਦੀ ਜ਼ਮੀਨ ਮੁੱਲ ਲੈ ਕੇ ਮਾਤਾ ਨਾਨਕੀ ਜੀ ਦੇ ਨਾਮ ਤੇ 'ਚੱਕ ਨਾਨਕੀ' ਨਾਮੀ ਨਗਰ ਵਸਾਇਆ ਜਿਸ ਨੂੰ ਹੁਣ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਨ੍ਹਾਂ ਦਿਨਾਂ ਵਿੱਚ ਸਮੇਂ ਦੇ ਹਾਕਮ ਔਰੰਗਜ਼ੇਬ ਵੱਲੋਂ ਹਿੰਦੂ ਜਨਤਾ ਉੱਤੇ ਬੇ-ਹਿਸਾਬ ਜ਼ੁਲਮ ਕੀਤੇ ਜਾ ਰਹੇ ਸਨ ਅਤੇ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਕਰਕੇ ਉਨ੍ਹਾਂ ਨੂੰ ਇਸਲਾਮ ਵਿੱਚ ਲਿਆਉਣ ਲਈ ਕੋਝੇ ਹਥਕੰਡੇ ਵਰਤੇ ਜਾ ਰਹੇ ਸਨ ਅਤੇ ਤਲਵਾਰ ਦੀ ਖੁੱਲ੍ਹ ਕੇ ਵਰਤੋਂ ਆਰੰਭ ਕਰ ਦਿੱਤੀ ਹੋਈ ਸੀ। ਜਿਸ ਕਰਕੇ ਕਸ਼ਮੀਰੀ ਪੰਡਿਤਾਂ ਦਾ ਇੱਕ ਵਫ਼ਦ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਵਿੱਚ ਆ ਫਰਿਆਦੀ ਹੋਇਆ। ਪੰਡਿਤਾਂ ਵੱਲੋਂ ਆਪਣੇ ਧਰਮ ਦੀ ਰੱਖਿਆ ਦੀ ਮੰਗ ਕੀਤੀ ਗਈ ਤਾਂ ਸਤਿਗੁਰੂ ਜੀ ਨੇ ਜੋ ਸ਼ਰਨ ਆਵੇ ਤਿਸ ਕੰਠ ਲਾਵੇ ਦੇ ਮਹਾਂਵਾਕ ਅਨੁਸਾਰ ਉਨ੍ਹਾਂ ਦੀ ਬਾਂਹ ਫੜੀ ਅਤੇ ਦਿੱਲੀ ਦਰਬਾਰ ਦੇ ਵਿਰੋਧ ਵਿੱਚ ਟੱਕਰ ਲੈਣ ਦਾ ਫੈਸਲਾ ਕੀਤਾ। ਆਪ ਨੇ ਐਲਾਨ ਕੀਤਾ ਕਿ ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ 'ਨਾ ਕਿਸੇ ਤੋਂ ਡਰੋ ਅਤੇ ਨਾ ਕਿਸੇ ਨੂੰ ਡਰਾਉ'।

ਗ੍ਰਿਫਤਾਰੀ ਮੌਕੇ ਗੁਰੂ ਜੀ ਨਾਲ ਤਿੰਨ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਇਆਲਾ ਜੀ ਸਨ। ਇਸ ਮੌਕੇ ਆਪ ਜੀ ਨੂੰ ਮੁਸਲਮਾਨ ਬਣਨ ਲਈ ਕਈ ਤਰ੍ਹਾਂ ਦੇ ਲਾਲਚ ਤੋਂ ਇਲਾਵਾ ਡਰਾਇਆ ਧਮਕਾਇਆ ਗਿਆ ਅਤੇ ਕਤਲ ਤੱਕ ਕਰਨ ਦਾ ਹੁਕਮ ਦਿੱਤਾ ਗਿਆ ਕਿ ਸ਼ਾਇਦ ਮੌਤ ਦੇ ਡਰਾਵੇ ਨਾਲ ਗੁਰੂ ਜੀ ਇਸਲਾਮ ਕਬੂਲ ਕਰ ਲੈਣ। ਜੈਸਾ ਕਿ ਸੈਰੁਲ ਮਤਾਖ਼ਰੀਨ ਦਾ ਲਿਖਾਰੀ ਲਿਖਦਾ ਹੈ ਕਿ ਬਾਅਦ ਚੰਦ ਰੋਜ਼ ਹੁਕਮਿ ਦੀਗ ਦਰ ਬਾਰਾਏ ਤੇਗ਼ ਬਹਾਦਰ ਰਸੀਦ ਕਿ ਊ ਰਾ ਕੁਸ਼ਤਹ ਵਜੂਦਸ਼ ਰਾ ਚੰਦ ਹਿੱਸਾ ਨਮੂਦਹ ਅਤਰਾਫ਼ੇ ਸ਼ਹਿਰ ਬਿਆਵੇਜ਼ੰਦ" ਭਾਵ- ਗੁਰੂ ਤੇਗ ਬਹਾਦਰ ਨੂੰ ਕਤਲ ਕੀਤਾ ਜਾਵੇ, ਉਸ ਦੇ ਜਿਸਮ ਦੇ ਟੋਟੇ ਕਰਕੇ ਸ਼ਹਿਰ ਦੇ ਸਭਨੀ ਪਾਸੀਂ ਲਟਕਾ

ਇਕਵਾਕ ਸਿੰਘ ਪੱਟੀ

ਦਿੱਤੇ ਜਾਣ। ਇਸ ਤਰ੍ਹਾਂ ਦੇ ਡਾਰਵਿਆਂ ਦੇ ਨਾਲ ਆਪ ਜੀ ਦੀਆਂ ਅੱਖਾਂ ਸਾਹਵੇਂ ਆਪ ਜੀ ਦੇ ਅੰਨਿਨ ਸਿੱਖ ਸ਼ਰਧਾਲੂ ਭਾਈ ਮਤੀ ਦਾਸ ਜੀ ਨੂੰ ਜਿਊਂਦੇ ਜੀਅ ਆਰਿਆਂ ਨਾਲ ਚੀਰ ਕੇ ਦੋਫਾੜ ਕਰ ਦਿੱਤਾ ਗਿਆ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕਿ ਜਿਉਂਦਾ ਸਾੜਿਆ ਗਿਆ ਅਤੇ ਭਾਈ ਦਇਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਪਾ ਕੇ ਸ਼ਹੀਦ ਕਰ ਦਿੱਤਾ ਗਿਆ। ਪਰ ਉਨ੍ਹਾਂ ਜ਼ਾਲਮਾਂ ਦੇ ਇਹ ਡਰਾਵੇ ਸਾਹਿਬ ਗੁਰੂ ਤੇਗ ਬਹਾਦੁਰ ਜੀ ਦੇ ਨਿਸਚੇ ਨੂੰ ਨਾ ਡੇਗ ਸਕੇ ਅਤੇ ਅੰਤ 11 ਨਵੰਬਰ ਸੰਨ 1675, ਵੀਰਵਾਰ ਦੇਸੀ ਸੰਮਤ 1732 ਮੱਘਰ ਮਹੀਨੇ ਦੀ 11 ਤਰੀਕ ਨੂੰ ਚਾਂਦਨੀ ਚੌਕ ਵਿਖੇ ਨੌਵੇਂ ਪਤਾਸ਼ਾਹ ਸਤਿਗੁਰੂ ਜੀ ਨੂੰ ਤਲਵਾਰ ਨਾਲ ਸੀਸ ਧੜ ਤੋਂ ਵੱਖ ਕਰਕੇ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਸਸ਼ੋਭਿਤ ਹੈ।

ਇਸ ਸ਼ਹੀਦੀ ਨੂੰ ਵੇਖ ਕੇ ਲੋਕਾਂ ਵਿੱਚ ਹਾਹਕਾਰ ਮੱਚ ਗਈ ਅਤੇ ਇਸੇ ਭਗਦੜ ਦੌਰਾਨ ਭਾਈ ਜੈਤਾ ਜੀ ਨੇ ਹਿੰਮਤ ਕਰਕੇ ਗੁਰੂ ਸਾਹਿਬ ਦਾ ਸੀਸ ਚੁੱਕ ਦਿੱਲੀ ਤੋਂ 200 ਮੀਲ ਦੀ ਵਿੱਥ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਾਇਆ ਅਤੇ ਦੂਜੇ ਪਾਸੇ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਭਾਈ ਊਦਾ ਜੀ ਨੇ ਸਲਾਹ ਕਰਕੇ ਸਮੇਂ ਨੂੰ ਸੰਭਾਲਦਿਆਂ ਗੁਰੂ ਜੀ ਦਾ ਧੜ ਮੁਗਲਾਂ ਦੇ ਘੇਰੇ ਵਿੱਚੋਂ ਚੁੱਕ ਲਿਆਂਦਾ ਅਤੇ ਤਿੰਨ ਮੀਲ ਦੀ ਵਿੱਥ 'ਤੇ ਰਕਾਬ ਗੰਜ ਵਿਖੇ ਭਾਈ ਲੱਖੀ ਨੇ ਆਪਣੇ ਘਰ ਵਿੱਚ ਗੁਰੂ ਜੀ ਦਾ ਧੜ ਰੱਖ ਸਮੇਤ ਸਾਰੇ ਸਾਮਾਨ ਦੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਅਤੇ ਆਪਣਾ ਸੱਚਾ ਸੁੱਚਾ ਫਰਜ਼ ਪੂਰਾ ਕਰ ਦਿੱਤਾ। ਉਸ ਸਥਾਨ ਤੇ ਗੁਰਦੁਆਰਾ ਰਕਾਬਗੰਜ ਸਾਹਿਬ, ਦਿੱਲੀ ਸੁਸ਼ੋਭਿਤ ਹੈ। ਭਾਈ ਜੈਤਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗਲ ਨਾਲ ਲਗਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਮਾਣ ਦਿੱਤਾ ਅਤੇ 1699 ਦੀ ਵਿਸਾਖੀ ਨੂੰ ਖਾਲਸਾ ਸਜਾਉਣ ਵਕਤ ਜੈਤਾ ਜੀ ਨੂੰ ਜੀਵਣ ਸਿੰਘ ਅਤੇ ਭਾਈ ਊਦਾ ਜੀ ਨੂੰ 'ਉਦੈ ਸਿੰਘ ਬਣਾ ਦਿੱਤਾ। ਜਿਥੇ ਗੁਰੂ ਜੀ ਦੇ ਸੀਸ ਦਾ ਸਤਿਕਾਰ ਹੋਇਆ, ਉਥੇ ਹੁਣ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ।

**ਸਿੱਖਿਆਵਾਂ :**

ਆਪ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁੱਲ 59 ਸ਼ਬਦ ਅਤੇ 57 ਸਲੋਕ ਹਨ। ਆਪ ਜੀ ਨੇ ਜੈਜਾਵੰਤ ਰਾਗ ਵਿੱਚ ਆਪਣੀ ਬਾਣੀ ਉਚਾਰੀ। ਆਪ ਜੀ ਨੇ ਮਨੁੱਖਤਾ ਨੂੰ ਸਰਬਸਾਂਝਾ ਉਪਦੇਸ਼ ਦਿੱਤਾ ਅਤੇ ਗੁਰੂ ਨਾਨਕ ਸਾਹਿਬ ਦਾ ਸਿਧਾਂਤ ਹੋਰ ਮਜ਼ਬੂਤੀ ਨਾਲ ਦ੍ਰਿੜ ਕਰਵਾਇਆ ਕਿ ਇਹ ਰਚਨਾ ਪ੍ਰਮਾਤਮਾ ਦੀ ਬਣਾਈ ਹੋਈ ਹੈ ਅਤੇ ਅਕਾਲ ਪੁਰਖ ਆ ਪਇਸ ਕਾਇਨਾਤ ਵਿੱਚ ਵੱਸ ਰਿਹਾ ਹੈ :

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ ॥**
**(ਧਨਾਸਰੀ ਮਹਲਾ 9, ਪੰਨਾ 684)**
**ਜਨ ਨਾਨਕ ਸਭ ਹੀ ਮੈ**
**ਪੂਰਨ ਏਕ ਪੁਰਖ ਭਗਵਾਨੋ ॥**
**(ਰਾਗ ਬਸੰਤ ਹਿੰਡੋਲ ਮਹਲਾ 9, ਪੰਨਾ 1186)**

ਮਨੁੱਖਾ ਜੀਵਣ ਦਾ ਮਨੋਰਥ ਸਮਝਾਉਂਦਿਆਂ ਮਨੁੱਖ ਨੂੰ ਦੱਸਿਆ ਕਿ,

**ਸਾਧੋ ਗੋਬਿੰਦ ਕੇ ਗੁਨ ਗਾਵਉ ॥**
**ਮਾਨਸ ਜਨਮੁ ਅਮੋਲਕੁ ਪਾਇਓ**
**ਬਿਰਥਾ ਕਾਹਿ ਗਵਾਵਉ ॥**
**(ਗਉੜੀ ਮਹਲਾ 9, ਪੰਨਾ 219)**
**ਗੁਨ ਗੋਬਿੰਦ ਗਾਇਓ**
**ਨਹੀਂ ਜਨਮੁ ਅਕਾਰਥ ਕੀਨੁ ॥**
**(ਸਲੋਕ ਮਹਲਾ 9, ਸਲੋਕ 1, ਪੰਨਾ 1426)**

ਇਸ ਜਗਤ ਦੀ ਅਸਥਿਰਤਾ ਬਾਰੇ ਆਪ ਜੀ ਨੇ ਪਾਵਣੁ ਗੁਰਬਾਣੀ ਅੰਦਰ ਫੁਰਮਾਣ ਕੀਤਾ

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥**
**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥**
**(ਸਲੋਕ 49, ਪੰਨਾ 1429)**

ਆਪ ਜੀ ਨੇ ਪਾਵਣ ਬਾਣੀ ਵਿੱਚ ਦੱਸਿਆ ਕਿ ਮਨੁੱਖ ਸੁੱਖਾਂ ਦੀ ਪ੍ਰਾਪਤੀ ਅਤੇ ਲਾਲਸਾ ਵਿੱਚ ਹੋਰ ਵੀ ਜ਼ਿਆਦਾ ਦੁਖ ਭੋਗਦਾ ਹੈ, ਸੰਸਾਰ ਵਿੱਚ ਉਹੀ ਹੁੰਦਾ ਹੈ ਜੋ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ :

**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥**
**ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥**
**(ਸਲੋਕ 39, ਪੰਨਾ 1428)**

ਆਪ ਜੀ ਨੇ ਫੁਰਮਾਇਆ ਕੇ ਮਨੁੱਖ ਦਿਨ ਰਾਤ ਮਾਇਆ ਪਿੱਛੇ ਭੱਜਿਆ ਫਿਰਦਾ ਹੈ, ਪਰ ਫਿਰ ਵੀ ਇਸ ਦੇ ਮਨ ਦੀ ਮੈਲ ਦੂਰ ਨਹੀਂ ਹੁੰਦੀ:

**ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ (ਟੋਡੀ ਮਹਲਾ 9, ਪੰਨਾ 718)**

ਬੇਸ਼ੱਕ ਅੱਜ ਕੱਲ੍ਹ ਦੇ ਅਖੌਤੀ ਬਾਬੇ ਆਪਣੇ ਨਾਲ ਗੰਨਮੈਨ, ਆਕਸੀਜਨਾਂ, ਜੈੱਡ ਸੁਰੱਖਿਆ ਨਾਲ ਨਾਲ ਲਈ ਫਿਰਦੇ ਹਨ ਅਤੇ ਦੂਜੇ ਪਾਸੇ ਆਪਣੇ ਰੱਬ ਹੋਣ ਦਾ ਦਾਅਵਾ ਵੀ ਕਰਦੇ ਹਨ ਪਰ ਸਗਿਤੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਪਸ਼ਟ ਕਰ ਦਿੱਤਾ ਕਿ ਮਾਇਆ ਵਿੱਚ ਖੱਚਤ ਜੀਵ ਨੂੰ ਹੀ ਮੌਤ ਦਾ ਡਰ ਹੁੰਦਾ ਹੈ ਤੇ ਇਸ ਡਰ ਤੋਂ ਛੁਟਕਾਰਾ ਸਿਰਫ ਅਕਾਲਪੁਰਖ ਨਾਲ ਪਿਆਰ ਪਾਉਣ ਉਪਰੰਤ ਹੀ ਮਿਲ ਸਕਦਾ ਹੈ ਅਤੇ ਜੋ ਨਾਮ ਸਿਮਰਨ ਨਹੀਂ ਕਰਦੇ ਉਹੀ ਜਨਮ ਮਰਨ ਦੇ ਗੇੜ ਵਿੱਚ ਫਸੇ ਰਹਿੰਦੇ ਹਨ :

**ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ॥**
**ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥**
**(ਸਲੋਕ 31, ਪੰਨਾ 1428)**

ਅਖੌਤੀ ਤੀਰਥਾਂ ਬਾਰੇ ਸਪਸ਼ਟ ਕਰਦਿਆਂ ਆਪ ਜੀ ਨੇ ਫੁਰਮਾਇਆ:

**ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀਂ ਆਵੈ॥**
**ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥ (ਬਿਲਾਵਲੁ ਮਹਲਾ 9, ਪੰਨਾ 830)**

ਇਸ ਤਰ੍ਹਾਂ ਸਾਨੂੰ ਸਤਿਗੁਰੂ ਜੀ ਦੀ ਪਾਵਣ ਬਾਣੀ ਤੋਂ ਹਰ ਤਰ੍ਹਾਂ ਦੀ ਜੀਵਣ ਸਬੰਧੀ ਸੇਧ ਮਿਲਦੀ ਹੈ ਜੋ ਉਨ੍ਹਾਂ ਦੀ ਬਾਣੀ ਨੂੰ ਸਹਿਜ ਨਾਲ ਪੜਿਆਂ ਹੀ ਪਤਾ ਲੱਗ ਸਕਦਾ ਹੈ। ਸੋ ਆਉ! ਉਨ੍ਹਾਂ ਦੀ ਸ਼ਹਾਦਤ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਣ ਵਿੱਚ ਢਾਲੀਏ ਅਤੇ ਗੁਰ ਉਪਦੇਸ਼ਾਂ ਮੁਤਾਬਕ ਜੀਵਣ ਜੀਉਣ ਦਾ ਵੱਲ ਸਿੱਖੀਏ।




# ਸਾਰੰਗੀ ਦੀ ਲੋਕ-ਸੰਗੀਤ ਅਤੇ ਸਿੱਖ ਢਾਡੀ ਪਰੰਪਰਾ 'ਚ ਮਹੱਤਤਾ

**ਪ੍ਰੋ. ਜਗਪਿੰਦਰਪਾਲ ਸਿੰਘ**



ਲੋਕ-ਸੰਗੀਤ ਤੇ ਸਿੱਖ-ਸੰਗੀਤ ਦੀ ਢਾਡੀ ਪਰੰਪਰਾ ਦਾ ਵਿਰਸਾ ਬਹੁਤ ਅਮੀਰ ਅਤੇ ਵਿਲੱਖਣ ਹੈ। ਦੋਨਾਂ ਪਰੰਪਰਾਵਾਂ 'ਚ ਸਾਰੰਗੀ ਸਾਜ਼ ਬਹੁਤ ਸੁਰੀਲਾ ਅਤੇ ਪ੍ਰਮੁੱਖ ਸਾਜ਼ ਹੈ। ਨਾ ਕੇਵਲ ਪੰਜਾਬ ਦੀ ਲੋਕ-ਸੰਗੀਤ ਵਿਰਾਸਤ 'ਚ ਸਗੋਂ ਉੱਤਰ ਅਤੇ ਪੂਰਬ ਭਾਰਤ ਦੇ ਵੱਖ-ਵੱਖ ਪ੍ਰਾਂਤਾਂ 'ਚ ਸਾਰੰਗੀ ਸਾਜ਼ ਦਾ ਵਿਸ਼ੇਸ਼ ਸਥਾਨ ਹੈ। ਲੋਕ-ਸੰਗੀਤ ਤੋਂ ਹੀ ਸਫ਼ਰ ਕਰਦਾ ਸਾਰੰਗੀ ਸਾਜ਼ ਸ਼ਾਸਤਰੀ ਸੰਗੀਤ ਪਰੰਪਰਾ ਦਾ ਮਹੱਤਵਪੂਰਨ ਸਾਜ਼ ਬਣਿਆ। ਇਸ ਦੀ ਉਤਪਤੀ ਕਦੋਂ ਅਤੇ ਕਿਵੇਂ ਹੋਈ, ਇਸ ਬਾਰੇ ਕਹਿਣਾ ਬਹੁਤ ਕਠਿਨ ਹੈ। ਕੁਝ ਵਿਦਵਾਨਾਂ ਅਨੁਸਾਰ ਜਦੋਂ ਮੁਗ਼ਲ ਭਾਰਤ ਆਏ ਤਾਂ ਉਨ੍ਹਾਂ ਨਾਲ ਵੱਖ-ਵੱਖ ਸੰਗੀਤਕਾਰ ਅਤੇ ਵਾਦਨਕਾਰ ਵੀ ਆਏ। ਇਨ੍ਹਾਂ 'ਚ ਸਾਰੰਗੀ ਵਾਦਕ ਵੀ ਸਨ ਪ੍ਰੰਤੂ ਉਸ ਸਮੇਂ ਇਸ ਸਾਜ਼ ਨੂੰ ਸਾਰੰਗੀ ਨਹੀਂ ਸੀ ਕਿਹਾ ਜਾਂਦਾ। ਹੌਲੀ-ਹੌਲੀ ਇਸ ਦਾ ਨਾਂਅ ਬਦਲਦਾ-ਬਦਲਦਾ ਸਾਰੰਗੀ ਪੈ ਗਿਆ, ਪਰੰਤੂ ਇਸ ਬਾਰੇ ਸਪੱਸ਼ਟ ਪ੍ਰਮਾਣ ਨਹੀਂ ਮਿਲਦੇ। ਉੱਤਰ ਭਾਰਤ ਦੇ ਵੱਖ-ਵੱਖ ਪ੍ਰਾਂਤਾਂ 'ਚ ਇਸ ਦੇ ਵੱਖ-ਵੱਖ ਨਾਂਅ ਪ੍ਰਚੱਲਿਤ ਹਨ। ਸਿੰਧੀ ਸਾਰੰਗੀ, ਧਨੀ ਸਾਰੰਗੀ, ਗੁਜਰਾਤੀ ਸਾਰੰਗੀ, ਪੰਜਾਬੀ ਅਤੇ ਕਸ਼ਮੀਰੀ ਸਾਰੰਗੀ ਆਦਿ। ਰਾਜਸਥਾਨੀ ਸਾਰੰਗੀ ਨੂੰ 'ਡੇਢ ਪਸਲੀ ਸਾਰੰਗੀ' ਕਿਹਾ ਜਾਂਦਾ ਹੈ। ਗੁਜਰਾਤੀ ਅਤੇ ਸਿੰਧੀ ਸਾਰੰਗੀ ਦੀ ਵਰਤੋਂ ਰਾਜਸਥਾਨ 'ਚ ਲੰਗਾ ਜਾਤੀ ਦੇ ਲੋਕ-ਕਲਾਕਾਰ ਕਰਦੇ ਹਨ। ਜੰਮੂ-ਕਸ਼ਮੀਰ 'ਚ ਸਾਰੰਗਾ ਅਤੇ ਮੱਧ ਪ੍ਰਦੇਸ਼ 'ਚ 'ਜੰਤਰ' ਨਾਂਅ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਪੰਜਾਬੀ ਲੋਕ-ਸੰਗੀਤ ਪਰੰਪਰਾ 'ਚ ਸਾਰੰਗੀ ਨਾਲ ਤਾਲ ਦੇਣ ਲਈ ਢੱਡ ਸਾਜ਼ ਦੀ ਵਰਤੋਂ ਹੁੰਦੀ ਹੈ। ਢੱਡ ਸਾਰੰਗੀ ਨਾਲ ਗਾਉਣ ਨੂੰ ਢਾਡੀ ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤਾਂ ਸਿੱਖਾਂ 'ਚ ਜੋਸ਼ ਭਰਨ ਲਈ ਢਾਡੀ ਪਰੰਪਰਾ ਨੂੰ ਸ਼ੁਰੂ ਕੀਤਾ ਅਤੇ ਰਬਾਬੀ ਭਾਈ ਨੱਥਾ ਅਤੇ ਭਾਈ ਅਬਦੁੱਲਾ ਪਹਿਲੇ ਢਾਡੀ ਹੋਏ, ਜਿਨ੍ਹਾਂ ਨੇ ਵਾਰਾਂ ਦਾ ਗਾਇਨ ਕੀਤਾ। ਭਾਈ ਸੰਤੋਖ ਸਿੰਘ 'ਗੁਰ ਪ੍ਰਤਾਪ ਸੂਰਜ ਪ੍ਰਕਾਸ਼' ਗ੍ਰੰਥ 'ਚ ਲਿਖਦੇ ਹਨ; ਢਾਢੀ ਚਲ ਆਇਓ। ਭਏ ਸੁਭਦ ਤਿਨ ਕੋ ਜਸਿ ਗਾਇਓ। ਜਿਸ ਕੇ ਸੁਨਤ ਬੀਰ ਰਸ ਜਾਗੈ। ਕਾਇਰ ਸੋ ਭੀ ਲਰੈ ਨ ਭਾਗੈ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀਆਂ 22 ਅਧਿਆਤਮਿਕ ਵਾਰਾਂ 'ਚੋਂ ਨੌਂ ਵਾਰਾਂ ਉੱਤੇ ਪੁਰਾਤਨ ਲੋਕ-ਸੰਗੀਤ 'ਚ ਪ੍ਰਚੱਲਿਤ ਵਾਰਾਂ ਦੀਆਂ ਧੁਨੀਆਂ ਨੂੰ ਅੰਕਿਤ ਕਰਵਾਇਆ। ਲੋਕ-ਸੰਗੀਤ ਅਤੇ ਸਿੱਖ ਢਾਡੀ ਪਰੰਪਰਾ 'ਚ ਬਹੁਤ ਨਾਮਵਰ ਢਾਡੀਆਂ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ, ਜਿਨ੍ਹਾਂ 'ਚ ਬਾਪੂ ਕਰਨੈਲ ਸਿੰਘ ਰਾਮੂਵਾਲੀਆ, ਪਾਲ ਸਿੰਘ ਪੰਛੀ, ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸ਼ੌਂਕੀ, ਦੇਸਰਾਜ ਲਚਕਾਣੀ, ਇੰਦਰਜੀਤ ਸਿੰਘ ਸ਼ੇਰਪੁਰੀ, ਈਦੂ ਸ਼ਰੀਫ਼, ਭਾਈ ਦਲੀਪ ਸਿੰਘ ਵਿਸ਼ੇਸ਼ ਹਨ। ਲੋਕ-ਸੰਗੀਤ 'ਚ ਵਰਤੀ ਜਾਂਦੀ ਸਾਰੰਗੀ ਸ਼ਾਸਤਰੀ ਸੰਗੀਤ ਦੀ ਸਾਰੰਗੀ ਨਾਲੋਂ ਆਕਾਰ 'ਚ ਛੋਟੀ ਹੁੰਦੀ ਹੈ। ਇਸੇ ਲਈ ਇਸ ਨੂੰ 'ਟੋਟਾ' ਵੀ ਕਿਹਾ ਜਾਂਦਾ ਹੈ। ਇਸ ਦੀਆਂ ਚਾਰ ਤਾਰਾਂ ਜਾਂ ਤੰਦੀਆਂ ਹੁੰਦੀਆਂ ਹਨ ਅਤੇ 10 ਤਰਬਾਂ ਦੀਆਂ ਤਾਰਾਂ ਵੀ ਹੁੰਦੀਆਂ ਹਨ। ਇਸ ਦੇ ਗਜ਼ ਨੂੰ ਘੁੰਗਰੂ ਬੰਨ੍ਹੇ ਹੁੰਦੇ ਹਨ। ਅਜੋਕੇ ਸਮੇਂ 'ਚ ਬਹੁਤ ਸਾਰੇ ਨੌਜਵਾਨ ਸਾਰੰਗੀ ਵਾਦਕ ਸਿੱਖ ਢਾਡੀ ਪਰੰਪਰਾ ਅਤੇ ਲੋਕ-ਸੰਗੀਤ ਵਿਚ ਸਾਰੰਗੀ ਸਾਜ਼ ਨੂੰ ਜੀਵਤ ਰੱਖਣ 'ਚ ਆਪਣਾ ਯੋਗਦਾਨ ਪਾ ਰਹੇ ਹਨ, ਜਿਨ੍ਹਾਂ 'ਚ ਸ. ਰਣਧੀਰ ਸਿੰਘ ਧੀਰਾ, ਭਾਈ ਗੁਰਪ੍ਰੀਤ ਸਿੰਘ ਅਮਰਗੜ੍ਹ, ਇਕਬਾਲ ਮੁਹੰਮਦ, ਗੁਰਪ੍ਰੀਤ ਸਿੰਘ ਮਾਛੀਵਾੜਾ, ਹਰਪਿੰਦਰ ਸਿੰਘ ਕੰਗ, ਆਦਿਲ ਖਾਂ ਅਤੇ ਤਰਨਪ੍ਰੀਤ ਸਿੰਘ ਸ਼ੇਰਪੁਰੀ ਵਿਸ਼ੇਸ਼ ਹਨ। ਸਾਰੰਗੀ ਸਾਜ਼ ਦੀ ਸਿਖਲਾਈ ਕਠਿਨ ਸਾਧਨਾ ਦੁਆਰਾ ਹੀ ਸੰਪੂਰਨ ਹੋ ਸਕਦੀ ਹੈ, ਇਸ ਲਈ ਗੁਰੂ-ਸ਼ਿਸ਼ ਪਰੰਪਰਾ ਦੁਆਰਾ ਕਿਸੇ ਚੰਗੇ ਉਸਤਾਦ ਦੀ ਦੇਖ-ਰੇਖ 'ਚ ਹੀ ਸੰਭਵ ਹੋ ਸਕਦਾ ਹੈ।

# ਰੂਹਾਨੀ ਜੀਵਨ ਦੇ ਰਹੱਸ ਹਨ ਬਹੁਤ ਡੂੰਘੇ



ਸਾਡੀ ਬੁੱਧੀ ਤੇ ਮਨ ਹਮੇਸ਼ਾ ਸਵਾਰਥ ਲਈ ਦੂਜਿਆਂ ਨੂੰ ਕੁਝ ਦਿੰਦੇ ਹਨ ਕਿਉਂਕਿ ਇਨ੍ਹਾਂ ਨੂੰ ਹੋਰਾਂ ਤੋਂ ਪ੍ਰਸ਼ੰਸਾ ਤੇ ਇੱਜ਼ਤ ਚਾਹੀਦੀ ਹੈ। ਮਨ ਵੱਡੇ ਪੱਧਰ 'ਤੇ ਦਿਖਾਉਣਾ ਚਾਹੁੰਦਾ ਹੈ ਕਿ ਅਸੀਂ ਕਿੰਨੇ ਦਿਆਲੂ ਤੇ ਪ੍ਰੇਮ ਨਾਲ ਭਰੇ ਹੋਏ ਹਾਂ। ਜਦਕਿ ਅਸਲ ਵਿਚ ਅਸੀਂ ਖ਼ੁਦ ਦੀ ਸੇਵਾ ਕਰ ਰਹੇ ਹਾਂ। ਆਤਮਾ ਸੱਚੇ ਜ਼ਰੂਰਤਮੰਦ ਦੀ ਮਦਦ ਕਰਦੀ ਹੈ ਅਤੇ ਬਦਲੇ ਵਿਚ ਕੁਝ ਵੀ ਨਹੀਂ ਚਾਹੁੰਦੀ। ਜਦ ਵੀ ਆਤਮਾ ਕੁਝ ਦਿੰਦੀ ਹੈ ਉਦੋਂ ਪਰਮਾਤਮਾ ਹੀ ਸਾਡੇ ਅੰਦਰ ਬਿਰਾਜਮਾਨ ਹੋ ਕੇ ਉਹ ਸਭ ਕੁਝ ਦਿੰਦਾ ਹੈ। ਜਿਵੇਂ ਪਰਮਾਤਮਾ ਸ੍ਰਿਸ਼ਟੀ ਵਿਚ ਹਰ ਜੀਵ ਲਈ ਅਦਭੁਤ ਤੋਹਫ਼ਿਆਂ ਬਦਲੇ ਕੁਝ ਵੀ ਨਹੀਂ ਚਾਹੁੰਦਾ, ਤਿਵੇਂ ਹੀ ਆਤਮਾ ਵੀ ਨਿਰਸਵਾਰਥ ਭਾਵ ਨਾਲ ਦਿੰਦੀ ਹੈ। ਜੇ ਅਸੀਂ ਪਰਮਾਤਮਾ ਨਾਲ ਜੁੜਨਾ ਚਾਹੁੰਦੇ ਹਾਂ ਤਾਂ ਸਾਨੂੰ ਆਤਮਾ ਨਾਲ ਨਿਰਸਵਾਰਥ ਭਾਵ ਤੇ ਪ੍ਰੇਮ ਨਾਲ ਬਿਨਾਂ ਕਿਸੇ ਦਿਖਾਵੇ ਦੇ ਜੁੜਨਾ ਹੋਵੇਗਾ ਅਤੇ ਕੁਝ ਹਾਸਲ ਕਰਨ ਦੀ ਇੱਛਾ ਦੇ ਬਿਨਾਂ ਦੇਣਾ ਸਿੱਖਣਾ ਹੋਵੇਗਾ।

ਸਾਨੂੰ ਦੂਜਿਆਂ ਦੀ ਤਕਲੀਫ਼ ਵਿਚ ਉਨ੍ਹਾਂ ਨੂੰ ਰਾਹਤ ਪਹੁੰਚਾਉਣੀ ਤੇ ਸੇਵਾ ਕਰਨੀ ਵੀ ਸਿੱਖਣੀ ਹੋਵੇਗੀ। ਰੂਹਾਨੀ ਤੌਰ 'ਤੇ ਵਿਕਾਸ ਦਾ ਮਤਲਬ ਇਹ ਹੈ ਕਿ ਉੱਚ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ 'ਚ ਢਾਲਣਾ। ਅਸੀਂ ਆਪਣੇ ਵਚਨਾਂ, ਕਰਮਾਂ ਤੇ ਵਿਚਾਰਾਂ 'ਤੇ ਧਿਆਨ ਦੇਈਏ ਤਾਂ ਕਿ ਸਾਡੇ ਵਿਚਾਰ, ਵਚਨ ਤੇ ਕਾਰਜ ਨੈਤਿਕ ਹੋਣ। ਰੂਹਾਨੀ ਜੀਵਨ ਬਤੀਤ ਕਰਨ 'ਚ ਧਿਆਨ-ਅਭਿਆਸ ਕਰਨਾ ਅਤੇ ਨੈਤਿਕ ਜੀਵਨ ਜਿਊਣਾ ਸ਼ਾਮਲ ਹੈ।

ਕਿਹਾ ਜਾਂਦਾ ਹੈ ਕਿ ਨੈਤਿਕਤਾ ਹੀ ਰੂਹਾਨੀ ਜੀਵਨ ਦੀ ਪਹਿਲੀ ਪੌੜੀ ਹੈ। ਨੈਤਿਕ ਜੀਵਨ ਬਤੀਤ ਕਰਨ ਵਿਚ ਅਹਿੰਸਾ, ਨਿਮਰਤਾ, ਪ੍ਰੇਮ ਅਤੇ ਨਿਸ਼ਕਾਮ ਸੇਵਾ ਵਰਗੇ ਗੁਣਾਂ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜਦ ਅਸੀਂ ਅਜਿਹਾ ਜੀਵਨ ਬਤੀਤ ਕਰਦੇ ਹਾਂ ਜਿਸ 'ਚ ਦੂਜਿਆਂ ਦੀ ਸੇਵਾ ਦਇਆ ਤੇ ਸਬਰ ਨਾਲ ਕਰਦੇ ਹਾਂ ਉਦੋਂ ਅਸੀਂ ਸਿਰਫ਼ ਆਪਣੇ ਸਾਥੀਆਂ ਲਈ ਹੀ ਪ੍ਰੇਰਨਾ ਨਹੀਂ ਬਣਦੇ ਬਲਕਿ ਜੋ ਰੂਹਾਨੀ ਜੀਵਨ ਬਤੀਤ ਨਹੀਂ ਕਰਦੇ ਹਨ, ਉਹ ਵੀ ਸਾਡੇ ਸਬਰ ਅਤੇ ਉਦਾਰਤਾ ਦੇ ਗੁਣਾਂ ਨੂੰ ਦੇਖਦੇ ਹਨ। ਦੂਜੇ ਜੋ ਅਧਿਆਤਮ 'ਚ ਰੁਚੀ ਰੱਖਦੇ ਹਨ, ਉਹ ਵੀ ਜਾਣਨ ਦੀ ਤਾਂਘ ਰੱਖਣਗੇ ਕਿ ਅਸੀਂ ਕਿਵੇਂ ਸ਼ਾਂਤ ਤੇ ਸੰਜਮ ਨਾਲ ਭਰੇ ਹੋਏ ਹਾਂ। ਉਹ ਇਹ ਵੀ ਦੇਖਣਗੇ ਕਿ ਅਸੀਂ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਅਹਿੰਸਾ, ਪ੍ਰੇਮ ਤੇ ਨਿਮਰਤਾ ਨਾਲ ਕਰਦੇ ਹਾਂ ਤੇ ਕਿਵੇਂ ਅਸੀਂ ਨਿਰਸਵਾਰਥ ਭਾਵ ਨਾਲ ਖ਼ੁਦ ਨੂੰ ਹੋਰਾਂ ਲਈ ਸਮਰਪਿਤ ਕਰਦੇ ਹਾਂ।

-ਸੰਤ ਰਾਜਿੰਦਰ ਸਿੰਘ

## ਭਾਈ ਵੀਰ ਸਿੰਘ ਜੀ ਦੀ 150 ਸਾਲਾ ਜਨਮ-ਸ਼ਤਾਬਦੀ 'ਤੇ ਵਿਸ਼ੇਸ਼

# ਸੁੰਦਰੀ : ਦਾਬੇ ਖ਼ਿਲਾਫ਼ ਹੋਂਦ ਦਾ ਮਸਲਾ

**ਡਾ. ਹਰਿੰਦਰਜੀਤ ਸਿੰਘ ਕਲੇਰ**

'ਸੁੰਦਰੀ' ਭਾਈ ਵੀਰ ਸਿੰਘ ਦਾ ਪਲੇਠਾ ਤੇ ਸ਼ਾਹਕਾਰ ਪੰਜਾਬੀ 'ਚ ਲਿਖਿਆ ਪਹਿਲਾ ਮੌਲਿਕ ਨਾਵਲ ਹੈ, ਜੋ 1898 ਈ: 'ਚ ਪ੍ਰਕਾਸ਼ਿਤ ਹੋਇਆ। ਇਸ ਤੋਂ ਪਹਿਲਾਂ ਈਸਾਈ ਮਿਸ਼ਨਰੀਆਂ ਦੇ ਦੋ ਨਾਵਲ, ਜਾਨ ਬਨੀਅਨ ਦੇ 'ਪਿਲਗ੍ਰਿਮਜ ਪ੍ਰੋਗ੍ਰੈਸ' ਜਿਸ ਦਾ ਪੰਜਾਬੀ ਅਨੁਵਾਦ 'ਯਿਸੂਈ ਮੁਸਾਫ਼ਰ ਦੀ ਯਾਤਰਾ' ਅਤੇ 'ਜਯੋਤਿਰੁਦਯ' ਜੋ 1982 ਈ: ਜਿਸ ਦਾ ਦੂਜਾ ਨਾਂਅ 'ਜੋਤ ਦਾ ਉਦੇ ਹੋਣਾ' ਅਨੁਵਾਦਿਤ ਨਾਵਲ ਹੈ ਪਰ ਇਹ ਦੋਵੇਂ ਨਾਵਲ ਮੌਲਿਕ ਨਹੀਂ ਮੰਨੇ ਜਾ ਸਕਦੇ, ਕਿਉਂਕਿ ਈਸਾਈ ਮਿਸ਼ਨਰੀਆਂ ਨੇ ਆਪਣੇ ਧਰਮ ਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਹਿਤ ਇਨ੍ਹਾਂ ਨਾਵਲਾਂ ਦਾ ਅਨੁਵਾਦ ਪੰਜਾਬੀ 'ਚ ਕਰਵਾ ਕੇ ਅਤੇ ਪੰਜਾਬ ਦੇ ਲੋਕਾਂ ਵਿਚ ਵੰਡ ਕੇ ਪ੍ਰਚਾਰ ਦਾ ਹੀ ਜ਼ਰੀਆ ਬਣਾਇਆ ਸੀ, ਜਿਸ 'ਚ ਇਕ ਤਬਕੇ ਦੇ ਲੋਕਾਂ ਨੂੰ ਸੱਭਿਅਕ ਅਤੇ ਦੂਜੇ ਤਬਕੇ ਦੇ ਲੋਕਾਂ ਨੂੰ ਅਸੱਭਿਅਕ ਦੱਸਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਹ ਵੀ ਦੱਸਣਯੋਗ ਬਣਦਾ ਹੈ ਕਿ ਭਾਵੇਂ ਪੰਜਾਬੀ ਨਾਵਲ ਨੇ ਵਿਧਾ ਤੇ ਵਿਚਾਰ ਪੱਛਮ ਤੋਂ ਲਿਆ ਸੀ ਪਰ ਉਸ ਸਮੇਂ ਦੇ ਜ਼ਰੂਰੀ ਤੱਤ ਉਨ੍ਹਾਂ ਦੇ ਸੱਭਿਆਚਾਰ ਤੋਂ ਵੱਖਰੇ ਸਨ, ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਦਾ ਉਦੈ ਤਣਾਅ ਦੀ ਸਥਿਤੀ ਵਿਚੋਂ ਹੋਇਆ।


ਨਾਵਲ 'ਸੁੰਦਰੀ' 1898 ਈ. ਤੋਂ ਬਾਅਦ ਭਾਈ ਵੀਰ ਸਿੰਘ ਨੇ ਸਤਵੰਤ ਕੌਰ 1889 ਈ:, 'ਵਿਜੈ ਸਿੰਘ' 1900 ਈ. ਅਤੇ 'ਬਾਬਾ ਨੌਧ ਸਿੰਘ' 1921 ਈ. ਲਿਖੇ ਇਹ ਨਾਵਲ ਇਤਿਹਾਸਕ ਹੋਣ ਦੇ ਨਾਲ-ਨਾਲ ਧਾਰਮਿਕ ਪ੍ਰਸੰਗਾਂ ਨੂੰ ਵੀ ਨਾਲ ਲੈ ਕੇ ਚੱਲਦੇ ਹਨ ਕਿਉਂਕਿ ਜੋ ਈਸਾਈ ਮਿਸ਼ਨਰੀਆਂ, ਹਿੰਦੂਆਂ, ਮੁਸਲਮਾਨਾਂ, ਸਨਾਤਨ ਤੇ ਆਰੀਆ ਸਮਾਜੀ ਅਤੇ ਜਮਾਇਤ ਅਹਿਮਦੀਆ ਵਲੋਂ ਆਪੋ-ਆਪਣੇ ਧਰਮ ਨੂੰ ਨਿਵੇਕਲਾ ਤੇ ਵਧੀਆ ਦਿਖਾਉਣ ਹਿਤ, ਚਲਾਏ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਭਾਈ ਵੀਰ ਸਿੰਘ ਅਤੇ ਹੋਰ ਸਿੱਖ ਬੁੱਧੀਜੀਵੀਆਂ ਨੇ ਰਲ ਕੇ ਸਿੰਘ ਸਭਾ ਲਹਿਰ ਨੂੰ ਉਤਸ਼ਾਹਿਤ ਕੀਤਾ ਤਾਂ ਜੋ ਸਿੱਖਾਂ 'ਚ ਹੋ ਰਹੇ ਧਰਮ ਪਰਿਵਰਤਨ ਨੂੰ ਰੋਕਿਆ ਜਾ ਸਕੇ।

ਇਸ ਲਹਿਰ ਦਾ ਅਸਲ ਮਕਸਦ ਸਿੱਖਾਂ ਦੇ ਮਨਾਂ 'ਚ ਧਾਰਮਿਕ, ਇਤਿਹਾਸਕ ਸ਼ਖ਼ਸੀਅਤਾਂ ਦੇ ਆਦਰਸ਼ਾਂ ਨੂੰ ਪੇਸ਼ ਕਰਕੇ ਉਨ੍ਹਾਂ ਵਿਚ ਜਾਗਰੂਕਤਾ ਪੈਦਾ ਕਰਨੀ ਸੀ ਤਾਂ ਜੋ ਗੁਰੂ ਸਾਹਿਬਾਨ ਵਲੋਂ ਚਲਾਏ ਬਰਾਬਰਤਾ ਦੇ ਸੰਕਲਪ ਨੂੰ ਲੋਕਾਈ ਤੱਕ ਲਿਆਂਦਾ ਜਾ ਸਕੇ। ਇਸੇ ਕਰਕੇ ਭਾਈ ਵੀਰ ਸਿੰਘ ਨੇ ਸਿੱਖ ਇਤਿਹਾਸ ਦੇ ਸ਼ਾਨਾ-ਮੱਤੇ, ਗੌਰਵਸ਼ਾਲੀ ਬੀਤੇ ਸਮੇਂ ਨੂੰ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ।

ਭਾਈ ਵੀਰ ਸਿੰਘ ਨੇ 'ਸੁੰਦਰੀ' ਨਾਵਲ 'ਚ ਅਠਾਰਵੀਂ ਸਦੀ ਦਾ ਸਿੱਖ ਸੰਘਰਸ਼ ਦਾ ਵਿਸ਼ਾ ਚੁਣਿਆ ਅਤੇ ਪੱਛਮੀ ਸੰਸਕ੍ਰਿਤੀ ਦੇ ਉਲਟ ਹਕੂਮਤ ਨਾਲ ਸਿੱਧੀ ਟੱਕਰ ਲੈਣ ਦੀ ਥਾਂ ਲੁਕਵੇਂ ਤਰੀਕੇ ਤੇ ਆਪਣੇ ਪ੍ਰਵੀਨ ਢੰਗ ਨਾਲ ਸਾਹਿਤਕ ਮਾਧਿਅਮ ਦਾ ਸਹਾਰਾ ਲੈ ਕੇ ਸਿੱਖ ਆਦਰਸ਼ਾਂ ਨੂੰ ਤੱਥਾਂ ਸਮੇਤ ਅਤੇ ਉਨ੍ਹਾਂ ਦੇ ਸਿਦਕ ਅਤੇ ਆਡੋਲਤਾ ਦੇ ਨਾਲ-ਨਾਲ ਵਿਰੋਧੀ ਪਰਿਸਥਿਤੀਆਂ ਨਾਲ ਸੰਘਰਸ਼ ਵਿਚੋਂ ਪੈਦਾ ਹੋਈਆਂ ਦੁੱਖਾਂ, ਤਕਲੀਫ਼ਾਂ ਵੀ ਆਮ ਲੋਕਾਂ ਲਈ ਰਾਹ ਦਸੇਰਾ ਬਣਾ ਕੇ ਆਪਣੇ ਢੰਗ ਨਾਲ ਪੇਸ਼ ਕੀਤਾ।

'ਸੁੰਦਰੀ' 'ਚ ਛੋਟੇ ਘੱਲੂਘਾਰੇ ਤੇ ਅਬਦਾਲੀ ਤੇ ਹੋਰ ਮੁਗ਼ਲ ਹਾਕਮਾਂ ਦੇ ਸਮੇਂ ਦਾ ਚਿੱਤਰ ਪੇਸ਼ ਕੀਤਾ ਗਿਆ ਹੈ, ਜਿਸ 'ਚ ਉਸ ਸਮੇਂ ਸਿੱਖ ਧਰਮ 'ਚ ਜੋ ਕੁਰੀਤੀਆਂ ਪ੍ਰਵੇਸ਼ ਕਰ ਚੁੱਕੀਆਂ ਸਨ, ਉਨ੍ਹਾਂ ਕੁਰੀਤੀਆਂ ਨੂੰ ਸਿੱਖ ਸਮਾਜ ਤੋਂ ਦੂਰ ਕਰਨ ਅਤੇ ਸਿੱਖ ਇਤਿਹਾਸ ਦੇ ਬਹਾਦਰੀ ਭਰੇ ਅਮੀਰ ਵਿਰਸੇ, ਮੁਗ਼ਲਾਂ ਦੇ ਧਾਰਮਿਕ ਜਬਰ ਤੇ ਦਾਬੇ ਖ਼ਿਲਾਫ਼, ਦੇ ਸੱਚੇ-ਸੁੱਚੇ ਪੰਨਿਆਂ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕਰਨਾ ਸੀ, ਤਾਂ ਜੋ ਲੋਕ ਜਿਹੜੇ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਚੁੱਕੇ ਸਨ, ਉਨ੍ਹਾਂ 'ਚ ਉਤਸ਼ਾਹ ਭਰ ਕੇ ਤੇ ਖ਼ਾਸਕਰ ਇਸਤਰੀ ਜਾਤੀ ਦੇ ਹੱਕ ਵਿਚ ਅਤੇ ਇਨ੍ਹਾਂ ਨੂੰ ਸਮਾਜ 'ਚ ਯੋਗ ਥਾਂ ਦਿਵਾਉਣ ਲਈ ਇਕ ਸ਼ਕਤੀਸ਼ਾਲੀ ਯਤਨ ਸੀ। ਸੁੰਦਰੀ ਸਿੱਖਾਂ ਲਈ ਇਕ ਧਾਰਮਿਕ, ਦਲੇਰ, ਸੂਝਵਾਨ ਲੜਕੀ ਨੂੰ ਦ੍ਰਿਸ਼ਮਾਨ ਕਰਕੇ ਇਕ 'ਰੋਲ ਮਾਡਲ' ਦੇ ਰੂਪ ਵਿਚ ਪੇਸ਼ ਕੀਤਾ, ਜੋ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਵੀ ਧਰਮ ਤੇ ਅਸਲੀਅਤ ਤੋਂ ਨਹੀਂ ਹਾਰਦੀ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੈ:

'ਤੀਵੀਆਂ ਧਰਮ ਰੱਖਿਆ ਲਈ ਕਿਉਂ ਨਹੀਂ ਜੰਗ ਕਰਦੀਆਂ? ਜੇ ਨਹੀਂ ਕਰਦੀਆਂ ਤਾਂ ਮੈਂ ਕਿਉਂ ਨਾ ਪਹਿਲੀ ਤੀਵੀਂ ਹੋਵਾਂ।'




ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਗੁਰੂ ਸਾਹਿਬਾਨ ਦੀ ਬਾਣੀ ਨੂੰ ਸਿੱਖ ਨੈਤਿਕਤਾ ਦਾ ਆਧਾਰ ਮੰਨਿਆ ਜਾ ਸਕਦਾ ਹੈ, ਇਸ ਤਹਿਤ ਭਾਈ ਵੀਰ ਸਿੰਘ ਨੇ ਵੀ ਸਿੱਖ ਨੈਤਿਕਤਾ ਨੂੰ ਪ੍ਰਮੁੱਖ ਤੌਰ 'ਤੇ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ, ਅਠਾਰਵੀਂ ਸਦੀ ਦੇ ਇਤਿਹਾਸ ਨੂੰ ਪ੍ਰਤੀਮਾਨਕ ਰੂਪ ਵਿਚ ਪੇਸ਼ ਕਰਕੇ ਉਸ ਸਮੇਂ ਦੇ ਲੀਹ ਤੋਂ ਲੱਥੇ ਸਿੱਖਾਂ ਨੂੰ ਆਉਣ ਵਾਲੇ ਸਮੇਂ ਨੂੰ ਮੁੱਖ ਰੱਖ ਕੇ ਸੇਧ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਸੁੰਦਰੀ ਨੂੰ ਇਕ ਆਦਰਸ਼ਕ ਪਾਤਰ ਬਣਾ ਕੇ ਔਰਤ ਜਾਤੀ ਪ੍ਰਤੀ ਗੁਰੂ ਦੇ ਉਪਦੇਸ਼ਾਂ ਰਾਹੀਂ, ਧਰਮ ਤੇ ਨੈਤਿਕਤਾ ਪ੍ਰਤੀ ਸੁਚੇਤ ਕਰਦਿਆਂ ਅਤੇ ਬਰਾਬਰਤਾ ਦਾ ਹੱਕ ਦੇਣ 'ਚ ਰੁਚਿਤ ਹੁੰਦੇ ਹੋਏ ਸਮਕਾਲੀ ਔਰਤਾਂ ਨੂੰ ਨੈਤਿਕਤਾ ਦੇ ਫ਼ਰਜ਼ਾਂ ਪ੍ਰਤੀ ਸੁਚੇਤ ਵੀ ਕੀਤਾ। ਅਸੀਂ ਦੇਖ ਸਕਦੇ ਹਾਂ ਕਿ ਭਾਈ ਵੀਰ ਸਿੰਘ ਇਸ ਨਾਵਲ 'ਚ ਸਭ ਤੋਂ ਪਹਿਲਾਂ ਪ੍ਰਤੀਮਾਨ ਤੇ ਪਰਹਾਣ ਦਾ ਦਵੰਦ ਵੱਖਰਾ ਰੂਪ ਅਖਤਿਆਰ ਕਰਦਾ ਹੈ। ਉਹ ਸਥਾਪਿਤ ਸੰਪਰਦਾਇਕ ਪ੍ਰਤੀਮਾਨਾਂ ਦੇ ਨੁਕਤੇ ਤੋਂ ਨਹੀਂ, ਸਗੋਂ ਪਰਹਾਣਿਤ ਹੋਈ ਜੀਵਨ-ਜਾਚ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੋਇਆ ਦੇਖਿਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਰਚਨਾ 'ਚ ਵਿਰੋਧ ਨਵੀਂ ਜੀਵਨ-ਜਾਚ ਤੋਂ ਪ੍ਰਤੀਮਾਨਕ ਜ਼ਿੰਦਗੀ ਵੱਲ ਆ ਜਾਂਦਾ ਹੈ। ਇਸ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਭਾਈ ਵੀਰ ਸਿੰਘ ਆਪਣੇ ਸਮੇਂ ਵਿਚ ਖ਼ਾਸਕਰ ਸਿੱਖ ਪੁਰਸ਼ ਅਤੇ ਇਸਤਰੀਆਂ ਦੇ ਧਰਮ ਤੋਂ ਦੂਰ ਜਾਣ 'ਤੇ ਦੁੱਖ ਹੈ ਅਤੇ ਮੁੜ ਪ੍ਰਤੀਮਾਨਕ ਜ਼ਿੰਦਗੀ ਜਿਊਣ 'ਤੇ ਜ਼ੋਰ ਦਿੱਤਾ। 'ਸੁੰਦਰੀ' ਦਾ ਵਿਸ਼ਾ ਧਾਰਮਿਕ ਹੈ ਅਤੇ ਸਮੇਂ ਅਨੁਸਾਰ ਦਾਬੇ ਤੇ ਜਬਰ ਖ਼ਿਲਾਫ਼ ਸੁਚੇਤ ਕਰਨ ਵਾਲਾ ਹੈ। ਉਨ੍ਹਾਂ ਦਾ ਅਸਲ ਮਹੱਤਵ ਸਿੱਖ ਧਰਮ ਵਿਚ ਆ ਰਹੇ ਪਤਨ ਨੂੰ ਕਿਵੇਂ ਨਾ ਕਿਵੇਂ ਰੋਕਣਾ ਹੈ। ਇਸ ਨਾਵਲ ਦੇ ਪਾਤਰ ਉਸਾਰੀ ਵਲੋਂ ਆਦਰਸ਼ਕ, ਘਟਨਾਵਾਂ ਪੱਖੋਂ ਰੁਮਾਂਟਿਕ ਅਤੇ ਦ੍ਰਿਸ਼ਟੀ ਵਜੋਂ ਸੁਧਾਰਕ ਅਤੇ ਯਥਾਰਥ ਤੋਂ ਦੂਰ ਲੱਗਦੇ ਹਨ, ਪਰ ਇਸ ਦੇ ਬਾਵਜੂਦ ਵੀ ਇਹ ਨਾਵਲ ਸਾਹਿਤ ਇਤਿਹਾਸ ਦੇ ਵਿਚ ਅੱਖੋਂ-ਪਰੋਖੇ ਕਰਨਾ ਸੰਭਵ ਨਹੀਂ ਹੈ।

ਮੁਢਲੇ ਇਤਿਹਾਸਕ ਨਾਵਲਾਂ ਦਾ ਕਥਾਨਕ ਅਕਸਰ ਅਠਾਰਵੀਂ ਸਦੀ 'ਚ ਹੋਈਆਂ ਸਿੱਖਾਂ ਤੇ ਮੁਗ਼ਲ ਹਾਕਮਾਂ ਨਾਲ ਟੱਕਰ ਦੀਆਂ ਘਟਨਾਵਾਂ 'ਤੇ ਅਧਾਰਿਤ ਹੁੰਦਾ ਸੀ, ਕਾਰਨ ਇਹ ਸੀ ਕਿ ਮੁਗ਼ਲ ਹਾਕਮਾਂ ਦੇ ਜਬਰ ਤੇ ਜ਼ੁਲਮ ਦਾ ਵਿਰੋਧ ਜ਼ਿਆਦਾਤਰ ਸਿੱਖਾਂ ਨੂੰ ਹੀ ਕਰਨਾ ਪਿਆ। ਉਹ ਸਿੱਖਾਂ ਨੂੰ ਕਰਮ, ਧਰਮ ਤੇ ਆਰਥਿਕ ਤੌਰ 'ਤੇ ਕਮਜ਼ੋਰ ਕਰਕੇ ਆਪਣੇ ਰਾਹੀਂ ਚਲਾਉਣਾ ਚਾਹੁੰਦੇ ਸਨ। ਉਸ ਦੇ ਬਾਵਜੂਦ ਵੀ ਸਿੱਖ ਯੋਧੇ ਗੁਰੂ ਵਲੋਂ ਬਖ਼ਸ਼ੀ ਸਿੱਖਿਆ ਅਨੁਸਾਰ ਨੈਤਿਕਤਾ ਨੂੰ ਅੱਖੋਂ-ਪਰੋਖੇ ਨਹੀਂ ਕਰਦੇ, ਬਲਕਿ ਸ਼ੁੱਧ ਆਚਰਣ ਪ੍ਰਤੀ ਵੀ ਵਚਨਬੱਧ ਸਨ।

ਭਾਈ ਵੀਰ ਸਿੰਘ ਨੇ ਸੁੰਦਰੀ ਨੂੰ ਇਕ ਸਿੱਖ ਨਾਇਕਾ ਬਣਾ ਕੇ ਪੇਸ਼ ਕੀਤਾ ਹੈ ਕਿ ਉਹ ਬਾਕੀ ਇਸਤਰੀਆਂ ਦੇ ਮੁਕਾਬਲੇ ਵਧੇਰੇ ਸ੍ਰੇਸ਼ਟ, ਵਧੇਰੇ ਬਲਵਾਨ ਤੇ ਵਧੇਰੇ ਦਿਆਨਤਦਾਰ ਦਰਸਾਇਆ ਗਿਆ ਹੈ, ਤਾਂ ਕਿ ਹੋਰ ਸਿੱਖ ਪੁਰਸ਼ ਤੇ ਇਸਤਰੀਆਂ ਉਸ ਦੀ ਤਰ੍ਹਾਂ ਆਦਰਸ਼ਕ ਜੀਵਨ ਜਿਊਣ। ਸੁੰਦਰੀ ਇਕ ਖਾਂਦੇ-ਪੀਂਦੇ ਹਿੰਦੂ ਪਰਿਵਾਰ ਦੀ ਸੋਹਣੀ ਤੇ ਸਮਝਦਾਰ ਧੀ ਹੈ, ਜੋ ਮੁਕਲਾਵੇ ਵਾਲੇ ਦਿਨ ਮੁਗ਼ਲ ਹਾਕਮਾਂ ਦੇ ਕਰਿੰਦਿਆਂ ਦੇ ਹੱਥ ਚੜ੍ਹ ਜਾਂਦੀ ਹੈ। ਉਹ ਆਪਣੇ ਧਰਮ ਤੇ ਕਰਮ ਵਿਚ ਪੱਕੀ, ਨਿਡਰ, ਦਇਆਵਾਨ ਨਾਰੀ ਹੈ, ਜਦੋਂ ਉਸ ਦੇ ਪਰਿਵਾਰ, ਖ਼ਾਸਕਰ ਉਸ ਦਾ ਹੋਣ ਵਾਲਾ ਪਤੀ ਉਸ ਦੇ ਉਧਾਲੇ ਤੋਂ ਬਾਅਦ ਨਾਲ ਲੈ ਕੇ ਜਾਣ ਤੋਂ ਮੁਨਕਰ ਹੋ ਜਾਂਦਾ ਹੈ ਪਰ ਉਸ ਦਾ ਪ੍ਰਮਾਤਮਾ ਵਿਚ ਵਿਸ਼ਵਾਸ ਹੋਣ ਕਰਕੇ ਅਤੇ ਔਖੀਆਂ ਘੜੀਆਂ ਵਿਚ ਵੀ ਅਡੋਲ ਰਹਿੰਦੀ ਹੈ। ਸਿੱਖ ਯੋਧਿਆਂ ਨਾਲ ਰਲਣ ਤੋਂ ਬਾਅਦ ਉਹ ਆਪਣੀ ਸਾਰੀ ਜ਼ਿੰਦਗੀ ਵਿਆਹ ਦੇ ਬੰਧਨ ਤੋਂ ਮੁਕਤ ਹੋ ਕੇ ਜਤ-ਸਤ ਵਾਲੀ, ਸਦਾਚਾਰੀ, ਦਇਆਵਾਨ ਨਾਰੀ ਦੇ ਰੂਪ ਵਿਚ ਪੇਸ਼ ਹੋਈ ਹੈ ਅਤੇ ਉਨ੍ਹਾਂ ਦੀ ਸੇਵਾ ਸੰਭਾਲ ਤੇ ਗੁਰੂ ਦੇ ਲੇਖੇ ਲਾ ਦਿੰਦੀ ਹੈ। ਸੁੰਦਰੀ ਇਕ ਧਰਮ ਭੈਣ, ਸੇਵਾਦਾਰ ਜੋ ਕਿ ਲੰਗਰ ਪਾਣੀ ਦਾ ਜ਼ਿੰਮਾ ਆਪ ਲੈਂਦੀ ਹੈ, ਵੀਰਤਾ ਤੇ ਸੂਝ ਹੋਰ ਚੰਗੇ ਆਤਮਿਕ ਵਿਚਾਰਾਂ ਨਾਲ ਭਰਪੂਰ ਸਿੱਖ ਧਰਮ ਲਈ ਆਪਣੀ ਜ਼ਿੰਦਗੀ ਵੀ ਅਰਪਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ, ਉਹ ਔਖੇ ਸਮੇਂ 'ਚ ਵੀ ਉਹ ਸਨਿਮਰ, ਬਹਾਦਰ ਤੇ ਨਿਆਂ ਪਸੰਦ ਰਹਿੰਦੀ ਹੈ। ਜਦੋਂ ਜੱਥੇ 'ਤੇ ਆਰਥਿਕ ਸੰਕਟ ਮੰਡਰਾਉਂਦਾ ਹੈ ਤਾਂ ਉਹ ਆਪਣੀ ਕੀਮਤੀ ਹੀਰੇ ਦੀ ਮੁੰਦਰੀ ਵੇਚਣ ਲਈ ਵੀ ਗੁਰੇਜ਼ ਨਹੀਂ ਕਰਦੀ। ਜਦੋਂ ਸੁੰਦਰੀ ਲੰਗਰ ਦੀ ਸੇਵਾ ਵਾਸਤੇ ਸੌਦਾ-ਪੱਤਾ ਲੈਣ ਸ਼ਹਿਰ ਵੱਲ ਜਾਂਦੀ ਹੈ ਤਾਂ ਰਸਤੇ 'ਚ ਮੁਗ਼ਲ ਹਾਕਮਾਂ ਦੇ ਕਰਿੰਦਿਆਂ ਵਲੋਂ ਫੜ ਲਈ ਜਾਂਦੀ ਹੈ ਤਾਂ ਇਕ ਤੁਰਕ ਸੁੰਦਰੀ ਨੂੰ ਧਰਮ ਬਦਲ ਕੇ ਤੇ ਆਪਣੇ ਹਾਕਮ ਦੀ ਬੇਗਮ ਬਣਾਉਣ ਦੀ ਪੇਸ਼ਕਸ਼ ਕਰਦਾ ਹੈ ਪਰ ਉਹ ਡੋਲਦੀ ਨਹੀਂ, ਸਗੋਂ ਇਕ ਯੋਧੇ ਦੀ ਤਰ੍ਹਾਂ ਨਿਡਰ ਤੇ ਗੁਰੂ ਵਿਚ ਪ੍ਰਪੱਕ ਵਿਸ਼ਵਾਸ ਹੋਣ ਕਾਰਨ ਉਸ ਨੂੰ ਬਹਾਦਰੀ ਨਾਲ ਜਵਾਬ ਦਿੰਦੀ ਹੈ, ਜੋ ਬਹੁਤ ਹੀ ਤਰਕ ਸੰਗਤ ਵਾਲਾ ਪ੍ਰਤੀਤ ਹੁੰਦਾ ਹੈ।

ਅਖੀਰ 'ਚ ਅਸੀਂ ਕਹਿ ਸਕਦੇ ਹਾਂ ਕਿ ਨਾਵਲ 'ਚ ਭਾਈ ਸਾਹਿਬ ਨੇ ਸਿੱਖ ਨੈਤਿਕਤਾ, ਅਮਲਾਂ, ਸੰਘਰਸ਼ਾਂ, ਨਿਮਰਤਾ, ਨਾਮ ਜੱਪਣਾ ਤੇ ਸੇਵਾ ਆਦਿ ਦੇ ਸੰਕਲਪਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ ਕਿ ਕਿਵੇਂ ਸਿੱਖ ਔਖੇ ਤੋਂ ਔਖੇ ਸਮੇਂ 'ਚ ਵੀ ਆਪਣੇ ਗੁਰੂ ਵਿਚ ਵਿਸ਼ਵਾਸ ਹੋਣ ਕਾਰਨ, ਸਮੇਂ ਦੇ ਜਾਬਰ ਹਾਕਮਾਂ ਦੀਆਂ ਦਮਨਕਾਰੀ ਨੀਤੀਆਂ ਤੇ ਦਾਬੇ ਖ਼ਿਲਾਫ਼ ਆਪਣੀ ਹੋਂਦ ਬਚਾਉਣ 'ਚ ਕਿਵੇਂ ਯਤਨ ਕਰਦੇ ਹੋਏ, ਅਣਖ ਤੇ ਗ਼ੈਰਤ ਭਰੀ ਜ਼ਿੰਦਗੀ ਜਿਊਣ ਨੂੰ ਤਰਜੀਹ ਦਿੰਦੇ ਸਨ।

# ਬਾਬੇ ਨਾਨਕ ਦਾ ਰਬਾਬੀ-ਭਾਈ ਮਰਦਾਨਾ



ਜਗਜੀਤ ਸਿੰਘ ਲੋਹਟਬੱਦੀ

ਭਾਈ ਮਰਦਾਨਾ, ਗੁਰੂ ਨਾਨਕ ਦੇਵ ਜੀ ਦੇ ਗਰਾਂਈਂ ਸਨ, ਉਮਰੋਂ ਦਸ ਸਾਲ ਵੱਡੇ। ਪਿਤਾ ਬਦਰੇ ਤੇ ਮਾਤਾ ਲੱਖੋਂ ਦੇ ਘਰ ਜਨਮੀ ਸੱਤਵੀਂ ਸੰਤਾਨ। 6 ਫਰਵਰੀ 1459 ਈ. ਰਾਏ ਭੋਇ ਦੀ ਤਲਵੰਡੀ ਵਿਖੇ ਮੀਰ ਆਲਮ ਘਰਾਣੇ ਵਿਚ ਜਨਮ ਲਿਆ। ਪਹਿਲੇ ਛੇ ਭੈਣ ਭਰਾ ਫ਼ੌਤ ਹੋ ਗਏ ਸਨ। ਨਜ਼ਰਾਂ ਤੋਂ ਬਚਾਉਣ ਲਈ ਨਾਂਅ 'ਮਰਜਾਣਾ' ਰੱਖਿਆ ਪਰ ਗੁਰੂ ਸਾਹਿਬ ਦੇ ਮੁੱਖ ਤੋਂ ਨਿਕਲਿਆ ਸ਼ਬਦ, ਮਰਜਾਣਾ ਤੋਂ 'ਮਰਦਾ-ਨਾ' ਅਮਰ ਪਦਵੀ ਦਾ ਲਖਾਇਕ ਬਣ ਗਿਆ। ਅੱਗੋਂ 'ਭਾਈ' ਕਹਿ ਕੇ ਸਤਿਕਾਰਿਆ। ਗੁਰੂ ਨਾਨਕ ਦੇਵ ਜੀ ਦੀ ਦਾਈ ਮਾਈ ਦੌਲਤਾਂ, ਮਰਦਾਨਾ ਜੀ ਦੀ ਰਿਸ਼ਤੇ ਵਿਚੋਂ ਭੈਣ ਲੱਗਦੀ ਸੀ। ਇਹੀ ਦੌਲਤਾਂ, ਦੋਹਾਂ ਦੀ ਦੋਸਤੀ ਦਾ ਪੁਲ ਬਣੀ। ਬਾਲ ਨਾਨਕ ਨੂੰ ਖਿਡਾਉਣ, ਦੇਖ-ਭਾਲ ਕਰਨ ਆਈ ਬੀਬੀ ਨਾਲ ਮਰਦਾਨਾ ਜੀ ਵੀ ਅਕਸਰ ਆਉਂਦੇ ਸਨ। ਇੱਥੋਂ ਹੀ ਲੰਬੇ ਸਫ਼ਰਾਂ ਦਾ ਮੁੱਢ ਬੱਝਾ। ਪੂਰੇ 47 ਸਾਲ (ਕਈ ਵਿਦਵਾਨ 54 ਸਾਲ ਦੱਸਦੇ ਹਨ)। ਚਾਰ ਉਦਾਸੀਆਂ ਦਾ ਸਾਥ ਦਿੱਤਾ। ਭਾਈ ਗੁਰਦਾਸ ਜੀ ਦੇ ਸ਼ਬਦ ਸਨ: 'ਚੜਿਆ ਸੋਧਣਿ ਧਰਤ ਲੁਕਾਈ'।

ਗੁਰੂ ਨਾਨਕ ਦੀਆਂ ਚਾਰ ਉਦਾਸੀਆਂ ਭਾਈ ਮਰਦਾਨਾ ਦੇ ਸਾਥ ਨਾਲ ਸੰਪੂਰਨ ਹੋਈਆਂ। ਸਿੱਖ ਧਰਮ 'ਚ 'ਉਦਾਸੀ' ਪ੍ਰਚਾਰ ਯਾਤਰਾ ਹੈ। ਉਨ੍ਹਾਂ ਬਗ਼ਦਾਦ, ਮਿਸਰ, ਈਰਾਨ, ਕਾਬੁਲ, ਤੁਰਕਿਸਤਾਨ, ਤਿੱਬਤ ਦੀਆਂ ਧਰਤੀਆਂ ਨੂੰ ਭਾਗ ਲਾਏ:

**'ਫਿਰਿ ਬਾਬਾ ਗਇਆ ਬਗ਼ਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ**
**ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।'**
(ਭਾਈ ਗੁਰਦਾਸ; ਵਾਰ ਪਹਿਲੀ, ਪਉੜੀ 35ਵੀਂ)

ਮਰਦਾਨਾ ਜੀ ਰਬਾਬ ਵਜਾਉਂਦੇ ਤੇ ਗੁਰੂ ਸਾਹਿਬ ਇਲਾਹੀ ਬਾਣੀ ਦਾ ਉਚਾਰਨ ਕਰਦੇ, ਜਿਸ ਬਾਣੀ ਨੂੰ ਪੜ੍ਹ-ਸੁਣ ਕੇ ਅੱਜ ਵੀ ਲੋਕਾਈ ਆਪਣੇ ਧੰਨ ਭਾਗ ਸਮਝਦੀ ਹੈ, ਉਸ ਬਾਣੀ ਨੂੰ ਸਭ ਤੋਂ ਪਹਿਲਾਂ ਗਾਇਨ ਕਰਨ ਤੇ ਗੁਰੂ ਦੇ ਮੁੱਖੋਂ ਸੁਣਨ ਦਾ ਸੁਭਾਗ ਭਾਈ ਮਰਦਾਨਾ ਨੂੰ ਪ੍ਰਾਪਤ ਹੋਇਆ। ਪਲੇਠਾ ਸਰੋਤਾ, ਪਲੇਠਾ ਵਾਦਕ ਅਤੇ ਪਲੇਠਾ ਗਵੱਈਆ ਹੋਣ ਦੀ ਦਾਤ ਸਿਰਫ਼ ਮਰਦਾਨਾ ਜੀ ਦੀ ਝੋਲੀ ਪਈ। ਉਨ੍ਹਾਂ ਦਾ ਸੁਰੀਲਾ ਗਲਾ ਰੱਬੀ ਸੌਗ਼ਾਤ ਸੀ। ਸ਼ਾਇਦ ਬਹੁਤ ਲੋਕਾਂ ਨੂੰ ਨਹੀਂ ਪਤਾ ਕਿ ਵਿਸ਼ਵ ਪ੍ਰਸਿੱਧ ਗਾਇਕ ਤਾਨਸੇਨ ਦੇ ਗੁਰੂ ਹਰਿਦਾਸ ਜੀ, ਭਾਈ ਮਰਦਾਨਾ ਜੀ ਦੇ ਸ਼ਾਗਿਰਦ ਸਨ। ਗੁਰਮਤਿ ਸੰਗੀਤ ਦੀਆਂ ਸੂਖ਼ਮਤਾਵਾਂ, ਤਰੰਗਾਂ ਅਤੇ ਬਾਣੀ ਦੀ ਇਕ-ਸੁਰਤਾ ਦੀ ਨਿਪੁੰਨਤਾ ਹਾਸਲ ਕਰਨ ਵਾਲੇ ਉਹ ਪਹਿਲੇ ਸੇਵਕ ਸਨ। ਉਨ੍ਹਾਂ ਗੁਰੂ ਜੀ ਦੀ ਬਾਣੀ ਨੂੰ 19 ਰਾਗਾਂ 'ਚ ਗਾਇਨ ਕੀਤਾ।

ਰਬਾਬ ਮਰਦਾਨੇ ਦੀ ਰੂਹ ਸੀ, ਇਕ ਅਦੁੱਤੀ ਮੁਹਾਰਤ। ਮਿੱਠੀ ਤੇ ਸੁਰਾਂ ਦੀ ਲੈਅ ਸਮਝਣ ਵਾਲੀ ਆਵਾਜ਼ ਨੂੰ ਗੁਰੂ ਨੇ ਪਛਾਣਿਆ। ਉਨ੍ਹਾਂ ਉੱਚ ਦਰਜੇ ਦੀ ਪ੍ਰਬੀਨਤਾ ਹਾਸਲ ਕਰਨ ਲਈ ਮਰਦਾਨਾ ਜੀ ਨੂੰ ਭਾਈ ਫਿਰੰਦੇ ਕੋਲ ਭੇਜਿਆ। ਭਾਈ ਫਿਰੰਦਾ ਕਪੂਰਥਲਾ ਰਿਆਸਤ ਦੇ ਪਿੰਡ ਭੈਰੋਆਣੇ ਦੇ ਨਿਵਾਸੀ ਸਨ। ਗੁਰੂ ਦੇ ਸ਼ਰਧਾਲੂ ਵੀ ਸਨ ਤੇ ਉੱਚ ਕੋਟੀ ਦੇ ਸੰਗੀਤਕਾਰ ਵੀ। ਉਨ੍ਹਾਂ ਗੁਰੂ ਜੀ ਨੂੰ ਛੇ ਤਾਰਾਂ ਵਾਲੀ ਵਿਸ਼ੇਸ਼ ਰਬਾਬ ਬਣਾ ਕੇ ਭੇਟ ਕੀਤੀ, ਜਿਸ ਨੂੰ ਮਰਦਾਨਾ ਜੀ ਕੀਰਤਨ ਸਮੇਂ ਵਜਾਇਆ ਕਰਦੇ ਸਨ। ਰਬਾਬ ਵਜਾਉਣ ਕਰਕੇ ਉਨ੍ਹਾਂ ਦੇ ਨਾਂਅ ਨਾਲ ਸ਼ਬਦ 'ਰਬਾਬੀ' ਜੁੜ ਗਿਆ। 'ਰਬਾਬ' ਅਰਬੀ ਦਾ ਸ਼ਬਦ ਹੈ। ਭਾਈ ਕਾਹਨ ਸਿੰਘ ਨਾਭਾ ਮੁਤਾਬਿਕ, ਰਬਾਬ ਦਾ ਅਸਲ ਨਾਂਅ ਰਾਵਣਵੀਣਾ ਹੈ ਅਤੇ ਇਸ ਨੂੰ ਵਜਾਉਣ ਲਈ ਵਰਤੇ ਜਾਂਦੇ ਲੱਕੜੀ ਜਾਂ ਹਾਥੀ ਦੰਦ ਦੇ ਤਿਕੋਣੇ ਟੁਕੜੇ ਨੂੰ ਜਵਾਂ, ਜ਼ਰਬ ਤੇ ਮਿਜ਼ਰਾਬ ਵੀ ਕਹਿੰਦੇ ਹਨ। ਗੁਰੂ ਸਾਹਿਬ ਨੇ ਮਰਦਾਨਾ ਨੂੰ ਆਪਣੇ ਮਿਸ਼ਨ ਦਾ ਸਾਥੀ ਬਣਾ ਕੇ ਜ਼ਿੰਦਗੀ ਦੇ ਉੱਚ ਆਦਰਸ਼ਾਂ ਵਾਲੇ ਮਾਰਗ ਦਾ ਪਾਂਧੀ ਬਣਾ ਦਿੱਤਾ। ਭਾਈ ਮਰਦਾਨਾ ਜੀ ਤੋਂ ਪਿੱਛੋਂ ਉਨ੍ਹਾਂ ਦੇ ਸਪੁੱਤਰ ਭਾਈ ਸ਼ਹਿਜ਼ਾਦਾ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ 'ਚ ਕੀਰਤਨ ਦੀ ਸੇਵਾ ਨਿਭਾਈ। ਮਗਰੋਂ ਉਨ੍ਹਾਂ ਦੇ ਖ਼ਾਨਦਾਨ ਦੇ ਦੋ ਹੋਰ ਰਬਾਬੀ, ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਗੁਰੂ ਘਰ 'ਚ ਕੀਰਤਨ ਕਰਦੇ ਰਹੇ।

ਗੁਰੂ ਨਾਨਕ ਸਾਹਿਬ ਦੀ ਭਾਈ ਮਰਦਾਨਾ ਜੀ ਨਾਲ ਦੋਸਤੀ ਇਕ ਪਵਿੱਤਰ ਰਿਸ਼ਤੇ ਦੀ ਗੰਢ ਸੀ। ਮਰਦਾਨਾ, ਗੁਰੂ ਦਾ ਸੇਵਕ ਵੀ ਸੀ, ਬਚਪਨ ਦਾ ਸਾਥੀ ਵੀ ਅਤੇ ਲਾਡਲਾ ਸ਼ਾਗਿਰਦ ਵੀ। ਗੁਰੂ ਦੀ ਸੰਗਤ ਨੇ ਪਹਿਲਾਂ ਉਸ ਨੂੰ ਆਪਣੇ ਨਾਲ ਅਤੇ ਫਿਰ ਪਾਰਬ੍ਰਹਮ ਨਾਲ ਅਭੇਦ ਕਰ ਦਿੱਤਾ। ਅਕਸਰ ਖ਼ੁਸ਼ੀ ਵਿਚ ਚਹਿਕਦੇ, 'ਬਾਬਾ, ਤੇਰਾ ਮੇਰਾ ਅੰਤਰ ਨਾਹੀਂ; ਤੂੰ ਖ਼ੁਦਾਇ ਦਾ ਡੂਮ, ਹਉਂ ਤੇਰਾ ਡੂਮ। ਤੈਂ ਖ਼ੁਦਾਇ ਪਾਇਆ ਹੈ, ਤੈਂ ਖ਼ੁਦਾਇ ਦੇਖਿਆ ਹੈ, ਤੇਰਾ ਕਿਹਾ ਖ਼ੁਦਾਇ ਪਾਇਆ ਹੈ, ਖ਼ੁਦਾਇ ਦੇਖਿਆ ਹੈ। ਮੇਰੀ ਬੇਨਤੀ ਹੈ, ਇਕ ਮੈਨੂੰ ਵਿਛੋੜਨਾ ਨਾਹਿ ਆਪ ਨਾਲਹੁ; ਨਾ ਐਥੈ, ਨਾ ਉੱਥੇ।'

ਗੁਰੂ ਗ੍ਰੰਥ ਸਾਹਿਬ 'ਚ ਬਿਹਾਗੜੇ ਕੀ ਵਾਰ (ਮਹਲਾ ?) ਦੀ ਬਾਰ੍ਹਵੀਂ ਪਉੜੀ ਵਿਚ ਮਰਦਾਨਾ ਜੀ ਦੇ ਨਾਂਅ ਉੱਤੇ ਤਿੰਨ ਸਲੋਕ ਦਰਜ ਹਨ:

**"ਸਲੋਕੁ ਮਰਦਾਨਾ ॥**
**ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰ ॥**
**ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥"**
**(ਅੰਗ : 553)**

**"ਮਰਦਾਨਾ ॥**
**ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥"**
ਅਤੇ
**"ਕਾਂਯਾਂ ਲਾਹਣਿ ਆਪ ਮਦੁ ਅੰਮ੍ਰਿਤ ਤਿਸ ਕੀ ਧਾਰ ॥"**
**(ਅੰਗ : 553)**

ਇਸ ਬਾਰੇ ਦੋ ਮੱਤ ਪ੍ਰਚੱਲਿਤ ਹਨ। ਇਕ ਮੱਤ ਅਨੁਸਾਰ ਇਹ ਸਲੋਕ ਗੁਰੂ ਨਾਨਕ ਦੇਵ ਜੀ ਵਲੋਂ ਮਰਦਾਨੇ ਨੂੰ ਸੰਬੋਧਨ ਕਰ ਕੇ ਉਚਾਰੇ ਗਏ ਹਨ ਜਾਂ ਮਰਦਾਨੇ ਵਲੋਂ ਲਿਖੇ ਗਏ ਹਨ। ਦੂਜਾ ਮੱਤ ਇਹ ਹੈ ਕਿ ਇਹ ਮਰਦਾਨਾ ਜੀ ਦੇ ਆਪਣੇ ਲਿਖੇ ਹਨ।

ਭਾਈ ਕਾਹਨ ਸਿੰਘ ਜੀ ਮਹਾਨ ਕੋਸ਼ 'ਚ ਲਿਖਦੇ ਹਨ ਕਿ ਮਰਦਾਨਾ ਜੀ ਦਾ ਅੰਤ 13 ਮੱਘਰ ਸੰਮਤ 1591 (28 ਨਵੰਬਰ 1534 ਈ.) ਨੂੰ ਅਫ਼ਗ਼ਾਨਿਸਤਾਨ 'ਚ ਕੁਰਮ ਦਰਿਆ ਦੇ ਕੰਢੇ ਅਕਾਲ ਚਲਾਣਾ ਕਰ ਗਏ। ਪਰ ਮੈਕਾਲਿਫ਼ ਅਤੇ ਕਈ ਹੋਰ ਇਤਿਹਾਸਕਾਰ ਭਾਈ ਮਰਦਾਨਾ ਜੀ ਦਾ ਸਵਰਗਵਾਸ ਕਰਤਾਰਪੁਰ ਵਿਖੇ ਰਾਵੀ ਦਰਿਆ ਦੇ ਕੰਢੇ ਹੋਇਆ ਮੰਨਦੇ ਹਨ।

ਗੁਰਮਤਿ ਮਾਰਗ ਦੇ ਇਸ ਦ੍ਰਿੜ੍ਹ ਪਾਂਧੀ ਨੂੰ ਗੁਰੂ ਨਾਨਕ ਦੇਵ ਜੀ ਨੇ ਜੋ ਮਾਣ ਸਤਿਕਾਰ ਅਤੇ ਵਡਿਆਈ ਬਖ਼ਸ਼ੀ, ਇਸ ਦੀ ਮਿਸਾਲ ਮਿਲਣੀ ਔਖੀ ਹੈ। ਇਸ ਰੂਹਾਨੀ ਸ਼ਖ਼ਸੀਅਤ ਦਾ ਗੁਰੂ ਨਾਲ ਮਿਲਾਪ ਇਕ ਵਿਲੱਖਣ ਸੁਭਾਗ ਸੀ। ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਅਭਿੰਨਤਾ ਦਾ ਪ੍ਰਭਾਵ ਕਵੀ ਸੁਖਪਾਲ ਦੇ ਸ਼ਬਦਾਂ ਵਿਚ:

"ਕਈ ਵਾਰ ਬੰਦੇ ਦਾ 'ਘਰ' ਹੁੰਦਾ ਹੈ। ਕਈ ਵਾਰ ਬੰਦਾ ਆਪ ਹੀ ਘਰ ਹੁੰਦਾ ਹੈ। ਨਾਨਕ ਘਰ ਛੱਡ ਕੇ ਉਦਾਸੀਆਂ ਕਰਦਾ ਹੈ। ਮਰਦਾਨਾ ਉਸ ਦੇ ਨਾਲ ਰਹਿੰਦਾ ਹੈ। ਚੌਥੀ ਉਦਾਸੀ 'ਚ ਮਰਦਾਨਾ ਸਰੀਰ ਤਿਆਗ ਜਾਂਦਾ ਹੈ। ਉਸ ਮਗਰੋਂ ਨਾਨਕ ਇਕ ਨਿੱਕੀ ਜਿਹੀ ਪੰਜਵੀਂ ਉਦਾਸੀ ਕਰਦਾ ਹੈ'.,.ਬੱਸ। ਜਗਤ ਤਾਂ ਅਜੇ ਵੀ ਜਲ਼ੰਦਾ ਹੈ ਪਰ ਨਾਨਕ ਕਰਤਾਰਪੁਰ ਟਿਕ ਜਾਂਦਾ ਹੈ। ਮਰਦਾਨਾ, ਨਾਨਕ ਦਾ 'ਘਰ' ਸੀ ਜਿਹੜਾ ਹਰ ਵੇਲੇ ਉਹਦੇ ਨਾਲ ਰਹਿੰਦਾ ਸੀ। ਮਰਦਾਨਾ, ਨਾਨਕ ਨੂੰ ਕਿਸੇ ਥਾਉਂ ਵੀ 'ਬੇਘਰ' ਨਾ ਹੋਣ ਦਿੰਦਾ। ਇਹ 'ਘਰ' ਮੁੱਕ ਗਿਆ। ਨਾਨਕ ਘਰ ਪਰਤ ਆਇਆ।"

ਲੇਖਕ ਜਸਬੀਰ ਮੰਡ ਦੀ ਬਾਬੇ ਨਾਨਕ ਤੇ ਭਾਈ ਮਰਦਾਨੇ ਦੀ ਅਭਿੰਨਤਾ ਤੇ ਪੁਸ਼ਪਾਂਜਲੀ: "ਇਤਿਹਾਸ ਵਿਚ ਬਾਬਾ ਜਿੱਥੇ ਦਿਸਦਾ ਨਹੀਂ, ਉੱਥੇ ਉਹਦੀ ਧੁਨ ਸੁਣਦੀ ਹੈ। ਜਿੱਥੇ ਧੁਨ ਸੁਣਦੀ ਹੈ, ਉੱਥੇ ਮਰਦਾਨਾ ਹੀ ਖੜ੍ਹਾ ਦਿਸਦਾ ਹੈ।"

*ਜਨਮ ਦਿਹਾੜੇ ਤੇ ਵਿਸ਼ੇਸ਼*

# ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਪੁੱਤਰ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਸਿੱਖ ਇਤਿਹਾਸ ਵਿਚ ਚਮਕਦੇ ਧਰੂ ਤਾਰੇ ਦੇ ਵਾਂਗ ਹਨ। ਉਨ੍ਹਾਂ ਦਾ ਜਨਮ 14 ਦਸੰਬਰ 1699 ਈ: 'ਚ ਮਾਤਾ ਜੀਤੋ ਜੀ ਦੀ ਕੁੱਖੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਆਨੰਦਪੁਰ ਸਾਹਿਬ ਛੱਡਣ ਪਿੱਛੋਂ ਸਰਸਾ ਨਦੀ ਦੇ ਕੰਢੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਗੁਰੂ ਜੀ ਦੇ ਮਾਤਾ ਗੁਜਰੀ ਜੀ ਛੋਟੇ ਸਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਆਪਣੇ ਘਰੇਲੂ ਰਸੋਈਏ ਗੰਗੂ ਬ੍ਰਹਾਮਣ ਸਮੇਤ, ਸਿੰਘਾਂ ਦੇ ਜਥੇ ਨਾਲੋਂ ਨਿਖੜ ਗਏ। ਰਸੋਈਆ ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ ਵਿਖੇ ਆਪਣੇ ਘਰ ਲੈ ਆਇਆ। ਮਾਤਾ ਗੁਜਰੀ ਜੀ ਕੋਲ ਬਹੁਤ ਸਾਰੀ ਨਕਦੀ ਤੇ ਹੋਰ ਕੀਮਤੀ ਸਮਾਨ ਵੇਖ ਕੇ ਉਹ ਬੇਈਮਾਨ ਹੋ ਗਿਆ। ਉਹ ਇੰਨ੍ਹਾਂ ਨੂੰ ਫੜ੍ਹਾ ਕੇ ਸਰਹੰਦ ਦੇ ਸੂਬੇ ਪਾਸੋਂ ਇਨਾਮ ਅਤੇ ਸ਼ੌਹਰਤ ਲੈਣਾ ਚਾਹੁੰਦਾ ਸੀ।

ਦੂਜੇ ਦਿਨ ਸੂਬੇ ਦੇ ਹੁਕਮ ਤੇ ਮੋਰਿੰਡਾ ਥਾਣੇ ਦੀ ਪੁਲਸ ਮਾਤਾ ਜੀ ਤੇ ਉਨ੍ਹਾਂ ਦੇ ਦੋਵੇਂ ਸਾਹਿਬਜ਼ਾਦਿਆਂ ਨੂੰ ਫੜ ਕੇ ਲੈ ਗਏ ਅਤੇ ਤਿੰਨਾਂ ਨੂੰ ਸਰਹੰਦ ਦੇ ਇਕ ਠੰਡੇ ਬੁਰਜ 'ਚ ਕੈਦ ਕਰ ਦਿੱਤਾ, ਜਿੱਥੇ ਉਨ੍ਹਾਂ ਨੂੰ ਸਾਰੀ ਰਾਤ ਭੁੱਖੇ-ਤਿਹਾਏ ਰੱਖਿਆ ਗਿਆ। ਭਾਈ ਮੋਤੀ ਰਾਮ ਨੇ, ਆਪਣੇ ਪਰਿਵਾਰ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਤੱਕ ਦੁੱਧ ਪਹੁੰਚਾਇਆ। ਤਿੰਨ ਦਿਨ ਲਗਾਤਾਰ ਸਾਹਿਬਜ਼ਾਦਿਆਂ ਨੂੰ ਕਚਿਹਰੀ 'ਚ ਪੇਸ਼ ਕਰਕੇ ਇਸਲਾਮ ਕਬੂਲ ਕਰਾਉਣ ਲਈ ਕਈ ਡਰਾਵੇ ਤੇ ਲਾਲਚ ਦਿੱਤੇ ਗਏ ਪਰ ਉਹ ਅਡਿੱਗ ਰਹੇ। ਉਨ੍ਹਾਂ ਦੀ ਮਾਸੂਮੀਅਤ 'ਤੇ ਦਿਲ ਪਸੀਜਿਆ ਵੇਖ ਕਾਜ਼ੀ ਨੇ ਕਿਹਾ ਕਿ ਇਸਲਾਮ ਬੱਚਿਆਂ 'ਤੇ ਇਸ ਤਰ੍ਹਾਂ ਜ਼ੁਲਮ ਦੀ ਇਜਾਜ਼ਤ ਨਹੀਂ ਦਿੰਦਾ ਪਰ ਦੀਵਾਨ ਸੁੱਚਾ ਨੰਦ ਬ੍ਰਾਹਮਣ ਉਨ੍ਹਾਂ ਨੂੰ" 'ਸੱਪਾਂ ਦੇ ਪੁੱਤਰ ਸੱਪ ਹੀ ਹੁੰਦੇ ਹਨ' ਦੱਸਦਿਆਂ ਸਖ਼ਤ ਸਜ਼ਾ ਦੇਣ ਦੀ ਗੱਲ ਕਹੀ ਅਤੇ ਅਖ਼ੀਰ ਫ਼ਤਵਾ ਆਇਦ ਕਰਕੇ ਵਜ਼ੀਦੇ ਦੇ ਹੁਕਮ ਨਾਲ਼ ਉਨ੍ਹਾਂ ਨੂੰ ਜੀਉਂਦੇ ਜੀਅ ਨੀਹਾਂ 'ਚ ਚਿਣਵਾ ਦਿੱਤਾ। ਦੀਵਾਰ ਦੇ ਢਹਿ ਜਾਣ 'ਤੇ ਉਨ੍ਹਾਂ ਦੇ ਸਿਰ ਤਲਵਾਰ ਨਾਲ ਧੱੜਾਂ ਤੋਂ ਜੁੱਦਾ ਕਰ ਦਿੱਤੇ ਗਏ। ਇਸ ਤੋਂ ਇਲਾਵਾ ਵਜ਼ੀਰ ਖਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਦਲਾ ਵੀ ਲੈਣਾ ਚਾਹੁੰਦਾ ਸੀ। ਇਤਿਹਾਸਕਾਰਾਂ ਮੁਤਾਬਕ ਉਸ ਵਕਤ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੀ ਉਮਰ ਸਿਰਫ 7 ਸਾਲ ਸੀ। ਏਨੀ ਛੋਟੀ ਉਮਰ 'ਚ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਉਹ ਸੂਝ-ਬੂਝ ਸੀ, ਜਿਸ ਨਾਲ ਇਕ ਕੌਮ ਦਾ ਸਿਰ ਉੱਚਾ ਹੋ ਸਕੇ।

ਇਸ ਗੱਲ ਦੀ ਮਿਸਾਲ ਉਹ ਸਮਾਂ ਦਿੰਦਾ ਹੈ ਜਦੋਂ ਵਜ਼ੀਰ ਖਾਂ ਦੇ ਹੁਕਮਾਂ ਅਨੁਸਾਰ ਛੋਟਾ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਦਰਬਾਰ 'ਚ ਲਿਆਂਦਾ ਜਾ ਰਿਹਾ ਸੀ। ਉਸ ਵਕਤ ਵਜ਼ੀਰ ਖਾਨ ਦੇ ਸਿਪਾਹੀਆਂ ਨੇ ਦਰਬਾਰ ਦਾ ਵੱਡਾ ਗੇਟ ਬੰਦ ਕਰ ਦਿੱਤਾ ਸੀ ਅਤੇ ਛੋਟਾ ਗੇਟ ਅੰਦਰ ਆਉਣ ਲਈ ਖੋਲ੍ਹ ਦਿੱਤਾ ਸੀ। ਇਸ ਦੇ ਪਿੱਛੇ ਵਜ਼ੀਰ ਖਾਨ ਦਾ ਇਹ ਮਕਸਦ ਸੀ ਕਿ ਜਦੋਂ ਦੋਵੇਂ ਸਾਹਿਬਜ਼ਾਦੇ ਅੰਦਰ ਆਉਣ ਤਾਂ ਆਪਣਾ ਸਿਰ ਝੁਕਾ ਕੇ ਅੰਦਰ ਆਉਣ ਪਰ ਸਾਹਿਬਜ਼ਾਦਿਆਂ ਦੀ ਸੂਝ-ਬੂਝ ਨੇ ਵਜ਼ੀਰ ਖਾਂ ਦੀ ਇਸ ਯੋਜਨਾ 'ਤੇ ਪਾਣੀ ਫੇਰ ਦਿੱਤਾ। ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੇ ਜਿਸ ਸਮੇਂ ਉਸ ਗੇਟ 'ਚੋਂ ਲੰਘਣਾ ਸੀ, ਆਪਣਾ ਪੈਰ ਗੇਟ ਅੰਦਰ ਰੱਖਿਆ ਤੇ ਬਿਨਾਂ ਸੀਸ ਝੁਕਾਏ ਅੰਦਰ ਪਰਵੇਸ਼ ਕੀਤਾ। ਮੁਗ਼ਲ ਸਿਪਾਹੀ ਸਾਹਿਬਜ਼ਾਦਿਆਂ ਦੀ ਨਿਡਰਤਾ ਤੇ ਸੂਝ-ਬੂਝ ਤੇ ਹੈਰਾਨ ਹੋ ਗਏ। ਵਜ਼ੀਰ ਖਾਂ ਨੇ ਨਾਕਾਮੀ ਦਾ ਪ੍ਰਦਰਸ਼ਨ ਕਰਦੇ ਹੋਏ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ 'ਚ ਚਿਣਵਾ ਕੇ 1705 ਈ ਨੂੰ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਸੀ।

# ਲੋਕ ਸਭਾ ਚੋਣਾਂ-2024-ਕੀ 'ਇੰਡੀਆ' ਗੱਠਜੋੜ ਲਈ ਦਿੱਲੀ ਹੋਰ ਦੂਰ ਹੋ ਗਈ ਹੈ?

ਸਤਨਾਮ ਸਿੰਘ ਮਾਣਕ

ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਹੁਣ ਦੇਸ਼ ਭਰ ਦੇ ਮੀਡੀਆ ਅਤੇ ਸਿਆਸੀ ਹਲਕਿਆਂ ਵਿਚ ਇਹ ਚਰਚਾ ਜ਼ੋਰ-ਸ਼ੋਰ ਨਾਲ ਚਲ ਰਹੀ ਹੈ ਕਿ, ਕੀ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਵੱਡੀ ਜਿੱਤ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਦਾ ਰਸਤਾ ਸਾਫ਼ ਹੋ ਗਿਆ ਹੈ? ਕੀ ਇੰਡੀਆ ਗੱਠਜੋੜ ਤੇ ਹੋਰ ਭਾਜਪਾ ਵਿਰੋਧੀ ਸਿਆਸੀ ਦਲਾਂ ਲਈ ਆਗਾਮੀ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ 'ਕੌਮੀ ਲੋਕਤੰਤਰ ਗੱਠਜੋੜ' ਨੂੰ ਟੱਕਰ ਦੇਣ ਦੀ ਅਜੇ ਵੀ ਕੋਈ ਸੰਭਾਵਨਾ ਬਚੀ ਹੋਈ ਹੈ ਜਾਂ ਨਹੀਂ? ਇਨ੍ਹਾਂ ਦੋ ਸਵਾਲਾਂ ਦੇ ਘੇਰੇ ਵਿਚ ਇਸ ਸਮੇਂ ਦੇਸ਼ ਦੀ ਰਾਜਨੀਤਕ ਬਹਿਸ ਸਿਮਟੀ ਹੋਈ ਹੈ। ਇਨ੍ਹਾਂ ਸਵਾਲਾਂ ਸੰਬੰਧੀ ਚਰਚਾ ਕਰਨ ਤੋਂ ਪਹਿਲਾਂ ਅਸੀਂ ਸੰਖੇਪ ਵਿਚ ਭਾਜਪਾ ਦੀ ਤਿੰਨ ਰਾਜਾਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਹੋਈ ਜਿੱਤ 'ਤੇ ਚਰਚਾ ਕਰਨੀ ਜ਼ਰੂਰੀ ਸਮਝਦੇ ਹਾਂ ਕਿਉਂਕਿ ਇਨ੍ਹਾਂ ਰਾਜਾਂ ਦੀਆਂ ਚੋਣਾਂ ਦੇ ਨਤੀਜਿਆਂ ਨਾਲ ਹੀ ਇਸ ਸਮੇਂ ਭਾਜਪਾ ਦੇ ਹੱਕ ਵਿਚ ਹਵਾ ਬਣੀ ਨਜ਼ਰ ਆਉਂਦੀ ਹੈ ਅਤੇ ਇਨ੍ਹਾਂ ਕਾਰਨ ਹੀ ਭਾਜਪਾ ਨੇਤਾਵਾਂ ਦੇ ਹੌਂਸਲੇ ਬੇਹੱਦ ਵਧੇ ਹੋਏ ਨਜ਼ਰ ਆਉਂਦੇ ਹਨ। ਦੂਜੇ ਪਾਸੇ ਇਨ੍ਹਾਂ ਚੋਣਾਂ ਦੇ ਨਤੀਜਿਆਂ ਕਾਰਨ ਹੀ ਕਾਂਗਰਸ ਅਤੇ ਹੋਰ ਭਾਜਪਾ ਵਿਰੋਧੀ ਪਾਰਟੀਆਂ ਵਿਚ ਕਾਫ਼ੀ ਹਫੜਾ-ਦਫੜੀ ਮਚੀ ਹੋਈ ਦਿਖਾਈ ਦਿੰਦੀ ਹੈ ਅਤੇ ਉਨ੍ਹਾਂ ਦੇ ਹੌਸਲੇ ਕਾਫ਼ੀ ਹੱਦ ਤਕ ਪਸਤ ਹੋਏ ਵੀ ਨਜ਼ਰ ਆਉਂਦੇ ਹਨ। ਜੇਕਰ ਕਾਂਗਰਸ ਦੀ ਹਾਰ ਦੀ ਗੱਲ ਕਰੀਏ ਤਾਂ ਇਸ ਦੇ ਕੁਝ ਹੇਠ ਲਿਖੇ ਕਾਰਨ ਨਜ਼ਰ ਆਉਂਦੇ ਹਨ-

1. ਕਾਂਗਰਸ ਪਾਰਟੀ ਅਤੇ ਖ਼ਾਸ ਕਰਕੇ ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੇ ਇਸ ਦੇ ਖੇਤਰੀ ਲੀਡਰਾਂ ਕ੍ਰਮਵਾਰ ਅਸ਼ੋਕ ਗਹਿਲੋਤ ਅਤੇ ਕਮਲਨਾਥ ਦੀ ਪਹੁੰਚ ਇਹ ਰਹੀ ਹੈ, ਕਿ ਇਹ ਚੋਣਾਂ 'ਇੰਡੀਆ' ਗੱਠਜੋੜ ਵਿਚ ਸ਼ਾਮਿਲ ਹੋਰ ਭਾਈਵਾਲਾਂ, ਖ਼ਾਸ ਕਰਕੇ ਅਖਿਲੇਸ਼ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ, ਜਿਸ ਦਾ ਮੱਧ ਪ੍ਰਦੇਸ਼ ਦੇ ਕੁਝ ਇਲਾਕਿਆਂ ਵਿਚ ਕਾਫ਼ੀ ਪ੍ਰਭਾਵ ਹੈ, ਨੂੰ ਨਾਲ ਲੈ ਕੇ ਨਾ ਲੜੀਆਂ ਜਾਣ, ਸਗੋਂ ਕਾਂਗਰਸ ਆਪਣੇ ਤੌਰ 'ਤੇ ਹੀ ਇਹ ਚੋਣਾਂ ਲੜੇ। ਉਨ੍ਹਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਕਾਂਗਰਸ ਆਪਣੇ ਤੌਰ 'ਤੇ ਰਾਜਸਥਾਨ, ਮੱਧ ਪ੍ਰਦੇਸ਼ ਵਿਚ ਭਾਜਪਾ ਨੂੰ ਹਰਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਇਸੇ ਤਰ੍ਹਾਂ ਛੱਤੀਸਗੜ੍ਹ ਵਿਚ ਕਾਂਗਰਸ ਦੇ ਉਸ ਸਮੇਂ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੂੰ ਵੀ ਪੂਰਾ-ਪੂਰਾ ਵਿਸ਼ਵਾਸ ਸੀ ਕਿ ਉਹ ਆਪਣੀਆਂ ਲੋਕ ਭਲਾਈ ਦੀਆਂ ਯੋਜਨਾਵਾਂ ਦੇ ਸਿਰ 'ਤੇ ਭਾਜਪਾ ਨੂੰ ਹਰਾਉਣ ਦੇ ਪੂਰੀ ਤਰ੍ਹਾਂ ਸਮਰੱਥ ਹਨ। ਕਾਂਗਰਸ ਦੇ ਖੇਤਰੀ ਲੀਡਰਾਂ ਦੇ ਇਸ ਤਰ੍ਹਾਂ ਦੇ ਵਤੀਰੇ ਦੇ ਆਧਾਰ 'ਤੇ ਕਾਂਗਰਸ ਹਾਈਕਮਾਨ ਵੀ ਇਹ ਗੱਲ ਮੰਨਣ ਲਈ ਮਜਬੂਰ ਹੋ ਗਈ, ਕਿ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਚੋਣਾਂ ਕਾਂਗਰਸ ਵਲੋਂ ਹੀ ਲੜੀਆਂ ਜਾਣ, ਇਸ ਲਈ 'ਇੰਡੀਆ' ਗੱਠਜੋੜ ਦੇ ਦੂਜੇ ਭਾਈਵਾਲਾਂ ਨੂੰ ਨਾਲ ਲੈਣ ਜਾਂ ਉਨ੍ਹਾਂ ਨਾਲ ਸਲਾਹ ਮਸ਼ਵਿਰਾ ਕਰਕੇ, ਉਨ੍ਹਾਂ ਨੇਤਾਵਾਂ ਨੂੰ ਚੋਣ ਪ੍ਰਚਾਰ ਲਈ ਚੋਣਾਂ ਵਾਲੇ ਰਾਜਾਂ ਵਿਚ ਬੁਲਾਉਣ ਦੀ ਕੋਈ ਲੋੜ ਨਹੀਂ ਹੈ। ਇਕ ਤਰ੍ਹਾਂ ਨਾਲ ਕਾਂਗਰਸ ਨੇ ਕੁਝ ਮਹੀਨੇ ਪਹਿਲਾਂ, ਜਿਹੜਾ 'ਇੰਡੀਆ' ਗੱਠਜੋੜ ਬਣਾਇਆ ਸੀ, ਉਸ ਨੂੰ ਪੰਜ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਸਰਗਰਮੀਆਂ ਤੇਜ਼ ਹੋਣ ਦੇ ਨਾਲ ਹੀ ਕੋਲਡ ਸਟੋਰ ਵਿਚ ਰੱਖ ਦਿੱਤਾ। ਕਾਂਗਰਸ ਦੀ ਸਮੁੱਚੇ ਤੌਰ 'ਤੇ ਇਹ ਰਾਇ ਬਣ ਗਈ ਸੀ ਕਿ ਇਨ੍ਹਾਂ ਚੋਣਾਂ ਵਿਚ ਪਾਰਟੀ ਮਜ਼ਬੂਤ ਹੋ ਕੇ ਉੱਭਰੇਗੀ ਅਤੇ ਫਿਰ 'ਇੰਡੀਆ' ਗੱਠਜੋੜ ਦੇ ਭਾਈਵਾਲਾਂ ਨਾਲ ਲੋਕ ਸਭਾ ਦੀਆਂ ਆਗਾਮੀ ਚੋਣਾਂ ਲਈ ਆਪਣੀਆਂ ਸ਼ਰਤਾਂ 'ਤੇ ਸੀਟਾਂ ਦਾ ਲੈਣ-ਦੇਣ ਕਰੇਗੀ। ਕਾਂਗਰਸ ਨੂੰ ਇਹ ਵੀ ਵਿਸ਼ਵਾਸ ਸੀ ਕਿ ਜੇ ਇਨ੍ਹਾਂ ਚੋਣਾਂ ਵਿਚ ਕਾਂਗਰਸ ਜੇਤੂ ਹੋ ਕੇ ਉੱਭਰਦੀ ਹੈ ਤਾਂ 'ਇੰਡੀਆ' ਗੱਠਜੋੜ ਦੇ ਬਾਕੀ ਭਾਈਵਾਲ ਉਸ ਦੇ ਦੁਆਲੇ ਹੋਰ ਮਜ਼ਬੂਤੀ ਨਾਲ ਇਕੱਠੇ ਹੋ ਜਾਣਗੇ ਅਤੇ ਉਹ ਪੂਰੀ ਤਰ੍ਹਾਂ 'ਇੰਡੀਆ' ਗੱਠਜੋੜ ਨੂੰ ਆਪਣੇ ਹਿਸਾਬ ਨਾਲ ਚਲਾਉਣ ਦੇ ਸਮਰੱਥ ਹੋ ਜਾਵੇਗੀ। ਕਾਂਗਰਸ ਦਾ ਇਹੀ ਲੋੜ ਤੋਂ ਵੱਧ ਵਿਸ਼ਵਾਸ ਉਸ ਨੂੰ ਲੈ ਡੁੱਬਾ। ਭਾਵੇਂ ਚੋਣਾਂ ਵਾਲੇ ਰਾਜਾਂ ਵਿਚ ਇੰਡੀਆ ਗੱਠਜੋੜ ਦੇ ਬਾਕੀ ਭਾਈਵਾਲਾਂ ਦਾ ਬਹੁਤਾ ਜਨਤਕ ਆਧਾਰ ਨਹੀਂ ਸੀ, ਪਰ ਫਿਰ ਵੀ ਜੇਕਰ ਇਹ ਚੋਣਾਂ ਕਾਂਗਰਸ ਇੰਡੀਆ ਗੱਠਜੋੜ ਦੇ ਭਾਈਵਾਲਾਂ ਨੂੰ ਨਾਲ ਲੈ ਕੇ ਲੜਦੀ ਤਾਂ ਮੁਕਾਬਲਾ ਭਾਜਪਾ ਬਨਾਮ ਇੰਡੀਆ ਗੱਠਜੋੜ ਹੋ ਜਾਣਾ ਸੀ ਤੇ ਸਾਂਝੀ ਚੋਣ ਮੁਹਿੰਮ ਨਾਲ ਕਾਂਗਰਸ ਅਤੇ ਉਸ ਦੇ ਇੰਡੀਆ ਗੱਠਜੋੜ ਦੇ ਹੋਰ ਭਾਈਵਾਲਾਂ ਦੇ ਹੱਕ ਵਿਚ ਇਕ ਤਰ੍ਹਾਂ ਨਾਲ ਹਵਾ ਬਣ ਸਕਦੀ ਸੀ, ਜਿਸ ਦਾ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਵਿਰੋਧੀ ਧਿਰ ਨੂੰ ਫ਼ਾਇਦਾ ਪਹੁੰਚ ਸਕਦਾ ਸੀ ਪਰ ਕਾਂਗਰਸ ਅਜਿਹਾ ਬ੍ਰਿਤਾਂਤ ਸਿਰਜਣ ਦਾ ਮੌਕਾ ਆਪਣੇ ਖੇਤਰੀ ਆਗੂਆਂ ਦੇ ਦਬਾਅ ਹੇਠ ਗੁਆ ਬੈਠੀ।



2. ਭਾਰਤ ਜੋੜੋ ਯਾਤਰਾ ਦੌਰਾਨ ਕਾਂਗਰਸ ਦੇ ਸਾਬਕ ਪ੍ਰਧਾਨ ਅਤੇ ਸੀਨੀਅਰ ਆਗੂ ਸ੍ਰੀ ਰਾਹੁਲ ਗਾਂਧੀ ਨੇ ਵਾਰ-ਵਾਰ ਇਹ ਪ੍ਰਚਾਰ ਕੀਤਾ ਸੀ ਕਿ ਭਾਜਪਾ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਵਿਚਾਰਧਾਰਾ ਘੱਟ ਗਿਣਤੀਆਂ, ਦਲਿਤਾਂ ਅਤੇ ਹੋਰ ਕਮਜ਼ੋਰ ਵਰਗਾਂ ਦੇ ਖ਼ਿਲਾਫ਼ ਹੈ ਅਤੇ ਇਹ ਫਿਰਕੂ ਤਾਕਤਾਂ ਦੇਸ਼ ਦੇ ਅਮਨ ਅਤੇ ਸਦਭਾਵਨਾ ਲਈ ਵੱਡਾ ਖ਼ਤਰਾ ਹਨ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦੇਸ਼ ਦੇ ਸਾਰੇ ਅਸਾਸੇ ਆਪਣੇ ਕਾਰਪੋਰੇਟ ਮਿੱਤਰਾਂ ਖ਼ਾਸ ਕਰਕੇ ਅਡਾਨੀ ਦੇ ਸਪੁਰਦ ਕਰਦੀ ਜਾ ਰਹੀ ਹੈ, ਜਿਸ ਨਾਲ ਦੇਸ਼ ਵਿਚ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਗ਼ਰੀਬ ਵਰਗਾਂ ਦੀ ਹਾਲਤ ਨਿੱਘਰਦੀ ਜਾ ਰਹੀ ਹੈ। ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਸਿਮਟਦੇ ਜਾ ਰਹੇ ਹਨ। ਪਰ ਜਦੋਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੌਰਾਨ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਭਾਰਤ ਜੋੜੋ ਯਾਤਰਾ ਰਾਹੀਂ ਰਾਹੁਲ ਗਾਂਧੀ ਵਲੋਂ ਆਰੰਭੀ ਗਈ ਉਕਤ ਸਿਧਾਂਤਕ ਲੜਾਈ ਨੂੰ ਅੱਗੇ ਲੈ ਕੇ ਜਾਣ ਦਾ ਵਕਤ ਆਇਆ ਤਾਂ ਕਾਂਗਰਸ ਹਾਈਕਮਾਨ ਤੋਂ ਲੈ ਕੇ ਉਸ ਦੇ ਖੇਤਰੀ ਨੇਤਾਵਾਂ ਤੱਕ, ਨੇ ਇਨ੍ਹਾਂ ਮੁੱਦਿਆਂ 'ਤੇ ਕੋਈ ਜ਼ਿਆਦਾ ਜ਼ੋਰ ਨਹੀਂ ਦਿੱਤਾ, ਇਸ ਦੀ ਥਾਂ ਕਾਂਗਰਸ ਦੀ ਚੋਣ ਮੁਹਿੰਮ ਲੋਕਾਂ ਦੇ ਵੱਖ-ਵੱਖ ਵਰਗਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਮੁਫ਼ਤ ਦੇਣ ਦੀਆਂ ਗਾਰੰਟੀਆਂ 'ਤੇ ਆਧਾਰਿਤ ਰਹੀ। ਖ਼ਾਸ ਤੌਰ 'ਤੇ ਮੱਧ ਪ੍ਰਦੇਸ਼ ਵਿਚ ਤਾਂ ਕਮਲਨਾਥ ਭਾਜਪਾ ਤੇ ਸੰਘ ਮਾਰਕਾ ਹਿੰਦੂਤਵ ਨੂੰ ਚੁਣੌਤੀ ਦੇਣ ਦੀ ਥਾਂ 'ਤੇ ਨਰਮ ਹਿੰਦੂਤਵ ਦੀ ਲਾਈਨ ਅਖ਼ਤਿਆਰ ਕਰਦੇ ਹੋਏ ਬਾਬਿਆਂ, ਸਾਧਾਂ ਤੇ ਸੰਤਾਂ ਨੂੰ ਰਿਝਾਉਂਦੇ ਨਜ਼ਰ ਆਏ। ਅਖਲੇਸ਼ ਯਾਦਵ ਦੀ ਸਮਾਜਵਾਦੀ ਪਾਰਟੀ ਨਾਲ ਉਨ੍ਹਾਂ ਨੇ ਇਸ ਕਰਕੇ ਗਠਜੋੜ ਦਾ ਵਿਰੋਧ ਕੀਤਾ, ਕਿਉਂਕਿ ਉਨ੍ਹਾਂ ਮੁਤਾਬਿਕ ਦਾ ਅਕਸ ਮੁਸਲਮਾਨ ਪੱਖੀ ਹੋਣ ਦਾ ਬਣਿਆ ਹੋਇਆ ਹੈ। ਇਸੇ ਤਰ੍ਹਾਂ ਛੱਤੀਸਗੜ੍ਹ ਵਿਚ ਭੂਪੇਸ਼ ਬਘੇਲ ਨੇ ਵੀ ਕੁਝ ਇਹੋ ਜਿਹੀਆਂ ਨੀਤੀਆਂ ਅਖ਼ਤਿਆਰ ਕੀਤੀਆਂ ਜੋ ਹਿੰਦੂਤਵ ਦੇ ਪ੍ਰਭਾਵ ਨੂੰ ਹੋਰ ਵਧਾਉਣ ਵਾਲੀਆਂ ਸਨ। ਇਸ ਦੇ ਸਿੱਟੇ ਵਜੋਂ ਕਾਂਗਰਸ ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਸੰਘੀ ਢਾਂਚੇ ਨੂੰ ਬਰਕਰਾਰ ਰੱਖਣ ਦੇ ਆਪਣੇ ਬਹੁ-ਪ੍ਰਚਾਰੇ ਸਿਧਾਂਤਾਂ ਨੂੰ ਅੱਗੇ ਲੈ ਕੇ ਜਾਣ ਤੋਂ ਗੁਰੇਜ਼ ਕਰਦੀ ਨਜ਼ਰ ਆਈ। ਇਸ ਦਾ ਲਾਭ ਵੀ ਭਾਜਪਾ ਨੂੰ ਹੀ ਮਿਲਿਆ।

3. ਭਾਜਪਾ ਦੀ ਜਿੱਤ ਦਾ ਤੀਜਾ ਵੱਡਾ ਕਾਰਨ ਇਹ ਰਿਹਾ ਕਿ ਕਾਂਗਰਸ ਦੇ ਕੋਲ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਕੱਦ ਦਾ ਕੋਈ ਵੱਡਾ ਲੀਡਰ ਨਹੀਂ ਹੈ ਅਤੇ ਨਾ ਹੀ ਕੋਈ ਅਜਿਹਾ ਲੀਡਰ ਹੈ, ਜੋ ਸ੍ਰੀ ਨਰਿੰਦਰ ਮੋਦੀ ਦੀ ਤਰ੍ਹਾਂ ਹੀ ਹਿੰਦੀ ਵਿਚ ਪ੍ਰਭਾਵਸ਼ਾਲੀ ਭਾਸ਼ਨ ਕਰ ਕੇ ਲੋਕਾਂ ਨੂੰ ਵੱਡੀ ਪੱਧਰ 'ਤੇ ਆਪਣੇ ਨਾਲ ਜੋੜਨ ਦੇ ਸਮਰੱਥ ਹੋਵੇ। ਖ਼ਾਸ ਕਰ ਕੇ ਉੱਤਰੀ ਭਾਰਤ ਵਿਚ ਅਜਿਹੇ ਵੱਡੇ ਲੀਡਰ ਦੀ ਕਾਂਗਰਸ ਵਿਚ ਬੇਹੱਦ ਘਾਟ ਪਾਈ ਜਾ ਰਹੀ ਹੈ। ਕਾਂਗਰਸ ਦੇ ਇਸ ਸਮੇਂ ਦੇ ਪ੍ਰਧਾਨ ਮਲਿਕਅਰਜੁਨ ਖੜਗੇ ਬੜੇ ਸਿਆਣੇ ਅਤੇ ਤਜਰਬੇਕਾਰ ਲੀਡਰ ਜ਼ਰੂਰ ਹਨ, ਜਦੋਂ ਤੋਂ ਉਨ੍ਹਾਂ ਨੇ ਕਾਂਗਰਸ ਦੀ ਪ੍ਰਧਾਨਗੀ ਸੰਭਾਲੀ ਹੈ, ਉਨ੍ਹਾਂ ਨੇ ਕਾਂਗਰਸ ਨੂੰ ਪਹਿਲਾਂ ਨਾਲੋਂ ਵਧੇਰੇ ਸਰਗਰਮ ਕੀਤਾ ਹੈ। ਪਾਰਟੀ ਦੇ ਜਥੇਬੰਦਕ ਢਾਂਚੇ ਵਿਚ ਵੀ ਉਨ੍ਹਾਂ ਨੇ ਕੁਝ ਊਰਜਾ ਭਰੀ ਹੈ, ਪਰ ਫਿਰ ਵੀ ਮਲਿਕਅਰਜੁਨ ਖੜਗੇ ਦੱਖਣੀ ਭਾਰਤ ਵਿਚ ਤਾਂ ਕਾਫ਼ੀ ਹੱਦ ਤਕ ਮਕਬੂਲ ਹਨ, ਪਰ ਉੱਤਰੀ ਭਾਰਤ ਵਿਚ ਉਨ੍ਹਾਂ ਦੀ ਬਹੁਤੀ ਮਕਬੂਲੀਅਤ ਨਹੀਂ ਹੈ। ਇਸੇ ਚੀਜ਼ ਨੂੰ ਮੁੱਖ ਰੱਖ ਕੇ ਭਾਜਪਾ ਨੇ ਇਹ ਸਾਰੀਆਂ ਵਿਧਾਨ ਸਭਾ ਚੋਣਾਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਚਿਹਰੇ ਨੂੰ ਅੱਗੇ ਰੱਖ ਕੇ ਹੀ ਲੜੀਆਂ ਤੇ ਇਸ ਰਣਨੀਤੀ ਦਾ ਭਾਜਪਾ ਨੂੰ ਵੱਡਾ ਲਾਭ ਵੀ ਮਿਲਿਆ। ਇਸ ਨਾਲ 2024 ਦੀਆਂ ਲੋਕ ਸਭਾ ਚੋਣਾਂ ਲਈ ਵੀ ਭਾਜਪਾ ਤੇ ਸ੍ਰੀ ਨਰਿੰਦਰ ਮੋਦੀ ਦਾ ਰਸਤਾ ਕੁਝ ਹੱਦ ਤਕ ਆਸਾਨ ਹੋਇਆ ਨਜ਼ਰ ਆਇਆ।

4. ਭਾਜਪਾ ਦੀ ਜਿੱਤ ਦਾ ਚੌਥਾ ਵੱਡਾ ਕਾਰਨ ਇਹ ਹੈ ਕਿ ਭਾਜਪਾ ਦੀਆਂ ਇਸ ਸਮੇਂ ਦੇਸ਼ ਦੇ ਬਹੁਤੇ ਰਾਜਾਂ ਵਿਚ ਆਪਣੀਆਂ ਹਕੂਮਤਾਂ ਹਨ ਅਤੇ ਉਸ ਦਾ ਮਜ਼ਬੂਤ ਜਥੇਬੰਦਕ ਢਾਂਚਾ ਵੀ ਹੈ। ਇਸ ਤੋਂ ਇਲਾਵਾ ਆਰ.ਐਸ.ਐਸ. ਦਾ ਮਜ਼ਬੂਤ ਤਾਣਾ-ਬਾਣਾ ਵੀ ਹਰ ਸਮੇਂ ਉਸ ਦੀ ਮਦਦ 'ਤੇ ਰਹਿੰਦਾ ਹੈ, ਤੇ ਹਰ ਸਮੇਂ ਸਮਾਜ ਦੇ ਵੱਖ-ਵੱਖ ਵਰਗਾਂ ਵਿਚ ਆਪਣੀਆਂ ਵੱਖ-ਵੱਖ ਸੰਸਥਾਵਾਂ ਬਣਾ ਕੇ ਉਹ ਆਪਣੀਆਂ ਸਰਗਰਮੀਆਂ ਵਿੱਢੀ ਰੱਖਦਾ ਹੈ। ਇਸ ਦਾ ਵੱਡਾ ਲਾਭ ਵੀ ਭਾਜਪਾ ਨੂੰ ਮਿਲਦਾ ਹੈ, ਜਦੋਂ ਕਿ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਦਾ ਜ਼ਮੀਨੀ ਪੱਧਰ 'ਤੇ ਹੇਠਾਂ ਤੱਕ ਇਸ ਤਰ੍ਹਾਂ ਦਾ ਤਾਣਾ-ਬਾਣਾ ਨਹੀਂ ਹੈ, ਜਿਸ ਦਾ ਉਨ੍ਹਾਂ ਨੂੰ ਨੁਕਸਾਨ ਪਹੁੰਚਦਾ ਹੈ। ਆਉਣ ਵਾਲੇ ਸਮੇਂ ਵਿਚ ਭਾਜਪਾ ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਇਸ ਵੱਡੇ ਤੇ ਸਾਂਝੇ ਤਾਣੇ-ਬਾਣੇ ਦਾ ਵਿਰੋਧੀ ਪਾਰਟੀਆਂ ਨੇ ਕਿਵੇਂ ਮੁਕਾਬਲਾ ਕਰਨਾ ਹੈ, ਇਹ ਉਨ੍ਹਾਂ ਲਈ ਇਕ ਵੱਡੀ ਚੁਣੌਤੀ ਹੈ।

ਹੁਣ ਅਸੀਂ ਇਸ ਗੱਲ 'ਤੇ ਚਰਚਾ ਕਰਦੇ ਹਾਂ ਕਿ ਕੀ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਤੇ ਉਸ ਦੇ ਇੰਡੀਆ ਗੱਠਜੋੜ ਦੇ ਹੋਰ ਭਾਈਵਾਲ ਸਾਰੇ ਪੂਰੀ ਤਰ੍ਹਾਂ ਨਿਪਟ ਗਏ ਹਨ ਅਤੇ ਭਾਜਪਾ ਦਾ ਲੋਕ ਸਭਾ ਚੋਣਾਂ ਲਈ ਰਸਤਾ ਵਾਕਈ ਪੂਰੀ ਤਰ੍ਹਾਂ ਆਸਾਨ ਹੋ ਗਿਆ ਹੈ? ਇਸ ਸੁਆਲ ਬਾਰੇ ਜਦੋਂ ਅਸੀਂ ਚਰਚਾ ਆਰੰਭ ਕਰਦੇ ਹਾਂ ਤਾਂ ਸਾਡਾ ਧਿਆਨ ਇਕ ਵਾਰ ਫਿਰ, ਵਿਸ਼ੇਸ਼ ਕਰਕੇ ਚਾਰ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਆਏ ਨਤੀਜਿਆਂ ਵੱਲ ਜਾਂਦਾ ਹੈ। ਬਿਨਾਂ ਸ਼ੱਕ ਇਨ੍ਹਾਂ ਚੋਣਾਂ ਵਿਚ ਭਾਜਪਾ ਨੇ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਪ੍ਰਭਾਵਸ਼ਾਲੀ ਜਿੱਤ ਦਰਜ ਕੀਤੀ ਹੈ ਪਰ ਕੁਲ ਹਾਸਲ ਕੀਤੀਆਂ ਵੋਟਾਂ ਦੇ ਪੱਖ ਤੋਂ ਭਾਜਪਾ ਕਾਂਗਰਸ ਤੋਂ ਪਿੱਛੇ ਰਹੀ ਹੈ। ਪ੍ਰਸਿੱਧ ਚੋਣ ਵਿਸ਼ਲੇਸ਼ਣਕਾਰ ਸ੍ਰੀ ਯੋਗਿੰਦਰ ਯਾਦਵ ਦੇ ਇਕ ਲੇਖ ਮੁਤਾਬਕ ਉਕਤ ਚੋਣਾਂ ਵਿਚ ਭਾਜਪਾ ਨੇ 4,81,33,463 ਵੋਟਾਂ ਹਾਸਲ ਕੀਤੀਆਂ ਹਨ, ਜਦੋਂ ਕਿ ਹਾਰੀ ਹੋਈ ਕਾਂਗਰਸ ਨੇ 4,90,77,907 ਵੋਟਾਂ ਹਾਸਲ ਕੀਤੀਆਂ ਹਨ। ਕਹਿਣ ਦਾ ਭਾਵ ਹੈ ਕਿ ਕਾਂਗਰਸ ਨੇ ਹਾਰ ਕੇ ਵੀ ਭਾਜਪਾ ਤੋਂ 9 ਲੱਖ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਹਨ। ਜੇਕਰ ਵੱਖ-ਵੱਖ ਰਾਜਾਂ ਦੀ ਸਥਿਤੀ ਨੂੰ ਦੇਖੀਏ ਤਾਂ ਭਾਜਪਾ ਤੇ ਕਾਂਗਰਸ ਦਰਮਿਆਨ ਵੋਟਾਂ ਦਾ ਬਹੁਤ ਜ਼ਿਆਦਾ ਫ਼ਰਕ ਨਜ਼ਰ ਨਹੀਂ ਆਉਂਦਾ। ਰਾਜਸਥਾਨ ਵਿਚ ਭਾਜਪਾ ਨੇ 41.7 ਫ਼ੀਸਦੀ ਅਤੇ ਕਾਂਗਰਸ ਨੇ 39.6 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ। ਫ਼ਰਕ ਸਿਰਫ਼ 2 ਫ਼ੀਸਦੀ ਦਾ ਹੈ। ਛੱਤੀਸਗੜ੍ਹ ਵਿਚ ਭਾਜਪਾ ਨੇ 46.3 ਫ਼ੀਸਦੀ ਅਤੇ ਕਾਂਗਰਸ ਨੇ 42.2 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ। ਫ਼ਰਕ ਸਿਰਫ਼ 4 ਫ਼ੀਸਦੀ ਦਾ ਹੈ। ਮੱਧ ਪ੍ਰਦੇਸ਼ ਵਿਚ ਭਾਜਪਾ ਨੇ 48.6 ਫ਼ੀਸਦੀ ਅਤੇ ਕਾਂਗਰਸ ਨੇ 40 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ। ਇਥੇ ਫ਼ਰਕ 8.6 ਫ਼ੀਸਦੀ ਦਾ ਹੈ, ਜਿਸ ਨੂੰ ਵੱਡਾ ਫ਼ਰਕ ਜ਼ਰੂਰ ਕਿਹਾ ਜਾ ਸਕਦਾ ਹੈ। ਜਿਥੋਂ ਤਕ ਚੌਥੇ ਰਾਜ ਤੇਲੰਗਾਨਾ ਦਾ ਸੰਬੰਧ ਹੈ, ਉਥੇ ਕਾਂਗਰਸ ਨੇ 39.4 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਹਨ, ਜਦੋਂ ਕਿ ਭਾਜਪਾ ਨੂੰ 13.9 ਫ਼ੀਸਦੀ ਵੋਟਾਂ ਹੀ ਮਿਲੀਆਂ ਹਨ। ਪਰ ਇਸ ਰਾਜ ਵਿਚ ਕਾਂਗਰਸ ਦਾ ਮੁੱਖ ਮੁਕਾਬਲਾ ਚੰਦਰਸ਼ੇਖਰ ਰਾਓ ਦੀ ਅਗਵਾਈ ਵਾਲੀ ਭਾਰਤ ਰਾਸ਼ਟਰੀ ਸਮਿਤੀ ਨਾਲ ਹੀ ਸੀ। ਭਾਜਪਾ ਦਾ ਲੋਕ ਆਧਾਰ ਉਥੇ ਕਾਫ਼ੀ ਘੱਟ ਹੈ। ਇਹ ਸਮੁੱਚੇ ਅੰਕੜੇ ਇਹ ਸਾਬਤ ਕਰਨ ਲਈ ਕਾਫ਼ੀ ਹਨ ਕਿ ਕਾਂਗਰਸ ਅਜੇ ਵੀ ਬਹੁਤ ਵੱਡਾ ਵੋਟ ਆਧਾਰ ਰੱਖਦੀ ਹੈ। ਜੇਕਰ 2024 ਦੀਆਂ ਲੋਕ ਸਭਾ ਚੋਣਾਂ ਤਕ ਕਾਂਗਰਸ ਆਪਣਾ ਇਹ ਵੋਟ ਆਧਾਰ ਬਣਾਈ ਰੱਖਦੀ ਹੈ ਜਾਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਸਬਕ ਸਿਖਦਿਆਂ ਆਪਣੇ ਇੰਡੀਆ ਗੱਠਜੋੜ ਦੇ ਭਾਈਵਾਲਾਂ ਨਾਲ ਸਾਂਝੀ ਰਣਨੀਤੀ ਬਣਾ ਕੇ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਲੋਕ ਸਭਾ ਚੋਣਾਂ ਲੜਦੀ ਹੈ, ਤੇ ਇਸ ਤਰ੍ਹਾਂ ਇਨ੍ਹਾਂ ਰਾਜਾਂ ਵਿਚ ਆਪਣੇ ਵੋਟ ਆਧਾਰ ਨੂੰ ਕੁਝ ਫ਼ੀਸਦੀ ਹੋਰ ਵਧਾਉਣ ਵਿਚ ਸਫ਼ਲ ਹੁੰਦੀ ਹੈ ਤਾਂ ਭਾਜਪਾ ਆਪਣੀ 2019 ਦੀਆਂ ਲੋਕ ਸਭਾ ਚੋਣਾਂ ਵਾਲੀ ਕਾਰਗੁਜ਼ਾਰੀ ਦੁਹਰਾਉਣ ਦੇ ਸਮਰੱਥ ਨਹੀਂ ਹੋ ਸਕੇਗੀ। 2019 ਦੀਆਂ ਲੋਕ ਸਭਾ ਚੋਣਾਂ ਵਿਚ ਮੱਧ ਪ੍ਰਦੇਸ਼, ਛੱਤੀਸਗੜ, ਰਾਜਸਥਾਨ ਤੇਲੰਗਾਨਾ ਤੇ ਮਿਜ਼ੋਰਮ ਵਿਚ ਲੋਕ ਸਭਾ ਦੀਆਂ ਕੁਲ 83 ਸੀਟਾਂ ਵਿਚੋਂ ਭਾਜਪਾ 65 ਸੀਟਾਂ ਹਾਸਲ ਕਰਨ ਵਿਚ ਸਫ਼ਲ ਹੋਈ ਸੀ। ਪਰ ਇਸ ਵਾਰ ਉਸ ਵਲੋਂ ਇੰਨੀਆਂ ਸੀਟਾਂ ਹਾਸਲ ਕਰਨ ਦੀ ਸੰਭਾਵਨਾ ਨਹੀਂ ਰਹੇਗੀ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਭਾਵੇਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਕਾਂਗਰਸ ਹਾਰ ਗਈ ਹੈ ਅਤੇ ਇਸ ਨਾਲ ਭਾਜਪਾ ਦੇ ਹੌਂਸਲੇ ਬੇਹੱਦ ਵਧੇ ਹਨ, ਪਰ ਇਸ ਦੇ ਬਾਵਜੂਦ ਕਾਂਗਰਸ ਦੀ ਇਨ੍ਹਾਂ ਰਾਜਾਂ ਵਿਚ ਰਾਜਨੀਤਕ ਚੁਣੌਤੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਸਿਆਸੀ ਵਿਸ਼ਲੇਸ਼ਣਕਾਰਾਂ ਦਾ ਇਕ ਵੱਡਾ ਹਿੱਸਾ ਇਹ ਵੀ ਮੰਨਦਾ ਹੈ ਕਿ ਜਦੋਂ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਹੁੰਦੀਆਂ ਹਨ ਤਾਂ ਵੋਟਰ ਖੇਤਰੀ ਸਰੋਕਾਰਾਂ ਨੂੰ ਵਧੇਰੇ ਧਿਆਨ ਵਿਚ ਰੱਖ ਕੇ ਵੋਟਾਂ ਪਾਉਂਦੇ ਹਨ। ਪਰ ਜਦੋਂ ਲੋਕ ਸਭਾ ਦੀਆਂ ਚੋਣਾਂ ਹੁੰਦੀਆਂ ਹਨ ਤਾਂ ਵੋਟਰਾਂ ਦਾ ਧਿਆਨ ਵਧੇਰੇ ਕਰਕੇ ਕੌਮੀ ਸਰੋਕਾਰਾਂ ਵੱਲ ਰਹਿੰਦਾ ਹੈ। ਇਸ ਕਾਰਨ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਨਤੀਜੇ ਹੋਰ ਹੁੰਦੇ ਹਨ ਅਤੇ ਲੋਕ ਸਭਾ ਦੀਆਂ ਚੋਣਾਂ ਵਿਚ ਨਤੀਜੇ ਵੱਖਰੇ ਹੋ ਜਾਂਦੇ ਹਨ। ਖ਼ਾਸ ਕਰਕੇ ਸਿਆਸੀ ਵਿਸ਼ਲੇਸ਼ਕ ਇਹ ਦਲੀਲ ਵੀ ਦਿੰਦੇ ਹਨ ਕਿ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ 2018 ਵਿਚ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਚੋਣਾਂ ਵਿਚ ਕਾਂਗਰਸ ਜਿੱਤੀ ਸੀ, ਪਰ ਲੋਕ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਇਨ੍ਹਾਂ ਰਾਜਾਂ ਵਿਚ ਬੁਰੀ ਤਰ੍ਹਾਂ ਹਾਰ ਗਈ ਸੀ। ਇਸ ਲਈ ਇਹ ਗਰੰਟੀ ਨਾਲ ਨਹੀਂ ਕਿਹਾ ਜਾ ਸਕਦਾ ਕਿ ਜੇਕਰ ਉਪਰੋਕਤ ਤਿੰਨਾਂ ਰਾਜਾਂ ਵਿਚ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਹਾਰ ਗਈ ਹੈ ਤਾਂ ਲਾਜ਼ਮੀ ਹੀ ਉਹ ਲੋਕ ਸਭਾ ਦੀਆਂ ਚੋਣਾਂ ਵਿਚ ਵੀ ਹਾਰ ਹੀ ਜਾਵੇਗੀ। ਸਿਆਸੀ ਮਾਹਿਰਾਂ ਦਾ ਇਹ ਵੀ ਨਜ਼ਰੀਆ ਹੈ ਕਿ ਹਰ ਚੋਣ ਵੱਖਰੀ ਹੁੰਦੀ ਹੈ, ਤੇ ਹਰ ਚੋਣ ਸਮੇਂ ਵੱਖਰੇ-ਵੱਖਰੇ ਹਾਲਾਤ ਹੁੰਦੇ ਹਨ, ਜੋ ਚੋਣਾਂ ਵਿਚ ਕਿਸੇ ਧਿਰ ਦੀ ਜਿੱਤ ਅਤੇ ਹਾਰ ਤੈਅ ਕਰਦੇ ਹਨ। ਅਜੇ ਲੋਕ ਸਭਾ ਦੀਆਂ ਚੋਣਾਂ ਹੋਣ ਲਈ ਉਂਝ ਵੀ ਲਗਭਗ ਪੰਜ ਮਹੀਨੇ ਦਾ ਸਮਾਂ ਬਾਕੀ ਹੈ, ਇਸ ਸਮੇਂ ਦੌਰਾਨ ਦੇਸ਼ ਦੀ ਰਾਜਨੀਤੀ ਕੀ ਰੁਖ਼ ਅਖ਼ਤਿਆਰ ਕਰਦੀ ਹੈ, ਇਹ ਕਹਿਣਾ ਮੁਸ਼ਕਿਲ ਹੋਵੇਗਾ।

ਇਸ ਸੁਆਲ ਦਾ ਜਵਾਬ ਇਸ ਗੱਲ ਤੋਂ ਵੀ ਮਿਲੇਗਾ ਕਿ ਆਉਣ ਵਾਲੇ ਸਮੇਂ ਵਿਚ ਕਾਂਗਰਸ ਅਤੇ ਉਸ ਦੇ ਇੰਡੀਆ ਗੱਠਜੋੜ ਦੇ ਹੋਰ ਭਾਈਵਾਲ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਸਬਕ ਸਿੱਖਦੇ ਹੋਏ, ਲੋਕ ਸਭਾ ਦੀਆਂ ਚੋਣਾਂ ਲਈ ਕਿਸ ਤਰ੍ਹਾਂ ਦੀ ਢੁਕਵੀਂ ਰਣਨੀਤੀ ਬਣਾਉਂਦੇ ਹਨ। ਸਿਆਸੀ ਮਾਹਿਰਾਂ ਦਾ ਵਿਸ਼ੇਸ਼ ਤੌਰ 'ਤੇ ਇਹ ਵੀ ਕਹਿਣਾ ਹੈ ਕਿ ਜੇਕਰ ਇੰਡੀਆ ਗੱਠਜੋੜ ਦੇ ਭਾਈਵਾਲ ਘੱਟੋ-ਘੱਟ 350-400 ਸੀਟਾਂ 'ਤੇ ਭਾਜਪਾ ਦੇ ਮੁਕਾਬਲੇ ਵਿਚ ਸਾਂਝੇ ਉਮੀਦਵਾਰ ਖੜ੍ਹੇ ਕਰਨ ਦੇ ਸਮਰੱਥ ਹੋ ਗਏ ਅਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਇਕ ਸਾਂਝਾ ਰਾਜਨੀਤਕ ਮਨੋਰਥ ਪੱਤਰ ਲੈ ਕੇ ਚੋਣ ਮੈਦਾਨ ਵਿਚ ਕੁੱਦ ਪਏ, ਤਾਂ 2024 ਦੀਆਂ ਲੋਕ ਸਭਾ ਚੋਣਾਂ ਭਾਜਪਾ ਲਈ 2019 ਦੀਆਂ ਲੋਕ ਸਭਾ ਚੋਣਾਂ ਦੀ ਤਰ੍ਹਾਂ ਬਹੁਤੀਆਂ ਆਸਾਨ ਨਹੀਂ ਰਹਿਣਗੀਆਂ। ਇਕ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਆਉਣ ਵਾਲੇ ਪੰਜ ਮਹੀਨਿਆਂ ਵਿਚ ਭਾਜਪਾ ਅਯੁੱਧਿਆ ਵਿਚ ਰਾਮ ਮੰਦਿਰ ਦਾ ਉਦਘਾਟਨ ਕਰਕੇ ਅਤੇ ਹੋਰ ਰਣਨੀਤੀਆਂ ਨਾਲ ਆਪਣੀ ਹਿੰਦੂਤਵ ਦੀ ਵਿਚਾਰਧਾਰਾ ਨੂੰ, ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕਿਸ ਹੱਦ ਤਕ ਮੁੜ ਵਰਤਣ ਵਿਚ ਸਫ਼ਲ ਹੁੰਦੀ ਹੈ ਅਤੇ ਦੂਜੇ ਪਾਸੇ ਕਾਂਗਰਸ ਅਤੇ ਇੰਡੀਆ ਗੱਠਜੋੜ ਦੇ ਭਾਈਵਾਲ ਭਾਜਪਾ ਦੀ ਇਸ ਚੁਣੌਤੀ ਦਾ ਸਿਧਾਂਤਕ ਤੌਰ 'ਤੇ ਕਿਵੇਂ ਮੁਕਾਬਲਾ ਕਰਦੇ ਹਨ। ਬਿਨਾਂ ਸ਼ੱਕ ਭਾਜਪਾ ਤੇ ਸੰਘ ਨੇ ਹਿੰਦੂਤਵ ਦੇ ਨਾਂਅ 'ਤੇ ਇਕ ਵੱਡਾ ਵੋਟ ਬੈਂਕ ਖੜ੍ਹਾ ਕਰ ਲਿਆ ਹੈ, ਜਿਸ ਤੋਂ ਘੱਟ ਗਿਣਤੀਆਂ ਵਿਚ ਡਰ ਤੇ ਖ਼ੌਫ਼ ਦੀ ਭਾਵਨਾ ਪਾਈ ਜਾ ਰਹੀ ਹੈ। ਧਰਮ-ਨਿਰਪੱਖਤਾ ਵਿਚ ਯਕੀਨ ਰੱਖਣ ਵਾਲੀਆਂ ਧਿਰਾਂ ਵੀ ਕਾਫ਼ੀ ਹੱਦ ਤੱਕ ਦਬਾਅ ਹੇਠ ਆਈਆਂ ਮਹਿਸੂਸ ਕਰ ਰਹੀਆਂ ਹਨ।

ਫਿਲਹਾਲ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਕਾਂਗਰਸ ਅਤੇ ਉਸ ਦੇ ਇੰਡੀਆ ਗੱਠਜੋੜ ਦੇ ਭਾਈਵਾਲਾਂ ਲਈ ਦਿੱਲੀ ਥੋੜ੍ਹੀ ਹੋਰ ਦੂਰ ਜ਼ਰੂਰ ਹੋ ਗਈ ਹੈ। ਪਰ ਦਿੱਲੀ ਪੁੱਜਣ ਲਈ ਭਾਜਪਾ ਦੇ ਮੁਕਾਬਲੇ ਕਿੰਨੀ ਤੇਜ਼ੀ ਨਾਲ ਉਹ ਕਦਮ ਪੁੱਟਦੇ ਹਨ ਅਤੇ ਕੀ ਢੰਗ ਤਰੀਕੇ ਅਪਣਾਉਂਦੇ ਹਨ, ਇਹ ਸਭ ਕੁਝ ਭਵਿੱਖ ਦੀ ਬੁੱਕਲ ਵਿਚ ਹੈ, ਜੋ ਸਮੇਂ ਨਾਲ ਹੀ ਸਾਡੇ ਸਾਹਮਣੇ ਆਵੇਗਾ।

# ਭ੍ਰਿਸ਼ਟਾਚਾਰ ਦੇ ਹਨ ਰੂਪ ਅਨੇਕ



-ਪ੍ਰੋ. ਪਰਮਜੀਤ ਸਿੰਘ ਨਿੱਕੇ

ਅੱਜ ਕੌਮਾਂਤਰੀ ਪੱਧਰ ’ਤੇ ‘ਭ੍ਰਿਸ਼ਟਾਚਾਰ ਵਿਰੋਧੀ ਦਿਵਸ’ ਮਨਾਇਆ ਜਾ ਰਿਹਾ ਹੈ। ਸੰਨ 2003 ਦੀ 31 ਅਕਤੂਬਰ ਨੂੰ ਹੋਈ ਸੰਯੁਕਤ ਰਾਸ਼ਟਰ ਸੰਘ ਦੀ ‘ਭ੍ਰਿਸ਼ਟਾਚਾਰ ਵਿਰੋਧੀ ਕਨਵੈਨਸ਼ਨ’ ਪਿੱਛੋਂ ਇਹ ਦਿਵਸ ਹਰ ਸਾਲ 9 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਆਮ ਲੋਕਾਂ ਨੂੰ ਸਮਾਜ ਵਿਚ ਫੈਲੇ ਹਰ ਤਰ੍ਹਾਂ ਦੇ ਭ੍ਰਿਸ਼ਟਾਚਾਰ ਸਬੰਧੀ ਜਾਗਰੂਕ ਹੋਣ ਅਤੇ ਇਸ ਖ਼ਿਲਾਫ਼ ਡਟ ਕੇ ਆਵਾਜ਼ ਬੁਲੰਦ ਕਰਨ ਹਿਤ ਪ੍ਰੇਰਿਤ ਕਰਨਾ ਹੈ। ਸੰਯੁਕਤ ਰਾਸ਼ਟਰ ਸੰਘ ਇਹ ਮੰਨਦਾ ਹੈ ਕਿ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਖੇਤਰਾਂ ਵਿਚ ਪਸਰੀਆਂ ਹੋਈਆਂ ਹਨ ਤੇ ਭ੍ਰਿਸ਼ਟਾਚਾਰ ਹਰੇਕ ਦੇਸ਼ ਦੇ ਦੇਸ਼ਵਾਸੀ ਦੀ ਤਰੱਕੀ ਨੂੰ ਪ੍ਰਾਵਿਤ ਕਰਦਾ ਹੈ। ਯੂਐੱਨਓ ਦੀ ਇਹ ਵੀ ਮਾਨਤਾ ਹੈ ਕਿ ਇਸ ਨਾਲ ਨਜਿੱਠਣ ਲਈ ਸਰਕਾਰ, ਗ਼ੈਰ-ਸਰਕਾਰੀ ਸੰਗਠਨਾਂ, ਸੰਚਾਰ ਮਾਧਿਅਮਾਂ ਅਤੇ ਆਮ ਜਨਤਾ ਨੂੰ ਰਲ ਕੇ ਹੰਭਲਾ ਮਾਰਨਾ ਪਵੇਗਾ। ਕੌਮਾਂਤਰੀ ਪੱਧਰ ’ਤੇ ਬਣਾਏ ਜਾਂਦੇ ‘ਕੁਰੱਪਸ਼ਨ ਪਰਸੈਪਸ਼ਨ ਇੰਡੈਕਸ’ ਭਾਵ ‘ਭ੍ਰਿਸ਼ਟਾਚਾਰ ਸੂਚਕ ਅੰਕ’ ਵੱਲੋਂ ਜਨਵਰੀ 2023 ਵਿਚ ਜਾਰੀ ਕੀਤੇ ਅੰਕੜਿਆਂ ਅਨੁਸਾਰ 180 ਮੁਲਕਾਂ ਵਿੱਚੋਂ ਡੈਨਮਾਰਕ, ਨਿਊਜ਼ੀਲੈਂਡ, ਫਿਨਲੈਂਡ, ਨਾਰਵੇ ਅਤੇ ਸਿੰਗਾਪੁਰ ਆਦਿ ਜਿਹੇ ਮੁਲਕ ਦੁਨੀਆ ਦੇ ਸਭ ਤੋਂ ਘੱਟ ਭ੍ਰਿਸ਼ਟ ਮੁਲਕਾਂ ਵਿਚ ਗਿਣੇ ਜਾਂਦੇ ਹਨ ਜਦਕਿ ਸੀਰੀਆ, ਸੂਡਾਨ ਅਤੇ ਸੋਮਾਲੀਆ ਦਾ ਸ਼ੁਮਾਰ ਚੋਟੀ ਦੇ ਭ੍ਰਿਸ਼ਟ ਦੇਸ਼ਾਂ ਵਿਚ ਹੁੰਦਾ ਹੈ। ਇਸ ਸੂਚੀ ਵਿਚ ਭਾਰਤ 85ਵੇਂ ਨੰਬਰ ’ਤੇ ਆਉਂਦਾ ਹੈ।

ਉਂਜ ਭਾਰਤ ਵਿਚ ਭ੍ਰਿਸ਼ਟਾਚਾਰ ਬਾਰੇ ਜ਼ਿਆਦਾਤਰ ਭਾਰਤੀਆਂ ਦੀ ਆਮ ਧਾਰਨਾ ਹੈ ਕਿ ਰਿਸ਼ਵਤ ਲੈ ਕੇ ਕੰਮ ਕਰਨਾ ਹੀ ਭ੍ਰਿਸ਼ਟਾਚਾਰ ਹੁੰਦਾ ਹੈ।

15 ਅਗਸਤ 1947 ਨੂੰ ਆਜ਼ਾਦ ਹੋਏ ਸਾਡੇ ਮੁਲਕ ਵਿਚ ਹੁਣ ਤੱਕ ਕਈ ਲੱਖ ਕਰੋੜ ਰੁਪਏ ਦੇ ਘੁਟਾਲੇ ਹੋ ਚੁੱਕੇ ਹਨ ਤੇ ਵੱਡੇ ਘੁਟਾਲੇਬਾਜ਼ਾਂ ਵਿੱਚੋਂ ਇਕ ਜਾਂ ਦੋ ਨੂੰ ਛੱਡ ਕੇ ਬਾਕੀਆਂ ਨੂੰ ਕਾਨੂੰਨ ਵੱਲੋਂ ਕੋਈ ਵੱਡੀ ਸਜ਼ਾ ਮਿਲਣ ਦੇ ਪ੍ਰਮਾਣ ਮੌਜੂਦ ਨਹੀਂ ਹਨ। ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਅਨੇਕਾਂ ਘੁਟਾਲੇਬਾਜ਼ ਸਾਲਾਂਬੱਧੀ ਚੱਲਦੀ ਕਾਨੂੰਨੀ ਪ੍ਰਕਿਰਿਆ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਇਸ ਫ਼ਾਨੀ ਸੰਸਾਰ ਤੋਂ ਜਾ ਵੀ ਚੁੱਕੇ ਹਨ ਤੇ ਕਈ ਮਹਾ-ਘੁਟਾਲੇਬਾਜ਼ ਤਾਂ ਭਾਰਤ ਛੱਡ ਕੇ ਹੋਰ ਮੁਲਕਾਂ ਵਿਚ ਐਸ਼ਪ੍ਰਸਤੀ ਭਰੀ ਜ਼ਿੰਦਗੀ ਜੀਅ ਰਹੇ ਹਨ।

ਬਹੁਤੇ ਭਾਰਤ ਵਾਸੀ ਇਹ ਆਖ਼ਦੇ ਹਨ ਕਿ ਇੱਥੇ ਸਰਕਾਰੀ ਅਧਿਕਾਰੀ ਜਾਂ ਮੰਤਰੀ ਬਿਨਾਂ ਕਮਿਸ਼ਨ ਜਾਂ ਰਿਸ਼ਵਤ ਲਏ ਕੰਮ ਨਹੀਂ ਕਰਦੇ। ਕੋਈ ਵੀ ਅਧਿਕਾਰੀ, ਮੰਤਰੀ ਜਾਂ ਕਿਸੇ ਮੰਤਰੀ ਦਾ ਰਿਸ਼ਤੇਦਾਰ ਜਦੋਂ ਰਿਸ਼ਵਤ ਲੈਂਦਿਆਂ ਹੋਇਆਂ ਪੁਲਿਸ ਜਾਂ ਵਿਜੀਲੈਂਸ ਵੱਲੋਂ ਗਿ ?ਰਫ਼ਤਾਰ ਕਰ ਲਿਆ ਜਾਂਦਾ ਹੈ ਤਾਂ ਅਖ਼ਬਾਰਾਂ ’ਚ ਛਪੀਆਂ ਅਜਿਹੀਆਂ ਖ਼ਬਰਾਂ ਅਤੇ ਤਸਵੀਰਾਂ ਵੇਖ ਕੇ ਲੋਕ ਬਹੁਤ ਖ਼ੁਸ਼ ਹੁੰਦੇ ਹਨ ਅਤੇ ਕਾਨੂੰਨ ਦੇ ਸ਼ਿਕੰਜੇ ਵਿਚ ਆਏ ਭ੍ਰਿਸ਼ਟਾਚਾਰੀਆਂ ਨਾਲ ਆਪਣੀ ਤੁਲਨਾ ਕਰ ਕੇ ਉਹ ਖ਼ੁਦ ਨੂੰ ਇਮਾਨਦਾਰ, ਨਿਰਦੋਸ਼ ਤੇ ਭੋਲਾਭਾਲਾ ਮੰਨਦੇ ਹਨ। ਸਾਨੂੰ ਆਪਣੇ ਜ਼ਮੀਰ ਅੰਦਰ ਝਾਕ ਕੇ ਖ਼ੁਦ ਨੂੰ ਸਵਾਲ ਪੁੱਛਣਾ ਚਾਹੀਦਾ ਹੈ ਕਿ ਕੀ ਅਸੀਂ ਆਪਣੇ ਦੋਪਹੀਆ ਜਾਂ ਚਾਰ ਪਹੀਆ ਵਾਹਨ ਦੇ ਸਾਰੇ ਦਸਤਾਵੇਜ਼ ਸਦਾ ਪੂਰੇ ਰੱਖਦੇ ਹਾਂ? ਕੀ ਸੜਕੀ ਸੁਰੱਖਿਆ ਨਿਯਮਾਂ ਤਹਿਤ ਅਸੀ ਹੈਲਮਟ ਜਾਂ ਸੀਟ ਬੈਲਟ ਲਾ ਕੇ ਵਾਹਨ ਚਲਾਉਂਦੇ ਹਾਂ? ਕੀ ਵਿਦੇਸ਼ੀ ਨਾਗਰਿਕਾਂ ਦੀ ਤਰ੍ਹਾਂ ਅਸੀਂ ਟਰੈਫਿਕ ਦੇ ਸਾਰੇ ਨੇਮਾਂ ਦੀ ਪਾਲਣਾ ਪੂਰੀ ਦਿਆਨਦਾਰੀ ਨਾਲ ਕਰਦੇ ਹਾਂ? ਕੀ ਅਸੀਂ ਸੜਕ ਜਾਂ ਰੇਲ ਹਾਦਸੇ ਵਿਚ ਜ਼ਖ਼ਮੀ ਹੋਏ ਲੋਕਾਂ ਦੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ ’ਤੇ ਪੋਸਟ ਕਰਨ ਦੀ ਥਾਂ ਉਨ੍ਹਾਂ ਨੂੰ ਸਮੇਂ ਸਿਰ ਹਸਪਤਾਲ ਲੈ ਕੇ ਜਾਣ ਨੂੰ ਤਰਜੀਹ ਦਿੰਦੇ ਹਾਂ? ਕੀ ਅਸੀਂ ਆਪਣੀਆਂ ਦੁਕਾਨਾਂ, ਘਰਾਂ ਜਾਂ ਕਾਰਖ਼ਾਨਿਆਂ ਦੇ ਬਾਹਰੋਂ ਲੰਘਦੀ ਸੜਕ ’ਤੇ ਆਪਣਾ ਨਿੱਜੀ ਸਾਮਾਨ ਰੱਖ ਕੇ ਨਾਜਾਇਜ਼ ਕਬਜ਼ਾ ਤਾਂ ਨਹੀਂ ਕਰ ਰੱਖਿਆ ਹੈ? ਇਨ੍ਹਾਂ ਸਵਾਲਾਂ ਦੇ ‘ਹਾਂ’ ਜਾਂ ‘ਨਾਂਹ’ ਵਿਚ ਦਿੱਤੇ ਗਏ ਜਵਾਬ ਹੀ ਸਾਬਿਤ ਕਰ ਦੇਣਗੇ ਕਿ ਅਸੀਂ ਖ਼ੁਦ ਭ੍ਰਿਸ਼ਟਾਚਾਰੀ ਹਾਂ ਜਾਂ ਨਹੀਂ।

ਜੇ ਅਧਿਆਪਕ ਜਮਾਤ ’ਚ ਜਾ ਕੇ ਆਪਣੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਪੜ੍ਹਾਉਂਦਾ ਨਹੀਂ ਹੈ ਤੇ ਨਾ ਹੀ ਖ਼ੁਦ ਸਕੂਲ ਅਤੇ ਨੌਕਰੀ ਦੇ ਅਨੁਸ਼ਾਸਨ ਦੀ ਪਾਲਣਾ ਕਰਦਾ ਹੈ, ਜੇ ਡਾਕਟਰ ਆਪਣੇ ਮਰੀਜ਼ਾਂ ਨੂੰ ਬੇਲੋੜੇ ਟੈਸਟ ਅਤੇ ਬੇਲੋੜੀਆਂ ਦਵਾਈਆਂ ਲਿਖ ਕੇ ਟੈਸਟ ਸੈਂਟਰ ਜਾਂ ਮੈਡੀਕਲ ਸਟੋਰ ਵਾਲੇ ਤੋਂ ਕਮਿਸ਼ਨ ਲੈਂਦਾ ਹੈ ਤੇ ਆਪਣੀ ਡਿਊਟੀ ਮੌਕੇ ਆਪਣੀ ਸੀਟ ’ਤੇ ਬੈਠ ਕੇ ਮਰੀਜ਼ਾਂ ਦਾ ਮੁਆਇਨਾ ਕਰਨ ਦੀ ਥਾਂ ਨਿੱਜੀ ਕੰਮਾਂ ਵਿਚ ਮਸਰੂਫ਼ ਰਹਿੰਦਾ ਹੈ, ਤਾਂ ਇਹ ਵੀ ਭ੍ਰਿਸ਼ਟਾਚਾਰ ਹੀ ਹੈ। ਜੇ ਨਗਰ ਸਫ਼ਾਈ ਸੇਵਕ ਆਪਣੀ ਡਿਊਟੀ ਦੇ ਅੱਠ ਘੰਟਿਆਂ ਦੌਰਾਨ ਸਫ਼ਾਈ ਦਾ ਕੰਮ ਸਹੀ ਢੰਗ ਨਾਲ ਨਹੀਂ ਕਰਦਾ ਹੈ ਤੇ ਜੇ ਬੱਸ ਡਰਾਈਵਰ ਜਾਂ ਕੰਡਕਟਰ ਬੱਸ ’ਚੋਂ ਤੇਲ ਕੱਢ ਕੇ ਵੇਚਦਾ ਹੈ ਜਾਂ ਕੁਝ ਸਵਾਰੀਆਂ ਦੀਆਂ ਟਿਕਟਾਂ ਕੱਟਣ ਦੀ ਥਾਂ ਉਨ੍ਹਾਂ ਤੋਂ ਲਏ ਕਿਰਾਏ ਨੂੰ ਆਪਣੀ ਜੇਬ ਵਿਚ ਪਾ ਲੈਂਦਾ ਹੈ ਤਾਂ ਤੁਹਾਨੂੰ ਮੰਨਣਾ ਹੀ ਪਵੇਗਾ ਕਿ ਇਹ ਸਭ ‘ਭ੍ਰਿਸ਼ਟਾਚਾਰੀ’ ਹੀ ਹਨ ਤੇ ਖ਼ੁਦ ਭ੍ਰਿਸ਼ਟ ਹੁੰਦਿਆਂ ਹੋਇਆਂ ਇਨ੍ਹਾਂ ਨੂੰ ਭ੍ਰਿਸ਼ਟ ਅਫ਼ਸਰਾਂ ਜਾਂ ਨੇਤਾਵਾਂ ਨੂੰ ਭੰਡਣ ਦਾ ਕੋਈ ਹੱਕ ਨਹੀਂ ਹੈ।

ਜੇ ਅਸੀਂ ਹਰੇਕ ਜੀਵ ਅਤੇ ਸਮੁੱਚੇ ਵਾਤਾਵਰਨ ਲਈ ਹਾਨੀਕਾਰਕ ਤੇ ਸਰਕਾਰ ਵੱਲੋਂ ਪਾਬੰਦੀਸ਼ੁਦਾ ਪਲਾਸਟਿਕ ਜਾਂ ਪੋਲੀਥੀਨ ਤੋਂ ਬਣੇ ਲਿਫ਼ਾਫ਼ਿਆਂ ਦੀ ਵਰਤੋਂ ਕਰਦੇ ਹਾਂ, ਜੇਕਰ ਅਸੀਂ ਆਪਣੀ ਅਤੇ ਹੋਰਨਾਂ ਦੀ ਜਾਨ ਨੂੰ ਖ਼ਤਰੇ ’ਚ ਪਾਉਣ ਵਾਲੇ ਪਾਬੰਦੀਸ਼ੁਦਾ ਜੁਗਾੜੂ ਵਾਹਨਾਂ ਦੀ ਵਰਤੋਂ ਕਰਦੇ ਹਾਂ ਤਾਂ ਇਹ ਵੀ ਭ੍ਰਿਸ਼ਟਾਚਾਰ ਹੀ ਹੈ। ਜੇ ਅਸੀਂ ਘਰ ਦਾ ਕੂੜਾ-ਕਰਕਟ ਨਗਰ ਨਿਗਮ ਜਾਂ ਪੰਚਾਇਤ ਵੱਲੋਂ ਨਿਰਧਾਰਤ ਥਾਵਾਂ ’ਤੇ ਸੁੱਟਣ ਦੀ ਥਾਂ ਆਪਣੀ ਮਨਮਰਜ਼ੀ ਵਾਲੀ ਥਾਂ ’ਤੇ ਸੁੱਟਦੇ ਹਾਂ, ਸਰਕਾਰੀ ਜ਼ਮੀਨਾਂ ਜਾਂ ਦੂਜੇ ਲੋਕਾਂ ਦੀ ਮਾਲਕੀ ਵਾਲੀਆਂ ਜ਼ਮੀਨਾਂ ’ਤੇ ਨਾਜਾਇਜ਼ ਕਬਜ਼ੇ ਕਰਦੇ ਹਾਂ, ਜੇ ਅਸੀਂ ਕੱਚੀਆਂ ਸਬਜ਼ੀਆਂ ਅਤੇ ਫ਼ਲਾਂ ਨੂੰ ਟੀਕੇ ਜਾਂ ਜ਼ਹਿਰੀਲੀਆਂ ਦਵਾਈਆਂ ਲਗਾ ਕੇ ਪਕਾਉਂਦੇ ਹਾਂ, ਮਿਲਾਵਟੀ ਦੁੱਧ, ਮਠਿਆਈ,ਖੋਆ ਜਾਂ ਪਨੀਰ ਬਣਾ ਕੇ ਵੇਚਦੇ ਹਾਂ ਤਾਂ ਇਸ ਸਭ ਕੁਝ ਨੂੰ ਕੀ ਕਿਹਾ ਜਾਵੇਗਾ? ਜੇਕਰ ਅਸੀਂ ਬੁਢਾਪਾ ਪੈਨਸ਼ਨ ਜਾਂ ਨੀਲੇ ਕਾਰਡ ਦੇ ਯੋਗ ਨਾ ਹੁੰਦੇ ਹੋਏ ਵੀ ਇਨ੍ਹਾਂ ਦੋਵਾਂ ਸਹੂਲਤਾਂ ਨੂੰ ਲੈਂਦੇ ਹਾਂ, ਜੇ ਅਸੀਂ ਬਣਦਾ ਹੋਇਆ ਜੀਐੱਸਟੀ, ਰਜਿਸਟਰੀ ਫੀਸ ਜਾਂ ਆਮਦਨ ਕਰ ਇਮਾਨਦਾਰੀ ਨਾਲ ਅਦਾ ਨਹੀਂ ਕਰਦੇ ਹਾਂ ਤਾਂ ਸਾਨੂੰ ਸਵੀਕਾਰ ਕਰਨਾ ਹੀ ਪਵੇਗਾ ਕਿ ਅਸੀਂ ਵੀ ‘ਭ੍ਰਿਸ਼ਟਾਚਾਰੀ’ ਹੀ ਹਾਂ ਤੇ ਵਿਜੀਲੈਂਸ ਜਾਂ ਈਡੀ ਵੱਲੋਂ ਫੜੇ ਗਏ ਭ੍ਰਿਸ਼ਟ ਅਫ਼ਸਰਾਂ ਜਾਂ ਮੰਤਰੀਆਂ ਤੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨਾਲੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ ਹਾਂ।

ਮੁੱਕਦੀ ਗੱਲ ਇਹ ਹੈ ਕਿ ਕਿਸੇ ਦੂਜੇ ਵੱਲ ਇਕ ਉਂਗਲ ਚੁੱਕਣ ਤੋਂ ਪਹਿਲਾਂ ਸਾਨੂੰ ਆਪਣੇ ਵੱਲ ਨੂੰ ਆਉਂਦੀਆਂ ਆਪਣੀਆਂ ਹੀ ਚਾਰ ਉਂਗਲਾਂ ਨੂੰ ਵਾਚ ਲੈਣਾ ਚਾਹੀਦਾ ਹੈ ਤੇ ਆਪਣੇ ਗਿਰੇਬਾਨ ਅੰਦਰ ਝਾਕ ਕੇ ਪੜਚੋਲ ਕਰ ਲੈਣੀ ਚਾਹੀਦੀ ਹੈ ਕਿ ਕਿਧਰੇ ਅਸੀਂ ਖ਼ੁਦ ਵੀ ਭ੍ਰਿਸ਼ਟਾਚਾਰੀ ਤਾਂ ਨਹੀਂ ਹਾਂ? ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਅਸੀਂ ਖ਼ੁਦ ਹੀ ਬੇਈਮਾਨੀ ਵਾਲੇ ਜਾਂ ਗ਼ੈਰ-ਕਾਨੂੰਨੀ ਕੰਮ ਕਰ ਰਹੇ ਹਾਂ ਤਾਂ ਸਾਨੂੰ ਪੁਲਿਸ ਵੱਲੋਂ ਫੜੇ ਗਏ ਭ੍ਰਿਸ਼ਟਾਚਾਰੀਆਂ ’ਤੇ ਤਨਜ਼ ਕੱਸਣ ਜਾਂ ਟਿੱਪਣੀਆਂ ਕਰਨ ਦਾ ਕੋਈ ਹੱਕ ਨਹੀਂ ਹੈ।

# ਮੁਫ਼ਤਖੋਰੀ ਦੀ ਵਗਦੀ ਗੰਗਾ ’ਚ ਅਮੀਰ ਵੀ ਹੱਥ ਧੋਣਾ ਲੋਚਦੇ ਹਨ



ਅਸੀਂ ਯੁੱਗ ਪਲਟਦੇ ਸੁਣੇ ਸਨ ਤੇ ਹੁਣ ਯੁੱਗ ਬਦਲਦੇ ਵੀ ਦੇਖ ਲਏ। ਬੈਲਗੱਡੀ ਤੋਂ ਹਵਾਈ ਜਹਾਜ਼ ’ਤੇ ਪਹੁੰਚ ਗਏ, ਹੱਥਾਂ ਜ਼ਰੀਏ ਹੁੰਦੇ ਕੰਮ ਮਸ਼ੀਨਾਂ ਨਾਲ ਹੋਣ ਲੱਗ ਪਏ। ਇਨ੍ਹਾਂ ਮਸ਼ੀਨਾਂ ਨੇ ਲੋਕਾਂ ਨੂੰ ਬੇਰੁਜ਼ਗਾਰ ਕਰ ਦਿੱਤਾ। ਮੋਬਾਈਲ ਨੇ ਆ ਕੇ ਇਕੱਠੇ ਬੈਠਣ ਦਾ ਰੁਝਾਨ ਖ਼ਤਮ ਕਰ ਦਿੱਤਾ। ਸ਼ਾਹੂਕਾਰਾਂ ਤੋਂ ਆਜ਼ਾਦ ਕਰਵਾ ਕੇ ਬੈਂਕਾਂ ਦੇ ਕਰਜ਼ਿਆਂ ਵਿਚ ਡੋਬ ਦਿੱਤਾ। ਕਹਿੰਦੇ ਨੇ ਜ਼ਮਾਨਾ ਬਦਲ ਗਿਆ। ਦੇਸ਼ ਦੀ ਤਰੱਕੀ ਹੋ ਰਹੀ ਰਹੀ ਹੈ। ਸੱਚਾਈ ਇਹ ਹੈ ਕਿ ਲੋਕ ਕੱਲ੍ਹ ਵੀ ਦੁਖੀ ਸਨ, ਅੱਜ ਵੀ ਦੁਖੀ ਹਨ। ਕੱਲ੍ਹ ਉਹ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅੰਦੋਲਨ ਕਰਦੇ ਸਨ। ਅੱਜ ਆਪਣੀਆਂ ਸਰਕਾਰਾਂ ਤੋਂ ਕੰਮ ਕਰਵਾਉਣ ਲਈ ਧਰਨਿਆਂ ’ਤੇ ਬੈਠਣਾ ਪੈਂਦਾ ਹੈ। ਕਿਸਾਨਾਂ ਦਾ ਅੰਦੋਲਨ ਕਿਸ ਨੂੰ ਯਾਦ ਨਹੀਂ। ਆਪਣੇ ਹੀ ਦੇਸ਼ ਵਿਚ ਆਪਣਿਆਂ ਤੋਂ ਹੀ ਦਿੱਕਤਾਂ ਦਾ ਹੱਲ ਕਰਵਾਉਣ ਵਾਸਤੇ ਅੰਦੋਲਨ ਕਰਨਾ ਪੈਂਦਾ ਹੈ, ਧਰਨੇ ਲਗਾਉਣੇ ਪੈਂਦੇ ਹਨ। ਮਹਿੰਗਾਈ, ਬੇਰੁਜ਼ਗਾਰੀ ਨੇ ਲੋਕਾਂ ਨੂੰ ਬੇਹਾਲ ਕਰ ਦਿੱਤਾ ਹੈ। ਰਿਸ਼ਵਤਖੋਰੀ ਨੇ ਦੇਸ਼ ਨੂੰ ਕਮਜ਼ੋਰ ਕਰ ਦਿੱਤਾ ਹੈ। ਹਰ ਪਾਰਟੀ ਦੇ ਨੇਤਾ ਜਦ ਵੀ ਚੋਣ ਪ੍ਰਚਾਰ ਕਰਦੇ ਹਨ ਤਾਂ ਇਕ ਵਾਅਦਾ ਜ਼ਰੂਰ ਕਰਦੇ ਹਨ ਕਿ ਅਸੀਂ ਰਿਸ਼ਵਤਖੋਰੀ ਨੂੰ ਜੜ੍ਹ ਤੋਂ ਖ਼ਤਮ ਕਰ ਦੇਵਾਂਗੇ। ਪਰ ਕੋਈ ਪੁੱਛੇ ਉਨ੍ਹਾਂ ਨੂੰ ਕਿ ਕੀ ਮੁਫ਼ਤ ਚੀਜ਼ਾਂ ਵੰਡ ਕੇ ਵੋਟਾਂ ਲੈਣ ਨਾਲ ਉਨ੍ਹਾਂ ਨੇ ਸਾਰੀ ਜਨਤਾ ਨੂੰ ਅਸਿੱਧੇ ਤੌਰ ’ਤੇ ਰਿਸ਼ਵਤਖੋਰ ਨਹੀਂ ਬਣਾ ਦਿੱਤਾ? ਜਨਤਾ ਦੀ ਸੋਚ ਵੀ ਹੁਣ ਇਹੋ ਹੋ ਗਈ ਹੈ ਕਿ ਜੋ ਮੁਫ਼ਤ ਵਿਚ ਦਿੰਦਾ ਹੈ, ਉਸ ਨੂੰ ਵੋਟ ਪਾ ਦਿਉ। ਵਿਡੰਬਣਾ ਇਹ ਹੈ ਕਿ ਮੁਫ਼ਤਖੋਰੀ ਦੀ ਵਗਦੀ ਗੰਗਾ ਵਿਚ ਅਮੀਰ ਵੀ ਹੱਥ ਧੋਣਾ ਲੋਚਦੇ ਹਨ। ਸਰਕਾਰ ਕੀ ਕਰਦੀ ਹੈ, ਕੀ ਨਹੀਂ ਕਰਦੀ, ਉਸ ਸਭ ਤੋਂ ਅਸੀਂ ਕੀ ਲੈਣਾ ਹੈ? ਇਸ ਵਿਚ ਮਿਡਲ ਕਲਾਸ ਦਾ ਸਭ ਤੋਂ ਜ਼ਿਆਦਾ ਨੁਕਸਾਨ ਹੋ ਰਿਹਾ ਹੈ। ਨਾ ਤਾਂ ਉਹ ਮੁਫ਼ਤ ਵਾਲੀ ਕੈਟਾਗਰੀ ਵਿਚ ਆਉਂਦੀ ਹੈ ਤੇ ਨਾ ਹੀ ਉਦਯੋਗਪਤੀਆਂ ਵਾਲੇ ਲਾਭ ਮਿਲਦੇ ਹਨ। ਕੀ ਕੋਈ ਸਰਕਾਰ ਉਨ੍ਹਾਂ ਦੇ ਵੀ ਕਰਜ਼ੇ ਮਾਫ਼ ਕਰ ਦੇਵੇਗੀ? ਉਹ ਵਿਚਾਰੇ ਇਨਕਮ ਟੈਕਸ ਭਰਨ ਵਿਚ ਹੀ ਜ਼ਿੰਦਗੀ ਕੱਢ ਦਿੰਦੇ ਹਨ। ਹਰ ਸਿਆਸੀ ਜਮਾਤ ਹੁਣ ਮੁਫ਼ਤ ਦੀਆਂ ਰਿਓੜੀਆਂ ਵੰਡ ਕੇ ਸੱਤਾ ’ਤੇ ਕਾਬਜ਼ ਹੋਣਾ ਚਾਹੁੰਦੀ ਹੈ। ਹਕੂਮਤ ਹਾਸਲ ਕਰਨ ਤੋਂ ਬਾਅਦ ਇੱਕੋ ਫੰਡਾ ਰਹਿ ਜਾਂਦਾ ਹੈ। ਅਮੀਰਾਂ ਨੂੰ ਹੋਰ ਅਮੀਰ ਕਰੋ।

ਮੱਧ ਸ਼ ?ਰੇਣੀ ਆਪਣੇ ਘਰਾਂ ਵਿਚ ਬੈਠ ਕੇ ਬਸ ਸਿਆਸੀ ਪਾਰਟੀਆਂ ਦੀ ਚਰਚਾ ਕਰਨ ਤੋਂ ਇਲਾਵਾ ਕੁਝ ਵੀ ਨਹੀਂ ਕਰ ਸਕਦੀ ਕਿਉਂਕਿ ਉਸ ਦੀਆਂ ਵੋਟਾਂ ਨਾਲ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ। ਜਨਤਾ ਨੂੰ ਕੌਣ ਸਮਝਾਏ ਕਿ ਸਰਕਾਰਾਂ ਉਸ ਦੇ ਮੂੰਹ ਬੰਦ ਕਰਵਾਉਂਦੀਆਂ ਹਨ। ਜਿਵੇਂ ਮਾਂ ਆਪਣੇ ਰੋਂਦੇ ਬੱਚੇ ਨੂੰ ਚੁੱਪ ਕਰਵਾਉਣ ਲਈ ਲੋਲੀਪੋਪ ਮੂੰਹ ਵਿਚ ਪਾ ਕੇ ਮੂੰਹ ਬੰਦ ਕਰਵਾ ਦਿੰਦੀ ਹੈ ਤੇ ਆਪਣਾ ਕੰਮ ਕਰਦੀ ਰਹਿੰਦੀ ਹੈ, ਉਸੇ ਤਰ੍ਹਾਂ ਸੱਤਾਧਾਰੀ ਸਿਆਸੀ ਪਾਰਟੀਆਂ ਵੀ ਮੁਫ਼ਤ ਦੀਆਂ ਯੋਜਨਾਵਾਂ ਦੇ ਕੇ ਜਨਤਾ ਦਾ ਮੂੰਹ ਬੰਦ ਕਰਵਾ ਕੇ ਪੰਜ ਸਾਲ ਆਪਣੀਆਂ ਮਨਮਾਨੀਆਂ ਕਰਦੀਆਂ ਰਹਿੰਦੀਆਂ ਹਨ। ਭਲਾ ਇਨ੍ਹਾਂ ਸਿਆਸਤਦਾਨਾਂ ਨੂੰ ਕੋਈ ਪੁੱਛੇ ਕਿ ਇਕ ਹਜ਼ਾਰ ਰੁਪਏ, ਪੰਦਰਾਂ ਸੌ ਮਹੀਨੇ ਨਾਲ ਕਿਸੇ ਦਾ ਕੀ ਬਣ ਸਕਦਾ ਹੈ। ਇਕ ਹਜ਼ਾਰ, ਪੰਦਰਾਂ ਸੌ ਨਾਲ ਔਰਤ ਕੀ ਕਰ ਸਕਦੀ ਹੈ? ਪਾਰਟੀਆਂ ਨੂੰ ਪਤਾ ਚੱਲ ਗਿਆ ਹੈ ਕਿ ਬਸ ਮੁਫ਼ਤ ਚੀਜ਼ਾਂ ਦਾ ਲੋਲੀਪੋਪ ਦਿਉ ਤੇ ਵੋਟਾਂ ਲੈ ਲਓ। ਸੋਸ਼ਲ ਮੀਡੀਆ ਨੂੰ ਵੀ ਸਾਰੀਆਂ ਪਾਰਟੀਆਂ ਨੇ ਆਪਣਾ ਹਥਿਆਰ ਬਣਾ ਲਿਆ ਹੈ। ਸਭ ਨੂੰ ਯਾਦ ਹੋਵੇਗਾ ਕਿ ਜਦ ਵਿਗਿਆਪਨਾਂ ਦਾ ਦੌਰ ਸ਼ੁਰੂ ਹੋਇਆ ਸੀ ਤਾਂ ਇਕ ਵਿਗਿਆਪਨ ਨੇ ਧੂਮ ਮਚਾਈ ਸੀ, ‘ਵਾਸ਼ਿੰਗ ਪਾਊਡਰ ਨਿਰਮਾ’। ਇਸ ਵਿਗਿਆਪਨ ਦਾ ਲੋਕਾਂ ’ਤੇ ਇੰਨਾ ਜ਼ਿਆਦਾ ਅਸਰ ਸੀ ਕਿ ਜਦ ਮਾਰਕੀਟ ਜਾਣਾ, ਕਿਸੀ ਹੋਰ ਵਾਸ਼ਿੰਗ ਪਾਊਡਰ ਦਾ ਨਾਮ ਯਾਦ ਨਹੀਂ ਸੀ ਆਉਂਦਾ। ਬਸ ਨਿਰਮਾ ਹੀ ਸਭ ਦੇ ਮੂੰਹ ’ਤੇ ਚੜ੍ਹ ਗਿਆ ਸੀ। ਪਾਰਟੀਆਂ ਵੀ ਕੁਝ ਸਲੋਗਨ ਬਣਾਉਂਦੀਆਂ ਹਨ। ਉਨ੍ਹਾਂ ਨੂੰ ਸੋਸ਼ਲ ਮੀਡੀਆ ’ਤੇ ਏਨਾ ਘੁਮਾਇਆ ਜਾਂਦਾ ਹੈ ਕਿ ਲੋਕਾਂ ਦੀ ਸੋਚਣੀ ਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ। ਹਰ ਪਾਰਟੀ ਇਕ ਨੇਤਾ ’ਤੇ ਨਿਰਭਰ ਹੈ। ਭਾਜਪਾ ਹਰ ਉਪਲਬਧੀ ਦਾ ਸਿਹਰਾ ਮੋਦੀ ਨੂੰ ਦਿੰਦੀ ਹੈ ਤੇ ਕਾਂਗਰਸ ਵਿਚ ਰਾਹੁਲ ਗਾਂਧੀ ਨੂੰ ਦਿੱਤਾ ਜਾਂਦਾ ਹੈ। ਬੰਗਾਲ ਵਿਚ ਮਮਤਾ ਬੈਨਰਜੀ, ਅਕਾਲੀਆਂ ਵਿਚ ਸੁਖਬੀਰ ਬਾਦਲ ਨੂੰ, ਸਮਾਜਵਾਦੀ ਪਾਰਟੀ ਵਿਚ ਅਖਿਲੇਸ਼ ਯਾਦਵ ਨੂੰ ਤੇ ਆਮ ਆਦਮੀ ਪਾਰਟੀ ਵਿਚ ਕੇਜਰੀਵਾਲ ਨੂੰ ਹਰ ਉਪਲਬਧੀ ਦਾ ਸਿਹਰਾ ਦਿੱਤਾ ਜਾਂਦਾ ਹੈ। ਸਾਡੇ ਦੇਸ਼ ਵਿਚ ਕੋਈ ਵੀ ਚੀਜ਼ ਧਰਨਿਆਂ ਤੋਂ ਬਿਨਾਂ ਨਹੀਂ ਮਿਲਦੀ। ਸਿਆਸੀ ਪਾਰਟੀਆਂ ਜਿੰਨੇ ਵੀ ਵਾਅਦੇ ਕਰ ਕੇ ਆਉਂਦੀਆਂ ਹਨ, ਸਰਕਾਰ ਬਣਦੇ ਹੀ ਸਾਰੇ ਮੁੱਦੇ ਭੁੱਲ ਜਾਂਦੀਆਂ ਹਨ। ਉਨ੍ਹਾਂ ਹੀ ਮੁੱਦਿਆਂ ’ਤੇ ਵਿਰੋਧੀ ਪਾਰਟੀਆਂ ਸਵਾਲ ਪੁੱਛਣ ਲੱਗ ਜਾਂਦੀਆਂ ਹਨ ਤੇ ਜਨਤਾ ਜਦ ਧਰਨੇ ਲਗਾਉਂਦੀ ਹੈ ਤਾਂ ਵਿਰੋਧੀ ਪਾਰਟੀਆਂ ਵੀ ਆਪਣੇ ਹਿੱਤਾਂ ਲਈ ਉਸ ਨਾਲ ਖੜ੍ਹ ਜਾਂਦੀਆਂ ਹਨ। ਭਲਾ ਉਨ੍ਹਾਂ ਨੂੰ ਕੋਈ ਪੁੱਛੇ ਕਿ ਜਦ ਤੁਹਾਡੀ ਸਰਕਾਰ ਸੀ, ਉਸ ਵੇਲੇ ਇਨ੍ਹਾਂ ਮੁੱਦਿਆਂ ਨੂੰ ਕਿਉਂ ਨਹੀਂ ਸੁਲਝਾਇਆ? ਜਦ ਜਨਤਾ ਧਰਨੇ ਲਗਾਉਂਦੀ ਹੈ ਤਾਂ ਵਿਰੋਧੀ ਧਿਰਾਂ ਜਿਨ੍ਹਾਂ ਦੀ ਪਹਿਲਾਂ ਸਰਕਾਰ ਸੀ ਤੇ ਇਹੋ ਮੁੱਦੇ ਉਨ੍ਹਾਂ ਨੇ ਹੱਲ ਨਹੀਂ ਕੀਤੇ ਸਨ, ਧਰਨੇ ’ਤੇ ਲੋਕਾਂ ਨਾਲ ਬੈਠ ਕੇ ਪਾਣੀ ਦੀਆਂ ਬੁਛਾੜਾਂ ਖਾ ਕੇ ਲੋਕਾਂ ਨੂੰ ਦੱਸਣ ਦੀ ਕੋਸ਼ਿਸ਼ ਕਰਦੀਆਂ ਹਨ ਕਿ ਅਸੀਂ ਤੁਹਾਡੇ ਹਿਤੂ ਹਾਂ। ਜਨਤਾ ਵਿਚਾਰੀ ਧਰਨਿਆਂ ’ਤੇ ਬੈਠਣ ਵਾਸਤੇ ਹੀ ਰਹਿ ਜਾਂਦੀ ਹੈ ਤੇ ਮੰਤਰੀ ਅਤੇ ਐੱਮਐੱਲਏ ਆਪਣਾ ਬੈਂਕ ਬੈਲੇਂਸ ਬਣਾਉਣ ’ਤੇ ਲੱਗ ਜਾਂਦੇ ਹਨ ਤੇ ਲੋਕਾਂ ਦੇ ਮੂੰਹ ਵਿਚ ਮੁਫ਼ਤ ਦੀਆਂ ਰਿਓੜੀਆਂ ਪਾ ਕੇ ਮੂੰਹ ਬੰਦ ਕਰਵਾ ਦਿੰਦੇ ਹਨ। ਪੰਜਾਬ ’ਚ ਪਾਣੀ ਦਾ ਮਸਲਾ ਸ਼ਾਇਦ 40-45 ਸਾਲ ਤੋਂ ਚੱਲ ਰਿਹਾ ਹੈ। ਇੱਥੇ ਕਦੇ ਕਾਂਗਰਸ ਤੇ ਕਦੇ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣਦੀ ਰਹੀ। ਇਹ ਮਸਲਾ ਚੋਣਾਂ ਤੋਂ ਪਹਿਲਾਂ ਕੱਢ ਲਿਆ ਜਾਂਦਾ, ਫਿਰ ਬੰਦ ਕਰ ਦਿੱਤਾ ਜਾਂਦਾ। ਹੁਣ ਆਮ ਆਦਮੀ ਪਾਰਟੀ ਨੇ ਸਾਰੇ ਮਸਲੇ ਪਿੱਛੇ ਛੱਡ ਕੇ ਔਰਤਾਂ ਨੂੰ ਮੁਫ਼ਤ ਬੱਸ ਸੇਵਾ, ਮੁਹੱਲਾ ਕਲੀਨਿਕ ਤੇ ਇਕ ਹਜ਼ਾਰ ਰੁਪਏ ਦੇਣ ਵਿਚ ਉਲਝਾ ਦਿੱਤਾ ਹੈ। ਹਕੀਕਤ ਇਹ ਹੈ ਕਿ ਕਿਸਾਨਾਂ, ਅਧਿਆਪਕਾਂ, ਪੈਨਸ਼ਨਰਾਂ ਤੇ ਸਰਕਾਰੀ ਹਸਪਤਾਲਾਂ ਦੀ ਹਾਲਤ ’ਚ ਕੋਈ ਸੁਧਾਰ ਨਹੀਂ ਹੋਇਆ। ਹਰ ਸ਼ਹਿਰ ’ਚ ਸਾਫ਼-ਸਫ਼ਾਈ ਦਾ ਬੁਰਾ ਹਾਲ ਹੈ। ਫਲਾਈਓਵਰਾਂ ਦੇ ਸਾਈਡ ਵਾਲੇ ਰਸਤਿਆਂ ਦੀ ਹਾਲਤ ਬੁਰੀ ਹੈ। ਚੰਡੀਗੜ੍ਹ ਤੋਂ ਲੁਧਿਆਣਾ ਜਾਓ ਤਾਂ ਦੋ ਸਬ-ਵੇਅ ਆਉਂਦੇ ਹਨ ਤੇ ਉਹ ਇੰਨੇ ਗ਼ਲਤ ਬਣੇ ਹਨ ਕਿ ਇਕ ਭਾਰੀ ਬਾਰਿਸ਼ ਨਾਲ ਉਨ੍ਹਾਂ ਵਿਚ ਪਾਣੀ ਭਰ ਜਾਂਦਾ ਹੈ। ਕੀ ਇਨ੍ਹਾਂ ਨੂੰ ਪਾਸ ਕਿਸੇ ਮੰਤਰੀ ਨੇ ਨਹੀਂ ਕੀਤਾ ਹੋਵੇਗਾ? ਅੱਜ-ਕੱਲ੍ਹ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਜ਼ਮੀਨੀ ਪੱਧਰ ਤੋਂ ਕੋਈ ਕੰਮ ਨਹੀਂ ਕਰਦੀ। ਵਕਤ ਆ ਗਿਆ ਹੈ ਕਿ ਜਨਤਾ ਧਰਨਿਆਂ ’ਤੇ ਸਮਾਂ ਗੁਆਉਣ ਦੀ ਬਜਾਏ ਪੈਰਲਲ ਸਰਕਾਰ ਬਣਾਏ ਜਿਸ ਵਿਚ ਬੁੱਧੀਜੀਵੀਆਂ, ਕਿਸਾਨੀ ਲੀਡਰਾਂ, ਪੱਤਰਕਾਰਾਂ ਤੇ ਹੋਰ ਤਜਰਬੇਕਾਰ ਸਿਆਸਤੀ ਬੰਦਿਆਂ, ਵਪਾਰੀਆਂ ਆਦਿ ਨੂੰ ਨਾਲ ਲੈ ਕੇ ਚੱਲਿਆ ਜਾਵੇ। ਪੰਜਾਬ ਤਾਂ ਹਰ ਚੀਜ਼ਾਂ ਵਿਚ ਪਹਿਲ ਕਰਦਾ ਹੈ। ਇੱਥੇ ਜੇ ਇਹ ਰੁਝਾਨ ਸ਼ੁਰੂ ਹੋ ਜਾਵੇ ਤਾਂ ਬਾਕੀ ਸੂਬਿਆਂ ਵਿਚ ਵੀ ਸ਼ੁਰੂ ਹੋਵੇਗਾ। ਚਾਹੇ ਕਿਸੀ ਵੀ ਪਾਰਟੀ ਦੀ ਸਰਕਾਰ ਬਣੇ ਛੈਡੋ ਗੌਰਮਿੰਟ ਦੇ ਨੁਮਾਇੰਦੇ ਮੁੱਦੇ ਹੱਲ ਕਰਵਾਉਣ ਲਈ ਚਾਰਾਜੋਈ ਕਰਨ। ਇਹ ਜਾਗਣ ਦਾ ਵੇਲਾ ਹੈ। ਸਾਰਿਆਂ ਨੂੰ ਚਾਹੀਦਾ ਹੈ ਕਿ ਇਕੱਠੇ ਹੋ ਕੇ ਨਵੀਂ ਸੋਚ ਨਾਲ ਆਪਣੇ ਸੂਬੇ ਨੂੰ ਬਚਾਈਏ ਤੇ ਧਰਨਿਆਂ ਤੋਂ ਜਨਤਾ ਨੂੰ ਆਜ਼ਾਦ ਕਰਵਾਈਏ। ਦੇਸ਼ ਤੇ ਸੂਬੇ ਨੂੰ ਮਿਲ ਕੇ ਸੰਭਾਲੀਏ। ਸਰਕਾਰ ਅਤੇ ਉੱਚੀਆਂ ਪਦਵੀਆਂ ’ਤੇ ਬੈਠਿਆਂ ਨੂੰ ਜਵਾਬਦੇਹ ਹੋਣਾ ਸਿਖਾਈਏ। ਆਓ! ਨਵੀਂ ਸੋਚ ਨਾਲ ਆਪਣੇ ਸੂਬੇ ਨੂੰ ਆਪਣੇ ਬਚਾਈਏ।

# ਮੁਫ਼ਤ ਰਿਓੜੀਆਂ ਵੰਡਣ ਦਾ ਮੰਦਭਾਗਾ ਚਲਨ

ਵਿਸ਼ਵ ਵਿਚ ਪਿਛਲੀਆਂ 4-5 ਪੀੜ੍ਹੀਆਂ ਤੋਂ ਅਸੀਂ ਲੋਕਤੰਤਰ ਦੇ ਵਿਕਾਸ ਦੀ ਥਾਂ ਇਸ ਦਾ ਲਗਾਤਾਰ ਪਤਨ ਹੁੰਦਾ ਵੇਖ ਰਹੇ ਹਾਂ। ਪਰ ਕੋਈ ਦੇਸ਼, ਰਾਜਨੀਤਕ ਪਾਰਟੀਆਂ ਜਾਂ ਆਗੂ ਸਬਕ ਸਿੱਖਣ ਲਈ ਤਿਆਰ ਨਹੀਂ ਲੱਗਦੇ ਜਿੰਨਾ ਚਿਰ ਸਬੰਧਤ ਦੇਸ਼ ਪਾਕਿਸਤਾਨ, ਮੀਆਂਮਾਰ, ਅਫ਼ਰੀਕੀ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਵਾਂਗ ਰਾਜਨੀਤਕ, ਆਰਥਿਕ ਅਤੇ ਸਮਾਜਿਕ ਪਤਨ ਦੇ ਦਹਾਨੇ ’ਤੇ ਨਹੀਂ ਪਹੁੰਚਦਾ। ਹਕੀਕਤ ਇਹ ਵੀ ਹੈ ਕਿ ਵਿਸ਼ਵ ਦੇ ਸਭ ਤੋਂ ਤਾਕਤਵਰ ਲੋਕਤੰਤਰ ਦਾ ਦਾਅਵਾ ਕਰਨ ਵਾਲੇ ਅਮਰੀਕਾ ਅੰਦਰ ਲੋਕਤੰਤਰ ਦੀ ਬਹਾਲੀ ਅਤੇ ਬਰਬਾਦੀ ਵਿਚ ਸਿਰਫ਼ ਇੰਚ ਭਰ ਦਾ ਫ਼ਰਕ ਉਦੋਂ ਵੇਖਣ ਨੂੰ ਮਿਲਿਆ ਜਦੋਂ ਦੇਸ਼ ਦੇ 45ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਨ 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਹਾਰ ਦੇ ਦੋ ਮਹੀਨੇ ਬਾਅਦ 6 ਜਨਵਰੀ 2021 ਨੂੰ ਆਪਣੇ ਹੁੜਦੂੰਗ ਮਚਾਉਣ ਵਾਲੇ ਹਿੰਸਕ ਅਨੁਯਾਈਆਂ ਨੂੰ ਵਾਸ਼ਿੰਗਟਨ ਡੀਸੀ ਵਿਖੇ ਕੈਪੀਟਲ ਹਿਲ ਬਿਲਡਿੰਗ ’ਤੇ ਹਮਲਾ ਕਰਨ ਲਈ ਸ਼ਰੇਆਮ ਉਕਸਾਇਆ। ਉਹ ਟਰੰਪ ਅੱਜ ਵੀ ਲੋਕਤੰਤਰ ਲਈ ਚੁਣੌਤੀ ਬਣਿਆ ਪਿਆ ਹੈ ਅਤੇ ਅਗਲੀਆਂ ਰਾਸ਼ਟਰਪਤੀ ਚੋਣਾਂ ਲੜਨ ਲਈ ਬਜ਼ਿੱਦ ਹੈ। ਕਿੰਨਾ ਖੋਖਲਾ ਹੈ ਅਮਰੀਕੀ ਲੋਕਤੰਤਰ।

ਭਾਰਤੀ ਲੋਕਤੰਤਰ ਜੋ ਵਿਸ਼ਵ ਦਾ ਸਭ ਤੋਂ ਵਿਸ਼ਾਲ ਲੋਕਤੰਤਰ ਹੈ, ਉਸ ਨੂੰ ਬਚਾਉਣ ਲਈ ਲੋਕ-ਲੁਭਾਊ ਚੋਣ ਮਨੋਰਥ ਪੱਤਰਾਂ ਤੋਂ ਸੁਰੱਖਿਆ ਦੀ ਨੀਅਤ ਨਾਲ ਇਕ ਵਕੀਲ ਅਸ਼ਵਨੀ ਉਪਾਧਿਆਏ ਨੇ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਖ਼ਲ ਕੀਤੀ ਜਿਸ ’ਚ ਮੰਗ ਕੀਤੀ ਗਈ ਕਿ ਹਰ ਕਿਸਮ ਦੀਆਂ ਲੋਕਤੰਤਰੀ ਚੋਣਾਂ ਅਰਥਾਤ ਕੇਂਦਰ, ਰਾਜਾਂ ਜਾਂ ਸਥਾਨਕ ਸਰਕਾਰਾਂ ਸਬੰਧੀ ਚੋਣਾਂ ਵੇਲੇ ਵੋਟਰਾਂ ਨੂੰ ਭਰਮਾਉਣ ਲਈ ਸਿਆਸੀ ਪਾਰਟੀਆਂ ਤੇ ਨੇਤਾਵਾਂ ਵੱਲੋਂ ਕੀਤੇ ਜਾਂਦੇ ਲੋਕ-ਲੁਭਾਊ ਐਲਾਨਾਂ, ਵਾਅਦਿਆਂ, ਗਾਰੰਟੀਆਂ ’ਤੇ ਰੋਕ ਲਗਾਈ ਜਾਵੇ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਰਤੀ ਵੋਟਰ ਇਸ ਗੱਲ ਤੋਂ ਚੇਤੰਨ ਹੈ ਕਿ ਜੋ ਲੋਕ-ਲੁਭਾਊ ਨਾਅਰਿਆਂ, ਵਾਅਦਿਆਂ, ਐਲਾਨਾਂ, ਗਾਰੰਟੀਆਂ ਰਾਹੀਂ ਪ੍ਰਚਾਰਿਆ ਜਾਂਦਾ ਹੈ ਉਹ ਉਨ੍ਹਾਂ ਦੀਆਂ ਜੇਬਾਂ ’ਚੋਂ ਹੀ ਕੱਢਿਆ ਜਾਂਦਾ ਹੈ। ਫਿਰ ਵੀ ਇਹ ਫਰਾਡ ਪ੍ਰਚਾਰ ਦੇ ਮਾਹਰ ਜਾਦੂਗਰ ਉਨ੍ਹਾਂ ਨੂੰ ਸੰਮੋਹਿਤ ਕਰਨ ਵਿਚ ਸਫਲ ਹੋ ਜਾਂਦੇ ਹਨ। ਇਸ ਪਟੀਸ਼ਨ ਦੀ ਸੁਣਵਾਈ ਸੁਪਰੀਮ ਕੋਰਟ ਵਿਚ ਸ਼ੁਰੂ ਹੋ ਗਈ ਹੈ। ਬਾਈ ਨਵੰਬਰ 2023 ਨੂੰ ਪਟੀਸ਼ਨਰ ਵੱਲੋਂ ਇਹ ਮੰਗ ਕੀਤੀ ਗਈ ਕਿ ਰਾਜਨੀਤਕ ਪਾਰਟੀਆਂ ਵੱਲੋਂ ਕੀਤੇ ਜਾਣ ਵਾਲੇ ਮੁਫ਼ਤ ਰਿਓੜੀਆਂ ਸਬੰਧੀ ਐਲਾਨਾਂ, ਗਾਰੰਟੀਆਂ, ਵਾਅਦਿਆਂ ਨੂੰ ਭਾਰਤੀ ਜਨਪ੍ਰਤੀਨਿਧ ਕਾਨੂੰਨ 1951 ਦੀ ਧਾਰਾ 123 ਤਹਿਤ ਭ੍ਰਿਸ਼ਟ ਆਚਰਣ, ਭ੍ਰਿਸ਼ਟਚਾਰ, ਵੋਟਰਾਂ ਨੂੰ ਰਿਸ਼ਵਤ ਦੇਣਾ ਮੰਨਿਆ ਜਾਣਾ ਚਾਹੀਦਾ ਹੈ। ਚੋਣ ਕਮਿਸ਼ਨ ਨੂੰ ਰਾਜਨੀਤਕ ਪਾਰਟੀਆਂ ਦੀ ਇਸ ਆਧਾਰ ’ਤੇ ਮਾਨਤਾ ਰੱਦ ਕਰਨ ਦਾ ਅਧਿਕਾਰ ਸੰਵਿਧਾਨਕ ਅਤੇ ਕਾਨੂੰਨੀ ਤੌਰ ’ਤੇ ਧਾਰਾ 100 (1) ਬੀ ਤਹਿਤ ਸੌਂਪਿਆ ਜਾਣਾ ਚਾਹੀਦਾ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਅਜੋਕੇ ਚੋਣ ਕਮਿਸ਼ਨ ਨੂੰ ਕੇਂਦਰ ਸਰਕਾਰਾਂ ਦੇ ਪਿੰਜਰੇ ਤੋਂ ਆਜ਼ਾਦ ਕਰਾਉਣਾ ਵੀ ਅਤਿ ਜ਼ਰੂਰੀ ਹੈ। ਕੇਂਦਰ ਸਰਕਾਰ ਸਬੰਧਤ ਸੰਸਥਾਵਾਂ ਜਿਵੇਂ ਕਿ ਸੁਪਰੀਮ ਕੋਰਟ, ਹਾਈ ਕੋਰਟ ਆਦਿ ਦੀ ਆਜ਼ਾਦਾਨਾ-ਮੁਨਸਫਨਾ ਬਣਤਰ ਦੇ ਨਿਯਮਾਂ ਨੂੰ ਤੋੜਨ-ਮਰੋੜਨ ਦੇ ਯਤਨਾਂ ਵਿਚ ਹੈ ਤਾਂ ਕਿ ਇਸ ਨੂੰ ਵੀ ਸੀਬੀਆਈ, ਈਡੀ ਜਾਂ ਐੱਨਆਈਏ ਆਦਿ ਵਾਂਗ ਪਿੰਜਰੇ ਦਾ ਤੋਤਾ ਬਣਾਇਆ ਜਾ ਸਕੇ।

ਪਰ ਕਦੇ ‘ਆਪ’ ਦੇ ਵੱਡੇ ਅਤੇ ਮੁੱਢਲੇ ਸੰਸਥਾਪਕ ਅਤੇ ਵਿਚਾਰਧਾਰਕ ਰਹੇ

ਦਰਬਾਰਾ ਸਿੰਘ ਕਾਹਲੋਂ
94170-94034

ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਸੁਪਰੀਮ ਕੋਰਟ ਦੇ ਬੈਂਚ ਜੋ ਮੁੱਖ ਜੱਜ ਡੀਵਾਈ ਚੰਦਰਚੂੜ ਦੀ ਪ੍ਰਧਾਨਗੀ ਹੇਠ ਸੁਣਵਾਈ ਲਈ ਗਠਿਤ ਕੀਤਾ ਗਿਆ ਹੈ, ਅੱਗੇ ਜ਼ਿਰ੍ਹਾ ਕਰਦੇ ਹੋਏ ਭਲੀਭਾਂਤ ਦਰਸਾਇਆ ਕਿ ਕਿਵੇਂ ਮੁਫ਼ਤ ਦੀਆਂ ਰਿਓੜੀਆਂ ਅਤੇ ਲੋਕ ਭਲਾਈ ਸਕੀਮਾਂ ਵਿਚ ਫ਼ਰਕ ਹੁੰਦਾ ਹੈ। ਉਨ੍ਹਾਂ ਮਿਸਾਲ ਦਿੱਤੀ ਕਿ ਕਿਵੇਂ ਕਰਜ਼ਾ ਮਾਫ਼ ਕਰਨਾ ਜਾਂ ਕਿਸੇ ਖ਼ਾਸ ਧਰਮ ਨਾਲ ਜੁੜੀਆਂ ਵਸਤਾਂ ਨੂੰ ਮੁਫ਼ਤ ਵੰਡਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਜਨਤਕ ਫੰਡਾਂ ’ਚੋਂ ਦਿੱਤੀਆਂ ਜਾਣ ਵਾਲੀਆਂ ਮੁਫ਼ਤ ਰਿਓੜੀਆਂ ਆਜ਼ਾਦਾਨਾ-ਮੁਨਸਫਾਨਾ ਲੋਕਤੰਤਰੀ ਚੋਣਾਂ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੰਦੀਆਂ ਹਨ। ਚੋਣਾਂ ਦੀ ਪਵਿੱਤਰਤਾ ਨੂੰ ਗੰਧਲਾ ਤੇ ਵਿਗਾੜ ਕੇ ਰੱਖ ਦਿੰਦੀਆਂ ਹਨ। ਪਟੀਸ਼ਨ ’ਚ ਸੁਪਰੀਮ ਕੋਰਟ ਦੇ ਐੱਸ ਸੁਬਰਾਮਨੀਅਮ ਬਾਲਾ ਦੇ 2013 ਦੇ ਫ਼ੈਸਲੇ ’ਤੇ ਨਜ਼ਰਸਾਨੀ ਕਰਨ ਦਾ ਮੁੱਦਾ ਵੀ ਉਠਾਇਆ ਗਿਆ ਜਿਸ ਅਨੁਸਾਰ ਲੋਕ ਲੁਭਾਊ ਐਲਾਨਾਂ ਨੂੰ ਧਾਰਾ 123 ਅਧੀਨ ਭ੍ਰਿਸ਼ਟ ਆਚਰਣ ਨਹੀਂ ਮੰਨਿਆ ਗਿਆ। ਤੇਈ ਨਵੰਬਰ ਨੂੰ ਇਸ ਪਟੀਸ਼ਨ ਦੀ ਸੁਣਵਾਈ ਦੌਰਾਨ ਪਟੀਸ਼ਨਕਰਤਾ ਵੱਲੋਂ ਪੇਸ਼ ਵਕੀਲ ਵਿਜੇ ਹੰਸਾਰੀਆ ਨੇ ਕੋਰਟ ਦਾ ਧਿਆਨ ਜਨਰਲ ਕਲਾਸੇਜ਼ ਐਕਟ ਦੀ ਧਾਰਾ 3 ਦੀ ਉਪਧਾਰਾ 42 ’ਤੇ ਜ਼ਿਰ੍ਹਾ ਕੇਂਦਰਤ ਕਰਦੇ ਹੋਏ ਸਪਸ਼ਟ ਕੀਤਾ ਕਿ ਰਾਜਨੀਤਕ ਪਾਰਟੀ ਨਿੱਜੀ ਵਿਅਕਤੀਆਂ ਦਾ ਸਮੂਹ ਅਖਵਾਉਂਦੀ ਹੈ। ਇਸ ਦਾ ਭਾਵ ਹੈ ਕਿ ਬਾਡੀ ਆਫ ਪਰਸਨ ਅਤੇ ਕੰਪਨੀ। ਜੇਕਰ ਪਰਸਨ ਤੋਂ ਬਾਡੀ ਆਫ ਪਰਸਨ ਨੂੰ ਕੱਢ ਦਿਆਂਗੇ ਤਾਂ ਕੋਈ ਵੀ ਨਕਲੀ ਕੰਪਨੀ ਗਠਿਤ ਕਰ ਕੇ ਵੋਟ ਹਾਸਲ ਕਰਨ ਲਈ ਲਾਲਚ ਅਤੇ ਤੋਹਫ਼ੇ ਜਾਂ ਰਿਓੜੀਆਂ ਰਿਸ਼ਵਤ ਵਿਚ ਵੰਡੇਗਾ। ਜਦੋਂ ਮੁੱਖ ਜੱਜ ਨੇ ਸਵਾਲ ਕੀਤਾ ਕਿ ਕੀ ਮਿਕਸੀ ਜਾਂ ਗਰਾਈਂਡਰ ਦੇਣ ਨੂੰ ਭ੍ਰਿਸ਼ਟਾਚਾਰ ਮੰਨਿਆ ਜਾਵੇਗਾ ਤਾਂ ਸੀਨੀਅਰ ਵਕੀਲ ਹੰਸਾਰੀਆ ਨੇ ਸਾਫ਼ ਕਿਹਾ ਕਿ ਇਸ ਦਾ ਮਤਲਬ ਇਹ ਨਹੀਂ ਮੰਨਿਆ ਜਾ ਸਕਦਾ ਕਿ ਇਹ ਰਿਸ਼ਵਤ ਨਹੀਂ ਹੈ।

ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਰਿਓੜੀ ਵੰਡ ਦੇ ਆਧਾਰ ਨੂੰ ਰਿਸ਼ਵਤ ਮੰਨਦਿਆਂ ਪਾਰਟੀਆਂ ਦੀ ਮਾਨਤਾ ਰੱਦ ਕਰਨ ਦੀ ਸ਼ਕਤੀ ਪ੍ਰਦਾਨ ਕਰਨ ਦੀ ਮੰਗ ਕੀਤੀ। ਚੋਣਵੀਆਂ ਮਿਸਾਲਾਂ (1) ਭਾਜਪਾ ਨੇ ਰਾਜਸਥਾਨ ਵਿਚ 12ਵੀਂ ਪਾਸ ਵਿਦਿਆਰਥਣਾਂ ਨੂੰ ਸਕੂਟੀ, 450 ਰੁਪਏ ਗੈਸ ਸਿਲੰਡਰ, ਕੇਜੀ ਤੋਂ ਪੀਜੀ ਤੱਕ ਮੁਫ਼ਤ ਸਿੱਖਿਆ, ਪੀਐੱਮ ਕਿਸਾਨ ਸਨਮਾਨ ਨਿਧੀ 6 ਤੋਂ 12 ਹਜ਼ਾਰ ਸਾਲਾਨਾ ਕਰਨ, ਲਾਡੋ ਪ੍ਰੋਤਸਾਹਨ ਯੋਜਨਾ ਤਹਿਤ ਲੜਕੀ ਪੈਦਾ ਹੋਣ ’ਤੇ 2 ਲੱਖ ਰੁਪਏ ਦਾ ਬਾਂਡ, ਆਈਆਈਟੀ ਵਾਂਗ ਆਈਐੱਮਸੀ ਮੈਡੀਕਲ ਸੰਸਥਾਵਾਂ, 2.5 ਲੱਖ ਨੌਕਰੀਆਂ, 2700 ਰੁਪਏ ਕੁਇੰਟਲ ਕਣਕ ਦਾ ਭਾਅ, 40000 ਕਰੋੜ ਨਿਵੇਸ਼ ਭਾਮਾਸ਼ਾਹ ਹੈਲਥ ਸਿਸਟਮ ਲਈ, ਕਾਂਗਰਸ ਦੇ ਘੁਟਾਲਿਆਂ ਦੀ ਜਾਂਚ ਆਦਿ ਦੇ ਵਾਅਦੇ ਕੀਤੇ ਸਨ।

ਤੇਲੰਗਾਨਾ ਵਿਚ ਕਾਂਗਰਸ ਪਾਰਟੀ ਵੱਲੋਂ 200 ਯੂਨਿਟ ਬਿਜਲੀ ਮੁਫ਼ਤ, ਕਿਸਾਨ ਨੂੰ ਪ੍ਰਤੀ ਸਾਲ 15000, ਖੇਤ ਮਜ਼ਦੂਰ ਨੂੰ 12000, ਔਰਤਾਂ ਨੂੰ ਮੁਫ਼ਤ ਬੱਸ ਸੇਵਾ, 2 ਲੱਖ ਨੌਕਰੀਆਂ, ਤੇਲੰਗਾਨਾ ਅੰਦੋਲਨਕਾਰੀਆਂ ਨੂੰ 250 ਗਜ਼ ਦਾ ਮਕਾਨ, ਚੇਯਰਥਾ ਯੋਜਨਾ ਤਹਿਤ ਬਜ਼ੁਰਗਾਂ, ਵਿਕਲਾਂਗਾਂ, ਵਿਧਵਾਵਾਂ, ਬਿਮਾਰੀ, ਬੀੜੀ, ਬੁਣਕਰ ਕਾਮਿਆਂ ਆਦਿ ਨੂੰ 4000 ਰੁਪਏ ਮਾਸਿਕ ਪੈਨਸ਼ਨ, 10 ਲੱਖ ਦੀ ਸਿਹਤ ਬੀਮਾ ਯੋਜਨਾ ਦੇ ਚੋਣ ਵਾਅਦੇ ਕੀਤੇ। ਸੰਨ 2018 ਦੇ ਮੁਕਾਬਲੇ 20 ਨਵੰਬਰ 2023 ਤੱਕ ਚੋਣ ਕਮਿਸ਼ਨ ਨੇ 7 ਗੁਣਾ ਵੱਧ ਰਿਸ਼ਵਤੀ ਧੰਨ ਪਕੜਿਆ। ਸਭ ਤੋਂ ਵੱਧ ਛੋਟੇ ਜਿਹੇ ਤੇਲੰਗਾਨਾ ਵਿੱਚੋਂ 659 ਕਰੋੜ, ਰਾਜਸਥਾਨ ’ਚੋਂ 651 ਕਰੋੜ, ਮੱਧ ਪ੍ਰਦੇਸ਼ ’ਚੋਂ 323 ਕਰੋੜ, ਛੱਤੀਸਗੜ੍ਹ ’ਚੋਂ 77 ਕਰੋੜ ਅਤੇ ਮਿਜ਼ੋਰਮ ’ਚੋਂ 49.6 ਕਰੋੜ ਰੁਪਏ ਜ਼ਬਤ ਕੀਤੇ ਗਏ। ਸੱਤਾ ਖ਼ਾਤਰ ਚੋਣਾਂ ਵੇਲੇ ਕੀਤੇ ਵਾਅਦੇ ਵਫ਼ਾ ਕਰਨ ਲਈ ਸਾਡੀ ਅਰਥ ਵਿਵਸਥਾ ਵਿਚ ਸਮਰੱਥਾ ਨਹੀਂ ਹੈ।



*ਭਾਰਤੀ ਲੋਕਤੰਤਰ ਜੋ ਵਿਸ਼ਵ ਦਾ ਸਭ ਤੋਂ ਵਿਸ਼ਾਲ ਲੋਕਤੰਤਰ ਹੈ, ਉਸ ਨੂੰ ਬਚਾਉਣ ਲਈ ਲੋਕ-ਲੁਭਾਊ ਚੋਣ ਮਨੋਰਥ ਪੱਤਰਾਂ ਤੋਂ ਸੁਰੱਖਿਆ ਦੀ ਨੀਅਤ ਨਾਲ ਇਕ ਵਕੀਲ ਅਸ਼ਵਨੀ ਉਪਾਧਿਆਏ ਨੇ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਖ਼ਲ ਕੀਤੀ ਜਿਸ ’ਚ ਮੰਗ ਕੀਤੀ ਗਈ ਕਿ ਹਰ ਕਿਸਮ ਦੀਆਂ ਲੋਕਤੰਤਰੀ ਚੋਣਾਂ ਅਰਥਾਤ ਕੇਂਦਰ, ਰਾਜਾਂ ਜਾਂ ਸਥਾਨਕ ਸਰਕਾਰਾਂ ਸਬੰਧੀ ਚੋਣਾਂ ਵੇਲੇ ਵੋਟਰਾਂ ਨੂੰ ਭਰਮਾਉਣ ਲਈ ਸਿਆਸੀ ਪਾਰਟੀਆਂ ਤੇ ਨੇਤਾਵਾਂ ਵੱਲੋਂ ਕੀਤੇ ਜਾਂਦੇ ਲੋਕ-ਲੁਭਾਊ ਐਲਾਨਾਂ, ਵਾਅਦਿਆਂ, ਗਾਰੰਟੀਆਂ ’ਤੇ ਰੋਕ ਲਗਾਈ ਜਾਵੇ।*

# ਯੂਕੇ ਦੇ ਪਰਵਾਸ ਬਾਰੇ ਸਖ਼ਤ ਕਾਨੂੰਨ

ਕੋਵਿਡ-19 ਤੋਂ ਬਾਅਦ ਬਹੁਤ ਸਾਰੇ ਦੇਸ਼ਾਂ ਦੀਆਂ ਅਰਥ-ਵਿਵਸਥਾਵਾਂ ਦੀਆਂ ਚੂਲ਼ਾਂ ਹਿੱਲ ਕੇ ਰਹਿ ਗਈਆਂ ਹਨ। ਇੰਗਲੈਂਡ ਵੀ ਉਨ੍ਹਾਂ ’ਚੋਂ ਇਕ ਹੈ। ਇਸੇ ਲਈ ਹੁਣ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਵਰਕ-ਵੀਜ਼ਾ ਦੇ ਬਿਨੈਕਾਰਾਂ ਲਈ ਤਨਖ਼ਾਹ ਦੀ ਸ਼ਰਤ ’ਚ ਵੱਡੀ ਤਬਦੀਲੀ ਕਰ ਦਿੱਤੀ ਹੈ।

ਇਸ ਨਾਲ ਯਕੀਨੀ ਤੌਰ ’ਤੇ ਇੰਗਲੈਂਡ ਜਾ ਕੇ ਵਸਣ ਦੇ ਭਾਰਤੀ ਚਾਹਵਾਨਾਂ ਨੂੰ ਵੱਡੀ ਢਾਹ ਲੱਗੇਗੀ। ਇਸ ਨਵੇਂ ਕਾਨੂੰਨ ਦਾ ਮੰਤਵ ਸਿਰਫ਼ ਯੂਕੇ ਪੁੱਜਣ ਵਾਲੇ ਪਰਵਾਸੀਆਂ ਦੀ ਗਿਣਤੀ ਨੂੰ ਘਟਾਉਣਾ ਹੈ। ਪਹਿਲਾਂ ਜਿਹੜੇ ਕਾਮਿਆਂ ਨੂੰ ਉਸ ਦੇਸ਼ ’ਚ 26,000 ਪੌਂਡ ਭਾਵ 27.35 ਲੱਖ ਭਾਰਤੀ ਰੁਪਏ ਦੀ ਨੌਕਰੀ ਮਿਲਦੀ ਸੀ, ਉਨ੍ਹਾਂ ਨੂੰ ਵਰਕ-ਵੀਜ਼ਾ ਮਿਲ ਜਾਂਦਾ ਸੀ ਪਰ ਹੁਣ ਉਸ ਰਕਮ ’ਚ ਚੋਖਾ ਵਾਧਾ ਕਰ ਕੇ ਉਸ ਨੂੰ 38,700 ਪੌਂਡ ਭਾਵ 40.73 ਲੱਖ ਰੁਪਏ ਕਰ ਦਿੱਤਾ ਗਿਆ ਹੈ। ਹੁਣ ਇਕ ਸਾਲ ’ਚ ਵੱਧ ਤੋਂ ਵੱਧ ਤਿੰਨ ਲੱਖ ਪਰਵਾਸੀਆਂ ਨੂੰ ਹੀ ਇੰਗਲੈਂਡ ਦਾ ਇਹ ਵੀਜ਼ਾ ਮਿਲ ਸਕੇਗਾ।

ਇਸ ਤੋਂ ਇਲਾਵਾ ਮਰੀਜ਼ਾਂ, ਬੱਚਿਆਂ ਤੇ ਬਜ਼ੁਰਗਾਂ ਦੀ ਦੇਖਭਾਲ਼ ਕਰਨ ਵਾਲੇ ਪਰਵਾਸੀ ਕਾਮੇ ਵੀ ਹੁਣ ਆਪਣੇ ਆਸ਼ਰਿਤਾਂ ਨੂੰ ਆਪਣੇ ਮੂਲ ਵਤਨਾਂ ਤੋਂ ਯੂਕੇ ਨਹੀਂ ਲਿਜਾ ਸਕਣਗੇ। ਜਿਹੜੇ ਪਰਵਾਸੀ ਆਪਣੀ ਵੀਜ਼ਾ ਮਿਆਦ ਪੁੱਗਣ ਤੋਂ ਬਾਅਦ ਵੀ ਉਸ ਦੇਸ਼ ’ਚ ਟਿਕੇ ਰਹਿੰਦੇ ਸਨ, ਨਵੇਂ ਕਾਨੂੰਨ ਮੁਤਾਬਕ ਹੁਣ ਉਨ੍ਹਾਂ ਖ਼ਿਲਾਫ਼ ਵੀ ਸਖ਼ਤੀਆਂ ਵਧਾ ਦਿੱਤੀਆਂ ਗਈਆਂ ਹਨ। ਪਿਛਲੇ ਕੁਝ ਸਮੇਂ ਦੌਰਾਨ ਭਾਵੇਂ ਧੋਖੇਬਾਜ਼ ਏਜੰਟਾਂ ਖ਼ਿਲਾਫ਼ ਸਰਕਾਰ ਨੇ ਵੱਡੀਆਂ ਕਾਨੂੰਨੀ ਕਾਰਵਾਈਆਂ ਕੀਤੀਆਂ ਹਨ ਪਰ ਫਿਰ ਵੀ ਅਜਿਹੇ ਠੱਗਾਂ ਦੀ ਗਿਣਤੀ ’ਚ ਕੋਈ ਬਹੁਤੀ ਕਮੀ ਨਹੀਂ ਹੋ ਸਕੀ ਹੈ।



ਹਾਲੇ ਵੀ ਵੱਡੀ ਗਿਣਤੀ ’ਚ ਪੰਜਾਬੀ ਨੌਜਵਾਨ ਅਜਿਹੀਆਂ ਧੋਖਾਧੜੀਆਂ ਦੇ ਸ਼ਿਕਾਰ ਹੋ ਰਹੇ ਹਨ। ਇਸ ਵਰ੍ਹੇ ਜੂਨ ਤੱਕ ਖ਼ਤਮ ਹੋਏ ਇਕ ਸਾਲ ਦੌਰਾਨ 6.72 ਲੱਖ ਪਰਵਾਸੀ ਇੰਗਲੈਂਡ ਪੁੱਜ ਚੁੱਕੇ ਸਨ। ਅਗਲੇ ਸਾਲ ਤੋਂ ਇਹ ਗਿਣਤੀ ਅੱਧੀ ਤੋਂ ਵੀ ਵੱਧ ਘਟਾ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਕਦੇ ਵੀ ਕਿਸੇ ਸਰਕਾਰ ਨੇ ਪਰਵਾਸੀਆਂ ’ਤੇ ਇੰਨੀਆਂ ਜ਼ਿਆਦਾ ਸਖ਼ਤੀਆਂ ਲਾਗੂ ਨਹੀਂ ਕੀਤੀਆਂ। ਜਦੋਂ ਰਿਸ਼ੀ ਸੁਨਕ ਨੇ ਯੂਕੇ ਦੇ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲ਼ਿਆ ਸੀ, ਤਦ ਸਮੂਹ ਭਾਰਤ ਵਾਸੀਆਂ ਨੇ ਦਿਲੋਂ ਖ਼ੁਸ਼ੀ ਮਨਾਈ ਸੀ। ਸਭ ਨੇ ਇਹੋ ਸੋਚਿਆ ਸੀ ਕਿ ਹੁਣ ਭਾਰਤੀਆਂ ਲਈ ਇੰਗਲੈਂਡ ਜਾਣਾ ਸੁਖਾਲ਼ਾ ਹੋ ਜਾਵੇਗਾ। ਰਿਸ਼ੀ ਸੁਨਕ ਦੀ ਜ਼ਿੰਮੇਵਾਰੀ ਆਪਣੇ ਮੌਜੂਦਾ ਦੇਸ਼ ਪ੍ਰਤੀ ਵਧੇਰੇ ਹੈ ਕਿਉਂਕਿ ਉਹ ਵੱਡੇ ਸੰਵਿਧਾਨਕ ਅਹੁਦੇ ’ਤੇ ਤਾਇਨਾਤ ਹਨ। ਓਧਰ ਵਿਰੋਧੀ ਧਿਰ ਲੇਬਰ ਪਾਰਟੀ ਦੇ ਆਗੂਆਂ ਨੇ ਪਰਵਾਸੀ ਕਾਮਿਆਂ ਲਈ ਕੀਤੀਆਂ ਸਖ਼ਤੀਆਂ ਦੀ ਨਿਖੇਧੀ ਕੀਤੀ ਹੈ। ਇਨ੍ਹਾਂ ਆਗੂਆਂ ਨੇ ਇਸ ਨੂੰ ਮੌਜੂਦਾ ਕੰਜ਼ਰਵੇਟਿਵ ਪਾਰਟੀ ਦੀ ਵੱਡੀ ਨਾਕਾਮੀ ਦੱਸਿਆ ਹੈ।

ਇਹ ਵੀ ਇਕ ਹਕੀਕਤ ਹੈ ਕਿ ਹਰੇਕ ਦੇਸ਼ ਦੀ ਸਰਕਾਰ ਨੂੰ ਆਪਣੀ ਬਿਹਤਰੀ ਲਈ ਲੋੜੀਂਦੇ ਕਦਮ ਚੁੱਕਣ ਦਾ ਅਧਿਕਾਰ ਹੈ। ਫਿਰ ਵੀ ਇਸ ’ਚ ਕੋਈ ਸ਼ੱਕ ਨਹੀਂ ਕਿ ਭਾਰਤੀਆਂ ਨੇ ਜਿਹੜੇ ਵੀ ਦੇਸ਼ ਨੂੰ ਆਪਣਾ ਨਵਾਂ ਟਿਕਾਣਾ ਬਣਾਇਆ ਹੈ, ਉਸ ਨੇ ਤਰੱਕੀ ਦੇ ਨਵੇਂ ਸਿਖ਼ਰ ਛੋਹੇ ਹਨ। ਵੀਹਵੀਂ ਸਦੀ ਦੇ ਆਰੰਭ ਤੋਂ ਹੀ ਭਾਰਤੀ, ਖ਼ਾਸ ਤੌਰ ’ਤੇ ਪੰਜਾਬੀ ਅਮਰੀਕਾ, ਕੈਨੇਡਾ, ਆਸਟ ?ਰੇਲੀਆ ਤੇ ਹੋਰ ਪੱਛਮੀ ਦੇਸ਼ਾਂ ਦੇ ਬੁਨਿਆਦੀ ਢਾਂਚੇ ਦੀ ਸਥਾਪਤੀ ’ਚ ਵੱਡੇ ਯੋਗਦਾਨ ਪਾਉਂਦੇ ਰਹੇ ਹਨ। ਉਨ੍ਹਾਂ ਦੀ ਇਮਾਨਦਾਰੀ, ਦਿਆਨਤਦਾਰੀ ਤੇ ਸਖ਼ਤ ਮਿਹਨਤ ’ਤੇ ਕਦੇ ਵੀ ਕਿਸੇ ਨੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ। ਯੂਕੇ ਦੀ ਸਰਕਾਰ ਨੂੰ ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਗੋਚਰੇ ਰੱਖ ਕੇ ਵੱਡੀਆਂ ਕਾਨੂੰਨੀ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ।

# ਪਰਾਲੀ, ਕੂੜੇ ਤੇ ਗੋਬਰ ਦਾ ਉਪਯੋਗ, ਕੋਲੇ ਦਾ ਬਦਲ ਸਾਬਿਤ ਹੋ ਸਕਦੀਆਂ ਹਨ ਇਹ ਵਿਧੀਆਂ

**ਅਮਰ ਗਰਗ**



ਕੋਲੇ ਤੋਂ ਬਿਜਲੀ ਪੈਦਾ ਕਰਨ ਦਾ ਸੰਕਟ ਭਾਰਤ ਸਮੇਤ ਸਾਰੇ ਵਿਸ਼ਵ 'ਤੇ ਛਾਇਆ ਹੋਇਆ ਹੈ। ਭਾਰਤ ਦੇ ਥਰਮਲ ਪਲਾਂਟਾਂ 'ਤੇ ਵੀ ਕੋਲੇ ਦੀ ਕਮੀ ਦੇ ਬੱਦਲ ਮੰਡਰਾ ਰਹੇ ਹਨ। ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਧ ਬਿਜਲੀ ਪੈਦਾ ਕਰਨ ਵਾਲਾ ਅਤੇ ਤੀਜਾ ਹੀ ਖਪਤ ਕਰਨ ਵਾਲਾ ਦੇਸ਼ ਹੈ। ਦੇਸ਼ ਵਿਚ ਕੁੱਲ ਬਿਜਲੀ ਉਤਪਾਦਨ 'ਚ ਪੂਰਤੀ ਯੋਗ ਊਰਜਾ ਦਾ ਭਾਗ 37% ਹੈ ਜਿਸ ਵਿਚ ਹਾਈਡਰੋ, ਸੋਲਰ ਪੈਨਲ ਅਤੇ ਪਵਨ ਚੱਕੀ ਵਿਧੀ ਦੁਆਰਾ ਤਿਆਰ ਕੀਤੀ ਬਿਜਲੀ ਹੈ। ਕੁੱਲ ਬਿਜਲੀ ਉਤਪਾਦਨ ਦੀ ਦੋ ਪ੍ਰਤੀਸ਼ਤ ਬਿਜਲੀ ਪਰਮਾਣੂ ਊਰਜਾ ਰਾਹੀਂ ਪੈਦਾ ਹੁੰਦੀ ਹੈ। ਲਗਪਗ 61% ਬਿਜਲੀ ਦਾ ਉਤਪਾਦਨ ਕਾਰਬਨ ਉਤਸਰਜਨ ਵਿਧੀ (ਥਰਮਲ ਪਲਾਂਟਾਂ) ਰਾਹੀਂ ਹੁੰਦਾ ਹੈ ਜਿਸ 'ਚ 85% ਕੋਲੇ ਨਾਲ ਚੱਲਣ ਵਾਲੇ ਅਤੇ ਬਾਕੀ 15% ਗੈਸ ਆਧਾਰਤ ਥਰਮਲ ਪਲਾਂਟਾਂ ਦਾ ਯੋਗਦਾਨ ਹੈ।

ਪਿਛਲੇ ਕੁਝ ਕੁ ਸਾਲਾਂ ਤੋਂ ਦੇਸ਼ ਵਿਚ ਬਿਜਲੀ ਦੀ ਮੰਗ ਆਏ ਸਾਲ ਪਹਿਲਾਂ ਵਾਲੀ ਮਾਤਰਾ ਨਾਲੋਂ 20% ਵਧ ਜਾਂਦੀ ਹੈ। ਭਾਵੇਂ ਦੇਸ਼ ਵਿਚ ਪੂਰਤੀ ਯੋਗ ਊਰਜਾ (ਸੋਲਰ ਪੈਨਲ ਤੋਂ) ਦੀ ਪੈਦਾਵਾਰ ਲਗਾਤਾਰ ਵਧ ਰਹੀ ਹੈ ਪਰ ਇਹ ਮਾਤਰਾ ਥਰਮਲ ਪਲਾਂਟਾਂ ਵਿਚ ਪੈਦਾ ਹੋਣ ਵਾਲੀ ਬਿਜਲੀ ਦੀ ਮਾਤਰਾ ਨੂੰ ਪੂਰੀ ਤਰ੍ਹਾਂ ਢੱਕ ਲਵੇ, ਇਸ ਲਈ ਲੰਬਾ ਸਮਾਂ ਲੱਗੇਗਾ। ਮੁੱਖ ਰੂਪ ਵਿਚ ਕੋਲਾ ਸਟੀਲ ਉਦਯੋਗਾਂ ਅਤੇ ਥਰਮਲ ਪਲਾਂਟਾਂ ਵਿਚ ਵੱਡੇ ਪੱਧਰ 'ਤੇ ਵਰਤਿਆਂ ਜਾਂਦਾ ਹੈ ਪਰ ਜੇ ਕੋਲੇ ਦੀ ਖਪਤ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਕੋਲਾ ਭੰਡਾਰਾਂ ਦੇ ਪੂਰੀ ਤਰ੍ਹਾਂ ਖ਼ਾਤਮੇ ਨੂੰ ਕੋਈ ਨਹੀਂ ਰੋਕ ਸਕੇਗਾ। ਭੂ-ਵਿਗਿਆਨੀਆਂ ਮੁਤਾਬਕ ਭਾਰਤ 'ਚ ਕੋਲੇ ਦੇ ਭੰਡਾਰ 111 ਸਾਲਾਂ ਬਾਅਦ ਪੂਰੀ ਤਰ੍ਹਾਂ ਖ਼ਤਮ ਹੋ ਜਾਣਗੇ ਤੇ 55 ਸਾਲਾਂ ਬਾਅਦ ਭਾਰਤ ਵਿਚ ਮੌਜੂਦ ਅੱਧਾ ਕੋਲਾ ਭੰਡਾਰ ਖ਼ਤਮ ਹੋ ਚੁੱਕਾ ਹੋਵੇਗਾ। ਆਉਣ ਵਾਲੇ ਸਮੇਂ ਵਿਚ ਕੋਲਾ ਭੰਡਾਰਾਂ ਦੇ ਖ਼ਾਤਮੇ ਕਾਰਨ ਥਰਮਲ ਪਲਾਂਟਾਂ ਉੱਪਰ ਛਾ ਰਹੇ ਅਸਲੀ ਖ਼ਤਰੇ ਦੇ ਹੱਲ ਲਈ ਕੇਂਦਰ ਸਰਕਾਰ ਨੂੰ ਰਾਜ ਸਰਕਾਰਾਂ ਨਾਲ਼ ਮਿਲ ਕੇ ਹੁਣੇ ਤੋਂ ਸੁਚੱਜੀ ਬਿਜਲੀ ਨੀਤੀ ਬਣਾਉਣੀ ਹੋਵੇਗੀ ਤਾਂ ਕਿ ਭਵਿੱਖ ਵਿਚ ਕਿਸੇ ਕਿਸਮ ਦਾ ਬਿਜਲੀ ਸੰਕਟ ਖੜ੍ਹਾ ਨਾ ਹੋਵੇ। ਇਸ ਵਿਸ਼ੇ ਦਾ ਸਭ ਤੋਂ ਅਹਿਮ ਅੰਗ ਇਹ ਹੈ ਕਿ ਥਰਮਲ ਪਲਾਂਟਾਂ 'ਚ ਕੋਲੇ ਦਾ ਬਦਲ ਕੀ ਹੋ ਸਕਦਾ ਹੈ? ਭਾਰਤ 'ਚ ਤਿੰਨ ਵਸਤਾਂ ਅਜਿਹੀਆਂ ਹਨ ਜਿਨ੍ਹਾਂ ਦੀ ਪੈਦਾਵਾਰ ਨਾਲ਼ ਆਏ ਸਾਲ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਕੋਈ ਸਮੱਸਿਆ ਵਕਤੀ ਹੁੰਦੀ ਹੈ ਅਤੇ ਕੋਈ ਸਾਰਾ ਸਾਲ ਚੱਲਣ ਵਾਲੀ। ਸਮੱਸਿਆ ਨੂੰ ਵਰਦਾਨ ਬਣਾਇਆ ਜਾ ਸਕਦਾ ਹੈ, ਬਸ ਇੱਛਾ ਸ਼ਕਤੀ ਦੀ ਜ਼ਰੂਰਤ ਹੈ।

ਪਰਾਲੀ ਦੀ ਸਮੱਸਿਆ : ਭਾਵੇਂ ਇਹ ਸਮੱਸਿਆ ਵਕਤੀ ਹੁੰਦੀ ਹੈ ਪਰ ਇਸ ਦੇ ਭੈੜੇ ਨਤੀਜੇ ਲੰਬਾ ਸਮਾਂ ਭੁਗਤਣੇ ਪੈਂਦੇ ਹਨ। ਭਾਰਤ ਵਿਚ ਹਰ ਸਾਲ ਲਗਪਗ 13 ਕਰੋੜ ਟਨ ਚਾਵਲ ਦਾ ਉਤਪਾਦਨ ਹੁੰਦਾ ਹੈ। ਜਿਸ ਦੇ ਪਿੱਛੇ 15 ਕਰੋੜ ਟਨ ਫ਼ਸਲ ਦੀ ਰਹਿੰਦ-ਖੂਹੰਦ ਪੈਦਾ ਹੁੰਦੀ ਹੈ। ਜਿਸ 'ਚੋਂ ਲਗਪਗ 9.60 ਕਰੋੜ ਟਨ ਰਹਿੰਦ-ਖੂਹੰਦ ਨੂੰ ਖੇਤਾਂ ਵਿਚ ਹੀ ਜਲਾ ਦਿੱਤਾ ਜਾਂਦਾ ਹੈ। ਇਸ ਦੇ ਨਾਲ਼ ਹੀ 50 ਲੱਖ ਟਨ ਚਾਵਲ ਉੱਪਰਲਾ ਛਿਲਕਾ ਪੈਦਾ ਹੁੰਦਾ ਹੈ। ਛਿਲਕੇ ਦੀ ਮਾਲਕੀ ਸ਼ੈਲਰ ਮਾਲਕਾਂ, ਜਦਕਿ ਪਰਾਲੀ ਦੀ ਮਾਲਕੀ ਕਿਸਾਨਾਂ ਕੋਲ ਹੁੰਦੀ ਹੈ। ਅੱਜ ਤੋਂ 70 ਸਾਲ ਪਹਿਲਾਂ ਸ਼ੈਲਰ ਮਾਲਕ ਛਿਲਕੇ ਨੂੰ ਖੁੱਲ੍ਹੇ ਮੈਦਾਨ 'ਚ ਅੱਗ ਲਗਾ ਦਿੰਦੇ ਸਨ, ਪਰ ਅੱਜ ਉਹੀ ਛਿਲਕਾ ਸ਼ੈਲਰ ਮਾਲਕਾਂ ਲਈ ਇਕ ਆਰਥਿਕ ਉਤਪਾਦ ਬਣ ਚੁੱਕਾ ਹੈ। ਪਰ ਅਫ਼ਸੋਸ ਵਾਲੀ ਗੱਲ ਇਹ ਹੈ ਕਿ ਕਿਸਾਨ ਦੀ ਮਾਲਕੀ ਵਾਲੀ 9.60 ਕਰੋੜ ਟਨ ਪਰਾਲੀ ਨੂੰ ਖੇਤਾਂ ਵਿਚ ਜਲਾ ਦਿੱਤਾ ਜਾਂਦਾ ਹੈ। ਜੇਕਰ ਇਸ ਦਾ ਘੱਟੋ-ਘੱਟ ਮੁੱਲ 2 ਰੁਪਏ ਪ੍ਰਤੀ ਕਿੱਲੋ ਲਗਾਇਆ ਜਾਵੇ ਤਾਂ ਇਸ ਦਾ ਕੁੱਲ ਮੁੱਲ ਲਗਪਗ 20000 ਕਰੋੜ ਰੁਪਏ ਬਣਦਾ ਹੈ। ਪਰਾਲੀ ਦੀ ਸੁਚੱਜੀ ਵਰਤੋਂ ਨਾਲ਼ ਇਹ ਰਕਮ ਕਿਸਾਨਾਂ ਦੀ ਜੇਬ ਵਿਚ ਜਾ ਸਕਦੀ ਹੈ ਜਿਹੜੀ ਅੱਜ ਅਗਨ ਭੇਟ ਹੋ ਰਹੀ ਹੈ। ਇਸ ਪ੍ਰਕਿਰਿਆ ਨਾਲ਼ ਦੇਸ਼ ਦੀ ਜੀਡੀਪੀ ਦੇ ਵਾਧੇ ਵਿਚ ਅਹਿਮ ਯੋਗਦਾਨ ਪੈ ਸਕਦਾ ਹੈ।

ਥਰਮਲ ਪਲਾਂਟਾਂ 'ਚ ਪਰਾਲੀ ਦੀ ਵਰਤੋਂ : ਪਰਾਲੀ ਦਾ ਕੁਤਰਾ ਕਰ ਕੇ ਇਸ ਵਿਚ ਕੁਝ ਪ੍ਰਤੀਸ਼ਤ ਕੋਲਾ (10% ਦੇ ਲਗਪਗ) ਅਤੇ ਕੁਝ ਪ੍ਰਤੀਸ਼ਤ ਗੋਬਰ ਮਿਲਾ ਕੇ ਵਾਜਿਬ ਦਾਬ ਨਾਲ਼ ਇੱਟਾਂ ਵਰਗੇ ਬਲਾਕ ਬਣਾ ਕੇ ਥਰਮਲ ਪਲਾਂਟਾਂ 'ਚ ਜਲਾਏ ਜਾ ਸਕਦੇ ਹਨ। ਇਸ ਵਿਧੀ ਨਾਲ਼ ਕੋਲਾ ਦਰਾਮਦ ਕਰਨ 'ਚ ਕਮੀ ਆਵੇਗੀ ਤੇ ਦੇਸ਼ ਵਿਚ ਕੋਲਾ ਭੰਡਾਰਾਂ 'ਤੇ ਵੀ ਬੋਝ ਘਟੇਗਾ ਅਤੇ ਪਰਾਲੀ ਦੀ ਆਰਥਿਕ ਕਦਰ ਵੀ ਪੈ ਜਾਵੇਗੀ।

ਪਰਾਲੀ ਤੋਂ ਸੀਐੱਨਜੀ : ਦੇਸ਼ ਵਿਚ ਬਾਇਓ ਊਰਜਾ ਉਤਪਾਦਨ ਲਈ ਕਈ ਪਲਾਂਟ ਲੱਗ ਚੁੱਕੇ ਹਨ, ਜਿਹੜੇ ਪਰਾਲੀ ਤੋਂ ਸੀਐੱਨਜੀ (ਮੀਥੇਨ ਗੈਸ) ਦੀ ਪੈਦਾਵਾਰ ਕਰ ਰਹੇ ਹਨ। ਅਜਿਹਾ ਹੀ ਇਕ ਪਲਾਂਟ ਕੇਂਦਰ ਅਤੇ ਪੰਜਾਬ ਸਰਕਾਰ ਦੀ ਮਦਦ ਨਾਲ਼ ਵਰਬੀਓ ਗਰੁੱਪ ਵੱਲੋਂ ਸੰਗਰੂਰ ਵਿਖੇ ਲਾਇਆ ਗਿਆ ਹੈ। ਜਿਹੜਾ ਇਕ ਸਾਲ ਵਿਚ 1.50 ਲੱਖ ਟਨ ਵਿਅਰਥ ਪਦਾਰਥਾਂ (ਪਰਾਲੀ ਆਦਿ) ਦੀ ਖਪਤ ਕਰ ਕੇ 33 ਟੀਪੀਡੀ (ਟਨ ਪ੍ਰਤੀ ਦਿਨ) ਸੀਐੱਨਜੀ ਪੈਦਾ ਕਰੇਗਾ। ਇਹ ਇਕ ਸ਼ਲਾਘਾ ਯੋਗ ਕਦਮ ਹੈ।

ਪਰਾਲੀ ਤੋਂ ਗੱਤਾ ਤੇ ਕਾਗਜ਼ ਬਣਾਉਣਾ : ਸਾਲ 2021-22 ਵਿਚ ਦੇਸ਼ ਨੇ 173.22 ਕਰੋੜ ਟਨ ਕਾਗਜ਼ ਬਾਹਰ ਤੋਂ ਖ਼ਰੀਦਿਆ ਹੈ ਜਿਸ ਦਾ ਭੁਗਤਾਨ ਦੇਸ਼ ਨੂੰ ਡਾਲਰ ਵਿਚ ਕਰਨਾ ਪੈਂਦਾ ਹੈ ਜਿਸ ਦੇ ਨਤੀਜੇ ਵਜੋਂ ਰੁਪਏ ਦੀ ਕੀਮਤ ਡਿੱਗਦੀ ਹੈ। ਰੁਪਏ ਦੀ ਕੀਮਤ ਡਿੱਗਣ ਨਾਲ਼ ਵਾਧੂ ਆਰਥਿਕ ਬੋਝ ਪੈਂਦਾ ਹੈ। ਪਰਾਲੀ ਦੀ ਵਰਤੋਂ ਨਾਲ਼ ਦੇਸ਼ 'ਚ ਹੀ ਇੰਨਾ ਕਾਗਜ਼ ਤਿਆਰ ਕੀਤਾ ਜਾ ਸਕਦਾ ਹੈ ਕਿ ਭਾਰਤ ਕਾਗਜ਼ ਦਾ ਬਰਾਮਦਕਾਰ ਵੀ ਬਣ ਸਕਦਾ ਹੈ।

ਠੋਸ ਕੂੜੇ-ਕਰਕਟ ਤੋਂ ਬਿਜਲੀ ਪੈਦਾ ਕਰਨੀ : ਸਾਰੇ ਕਸਬਿਆਂ ਤੇ ਸ਼ਹਿਰਾਂ 'ਚੋਂ ਠੋਸ ਕੂੜੇ ਦੇ ਭਰੇ ਹੋਏ 40 ਲੱਖ ਟਰੱਕ ਹਰ ਰੋਜ਼ ਨਿਕਲਦੇ ਹਨ। ਇਸ ਠੋਸ ਕੂੜੇ ਨੂੰ ਸਮੇਟਣਾ ਦੇਸ਼ ਲਈ ਇਕ ਬਹੁਤ ਵੱਡੀ ਸਮੱਸਿਆ ਬਣ ਚੁੱਕੀ ਹੈ। ਜਿਸ ਥਾਂ 'ਤੇ ਇਹ ਕੂੜਾ ਡੰਪ ਕੀਤਾ ਜਾਂਦਾ ਹੈ, ਉਸ ਦੇ ਇਰਦ-ਗਿਰਦ ਰਹਿਣ ਵਾਲੇ ਲੋਕਾਂ ਨੂੰ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਜ਼ਿਆਦਾਤਰ ਸ਼ਹਿਰਾਂ ਦੇ ਕੂੜੇ ਦੇ ਡੰਪ ਲਈ ਪਿੰਡਾਂ ਦੀਆਂ ਥਾਵਾਂ ਨੂੰ ਚੁਣ ਕੇ ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਜਾਂਦਾ ਹੈ। ਥਰਮਲ ਪਲਾਂਟਾਂ ਵਿਚ ਕੋਲੇ ਦੀ ਥਾਂ ਠੋਸ ਕੂੜੇ ਨੂੰ ਜਲਾ ਕੇ ਬਿਜਲੀ ਦਾ ਉਤਪਾਦਨ ਕਰਨਾ ਚਾਹੀਦਾ ਹੈ। ਠੋਸ ਕੂੜੇ ਦੇ ਇਸ ਸਦਉਪਯੋਗ ਨਾਲ਼ ਹਜ਼ਾਰਾਂ ਮੈਗਾਵਾਟ ਬਿਜਲੀ ਤਿਆਰ ਕੀਤੀ ਜਾ ਸਕਦੀ ਹੈ। ਕੁਝ ਉਦਾਹਰਨਾਂ ਸਾਡੇ ਸਾਹਮਣੇ ਹਨ। ਦਿੱਲੀ ਦੇ ਨਰੇਲਾ ਵਿਖੇ ਠੋਸ ਕੂੜੇ ਤੋਂ ਬਿਜਲੀ ਪੈਦਾ ਕਰਨ ਦਾ ਇਕ ਪਲਾਂਟ ਸਥਾਪਤ ਹੈ, ਜਿਸ ਵਿਚ ਰੋਜ਼ 2000 ਮੀਟ੍ਰਿਕ ਟਨ ਠੋਸ ਕੂੜੇ ਦੀ ਖਪਤ ਹੁੰਦੀ ਹੈ ਜਿਸ ਨਾਲ਼ 24 ਮੈਗਾਵਾਟ ਬਿਜਲੀ ਤਿਆਰ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਮਹਾਰਾਸ਼ਟਰ ਦੇ ਸ਼ੋਲਾਪੁਰ ਦੇ ਥਰਮਲ ਪਲਾਂਟ 'ਚ ਰੋਜ਼ 500 ਮੀਟ੍ਰਿਕ ਟਨ ਕੂੜੇ ਦੀ ਖਪਤ ਹੁੰਦੀ ਹੈ ਅਤੇ 2 ਮੈਗਾਵਾਟ ਬਿਜਲੀ ਤਿਆਰ ਹੁੰਦੀ ਹੈ। ਇਨ੍ਹਾਂ ਥਰਮਲ ਪਲਾਂਟਾਂ ਵਿਚ ਪਰਾਲੀ ਦੇ ਛੋਟੇ ਬਲਾਕ ਬਣਾ ਕੇ ਵੀ ਜਲਾਏ ਜਾ ਸਕਦੇ ਹਨ। ਕੁਝ ਦਿਨ ਪਹਿਲਾਂ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਤਹਿਖੰਡ-ਦਿੱਲੀ ਵਿਖੇ ਕੂੜੇ ਤੋਂ ਬਿਜਲੀ ਪੈਦਾ ਕਰਨ ਦੇ ਪਲਾਂਟ ਦਾ ਉਦਘਾਟਨ ਕੀਤਾ ਹੈ ਜਿਸ ਵਿਚ 2000 ਮੀਟ੍ਰਿਕ ਟਨ ਪ੍ਰਤੀ ਦਿਨ ਕੂੜੇ ਦੀ ਖਪਤ ਨਾਲ਼ 25 ਮੈਗਾਵਾਟ ਬਿਜਲੀ ਦਾ ਉਤਪਾਦਨ ਹੋਵੇਗਾ।

ਗੋਬਰ ਗੈਸ ਤੋਂ ਬਿਜਲੀ ਪੈਦਾ ਕਰਨੀ : ਊਰਜਾ ਦੀ ਇਹ ਵਿਧੀ ਵੀ ਦੇਸ਼ ਵਿਚ ਫੈਲੀ ਇਕ ਬਹੁਤ ਵੱਡੀ ਸਮੱਸਿਆ 'ਚੋਂ ਪੈਦਾ ਹੋ ਸਕਦੀ ਹੈ। ਭਾਰਤ ਕੋਲ ਦੁਨੀਆ ਦਾ ਸਭ ਤੋਂ ਵੱਡਾ ਪਸ਼ੂ ਧਨ ਹੈ। ਭਾਰਤੀ ਲੋਕ ਗਊ ਵੰਸ਼ ਨੂੰ ਸੱਭਿਆਚਾਰਕ ਤੌਰ 'ਤੇ ਸਤਿਕਾਰਯੋਗ ਮੰਨਦੇ ਹਨ। ਜਦੋਂ ਗਊ ਬੁੱਢੀ ਹੋ ਜਾਂਦੀ ਹੈ ਜਾਂ ਫਿਰ ਦੁੱਧ ਦੇਣਾ ਬੰਦ ਕਰ ਦਿੰਦੀ ਹੈ ਤਾਂ ਉਸ ਤੇ ਉਸ ਦੇ ਬੱਛਿਆਂ ਨੂੰ ਸੜਕਾਂ ਉੱਪਰ ਛੱਡ ਦਿੱਤਾ ਜਾਂਦਾ ਹੈ। ਸਾਰੇ ਉੱਤਰੀ ਤੇ ਮੱਧ ਭਾਰਤ ਦੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ 'ਚ ਲੱਖਾਂ ਦੀ ਗਿਣਤੀ ਵਿਚ ਬੇ-ਸਹਾਰਾ ਗਊ ਵੰਸ਼ ਸੜਕਾਂ, ਗਲੀਆਂ ਅਤੇ ਖੇਤਾਂ ਵਿਚ ਅਵਾਰਾ ਤੁਰਿਆ ਫਿਰਦਾ ਹੈ। ਅਵਾਰਾ ਗਊ ਵੰਸ਼ ਕਾਰਨ ਹੁੰਦੀਆਂ ਦੁਰਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਨਵੇਂ ਪੇੜ-ਪੌਦਿਆਂ ਦਾ ਭਾਰੀ ਨੁਕਸਾਨ ਹੁੰਦਾ ਹੈ। ਗਊ ਵੰਸ਼ ਦੀ ਬੇਕਦਰੀ ਕਾਰਨ ਭਾਰਤੀ ਸੰਸਕਿ ?ਰਤੀ 'ਤੇ ਕਾਲਾ ਧੱਬਾ ਲੱਗਦਾ ਹੈ। ਹੁਣ ਜੇ ਰਾਜ ਸਰਕਾਰਾਂ ਸ਼ਰਾਈਨ ਬੋਰਡ ਬਣਾ ਕੇ ਗਊਸ਼ਾਲਾਵਾਂ ਨੂੰ ਆਪਣੇ ਅਧੀਨ ਲੈ ਲੈਂਦੀਆਂ ਹਨ ਤਾਂ ਇਸ ਨਾਲ਼ ਕਈ ਵੱਡੇ ਫ਼ਾਇਦੇ ਹੋ ਸਕਦੇ ਹਨ। ਪਹਿਲਾ ਇਹ ਕਿ ਬੇਸਹਾਰਾ ਗਊ ਵੰਸ਼ ਨੂੰ ਗਊਸ਼ਾਲਾਵਾਂ 'ਚ ਸ਼ਰਨ ਮਿਲ ਸਕੇਗੀ, ਉਨ੍ਹਾਂ ਨੂੰ ਚਾਰਾ ਤੇ ਸਮੇਂ ਸਿਰ ਦਵਾਈਆਂ ਮਿਲ ਸਕਣਗੀਆਂ। ਦੂਜਾ ਇਹ ਕਿ ਇਸ ਕਦਮ ਨਾਲ਼ ਗਊ ਵੰਸ਼ ਨਾਲ਼ ਜੁੜੀ ਹੋਈ ਭਾਰਤੀ ਸੰਸਕ੍ਰਿਤੀ ਨੂੰ ਬਲ ਮਿਲੇਗਾ। ਤੀਜਾ ਫ਼ਾਇਦਾ ਇਹ ਹੋਵੇਗਾ ਕਿ ਆਲੇ-ਦੁਆਲੇ ਹਰਿਆਵਲ ਵਿਚ ਭਾਰੀ ਵਾਧਾ ਹੋਵੇਗਾ। ਚੌਥਾ ਲਾਭ ਇਹ ਹੋਵੇਗਾ ਕਿ ਇਸ ਨਾਲ਼ ਵੱਡਾ ਆਰਥਿਕ ਫ਼ਾਇਦਾ ਵੀ ਹੋ ਸਕਦਾ ਹੈ। ਗਊਸ਼ਾਲਾਵਾਂ ਕੋਲ ਵੱਡੀਆਂ ਜਾਇਦਾਦਾਂ ਹਨ, ਜਿਨ੍ਹਾਂ 'ਤੇ ਗੋਬਰ ਗੈਸ ਆਧਾਰਤ ਮਿਨੀ ਥਰਮਲ ਪਲਾਂਟ ਲਗਾਏ ਜਾ ਸਕਦੇ ਹਨ। ਇਸ ਵਿਧੀ ਨੂੰ ਅਪਣਾ ਕੇ ਭਾਰਤ 'ਚ 5000 ਦੇ ਲਗਪਗ ਮਿੰਨੀ ਥਰਮਲ ਪਲਾਂਟ ਬਣ ਸਕਦੇ ਹਨ। ਉਪਰੋਕਤ ਤਿੰਨੋਂ ਵਿਧੀਆਂ ਅਜਿਹੀਆਂ ਹਨ ਜੋ ਆਉਣ ਵਾਲੇ ਸਮੇਂ ਲਈ ਕੋਲੇ ਦਾ ਬਦਲ ਸਾਬਿਤ ਹੋ ਸਕਦੀਆਂ ਹਨ। ਇਨ੍ਹਾਂ ਵਿਧੀਆਂ 'ਚ ਪ੍ਰਯੋਗ ਹੋਣ ਵਾਲਾ ਕੱਚਾ ਮਾਲ ਜੋ ਅੱਜ ਪਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ, ਭਵਿੱਖ ਵਿਚ ਸੋਨਾ ਸਾਬਿਤ ਹੋ ਸਕਦਾ ਹੈ। ਉਪਰੋਕਤ ਤਿੰਨੋਂ ਵਿਧੀਆਂ ਅਪਣਾਉਣ ਨਾਲ਼ ਰੁਜ਼ਗਾਰ ਵਿਚ ਵੀ ਭਾਰੀ ਵਾਧਾ ਹੋਵੇਗਾ, ਭਾਰਤ ਦੀ ਜੀਡੀਪੀ ਨੂੰ ਬਲ ਮਿਲੇਗਾ ਅਤੇ ਰੁਪਏ ਦੀ ਕੀਮਤ 'ਚ ਵੀ ਸੁਧਾਰ ਹੋ ਸਕੇਗਾ।

# ਬੱਚਿਆਂ ਤੋਂ ਵੱਡਿਆਂ ਤੱਕ ਦਾ ਭੋਜਨ

**ਅਸ਼ਵਨੀ ਚਤਰਥ**




ਜ਼ਿੰਦਗੀ ਦੀਆਂ ਵੱਖ-ਵੱਖ ਅਵਸਥਾਵਾਂ ਵਿਚ ਸਾਡੀਆਂ ਭੋਜਨ ਜ਼ਰੂਰਤਾਂ ਬਦਲਦੀਆਂ ਰਹਿੰਦੀਆਂ ਹਨ। ਭੋਜਨ ਲੋੜਾਂ ਬਦਲਣ ਨਾਲ ਸਾਨੂੰ ਆਪਣੀ ਖੁਰਾਕ ਵਿਚ ਵੀ ਤਬਦੀਲੀ ਲਿਆਉਣੀ ਜ਼ਰੂਰੀ ਹੋ ਜਾਂਦੀ ਹੈ। ਇਕ ਮਹਿਲਾ ਆਪਣੇ ਪੂਰੇ ਪਰਿਵਾਰ ਦੀਆਂ ਖੁਰਾਕੀ ਲੋੜਾਂ ਨੂੰ ਪੂਰਾ ਕਰਨ ਲਈ ਹਰ ਵੇਲੇ ਯਤਨਸ਼ੀਲ ਰਹਿੰਦੀ ਹੈ ਪਰ ਇਹ ਵੀ ਸਮਝਣ ਦੀ ਲੋੜ ਹੈ ਕਿ ਇਕ ਔਰਤ ਦੇ ਜੀਵਨ ਦੇ ਵੱਖ-ਵੱਖ ਪੜਾਵਾਂ ਵਿਚ ਭਾਵ ਬਚਪਨ ਤੋਂ ਲੈ ਕੇ ਬਿਰਧ ਅਵਸਥਾ ਤੱਕ, ਭੋਜਨ ਜ਼ਰੂਰਤਾਂ ਬਦਲਦੀਆਂ ਰਹਿੰਦੀਆਂ ਹਨ ਅਤੇ ਉਸ ਵੱਲ ਵੀ ਖ਼ੁਦ ਔਰਤ ਸਮੇਤ ਪੂਰੇ ਪਰਿਵਾਰ ਨੂੰ ਧਿਆਨ ਦੇਣ ਦੀ ਲੋੜ ਹੁੰਦੀ ਹੈ। ਜਨਮ ਤੋਂ ਲੈ ਕੇ ਪਹਿਲੇ ਛੇ ਮਹੀਨਿਆਂ ਤੱਕ ਸਾਰੇ ਬੱਚਿਆਂ ਲਈ ਮਾਂ ਦਾ ਦੁੱਧ ਹੀ ਪੌਸ਼ਟਿਕ, ਗੁਣਕਾਰੀ ਅਤੇ ਵਰਦਾਨ ਮੰਨਿਆ ਜਾਂਦਾ ਹੈ, ਛੇ ਮਹੀਨੇ ਤੋਂ ਇਕ ਸਾਲ ਦਰਮਿਆਨ ਬੱਚਿਆਂ ਦੀ ਖ਼ੁਰਾਕ ਵਿਚ ਦੁੱਧ ਦੇ ਨਾਲ-ਨਾਲ ਸਭ ਤਰ੍ਹਾਂ ਦਾ ਅਰਧ ਠੋਸ ਭੋਜਨ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਜਿਸ ਵਿਚ ਫਲ ਅਤੇ ਪਕਾਈਆਂ ਗਈਆਂ ਸਬਜ਼ੀਆਂ (ਫੇਹ ਕੇ), ਦਹੀਂ, ਦਾਲਾਂ ਦਾ ਪਾਣੀ, ਸ਼ਹਿਦ, ਉਬਲੇ ਆਂਡੇ (ਫੇਹ ਕੇ) ਅਤੇ ਉਬਲੇ ਚੌਲਾਂ ਦਾ ਪਾਣੀ ਬੱਚਿਆਂ ਲਈ ਫਾਇਦੇਮੰਦ ਹੋ ਸਕਦੇ ਹਨ। ਧਿਆਨ ਰੱਖਿਆ ਜਾਵੇ ਕਿ ਸਖ਼ਤ ਠੋਸ ਭੋਜਨ ਛੋਟੇ ਬੱਚਿਆਂ ਲਈ ਅੰਦਰ ਲੰਘਾਉਣੇ ਮੁਸ਼ਕਿਲ ਹੁੰਦੇ ਹਨ। ਮਾਹਿਰਾਂ ਵੱਲੋਂ ਬੱਚਿਆਂ ਨੂੰ ਦੁੱਧ ਪਿਲਾਉਣ ਲਈ ਬੋਤਲ ਵਰਤਣ ਤੋਂ ਮਨਾਹੀ ਕੀਤੀ ਗਈ ਹੈ। ਕਿਸ਼ੋਰ ਬੱਚੀਆਂ ਦੇ ਮਾਪਿਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਸ ਉਮਰ ਦੀਆਂ ਲਾਡਲੀਆਂ ਦੇ ਕੁਪੋਸ਼ਣ ਨਾਲ ਇਕ ਪਾਸੇ ਜਿੱਥੇ ਉਨ੍ਹਾਂ ਦੇ ਸਰੀਰਕ, ਮਾਨਸਿਕ, ਭਾਵਨਾਤਮਿਕ ਅਤੇ ਸਮਾਜਿਕ ਵਿਕਾਸ ਵਿਚ ਰੁਕਾਵਟਾਂ ਪੈਦਾ ਹੁੰਦੀਆਂ ਹਨ, ਉਥੇ ਦੂਜੇ ਪਾਸੇ ਆਉਣ ਵਾਲੇ ਸਮੇਂ ਉਨ੍ਹਾਂ ਨੂੰ ਪਰਿਵਾਰਿਕ ਤੌਰ 'ਤੇ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬੱਚੀਆਂ ਦੇ ਮਹੀਨੇ ਦੀਆਂ ਅਵਸਥਾਵਾਂ ਦੇ ਮੱਦੇਨਜ਼ਰ ਉਨ੍ਹਾਂ ਦੇ ਭੋਜਨ ਨੂੰ ਸੰਤੁਲਿਤ ਬਣਾਉਣਾ ਹੋਰ ਵੀ ਲਾਜ਼ਮੀ ਹੋ ਜਾਂਦਾ ਹੈ। ਸਰੀਰ ਵਿਚ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਆਇਰਨ ਯੁਕਤ ਭੋਜਨ ਜਿਵੇਂ ਮਟਰ, ਬਰੋਕਲੀ, ਪਾਲਕ, ਚੁਕੰਦਰ, ਫਲੀਆਂ ਅਤੇ ਕਾਜੂ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ।

ਲੜਕੀ ਦੇ ਜੀਵਨ ਵਿਚ ਗਰਭ ਅਵਸਥਾ ਵਿਚ ਬੇਹੱਦ ਵਿਸ਼ੇਸ਼ ਅਤੇ ਸੰਤੋਖਜਨਕ ਅਨੁਭਵ ਵਾਲਾ ਪੜਾਅ ਹੁੰਦਾ ਹੈ। ਇਸ ਦੌਰਾਨ ਮਹਿਲਾ ਅਤੇ ਉਸ ਅੰਦਰ ਪਲ ਰਹੇ ਬੱਚੇ ਲਈ ਕੈਲਸ਼ੀਅਮ, ਲੋਹਾ, ਪ੍ਰੋਟੀਨ ਅਤੇ ਵਿਟਾਮਿਨਾਂ ਦੀ ਖਾਸ ਕਰਕੇ ਲੋੜ ਹੁੰਦੀ ਹੈ। ਇਨ੍ਹਾਂ ਦੀ ਪੂਰਤੀ ਲਈ ਗਰਭਵਤੀਆਂ ਨੂੰ ਦੁੱਧ, ਦਹੀਂ, ਆਂਡੇ, ਮਟਰ, ਮੂੰਗਫਲੀ, ਪਨੀਰ, ਸਾਬਤ ਅਨਾਜ, ਦਾਲਾਂ, ਭਰਪੂਰ ਮਾਤਰਾ ਵਿਚ ਪਾਣੀ, ਫਲ ਤੇ ਸਲਾਦ ਆਦਿ ਉਚਿਤ ਮਾਤਰਾ ਵਿਚ ਲੈਣੇ ਚਾਹੀਦੇ ਹਨ। ਬੱਚੇ ਦੇ ਜਨਮ ਤੋਂ ਬਾਅਦ ਬੱਚੇ ਦੀ ਮਾਂ ਦੇ ਭੋਜਨ ਦੀਆਂ ਲੋੜਾਂ ਹੋਰ ਵੀ ਵਿਸ਼ੇਸ਼ ਹੋ ਜਾਂਦੀਆਂ ਹਨ। ਇਸ ਦੌਰਾਨ ਉਸ ਨੂੰ ਰੁਟੀਨ ਦੇ ਭੋਜਨ ਦੇ ਨਾਲ ਨਾਲ ਸੋਇਆਬੀਨ, ਦੁੱਧ, ਪੁੰਗਰੇ ਬੀਜ, ਹਰੀਆਂ ਸਬਜ਼ੀਆਂ, ਬਦਾਮ, ਫਲ, ਖਜੂਰ, ਦਹੀਂ, ਆਂਡੇ ਅਤੇ ਮਟਰ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਤੋਂ ਕਾਫ਼ੀ ਬਾਅਦ ਦੀ ਅਧਖੜ ਉਮਰ ਵਿਚ ਮਹਿਲਾਵਾਂ ਦੀ ਖੁਰਾਕ ਵੱਲ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਇਸ ਅਵਸਥਾ ਵਿਚ ਨਮਕ ਅਤੇ ਖੰਡ-ਘਿਉ ਦੀ ਵਰਤੋਂ ਘੱਟ ਅਤੇ ਤਾਜ਼ੇ ਫਲ, ਸਬਜ਼ੀਆਂ, ਦੁੱਧ, ਸਲਾਦ, ਫਲੀਆਂ, ਅੰਡੇ, ਹਰੀਆਂ ਸਬਜ਼ੀਆਂ, ਮੂੰਗਫਲੀ, ਰੇਸ਼ੇ ਵਾਲਾ ਭੋਜਨ ਭਾਵ ਸਾਬਤ ਅਨਾਜ, ਪਨੀਰ, ਬਰੋਕਲੀ, ਸੋਇਆਬੀਨ, ਗੋਭੀ ਤੇ ਛੋਲੇ ਆਦਿ ਦੀ ਵਧੇਰੇ ਵਰਤੋਂ ਕਰਨੀ ਚਾਹੀਦੀ ਹੈ। ਗੱਲ ਕਰੀਏ ਜੇਕਰ ਬਿਰਧਾਂ ਦੀ ਤਾਂ ਸਿਆਣੀ ਉਮਰ ਦੇ ਲੋਕਾਂ ਵਿਚ ਲੱਤਾਂ ਦਰਦ, ਲੱਕ ਦਰਦ ਜਾਂ ਗੋਡੇ ਦਰਦ ਜਿਹੀਆਂ ਸ਼ਿਕਾਇਤਾਂ ਅਕਸਰ ਸੁਣਨ ਵੇਖਣ ਨੂੰ ਮਿਲਦੀਆਂ ਹਨ ਜਾਂ ਫਿਰ ਬਲੱਡ ਪ੍ਰੈਸ਼ਰ ਹੋਣ ਦੀ ਸਮੱਸਿਆ ਹੋ ਸਕਦੀ ਹੈ।

# ਈਥਾਨੌਲ ਬਣਾਉਣ ਨਾਲ ਵਧੇਗੀ ਪਾਣੀ ਦੀ ਖਪਤ

**ਡਾ. ਅਮਨਪ੍ਰੀਤ ਸਿੰਘ ਬਰਾੜ**




ਅੱਜ ਦੁਨੀਆ ਭਰ 'ਚ ਏਨਾ ਅਨਾਜ ਪੈਦਾ ਹੋ ਰਿਹਾ ਹੈ ਕਿ ਧਰਤੀ 'ਤੇ ਪੈਦਾ ਹੋਏ ਇਨਸਾਨ ਅਤੇ ਹੋਰ ਜੀਵ-ਜੰਤੂ ਰੱਜ ਕੇ ਖਾ ਸਕਦੇ ਹਨ। ਪਰ ਫਿਰ ਵੀ ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਦੁਨੀਆ ਦੀ ਦਸ ਫ਼ੀਸਦੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ, ਭਾਵ ਉਨ੍ਹਾਂ ਨੂੰ ਰੱਜ ਕੇ ਖਾਣ ਨੂੰ ਰੋਟੀ ਨਸੀਬ ਨਹੀਂ। ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਦਸਵੇਂ ਹਿੱਸੇ 'ਚੋਂ ਚੌਥਾ ਹਿੱਸਾ ਆਬਾਦੀ ਭਾਰਤ 'ਚ ਵਸਦੀ ਹੈ। ਇਹ ਸਭ ਇਸ ਲਈ ਹੋ ਰਿਹਾ, ਕਿਉਂਕਿ ਵੱਖ-ਵੱਖ ਦੇਸ਼ਾਂ 'ਚ ਅਨਾਜ ਦੀ ਪੈਦਾਵਾਰ ਅਸਾਵੀਂ ਹੈ। ਕਈ ਦੇਸ਼ਾਂ 'ਚ ਜ਼ਮੀਨ ਘੱਟ ਹੈ, ਅਬਾਦੀ ਵੱਧ ਹੈ। ਇਸ ਕਰਕੇ ਦੂਜੇ ਦੇਸ਼ਾਂ ਤੋਂ ਅਨਾਜ ਮੰਗਵਾਉਣਾ ਪੈਂਦਾ ਹੈ, ਜਿਸ ਲਈ ਪੈਸਾ ਚਾਹੀਦਾ ਹੈ। ਇਹੋ ਹੀ ਹਾਲ ਅੱਗੇ ਸਾਡੇ ਦੇਸ਼ ਵਿਚ ਹੈ, ਜਿਹੜੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ, ਉਸ ਕੋਲ ਖ਼ੁਰਾਕ ਖਰੀਦਣ ਦੇ ਸਾਧਨ ਨਹੀਂ ਹਨ। ਇਹੋ ਹੀ ਹਾਲ ਪਾਣੀ ਅਤੇ ਖਣਿਜ ਤੇਲ ਦਾ ਹੈ। ਦੁਨੀਆ 'ਚ ਇਸ ਦੀ ਕੋਈ ਕਮੀ ਨਹੀਂ ਪਰ ਦੇਸ਼ਾਂ 'ਚ ਵੰਡ ਵੱਧ-ਘੱਟ ਹੈ।

ਜਿਹੜੇ ਦੇਸ਼ਾਂ ਕੋਲ ਤੇਲ ਹੈ, ਉਹ ਇਸ ਦੇ ਭਾਅ ਆਪਣੀ ਮਰਜ਼ੀ ਨਾਲ ਵਧਾਉਂਦੇ ਰਹਿੰਦੇ ਹਨ, ਜਿਹੜੇ ਦੇਸ਼ਾਂ ਕੋਲ ਅਨਾਜ ਜਾਂ ਖੰਡ ਜ਼ਿਆਦਾ ਹੈ, ਉਨ੍ਹਾਂ ਨੇ ਅਨਾਜ ਤੋਂ ਈਥਾਨੌਲ ਬਣਾ ਕੇ ਤੇਲ 'ਚ ਰਲਾਉਣਾ ਸ਼ੁਰੂ ਕਰ ਦਿੱਤਾ ਹੈ। ਅੱਜ ਦੀ ਤਕਨੀਕ ਨਾਲ ਈਥਾਨੌਲ ਪੈਟਰੌਲ 'ਚ 85 ਪ੍ਰਤੀਸ਼ਤ ਤੱਕ ਮਿਲਾਈ ਜਾ ਸਕਦੀ ਹੈ।

ਭਾਰਤ ਨੇ ਵੀ ਕੱਚੇ ਤੇਲ ਦੀ ਦਰਾਮਦ ਘਟਾਉਣ ਲਈ ਖੰਡ ਅਤੇ ਅਨਾਜ ਤੋਂ ਈਥਾਨੌਲ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਹੋਇਆ ਕੁਝ ਇਸ ਤਰ੍ਹਾਂ ਕਿ ਭਾਰਤ 'ਚ ਖੰਡ ਦੀ ਪੈਦਾਵਾਰ ਦੇਸ਼ ਦੀ ਲੋੜ ਤੋਂ ਵੱਧ ਹੋਣ ਲੱਗ ਪਈ ਅਤੇ ਭਾਰਤ ਨੇ ਇਹ ਬਰਾਮਦ ਕਰਨੀ ਸ਼ੁਰੂ ਕਰ ਦਿੱਤੀ ਸੀ, ਆਸਟ੍ਰੇਲੀਆ, ਬ੍ਰਾਜ਼ੀਲ ਅਤੇ ਗੁਆਟੇਮਾਲਾ ਨੇ ਡਬਲਿਊ.ਟੀ.ਓ. 'ਚ ਸ਼ਿਕਾਇਤ ਕਰ ਦਿੱਤੀ ਕਿ ਭਾਰਤ ਕਿਸਾਨਾਂ ਨੂੰ ਸਬਸਿਡੀ ਦਿੰਦਾ ਹੈ ਅਤੇ ਵਪਾਰੀਆਂ ਨੂੰ ਬਰਾਮਦ ਵਧਾਉਣ ਵਿਚ ਮਦਦ ਕਰਦਾ ਹੈ, ਜਿਸ ਕਰਕੇ ਬਾਕੀ ਦੇਸ਼ਾਂ ਲਈ ਭਾਰਤ ਦਾ ਮੁਕਾਬਲਾ ਕਰਨਾ ਔਖਾ ਹੋ ਰਿਹਾ ਹੈ। ਡਬਲਿਊ.ਟੀ.ਓ. ਨੇ ਸ਼ਿਕਾਇਤ ਮੰਨ ਲਈ ਅਤੇ ਅੱਗੋਂ ਭਾਰਤ ਦੀ ਅਪੀਲ ਵੀ ਰੱਦ ਕਰ ਦਿੱਤੀ। ਭਾਰਤ ਨੇ ਇਸ ਖੰਡ ਦੀ ਵਰਤੋਂ ਈਥਾਨੌਲ ਬਣਾਉਣ ਅਤੇ ਇਸ ਨੂੰ ਪੈਟਰੌਲ 'ਚ ਰਲਾ ਕੇ ਵਰਤਣ ਦੀ ਯੋਜਨਾ ਬਣਾ ਲਈ। ਪਹਿਲਾਂ ਇਹ ਟੀਚਾ 5 ਪ੍ਰਤੀਸ਼ਤ ਮਿਸ਼ਰਨ ਦਾ ਮਿੱਥਿਆ ਗਿਆ ਸੀ। ਜਦੋਂ ਇਹ ਪੂਰਾ ਹੋ ਗਿਆ ਤਾਂ 2022 ਤੱਕ 10 ਪ੍ਰਤੀਸ਼ਤ ਮਿਸ਼ਰਨ ਦਾ ਰੱਖ ਲਿਆ ਅਤੇ ਹੁਣ 2025-26 ਤੱਕ 20 ਪ੍ਰਤੀਸ਼ਤ ਕਰਨ ਦਾ ਟੀਚਾ ਰੱਖ ਲਿਆ।

ਅਮਰੀਕਾ ਨੇ 2012 ਤੋਂ ਮੱਕੀ ਤੋਂ ਈਥਾਨੌਲ ਬਣਾਉਣੀ ਸ਼ੁਰੂ ਕਰ ਦਿੱਤੀ। ਭਾਰਤ ਨੇ ਵੀ ਸਟੋਰਾਂ ਵਿਚ ਖਰਾਬ ਕਣਕ ਅਤੇ ਟੋਟਾ ਚੌਲਾਂ ਤੋਂ ਈਥਾਨੌਲ ਬਣਾਉਣੀ ਸ਼ੁਰੂ ਕਰ ਦਿੱਤੀ। ਜਦੋਂ ਅਨਾਜ ਵਾਲੇ ਕਾਰਖਾਨੇ ਲੱਗ ਗਏ ਤਾਂ ਟੋਟਾ ਚੌਲਾਂ ਤੋਂ ਵਧਦੇ-ਵਧਦੇ ਖਾਣ ਵਾਲੇ ਚਿੱਟੇ ਚੌਲ ਵੀ ਐੱਫ.ਸੀ.ਆਈ. ਨੇ ਇਨ੍ਹਾਂ ਮਿੱਲਾਂ ਨੂੰ ਦੇਣੇ ਸ਼ੁਰੂ ਕਰ ਦਿੱਤੇ। ਉਧਰ ਭਾਰਤ ਨੇ 2022-23 (ਦਸੰਬਰ, 22 ਤੋਂ ਨਵੰਬਰ, 23) ਤੱਕ 12 ਫ਼ੀਸਦੀ ਈਥਾਨੌਲ ਮਿਸ਼ਰਨ ਦਾ ਟੀਚਾ ਰੱਖ ਲਿਆ, ਜਿਸ ਲਈ ਕੁੱਲ 651 ਕਰੋੜ ਲੀਟਰ ਈਥਾਨੌਲ ਚਾਹੀਦੀ ਸੀ। ਇਸ ਲਈ ਖੰਡ ਮਿੱਲਾਂ ਤੋਂ ਆਸ ਕੀਤੀ ਗਈ ਕਿ ਉਹ 45 ਲੱਖ ਟਨ ਖੰਡ ਈਥਾਨੌਲ ਬਣਾਉਣ ਲਈ ਦੇਣਗੀਆਂ। ਇਹ ਟੀਚਾ ਪੂਰਾ ਕਰਨ ਲਈ ਸਰਕਾਰ ਨੇ ਈਥਾਨੌਲ ਦੀ ਕੀਮਤ 'ਚ ਵੀ ਵਾਧਾ ਕੀਤਾ ਅਤੇ ਜੀ.ਐਸ.ਟੀ. ਵੀ 18 ਫ਼ੀਸਦੀ ਤੋਂ ਘਟਾ ਕੇ 5 ਪ੍ਰਤੀਸ਼ਤ ਕਰ ਦਿੱਤਾ।

ਉਧਰ ਐੱਫ.ਸੀ.ਆਈ. ਵਲੋਂ ਖਾਣ ਵਾਲੇ ਸਾਬਤ 24 ਲੱਖ ਟਨ ਚੌਲ ਈਥਾਨੌਲ ਬਣਾਉਣ ਲਈ 2000 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਦਸੰਬਰ 2020 ਤੋਂ ਬਾਅਦ ਦਿੱਤੇ ਗਏ। ਇਹੋ ਚੌਲ ਖੁੱਲ੍ਹੀ ਮੰਡੀ 'ਚ ਜਾਂ ਸੂਬਿਆਂ ਨੂੰ 3000 ਰੁਪਏ ਕੁਇੰਟਲ ਤੋਂ ਉੱਪਰ ਵੇਚੇ ਜਾਂਦੇ ਹਨ। ਇਕ ਕੁਇੰਟਲ ਚੌਲਾਂ ਤੋਂ 45-48 ਲੀਟਰ ਅਤੇ ਇਕ ਕੁਇੰਟਲ ਮੱਕੀ ਤੋਂ 38 ਤੋਂ 40 ਲੀਟਰ ਈਥਾਨੌਲ ਬਣਦੀ ਹੈ। ਇਕ ਕੁਇੰਟਲ ਗੰਨੇ ਤੋਂ 7.2 ਲੀਟਰ ਈਥਾਨੌਲ ਬਣਦੀ ਹੈ। ਇਕ ਕੁਇੰਟਲ ਮੋਲੇਮਿਸ ਤੋਂ 37 ਲੀਟਰ ਅਤੇ ਵਧੀਆ ਖੰਡ ਤੋਂ 54 ਲੀਟਰ। ਇਸ ਵੇਲੇ ਤੇਲ ਕੰਪਨੀਆਂ ਜੋ ਈਥਾਨੌਲ ਖਰੀਦਦੀਆਂ ਹਨ, ਉਨ੍ਹਾਂ ਵਲੋਂ ਦਿੱਤੇ ਜਾਂਦੇ ਭਾਅ ਇਸ ਪ੍ਰਕਾਰ ਹਨ-ਮੋਲੇਮਿਸ (ਸੀਰਾ) 'ਤੋਂ ਬਣੀ ਈਥਾਨੌਲ 49.41 ਰੁਪਏ ਪ੍ਰਤੀ ਲੀਟਰ, ਬੀ ਹੈਵੀ ਮੋਲੇਮਿਸ (ਵਿਚ ਕੁਝ ਖੰਡ ਹੁੰਦੀ ਹੈ) ਤੋਂ 60.73 ਰੁਪਏ ਅਤੇ ਗੰਨੇ ਦੇ ਜੂਸ ਤੋਂ ਬਣੀ ਈਥਾਨੌਲ 65.60 ਰੁਪਏ ਪ੍ਰਤੀ ਲੀਟਰ, ਚੌਲਾਂ ਤੋਂ ਬਣੀ ਈਥਾਨੌਲ 60.29 ਅਤੇ ਮੱਕੀ ਤੋਂ 62.36 ਰੁਪਏ। ਨੀਤੀ ਆਯੋਗ ਮੁਤਾਬਕ 2025-26 ਤੱਕ ਤੇਲ ਵਿਚ 20 ਫ਼ੀਸਦੀ ਈਥਾਨੌਲ ਮਿਲਾਉਣ ਦਾ ਟੀਚਾ ਪੂਰਾ ਕਰਨ ਲਈ 1400 ਕਰੋੜ ਲੀਟਰ ਈਥਾਨੌਲ ਚਾਹੀਦੀ ਹੈ। ਇਸ ਸਨਅਤ ਨੂੰ ਅੱਗੇ ਵਧਾਉਣ ਲਈ ਸਰਕਾਰ ਨੇ 5 ਸਾਲ ਲਈ ਪੂੰਜੀ 'ਤੇ ਅੱਧਾ ਵਿਆਜ ਲੈਣਾ ਮੰਨਿਆ ਹੈ, ਜੋ ਵੱਧ ਤੋਂ ਵੱਧ 6 ਫ਼ੀਸਦੀ ਹੋਵੇਗਾ। ਜੈਵਿਕ ਬਾਲਣ ਬਣਾਉਣ ਲਈ ਪਰਾਲੀ, ਨਰਮੇ ਦੀਆਂ ਛਿੱਟੀਆ, ਛੱਲੀਆਂ ਦੇ ਗੁੱਲ ਜਾਂ ਹੋਰ ਕੋਈ ਵੀ ਸਟਾਰਚ ਵਾਲਾ ਪਦਾਰਥ ਹੋਵੇ, ਵੀ ਵਰਤਿਆ ਜਾ ਸਕਦਾ ਹੈ।

**ਈਥਾਨੌਲ 'ਤੇ ਜ਼ੋਰ ਕਿਉਂ?**

ਭਾਰਤ ਵਿਚ ਵਧਦੀ ਤੇਲ ਦੀ ਖਪਤ ਕਾਰਨ ਸਾਲ 2022-23 ਵਿਚ ਕੁੱਲ ਖਪਤ ਦਾ 87.3 ਪ੍ਰਤੀਸ਼ਤ ਬਰਾਮਦ ਕੀਤਾ ਗਿਆ। ਇਸ ਵਧਦੀ ਮੰਗ ਨੂੰ ਘਟਾਉਣ ਖਾਤਰ ਅਤੇ ਵਾਤਾਵਰਨ 'ਚ ਸੁਧਾਰ ਲਿਆਉਣ ਲਈ ਜੈਵਿਕ ਬਾਲਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਜਿਸ 'ਚ ਈਥਾਨੌਲ ਅਤੇ ਸੀ.ਬੀ.ਜੀ. (ਕੰਪਰੈਸਡ ਬਾਇਓ ਗੈਸ) ਆਉਂਦੇ ਹਨ। ਈਥਾਨੌਲ ਦੀ ਪੈਦਾਵਾਰ ਵਧਾਉਣ ਦੇ ਨਾਲ-ਨਾਲ 5000 ਯੂਨਿਟ ਸੀ.ਬੀ.ਜੀ. ਦੇ ਪਲਾਂਟ ਲਾਉਣ ਦਾ ਵੀ ਟੀਚਾ ਹੈ। 46 ਪਲਾਂਟ ਪਹਿਲਾਂ ਚਾਲੂ ਕੀਤੇ ਗਏ ਅਤੇ 1000 ਪ੍ਰਚੂਨ ਦੁਕਾਨਾਂ ਰਾਹੀਂ ਗੈਸ ਵਿਕ ਰਹੀ ਹੈ। ਭਾਰਤ ਇਸ ਤਰ੍ਹਾਂ ਨਾਲ ਆਪਣੀ ਵਿਦੇਸ਼ੀ ਮੁਦਰਾ ਬਚਾਉਣ ਅਤੇ ਨੈਟ ਜ਼ੀਰੋ ਕਾਰਬਨ ਦੇ ਟੀਚੇ ਪੂਰੇ ਕਰਨਾ ਚਾਹੁੰਦਾ ਹੈ।

**ਊਰਜਾ:-** ਗੈਸੋਲੀਨ ਜਾਂ ਪੈਟਰੌਲ 'ਚ 36.1$* (ਮੈਗਾ ਜਾਊਲ) ਊਰਜਾ ਹੁੰਦੀ ਹੈ, ਜਦ ਕਿ ਈਥਾਨੌਲ 'ਚ 23.6 $* ਇਕ ਮੈਗਾ ਜਾਊਲ 'ਚ ਤਕਰੀਬਨ 239 ਕਿੱਲੋ ਕੈਲਰੀਜ਼ ਹੁੰਦੀਆ ਹਨ। ਸਿੱਧੀ ਗੱਲ ਇਹ ਹੈ ਕਿ ਈਥਾਨੌਲ 'ਚ ਤੇਲ ਨਾਲੋਂ ਊਰਜਾ 35 ਪ੍ਰਤੀਸ਼ਤ ਘੱਟ ਹੈ। ਭਾਵ ਜਿੰਨੇ ਹਿੱਸੇ ਇਸ ਦਾ ਮਿਸ਼ਰਨ ਵਧਦਾ ਜਾਵੇਗਾ ਊਰਜਾ ਘਟਦੀ ਜਾਵੇਗੀ। ਜਿੱਥੋਂ ਤੱਕ ਕੀਮਤ ਦਾ ਸਵਾਲ ਹੈ ਈਥਾਨੌਲ ਅਤੇ ਗੈਸੋਲੀਨ (ਬਿਨਾਂ ਟੈਕਸ) ਦੋਵਾਂ ਦੀ ਕੀਮਤ 62-65 ਰੁਪਏ ਦੇ ਆਸ-ਪਾਸ ਹੈ।

**ਕਾਰਬਨ ਡਾਇਅਕਸਾਈਡ:-** ਇਸ 'ਚ ਕੋਈ ਸ਼ੱਕ ਨਹੀਂ ਕਿ ਈਥਾਨੌਲ ਬਾਲਣ ਨਾਲ ਸਭ ਤੋਂ ਘੱਟ ਕਾਰਬਨ ਡਾਇਅਕਸਾਈਡ ਨਿਕਲਦੀ ਹੈ। ਇਕ ਲੀਟਰ ਸ਼ੁੱਧ ਈਥਾਨੌਲ ਬਾਲਣ ਨਾਲ 1.53 ਕਿ.ਗ੍ਰਾ. ਕਾਰਬਨ ਡਾਇਅਕਸਾਈਡ ਨਿਕਲਦੀ ਹੈ, ਜਦਕਿ ਇਕ ਲੀਟਰ ਪੈਟਰੌਲ ਬਾਲਣ ਨਾਲ 2.35 ਕਿ.ਗ੍ਰਾ. ਕਾਰਬਨ ਡਾਇਆਕਸਾਈਡ ਨਿਕਲਦੀ ਹੈ। 10 ਪ੍ਰਤੀਸ਼ਤ ਈਥਾਨੌਲ ਮਿਲੇ ਪੈਟਰੌਲ ਵਿਚੋਂ 2.12 ਕਿ.ਗ੍ਰਾ. ਕਾਰਬਨ ਡਾਇਅਕਸਾਈਡ ਨਿਕਲਦੀ ਹੈ। ਇਸੇ ਤਰ੍ਹਾਂ 1 ਲੀਟਰ ਡੀਜ਼ਲ ਬਾਲਣ ਨਾਲ 2.68 ਕਿੱਲੋ ਕਾਰਬਨ ਡਾਇਅਕਸਾਈਡ ਨਿਕਲਦੀ ਹੈ। ਪਰ ਇਸ ਦੇ ਨਾਲ ਇਹ ਵੀ ਦੇਖਣ ਦੀ ਲੋੜ ਹੈ ਕਿ ਈਥਾਨੌਲ 'ਚ ਪੈਟਰੌਲ ਨਾਲੋਂ 30 ਪ੍ਰਤੀਸ਼ਤ ਊਰਜਾ ਘੱਟ ਹੈ ਅਤੇ ਡੀਜ਼ਲ 'ਚ ਪੈਟਰੌਲ ਨਾਲੋਂ 15 ਪ੍ਰਤੀਸ਼ਤ ਊਰਜਾ ਵੱਧ ਹੈ। ਕੰਮ ਊਰਜਾ ਨੇ ਕਰਨਾ ਹੈ। ਮਿਸਾਲ ਦੇ ਤੌਰ 'ਤੇ ਜਿੰਨੀ ਈਥਾਨੌਲ ਪੈਟਰੌਲ 'ਚ ਵੱਧ ਰਲਾਓਗੇ ਤਾਂ ਮਿਸ਼ਰਨ ਦੀ ਖਪਤ ਇਕੱਲੇ ਪੈਟਰੌਲ ਤੋਂ ਵਧੇਗੀ। ਏਨਾ ਹੀ ਨਹੀਂ ਜਦੋਂ ਈਥਾਨੌਲ ਗੰਨੇ ਜਾਂ ਅਨਾਜ ਤੋਂ ਤਿਆਰ ਕੀਤੀ ਜਾਂਦੀ ਹੈ ਤਾਂ ਖਮੀਰ ਵੇਲੇ ਕਾਰਬਨ ਡਾਇਅਕਸਾਈਡ ਨਿਕਲਦੀ ਹੈ, ਫਿਰ ਡਿਸਟਿਲ ਕਰਨ ਵੇਲੇ ਜੋ ਬਾਲਣ ਵਰਤਿਆ ਜਾਂਦਾ ਹੈ, ਉਸ 'ਚੋਂ ਵੀ ਕਾਰਬਨ ਡਾਇਅਕਸਾਈਡ ਨਿਕਲਦੀ ਹੈ। ਕੁੱਲ ਮਿਲਾ ਕੇ ਘੋਖਣ ਦੀ ਲੋੜ ਹੈ ਕਿ ਕਾਰਬਨ ਡਾਇਅਕਸਾਈਡ 'ਚ ਕੋਈ ਬੱਚਤ ਹੁੰਦੀ ਵੀ ਹੈ ਕਿ ਨਹੀਂ।

**ਪਾਣੀ:-** ਇਸ ਵੇਲੇ ਜ਼ਿਆਦਾਤਰ ਈਥਾਨੌਲ ਗੰਨੇ ਅਤੇ ਚੌਲਾਂ ਤੋਂ ਬਣਾਈ ਜਾਂਦੀ ਹੈ। ਦੋਵੇਂ ਫ਼ਸਲਾਂ ਹੀ ਪਾਣੀ ਵੱਧ ਲੈਂਦੀਆਂ ਹਨ। ਮੋਲੇਸਿਸ ਤੋਂ ਈਥਾਨੌਲ ਬਣਾਉਣੀ ਭਾਵ ਖੰਡ ਮਿੱਲਾਂ ਦੀ ਰਹਿੰਦ-ਖੂੰਹਦ ਨੂੰ ਵਰਤ ਕੇ ਤਾਂ ਠੀਕ ਹੈ ਪਰ ਜੇ ਗੰਨਾ ਜਾਂ ਚੌਲ ਇਸ ਕਰਕੇ ਉਗਾਈਏ ਕਿ ਅਸੀਂ ਉਸ ਤੋਂ ਅੱਗੇ ਈਥਾਨੌਲ ਬਣਾਉਣੀ ਹੈ ਤਾਂ ਇਹ ਵਿਚਾਰਨ ਵਾਲੀ ਗੱਲ ਹੈ। ਸਮੁੱਚੇ ਭਾਰਤ 'ਚ ਸਿੰਚਾਈ ਵਾਲੇ ਪਾਣੀ ਦੀ ਕਮੀ ਹੈ। ਗੰਨੇ ਤੋਂ ਇਕ ਲੀਟਰ ਈਥਾਨੌਲ ਬਣਾਉਣ ਲਈ 2860 ਲੀਟਰ ਪਾਣੀ ਚਾਹੀਦਾ ਹੈ। ਚੌਲਾਂ ਤੋਂ 1 ਲੀਟਰ ਈਥਾਨੌਲ ਬਣਾਉਣ ਲਈ 10840 ਲੀਟਰ ਪਾਣੀ ਚਾਹੀਦਾ ਹੈ ਪਰ ਇਸ ਦੇ ਮੁਕਾਬਲੇ ਮੱਕੀ ਵਿਚੋਂ ਇਕ ਲੀਟਰ ਈਥਾਨੌਲ ਬਣਾਉਣ ਲਈ 2230 ਲੀਟਰ ਪਾਣੀ ਚਾਹੀਦਾ ਹੈ। ਅਮਰੀਕਾ ਨੇ ਈਥਾਨੌਲ ਦੇ ਕਾਰਖਾਨੇ ਉੱਥੇ ਲਾਏ ਹਨ, ਜਿੱਥੇ ਮੱਕੀ ਉਗਾਉਣ ਲਈ ਸਿੰਚਾਈ ਦੀ ਲੋੜ ਨਹੀਂ ਪੈਂਦੀ। ਜੋ ਪਾਣੀ ਈਥਾਨੌਲ ਫੈਕਟਰੀ 'ਚ ਲੱਗਣਾ ਹੈ ਉਹ ਅਲੱਗ ਹੈ।

**ਨਿਚੋੜ:-** ਉਪਰੋਕਤ ਚਰਚਾ 'ਚੋਂ ਇਕ ਗੱਲ ਸਾਫ਼ ਨਿੱਤਰ ਕੇ ਆਉਂਦੀ ਹੈ ਕਿ ਤੇਲ (ਖਣਿਜ ਜਾਂ ਜੈਵਿਕ) ਸਾਡੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਵੱਡੀ ਭੂਮਿਕਾ ਨਿਭਾਉਂਦਾ ਹੈ। ਭਾਰਤ ਆਪਣੀ ਲੋੜ ਦਾ 85 ਪ੍ਰਤੀਸ਼ਤ ਤੋਂ ਵੱਧ ਖਣਿਜ ਤੇਲ (ਕਰੂਡ ਆਇਲ) ਦਰਾਮਦ ਕਰਦਾ ਹੈ।

ਵਿਦੇਸ਼ੀ ਮੁਦਰਾ ਬਚਾਉਣ ਲਈ ਦੇਸ਼ ਵਿਚ ਬਾਲਣ ਲਈ ਈਥਾਨੌਲ, ਸੀ.ਬੀ.ਜੀ. ਜਾਂ ਬਾਇਓਡੀਜ਼ਲ ਬਣਾਉਣ ਲਈ ਉਪਰਾਲੇ ਕੀਤੇ ਗਏ ਹਨ। ਜਿੱਥੋਂ ਤੱਕ ਇਹ ਵਸਤੂਆਂ ਮੁੱਖ ਫ਼ਸਲਾਂ ਦੀ ਬਾਈਪ੍ਰੋਡਕਟ ਤੋਂ ਬਣਾਉਣ ਦਾ ਸਵਾਲ ਹੈ ਤਾਂ ਇਹ ਠੀਕ ਹਨ, ਜਿਵੇਂ ਕਿ ਗੰਨੇ ਮਿੱਲ ਦੀ ਮੋਲੇਮਿਸ, ਚੌਲਾਂ ਦੀ ਪਰਾਲੀ ਜਾਂ ਫੱਕ, ਨਰਮੇ ਦੀਆਂ ਛਿੱਟੀਆਂ, ਮੱਕੀ ਜਵਾਰ ਦੇ ਟਾਂਡੇ। ਪਰ ਜੇ ਇਨ੍ਹਾਂ ਨੂੰ ਛੱਡ ਕੇ ਅਸੀਂ ਗੰਨੇ ਦਾ ਜੂਸ ਜਾਂ ਖੰਡ ਵਰਤੀਏ ਜਾਂ ਚੌਲ ਵਰਤੀਏ ਤਾਂ ਇਹ ਜਾਇਜ਼ ਨਹੀਂ, ਕਿ ਪਾਣੀ ਜਿਸ ਦੀ ਦੇਸ਼ 'ਚ ਪਹਿਲਾਂ ਹੀ ਕਮੀ ਹੈ, ਇਹ ਦੋਵੇਂ ਫ਼ਸਲਾਂ ਹੀ ਜ਼ਿਆਦਾ ਲੈਂਦੀਆਂ ਹਨ। ਜਿੱਥੋਂ ਤੱਕ ਵਾਤਾਵਰਨ 'ਤੇ ਪ੍ਰਭਾਵ ਦੀ ਗੱਲ ਹੈ, ਇਸ 'ਤੇ ਸਾਰੇ ਸਿਸਟਮ ਨੂੰ ਇਕੱਠਾ ਵਿਚਾਰਨਾ ਚਾਹੀਦਾ ਹੈ। ਚਾਰਾਂ ਚੀਜ਼ਾਂ 'ਚੋਂ ਪਹਿਲ ਪਾਣੀ ਨੂੰ ਦੇਣੀ ਚਾਹੀਦੀ ਹੈ, ਉਸ ਤੋਂ ਬਾਅਦ ਅਨਾਜ, ਫਿਰ ਤੇਲ ਅਤੇ ਚੌਥੀ ਜਗ੍ਹਾ ਵਾਤਵਾਰਨ। ਚਾਰਾਂ 'ਚ ਸੰਤੁਲਨ ਬਣਾਉਣ ਦੀ ਲੋੜ ਹੈ। ਜਿੰਨੀ ਈਥਾਨੌਲ ਸਨਅਤ ਲੱਗਣੀ ਹੈ, ਉਹ ਮੱਕੀ ਆਧਾਰਿਤ ਲੱਗੇ ਅਤੇ ਇਹ ਮਿੱਥੇ ਭਾਅ 'ਤੇ ਸਰਕਾਰ ਖਰੀਦ ਕੇ ਮਿੱਲਾਂ ਨੂੰ ਦੇਵੇ। ਪਾਣੀ ਵੀ ਬਚੇਗਾ ਪ੍ਰਦੂਸ਼ਣ ਵੀ ਘਟੇਗਾ।.

# ਭਾਰਤੀ ਵਿਦਿਆਰਥੀਆਂ ਲਈ ਵਿਦੇਸ਼ਾਂ 'ਚ ਹਨ ਖ਼ਤਰੇ ਬੇਸ਼ੁਮਾਰ


**ਅਸ਼ਵਨੀ ਚਤਰਥ**

ਭਾਰਤੀਆਂ ਖ਼ਾਸ ਤੌਰ 'ਤੇ ਪੰਜਾਬੀਆਂ ਨੂੰ ਵਿਦੇਸ਼ ਜਾਣ ਦਾ ਡਾਢਾ ਚਾਅ ਚੜ੍ਹਿਆ ਰਹਿੰਦਾ ਹੈ। ਇਸੇ ਲਈ ਹੁਣ ਵਿਦਿਆਰਥੀਆਂ 'ਚ ਵੀ ਆਸਟ੍ਰੇਲੀਆ, ਇੰਗਲੈਂਡ, ਕੈਨੇਡਾ ਤੇ ਹੋਰ ਪੱਛਮੀ ਦੇਸ਼ਾਂ 'ਚ ਜਾ ਕੇ ਉਚੇਰੀ ਸਿੱਖਿਆ ਹਾਸਲ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ। ਕੈਨੇਡਾ ਨਾਲ ਇਸ ਵੇਲੇ ਕੂਟਨੀਤਕ ਸਬੰਧਾਂ 'ਚ ਕੁੜੱਤਣ ਪੈਦਾ ਹੋ ਚੁੱਕੀ ਹੈ, ਉੱਥੇ ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਫੀਸਾਂ 'ਚ ਚੋਖਾ ਵਾਧਾ ਕਰ ਦਿੱਤਾ ਗਿਆ ਹੈ ਅਤੇ ਪਰਵਾਸੀ ਵਿਦਿਆਰਥੀਆਂ ਲਈ ਇਕ ਹਫ਼ਤੇ 'ਚ ਕੰਮ ਕਰਨ ਦੇ ਘੰਟੇ ਘਟਾ ਕੇ ਅੱਧੇ ਭਾਵ ਸਿਰਫ਼ 20 ਕਰ ਦਿੱਤੇ ਗਏ ਹਨ। ਫਿਰ ਵੀ ਪੰਜਾਬੀਆਂ 'ਚ ਵਿਦੇਸ਼ ਜਾ ਕੇ ਵਸਣ ਦੀ ਤਾਂਘ ਘਟੀ ਨਹੀਂ ਹੈ। ਜੇ ਇਹ ਆਖ ਲਿਆ ਜਾਵੇ ਕਿ ਵਿਦਿਆਰਥੀਆਂ 'ਚ ਵਿਦੇਸ਼ ਜਾਣ ਦੀ ਡੰਝ ਸਗੋਂ ਹੋਰ ਵੀ ਵਧ ਗਈ ਹੈ, ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਦਾ ਸਬੂਤ ਇਨ੍ਹਾਂ ਸਰਕਾਰੀ ਅੰਕੜਿਆਂ ਤੋਂ ਸਹਿਜੇ ਹੀ ਮਿਲ ਜਾਂਦਾ ਹੈ ਕਿ ਅਮਰੀਕਾ 'ਚ ਸਾਲ 2022 ਦੌਰਾਨ 4.65 ਲੱਖ ਤੋਂ ਵੱਧ, ਕੈਨੇਡਾ 'ਚ ਇਕ ਲੱਖ 83 ਹਜ਼ਾਰ 310, ਆਸਟ੍ਰੇਲੀਆ 'ਚ ਇਕ ਲੱਖ, ਇੰਗਲੈਂਡ 'ਚ 55465 ਤੇ ਰੂਸ 'ਚ 18039 ਵਿਦਿਆਰਥੀ ਪੜ੍ਹ ਰਹੇ ਹਨ। ਹੁਣ ਭਾਰਤ ਸਰਕਾਰ ਨੇ ਕੁਝ ਅਜਿਹੇ ਅੰਕੜੇ ਜਾਰੀ ਕੀਤੇ ਹਨ ਜੋ ਬੇਹੱਦ ਚਿੰਤਾਜਨਕ ਹਨ। ਸਰਕਾਰ ਨੇ ਰਾਜ ਸਭਾ 'ਚ ਸੂਚਿਤ ਕੀਤਾ ਹੈ ਕਿ ਸਾਲ 2018 ਤੋਂ ਲੈ ਕੇ ਹੁਣ ਤੱਕ 403 ਭਾਰਤੀ ਵਿਦਿਆਰਥੀਆਂ ਦੀ ਹੋਰਨਾਂ ਦੇਸ਼ਾਂ 'ਚ ਕੁਦਰਤੀ, ਮੈਡੀਕਲ ਜਾਂ ਕਿਸੇ ਹਾਦਸੇ ਜਿਹੇ ਕਾਰਨਾਂ ਕਰਕੇ ਅਚਾਨਕ ਮੌਤ ਹੋ ਚੁੱਕੀ ਹੈ। ਇਨ੍ਹਾਂ 'ਚੋਂ ਸਭ ਤੋਂ ਵੱਧ 91 ਮੌਤਾਂ ਕੈਨੇਡਾ 'ਚ ਹੋਈਆਂ ਹਨ। ਪਿਛਲੇ ਪੰਜ ਸਾਲਾਂ ਦੌਰਾਨ ਹੀ ਇੰਗਲੈਂਡ 'ਚ 48, ਰੂਸ 'ਚ 40, ਅਮਰੀਕਾ 'ਚ 36, ਆਸਟ੍ਰੇਲੀਆ 'ਚ 35, ਯੂਕਰੇਨ 'ਚ 21, ਜਰਮਨੀ 'ਚ 20, ਸਾਈਪ੍ਰਸ 'ਚ 14, ਇਟਲੀ ਤੇ ਫਿਲੀਪੀਨ 'ਚ 10-10 ਭਾਰਤੀ ਵਿਦਿਆਰਥੀਆਂ ਦੀ ਅਚਾਨਕ ਮੌਤ ਹੋ ਚੁੱਕੀ ਹੈ। ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਨੇ ਸਦਨ 'ਚ ਦੱਸਿਆ ਕਿ ਭਾਰਤ ਸਰਕਾਰ ਨੇ ਸਬੰਧਤ ਦੇਸ਼ਾਂ ਵਿਚਲੇ ਭਾਰਤੀ ਦੂਤਾਵਾਸਾਂ ਤੇ ਹਾਈ ਕਮਿਸ਼ਨਾਂ ਜ਼ਰੀਏ ਪੂਰੀ ਚੌਕਸ ਨਜ਼ਰ ਰੱਖੀ ਹੋਈ ਹੈ ਅਤੇ ਆਪਣੇ ਦੇਸ਼ ਦੇ ਵਿਦਿਆਰਥੀਆਂ ਦੀ ਸਲਾਮਤੀ ਦਾ ਪੂਰਾ ਖ਼ਿਆਲ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕ ਹੋਰਨਾਂ ਦੇਸ਼ਾਂ 'ਚ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸਲਾਮਤੀ ਇਸ ਵੇਲੇ ਕੇਂਦਰ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਇਸ ਨਾਲ ਭਾਵੇਂ ਦੇਸ਼ 'ਚ ਰਹਿੰਦੇ ਮਾਪਿਆਂ ਨੂੰ ਕੁਝ ਤਸੱਲੀ ਮਿਲੇ ਪਰ ਇਹ ਹਾਲੇ ਭੇਤ ਹੀ ਹੈ ਕਿ ਆਖ਼ਰ ਪਿਛਲੇ ਕੁਝ ਸਾਲਾਂ ਦੌਰਾਨ ਵਿਦੇਸ਼ ਗਏ ਨੌਜਵਾਨਾਂ ਦੀਆਂ ਇੰਨੀ ਵੱਡੀ ਗਿਣਤੀ 'ਚ ਮੌਤਾਂ ਕਿਉਂ ਹੋਣ ਲੱਗ ਪਈਆਂ ਹਨ। ਭਾਰਤ ਸਰਕਾਰ ਨੇ ਹੁਣ ਇਹ ਵੀ ਯਕੀਨੀ ਬਣਾਉਣ ਦਾ ਫ਼ੈਸਲਾ ਕੀਤਾ ਹੈ ਕਿ ਜੇ ਕਿਤੇ ਕਿਸੇ ਭਾਰਤੀ ਵਿਦਿਆਰਥੀ ਨਾਲ ਕੋਈ ਅਨਹੋਣੀ ਘਟਨਾ ਵਾਪਰ ਜਾਂਦੀ ਹੈ ਅਤੇ ਜੇ ਮਾਮਲਾ ਗ਼ੈਰ-ਕੁਦਰਤੀ ਢੰਗ ਨਾਲ ਹੋਈ ਮੌਤ ਦਾ ਹੋਵੇਗਾ ਤਾਂ ਉਸ ਦੇਸ਼ ਦੀ ਸਰਕਾਰ 'ਤੇ ਉਸ ਮਾਮਲੇ ਦੀ ਨਿੱਠ ਕੇ ਜਾਂਚ ਕਰਵਾਉਣ ਲਈ ਦਬਾਅ ਬਣਾਇਆ ਜਾਵੇਗਾ। ਜੇ ਅਜਿਹੀ ਕਿਸੇ ਮੌਤ ਪਿੱਛੇ ਕੋਈ ਸਾਜ਼ਿਸ਼ਘਾੜਾ ਹੋਵੇਗਾ ਤਾਂ ਉਸ ਨੂੰ ਸਜ਼ਾ ਦਿਵਾਉਣ ਲਈ ਵੀ ਉਪਰਾਲੇ ਕੀਤੇ ਜਾਣਗੇ। ਇੰਜ ਹੀ ਜੇ ਕੋਈ ਵਿਦਿਆਰਥੀ ਕਿਸੇ ਮੁਸੀਬਤ 'ਚ ਫਸਿਆ ਹੋਵੇਗਾ ਜਾਂ ਉਸ ਨੂੰ ਕਿਸੇ ਤਰ੍ਹਾਂ ਦੀ ਐਮਰਜੈਂਸੀ, ਮੈਡੀਕਲ ਜਾਂ ਰਿਹਾਇਸ਼ ਆਦਿ ਲਈ ਮਦਦ ਦੀ ਜ਼ਰੂਰਤ ਹੋਵੇਗੀ ਤਦ ਵੀ ਭਾਰਤੀ ਦੂਤਾਵਾਸ ਉਸ ਦੀ ਪੂਰੀ ਮਦਦ ਕਰਨ ਲਈ ਡਟੇਗਾ। ਸਥਾਨਕ ਅਧਿਕਾਰੀਆਂ ਦੇ ਤਾਲਮੇਲ ਨਾਲ ਉਸ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਇੰਜ ਹੋਣ ਨਾਲ ਮਾਪੇ ਬੇਫ਼ਿਕਰ ਰਹਿਣਗੇ।



## ਪੁਸਤਕ ਚਰਚਾ

# ਕਮਲ ਬੰਗਾ ਸੈਕਰਾਮੈਂਟੋ ਦਾ ਗ਼ਜ਼ਲ ਸੰਗ੍ਰਹਿ 'ਨਵੀਂ-ਬੁਲਬੁਲ' ਲੋਕਾਈ ਦੇ ਦਰਦ ਦਾ ਪ੍ਰਤੀਕ




**1. ਪੈਂਤੀ ਸਾਹਿਤਕ ਕਿਰਨਾਂ - 2008, 2. ਕੈਹਕਸ਼ਾ -2009, 3. ਹਵਾ ਦੇ ਰੰਗ-2010, 4. ਪੂਰਬ ਤੋਂ ਪੱਛਮ -2011, 5. ਪੰਜਵਾਂ ਅੰਕ - 2012, 6. ਜਹਾਨ ਅੰਦਰ - 2013, 7. ਤਾਸ਼ ਦੇ ਪੱਤੇ - 2014, 8. ਚੰਦ ਦੇ ਟੁਕੜੇ - 2015, 9. ਮੁਸਾਫ਼ਿਰ ਸੱਚ ਦਾ - 2015, 10. ਗ਼ਜ਼ਲ ਦਾ ਜ਼ਮਾਨਾ -2016, 11. ਕਾਵਿ - ਕਾਸਦ -2017, 12. ਮੰਜ਼ਿਲ ਦੇ ਨੇੜੇ - 2018, 13. ਚੋਣਵੀਂ ਕਵਿਤਾ ਦੇ ਰੰਗ - 2019, 14. ਚੌਦਵਾਂ ਚਾਨਣ -2020, 15. ਸ਼ਬਦਾਂ ਦੀ ਫ਼ਕੀਰੀ - 2021, 16. ਨਵੀਂ-ਬੁਲਬੁਲ-2023**

ਕਮਲ ਬੰਗਾ ਸੈਕਰਾਮੈਂਟੋ ਪਰਵਾਸੀ ਪੰਜਾਬੀ ਗ਼ਜ਼ਲਗੋ ਹੈ। ਉਸ ਦੀ ਕਵਿਤਾ ਦੀਆਂ 16 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਚਰਚਾ ਅਧੀਨ 'ਨਵੀਂ-ਬੁਲਬੁਲ' ਉਸ ਦੀ 17ਵੀਂ ਗ਼ਜ਼ਲਾਂ ਤੇ ਨਜ਼ਮਾ ਦੀ ਪੁਸਤਕ ਹੈ। ਉਸ ਦੀਆਂ ਬਹੁਤੀਆਂ ਗ਼ਜ਼ਲਾਂ ਲੋਕਾਈ ਦੇ ਦਰਦ ਦੀ ਪੀੜ ਦਾ ਪ੍ਰਗਟਾਵਾ ਕਰਦੀਆਂ ਹਨ। ਭਾਵੇਂ ਉਹ ਲਗਪਗ ਅੱਧੀ ਸਦੀ ਦੇ ਲੰਬੇ ਸਮੇਂ ਤੋਂ ਪਰਵਾਸ ਵਿੱਚ ਰਹਿ ਰਿਹਾ ਹੈ ਪ੍ਰੰਤੂ ਉਸ ਦੀ ਸ਼ਬਦਾਵਲੀ ਅਮੀਰ ਹੈ। ਜੇਕਰ ਉਸ ਨੂੰ ਸ਼ਬਦਾਂ ਦਾ ਕਾਰੀਗਰ ਕਹਿ ਲਈਏ ਤਾਂ ਵੀ ਕੋਈ ਅਤਕਥਨੀ ਨਹੀਂ। ਉਸ ਦੀ ਜ਼ਿੰਦਗੀ ਦੀ ਜਦੋਜਹਿਦ ਦਾ ਤਜ਼ਰਬਾ ਵੀ ਵਿਸ਼ਾਲ ਹੈ। ਉਹ ਸੰਸਾਰ ਦੇ 35 ਦੇਸ਼ਾਂ ਦਾ ਭਰਮਣ ਕਰ ਚੁੱਕਾ ਹੈ। ਪਰਵਾਸ ਦੀ ਜ਼ਿੰਦਗੀ ਦੀ ਜਦੋਜਹਿਦ ਵਿੱਚੋਂ ਉਹ ਨਗੀਨਾ ਬਣਕੇ ਨਿਕਲਿਆ ਹੈ। ਉਸ ਨੂੰ 18 ਸਾਲ ਦੀ ਉਮਰ ਵਿੱਚ ਹੀ ਸਾਹਿਤਕ ਚੇਟਕ ਲੱਗ ਗਈ ਸੀ। ਪਰਵਾਸ ਵਿੱਚ ਸਾਹਿਤਕ ਮਹਿਫਲਾਂ ਦਾ ਸ਼ਿੰਗਾਰ ਰਿਹਾ ਹੈ। ਉਸ ਦੀ ਸਭਿਆਚਾਰਕ ਸਰਗਰਮੀ ਕਰਕੇ ਸਾਹਿਤਕ ਚੇਤਨਾ ਸੁਚੇਤ ਹੋ ਗਈ। ਕਮਲ ਬੰਗਾ ਸੈਕਰਾਮੈਂਟੋ ਦੀਆਂ ਗ਼ਜ਼ਲਾਂ ਤੇ ਨਜ਼ਮਾ ਦੇ ਵਿਸ਼ੇ ਲੋਕਾਈ ਦੀ ਜਦੋਜਹਿਦ ਵਿੱਚੋਂ ਲਏ ਹੋਏ ਹਨ। ਵਿਸ਼ਿਆਂ ਦੀ ਵੰਨਗੀ ਬਹੁ-ਰੰਗੀ ਤੇ ਬਹੁ-ਪੱਖੀ ਹੈ। ਉਹ ਕਿਸੇ ਇਕ ਵਿਸ਼ੇ ਜਾਂ ਵਾਦ ਨਾਲ ਜੁੜਿਆ ਹੋਇਆ ਨਹੀਂ। ਇਨਸਾਨ ਨੂੰ ਸਮਾਜ ਵਿੱਚ ਵਿਚਰਦਿਆਂ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਮੁਸ਼ਕਲਾਂ ਹੀ ਕਮਲ ਬੰਗਾ ਦੇ ਵਿਸ਼ੇ ਹਨ। ਉਸ ਦੇ ਵਿਸ਼ਿਆਂ ਵਿੱਚ ਇਨਸਾਨੀ ਤੇ ਪਰਿਵਾਰਿਕ ਰਿਸ਼ਤਿਆਂ ਦੀਆਂ ਤ੍ਰੇੜਾਂ, ਬੇਇਨਸਾਫ਼ੀ, ਸਮਾਜਿਕ ਪੀੜਾ, ਮਾਨਸਿਕਤਾ, ਆਰਥਿਕ ਕਾਣੀ ਵੰਡ, ਪਿਆਰ-ਮੁਹੱਬਤ, ਇਸ਼ਕ-ਮੁਸ਼ਕ, ਨਫ਼ਰਤੀ ਵਰਤਾਰਾ, ਧਾਰਮਿਕ ਕੱਟੜਤਾ, ਗੰਧਲੀ ਰਾਜਨੀਤੀ, ਅਮੀਰ ਗ਼ਰੀਬ ਦਾ ਪਾੜਾ, ਬਿਰਹਾ, ਵਾਤਵਰਨ, ਰੁੱਖ, ਲਾਲਚ, ਸੰਸਾਰ ਜੰਗਾਂ, ਬਜ਼ੁਰਗਾਂ ਦੀ ਅਣਵੇਖੀ, ਮਾਨਵਤਾ ਤੇ ਸਾਹਿਤਕਾਰਾਂ ਦੇ ਕਿਰਦਾਰ, ਅਵਿਸ਼ਵਾਸ਼ ਅਤੇ ਪੱਖਪਾਤ ਸ਼ਾਮਲ ਹਨ। ਉਸ ਦੀ ਪਹਿਲੀ ਪੁਸਤਕ 2008 ਵਿੱਚ 'ਪੈਂਤੀ ਸਾਹਿਤਕ ਕਿਰਨਾ' ਪ੍ਰਕਾਸ਼ਤ ਹੋਈ ਸੀ। ਉਸ ਤੋਂ ਬਾਅਦ ਚਲ ਸੋ ਚਲ ਲਗਾਤਾਰ ਪੁਸਤਕਾਂ ਪ੍ਰਕਾਸ਼ਤ ਹੁੰਦੀਆਂ ਰਹੀਆਂ। 'ਨਵੀਂ-ਬੁਲਬੁਲ' 2023 ਵਿੱਚ ਪ੍ਰਕਾਸ਼ਤ ਹੋਈ ਹੈ। ਸਿਆਸਤ ਤੇ ਧਰਮ ਦਾ ਭਾਰੂ ਹੋਣਾ ਸ਼ਾਇਰ ਸਮਾਜ ਲਈ ਖ਼ਤਰਨਾਕ ਦੱਸਦਾ ਹੈ। ਨੋਟਾਂ ਤੇ ਵੋਟਾਂ ਦਾ ਵਿਓਪਾਰ ਵੀ ਦੇਸ਼ ਲਈ ਘਾਤਕ ਹੋਵੇਗਾ। ਸੱਚੇ ਸੁੱਚੇ ਲੋਕਾਂ ਲਈ ਖ਼ਤਰਾ ਵਧੇਰੇ ਹੈ। ਫਰੇਬੀ ਆਨੰਦ ਮਾਣਦੇ ਹਨ। ਲਾਲਚ ਤੇ ਧੋਖਾ ਇਨਸਾਨ 'ਤੇ ਭਾਰੂ ਹੋ ਗਏ ਹਨ। ਨਕਲੀ ਵਿਖਾਵਾ ਲੋਕਾਂ ਦੀ ਫਿਤਰਤ ਬਣ ਗਈ ਹੈ। ਵਾਤਾਵਰਨ ਨੂੰ ਪਲੀਤ ਕੀਤਾ ਜਾ ਰਿਹਾ ਹੈ। ਦੁੱਖ ਸੁੱਖ ਜੀਵਨ ਦਾ ਹਿੱਸਾ ਹਨ ਪ੍ਰੰਤੂ ਦੁੱਖ ਨਾਲ ਜੀਵਨ ਵਿੱਚ ਹਨ੍ਹੇਰਾ ਆ ਜਾਂਦਾ ਹੈ। ਸ਼ਾਇਰ ਦੀਆਂ ਗ਼ਜ਼ਲਾਂ ਵਿੱਚ ਬਹੁਤ ਸਾਰੀਆਂ ਅਟੱਲ ਸਚਾਈਆਂ ਦਾ ਵਰਣਨ ਕੀਤਾ ਗਿਆ ਹੈ। ਵਹਿਮ ਭਰਮ ਸਮਾਜ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰਦੇ ਹਨ। ਜ਼ਾਤ ਪਾਤ ਦਾ ਸਮਾਜ ਵਿੱਚ ਕੋਈ ਸਥਾਨ ਨਹੀਂ ਹੋਣਾ ਚਾਹੀਦਾ। ਸਾਹਿਤਕਾਰ ਆਸ਼ਾਵਾਦੀ ਹੋਣੇ ਚਾਹੀਦੇ ਹਨ। ਫੋਕੀ ਵਾਹਵਾ ਸ਼ਾਹਵਾ ਚੰਗੀ ਨਹੀਂ ਹੁੰਦੀ। ਸਾਹਿਤਕ ਮਹਿਫਲਾਂ ਵਿੱਚ ਝਗੜੇ ਹੋ ਰਹੇ ਹਨ। ਸ਼ਾਇਰ ਕਵੀਆਂ ਨੂੰ ਸਲਾਹ ਦਿੰਦਾ ਹੈ ਕਿ ਉਨ੍ਹਾਂ ਨੂੰ ਸਮਾਜਿਕ ਸਰੋਕਾਰਾਂ ਬਾਰੇ ਲਿਖਣਾ ਚਾਹੀਦਾ, ਅਸ਼ਲੀਲ ਲਿਖਣ ਤੋਂ ਗੁਰੇਜ਼ ਕਰਨਾ ਚਾਹੀਦਾ। ਭਾਸ਼ਾ ਸਰਲ ਵਰਤੀ ਜਾਵੇ। ਲਗਪਗ ਉਸ ਦੀਆਂ 125 ਗ਼ਜ਼ਲਾਂ ਤੇ ਨਜ਼ਮਾ ਵਿੱਚ ਸਾਹਿਤਕਾਰਾਂ ਦੇ ਕਿਰਦਾਰ ਦਾ ਜ਼ਿਕਰ ਕੀਤਾ ਗਿਆ। ਕਮਲ ਬੰਗਾ ਦਾ ਮੰਨਣਾ ਹੈ ਕਿ ਕਲਮਕਾਰ ਸਮਾਜ ਵਿੱਚ ਇਨਕਲਾਬੀ ਤਬਦੀਲੀ ਲਿਆਉਣ ਦੇ ਸਮਰੱਥ ਹਨ। ਇਸ ਲਈ ਉਹ ਵਾਰ-ਵਾਰ ਸਾਹਿਤਕਾਰਾਂ ਨੂੰ ਕੁਰੇਦਦਾ ਹੈ ਕਿ ਉਹ ਲੋਕਾਈ ਦੇ ਹਿੱਤਾਂ 'ਤੇ ਪਹਿਰਾ ਦੇਣ ਤਾਂ ਸਮਾਜ ਬਿਹਤਰੀਨ ਪ੍ਰਣਾਲੀ ਅਪਣਾ ਸਕੇ। ਉਸ ਦਾ ਇਕ ਸ਼ਿਅਰ ਸਾਹਿਤਕਾਰਾਂ ਨੂੰ ਸੰਬੋਧਤ ਹੈ:

ਸਾਨੂੰ ਸਰੋਕਾਰਾਂ ਦਾ ਸ਼ੀਸ਼ਾ ਦੇਖਣਾ ਚਾਹੀਦਾ।
ਤੇ ਸਮਾਜ 'ਚ ਕੀ-ਕੀ ਹੁੰਦਾ ਲਿਖਣਾ ਚਾਹੀਦਾ।

ਪ੍ਰਬੰਧਕੀ ਢਾਂਚੇ ਦੇ ਖੋਖਲਾਪਨ ਦੀ ਤਸਵੀਰ ਖਿਚਦਾ ਹੋਇਆ ਉਹ, ਜੇਲ੍ਹਾਂ ਵਿੱਚ ਹੋ ਰਹੀ


ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
94178 13072
ujagarsingh48@yahoo.com

ਐਸ਼ਪ੍ਰਸਤੀ ਦੀ ਨਿੰਦਿਆ ਕਰਦਾ ਹੈ। ਸ਼ਾਇਰ ਅਨੁਸਾਰ ਹੰਕਾਰ ਸਮਾਜ ਦਾ ਬੇੜਾ ਗਰਕ ਕਰ ਰਿਹਾ ਹੈ। ਜੇਕਰ ਇਨਸਾਨ ਨੇ ਵੱਡਾ ਬਣਨਾ ਹੈ ਤਾਂ ਹੰਕਾਰ ਛੱਡਣਾ ਪਵੇਗਾ। ਧਾਰਮਿਕ ਲੋਕਾਂ ਦੇ ਪਾਖੰਡ ਦਾ ਵੀ ਭਾਂਡਾ ਭੰਨਦਾ ਹੈ। ਧਰਮ ਨਿੱਜੀ ਹੁੰਦਾ ਹੈ, ਇਸ ਨੂੰ ਸਮਾਜ 'ਤੇ ਠੋਸਣਾ ਨਹੀਂ ਚਾਹੀਦਾ। ਧਾਰਮਿਕ ਦੁਕਾਨਦਾਰੀਆਂ ਸਮਾਜ ਨੂੰ ਖੋਖਲਾ ਕਰ ਰਹੀਆਂ ਹਨ। ਧਾਰਮਿਕ ਲੋਕਾਂ ਬਾਰੇ ਕਮਲ ਬੰਗਾ ਲਿਖਦਾ ਹੈ:

**ਚਾਹੇ ਲੋਕ ਪਾਠ ਪੂਜਾ ਤੇ ਕਰਦੇ ਨੇ ਫ਼ਰਿਆਦਾਂ,**
**ਫਿਰ ਵੀ ਸ਼ਰੇਆਮ ਕਰੀ ਜਾਂਦੇ ਨੇ ਵੰਡ ਕਾਣੀ।**
**ਧਰਮ ਤੇ ਰਾਜਨੀਤੀ ਸਖ਼ਤ ਵੀ ਤੇ ਨਰਮ ਵੀ ਬੜੇ,**
**ਲੋਕ ਇੱਕ ਥਾਂ ਟਿਕਦੇ ਨਹੀਂ, ਥਾਂ ਥਾਂ ਮੱਥੇ ਰਗੜਦੇ।**
**ਅਸਲ ਵਿੱਚ ਧਰਮਾਂ ਤੇ ਸੱਚ-ਝੂਠ ਦੀ ਲੜਾਈ ਹੈ,**
**ਅਕਸਰ ਇਨ੍ਹਾਂ ਵਿਚ ਵੀ, ਸੱਚ ਨੂੰ ਟਾਲੀ ਜਾਂਦੇ ਨੇ।**

ਅਮੀਰ ਲੋਕਾਂ ਨੂੰ ਸਲਾਹ ਦਿੰਦਾ ਸ਼ਾਇਰ ਲਿਖਦਾ ਹੈ ਕਿ ਪੈਸਾ ਸਾਰੀਆਂ ਬਿਮਾਰੀਆਂ ਦਾ ਇਲਾਜ ਨਹੀਂ। ਸਰੀਰਕ ਬਿਮਾਰੀ ਪੈਸੇ ਨਾਲ ਦੂਰ ਨਹੀਂ ਹੁੰਦੀ। ਵਾਤਵਰਨ ਬਾਰੇ ਵੀ ਸ਼ਾਇਰ ਕਾਫ਼ੀ ਚਿੰਤਤ ਹੈ। ਬਹੁਤ ਸਾਰੀਆਂ ਗ਼ਜ਼ਲਾਂ ਵਿੱਚ ਰੁੱਖਾਂ, ਪਾਣੀ ਅਤੇ ਹਵਾ ਦੇ ਗੰਧਲੇਪਣ ਦਾ ਜ਼ਿਕਰ ਕਰਦਾ ਹੈ। ਰੁੱਖ ਤਾਂ ਹਰ ਦੁੱਖ ਝਲਕੇ ਇਨਸਾਨਾ ਦੀ ਛਤਰੀ ਬਣਦੇ ਹਨ ਪ੍ਰੰਤੂ ਇਨਸਾਨ ਉਨ੍ਹਾਂ ਦੀ ਛਾਂ ਮਾਣਦਾ ਹੋਇਆ ਵੀ ਰਹਿਮ ਨਹੀਂ ਕਰਦਾ। ਰੁੱਖਾਂ ਬਾਰੇ ਲਿਖਦਾ ਹੈ:

**ਰੁੱਖ਼ਾਂ ਤੇ ਮਨੁੱਖ਼ਾਂ ਦੇ ਮੁੱਕਣ ਵਾਂਗ ਹੀ,**
**ਪੰਛੀਆਂ ਨੂੰ ਵੀ, ਇਹੋ ਮਿਲਦੀ ਹੈ ਸਜ਼ਾ।**
**ਸਾਰੇ ਰੁੱਖ ਛਾਂ ਦੀਆਂ, ਛਤਰੀਆਂ ਬਣ ਕੇ ਖੜ੍ਹੇ ਨੇ,**
**ਇਨ੍ਹਾਂ ਖੜਿਆਂ-ਖੜਿਆਂ, ਸਭੇ ਸਾਂਝਾ ਪੁਗਾਈਆਂ ਨੇ।**

ਲੋਕਾਂ ਨੂੰ ਇਨਸਾਫ਼ ਨਾ ਮਿਲਣ 'ਤੇ ਲਾਲਚੀ ਸਮਾਜ ਬਾਰੇ ਚਿੰਤਤ ਹੋਇਆ ਕਮਲ ਬੰਗਾ ਲਿਖਦਾ ਹੈ-

**ਚਾਹੇ ਸਮਾਜੀ ਰੰਗਤ ਹਰਿਕ ਮਨ ਵਿੱਚ ਹੀ,**
**ਫਿਰ ਵੀ ਹਰਿਕ ਨੂੰ, ਇਨਸਾਫ਼ ਦੀ ਭਾਲ ਹੈ।**
**ਜ਼ੋਰਾਵਰ ਤੇ ਹਓਮੈ ਵਾਲੇ ਵੀ ਬਥੇਰੇ,**
**ਘੱਟ ਹੀ ਗੱਲ ਕਰਦੇ, ਰੱਬੀ ਮਿਹਰ ਦੀ।**
**ਜ਼ਿੰਦਗੀ ਤਾਂ ਹਰਿਕ ਹੀ, ਮੰਗਦੀ ਸ਼ਾਂਤੀ,**
**ਪਰ ਹਲਚਲ ਘੱਟਦੀ ਨਹੀਂ, ਲਾਲਚੀ-ਲਹਿਰ ਦੀ।**

ਵਹਿਮ ਭਰਮ ਤੇ ਜ਼ਾਤ ਪਾਤ ਸਮਾਜ ਲਈ ਕਲੰਕ ਹਨ। ਇਹ ਸਮਾਜ ਦੀ ਮਾਨਸਿਕ ਪ੍ਰਗਤੀ ਦੇ ਰਾਹ ਵਿੱਚ ਰੋੜਾ ਬਣਦੇ ਹਨ-

**ਇੰਡੀਆ 'ਚ ਜ਼ਾਤਾਂ-ਪਾਤਾਂ ਦੀ ਮਧਾਣੀ ਫੇਰੀ ਜਾਂਦੇ,**
**ਧੱਕੇ ਨਾਲ ਵਹਿਮਾ ਦੀ ਫੜੀ ਪਟਾਰੀ ਹੁੰਦੀ ਹੈ।**
**ਵੈਸੇ ਤਾਂ ਇਨਸਾਨ ਦੀ, ਆਪਣੀ ਹੈ ਮਰਜ਼ੀ,**
**ਵਹਿਮਾਂ ਨਾਲ ਵੀ ਸੱਜਣੋ, ਜਿੰਦ ਖ਼ੱਜਲ ਹੁੰਦੀ ਹੈ।**

ਰਾਜਨੀਤਕ ਲੋਕਾਂ ਨੂੰ ਸ਼ਾਇਰ ਆੜੇ ਹੱਥੀਂ ਲੈਂਦਾ ਹੋਇਆ ਲਿਖਦਾ ਹੈ-

**ਰਾਜਨੀਤੀ ਵੀ ਮਿੱਠੀ ਜ਼ਹਿਰ,**
**ਲੀਡਰ ਪੀਂਦੇ ਨੇ ਪਰ,**
**ਕਿਸੇ ਦੇ ਹੱਡ ਨਹੀਂ ਦੁੱਖਦੇ,**
**ਇਸ ਦੀਆਂ ਮਾਰਾਂ ਵਿੱਚ।**
**ਸੋਨੇ ਰੰਗੀਆਂ ਕੁਰਸੀਆਂ ਦੇ ਵਾਂਗ ਹੀ,**
**ਉਪਰੋਂ ਉਪਰੋਂ ਚਮਕਦੀ ਹੁੰਦੀ ਸਰਕਾਰ ਹੈ।**
**ਕਹਿਣ ਨੂੰ ਦੁਨੀਆਂ ਕਹਿੰਦੀ, ਨਸ਼ਿਆਂ ਤੋਂ ਬਚੋ,**
**ਪਰ ਆਪ ਹੀ, ਸਭ ਕੁਝ ਬਣਾਉਂਦੀ ਨਸ਼ੀਲਾ ਹੈ।**
**ਇਕੱਲੇ ਸੱਪਾਂ ਵਿਚ ਹੀ, ਜ਼ਹਿਰ ਨਹੀਂ ਹੁੰਦੀ,**
**ਠੱਗੀ-ਠੋਰੀ ਵਾਲੇ ਵੀ, ਮਿੱਠੇ ਫ਼ਨੀਅਰ ਬਣੇ ਨੇ।**
**ਰਿਸ਼ਤੇ ਵੀ ਹੁਣ ਅਮੀਰਤ ਮਗਰ ਘੁੰਮਦੇ,**
**ਚਾਹੇ ਮੁੰਡਾ ਚੰਦ ਵਰਗਾ ਤੇ ਕੁੜੀ ਨੂਰੀ ਹੈ।**

ਪਰਵਾਸ ਦੀ ਜ਼ਿੰਦਗੀ ਸੰਬੰਧੀ ਵੀ ਸ਼ਾਇਰ ਕਾਫਪ ਗ਼ਜ਼ਲਾਂ ਲਿਖੀਆਂ ਹਨ-

**ਸੜਕਾਂ 'ਤੇ ਜ਼ੋਰ ਹੈ, ਕਾਰਾਂ ਤੇ ਟਰੱਕਾਂ ਦਾ,**
**ਨਾਲੇ ਲੱਖਾਂ ਮੁਸਾਫ਼ਿਰ, ਜ਼ਾਜ਼ਾਂ 'ਚ ਚੜਿਆ ਹੈ।**
**ਕੰਮਾਂ ਕਾਰਾਂ ਤੇ ਸ਼ਿਫਟਾਂ ਦੀ ਮਜ਼ਬੂਰੀ,**
**ਪਹਿਲਾਂ ਵਾਂਗ ਰਹੇ ਨਹੀਂ, ਸਾਂਝੇ ਜਗਰਾਤੇ।**
**ਪ੍ਰਦੇਸ ਚਾਹੇ ਦੂਰ ਹੈ, ਬੰਦਾ ਜਾਣ ਲਈ ਮਜ਼ਬੂਰ ਹੈ,**
**ਉਂਜ ਵੀ ਸੋਹਣੇ ਜੀਵਨ ਦਾ, ਗੁਜ਼ਾਰਾ ਸੋਹਣਾ ਚਾਹੀਦਾ।**

ਰੂਸ ਅਤੇ ਯੂਕਰੇਨ ਦੀ ਲੜਾਈ ਵੀ ਸ਼ਾਇਰ ਨੂੰ ਚੁਭਦੀ ਹੈ। ਇਸ ਲਈ ਉਹ ਰੂਸ ਦੇ ਰਾਸ਼ਟਰਪਤੀ ਪੂਤਿਨ ਦੀ ਹਠਧਰਮੀ ਬਾਰੇ ਲਿਖਦਾ ਹੈ-

**ਪੂਟਨ ਕਿਸੇ ਦੀ ਵੀ-ਮੰਨਦਾ ਨਹੀਂ,**
**ਅੰਦਰੋਂ-ਬਾਹਰੋਂ ਖ਼ਾਮੋਸ਼ ਹੋਈ ਲੋਕਾਈ।**
**ਬੰਦਾ ਤਾਂ ਕੀ ਰੱਬ ਵੀ ਕੀ ਕਰੇ ਕਮਲ,**
**ਪੂਟਨ ਵਰਗੇ ਸ਼ਰੇਆਮ, ਜ਼ੋਰ ਦਿਖਾ ਰਹੇ ਨੇ।**

ਕਮਲ ਬੰਗਾ ਦੀਆਂ ਗ਼ਜ਼ਲਾਂ ਵਿੱਚ ਇਸ਼ਕ-ਮੁਹੱਬਤ ਦਾ ਵੀ ਬੋਲਬਾਲਾ ਹੈ ਪ੍ਰੰਤੂ ਇਸ਼ਕ ਤਾਂ ਹੀ ਵਰਦਾਨ ਸਾਬਤ ਹੋ ਸਕਦਾ ਜੇਕਰ ਪ੍ਰੇਮੀ ਸੱਚੇ ਸੁਚੇ ਹੋਣ ਵਰਨਾ ਸੰਤਾਪ ਹੰਢਾਉਣਾ ਪੈਂਦਾ ਹੈ। ਸੱਚੇ ਪ੍ਰੇਮੀ ਅਮਰ ਹੁੰਦੇ ਹਨ, ਝੂਠੇ ਬਦਨਾਮੀ ਪੱਲੇ ਬੰਨ੍ਹਦੇ ਹਨ। ਇਸ਼ਕ ਵਿੱਚਲਾ ਬਿਰਹਾ ਮਾਨਸਿਕਤਾ ਨੂੰ ਸਾੜ ਦਿੰਦਾ ਹੈ। ਅੱਜ ਕਲ੍ਹ ਨੌਜਵਾਨੀ ਪਿਆਰ ਮੁਹੱਬਤ ਦੇ ਚਕਰ ਵਿੱਚ ਦੀਵਾਨੀ ਹੋਈ ਫਿਰਦੀ ਹੈ। ਵਫ਼ਾਦਾਰੀ ਦੀ ਘਾਟ ਰੜਕਦੀ ਹੈ। ਪਿਆਰ ਵਿਓਪਾਰ ਬਣਦਾ ਜਾ ਰਿਹਾ ਹੈ। ਸ਼ਾਇਰ ਲਿਖਦਾ ਹੈ:

**ਜਿਹੜਾ ਹੁਣ ਲੋਚਦਾ ਹੈ ਵਫ਼ਾ ਨੂੰ,**
**ਉਹਨੇ ਵੀ ਕੀਤੀ, ਕਿਸੇ ਨਾਲ ਬੇਵਫ਼ਾਈ ਹੈ।**
**ਪਾਕ ਮੁਹੱਬਤ ਬਨਾਮ ਹੁੰਦੀ ਵਫ਼ਾ ਯਾਰੋ,**
**ਜੀਵਨ ਵਫ਼ਾ ਦਾ ਵੀ, ਰਾਗ ਛੇੜਦਾ ਹਾਂ।**
**ਦੋ ਦਿਲ ਸਾਫ਼ ਤਾਂ ਪਾਕ ਮੁਹੱਬਤ ਹੋ ਸਕਦੀ,**
**ਨਾਲੇ ਪਾਕ ਮੁਹੱਬਤ ਦਾ ਬੂਟਾ-ਸੁੱਕਦਾ ਨਹੀਂ।**
**ਜੱਗ 'ਤੇ ਮੁਹੱਬਤ ਨੇ, ਕਈ ਦਿਲ ਉਜਾੜੇ,**
**ਪਰ ਕਈਆਂ ਨੇ ਮੁਹੱਬਤੀ ਸਾਂਝੀ ਛਤਰੀ ਤਾਣੀ।**

ਇਸ ਗ਼ਜ਼ਲ ਸੰਗ੍ਰਹਿ ਵਿੱਚ 222 ਗ਼ਜ਼ਲਾਂ ਅਤੇ 18 ਨਜ਼ਮਾ ਸ਼ਾਮਲ ਹਨ। ਗ਼ਜ਼ਲ ਸੰਗ੍ਰਹਿ ਦੀ ਦਿਖ ਸੁੰਦਰ ਹੈ ਪ੍ਰੰਤੂ ਬਾਈਂਡਿੰਗ ਸਮੇਂ ਦੋ ਫਰਮੇ ਉਲਟ ਪੁਲਟ ਲਗਾਏ ਹੋਏ ਹਨ। ਪ੍ਰਵਾਸ ਵਿੱਚ ਰਹਿਣ ਕਰਕੇ ਕੁਝ ਸ਼ਬਦ ਵੀ ਸ਼ਾਇਰ ਨੇ ਆਪੇ ਘੜੇ ਹੋਏ ਹਨ। 240 ਪੰਨਿਆਂ, 300 ਰੁਪਏ ਕੀਮਤ ਵਾਲਾ ਇਹ ਗ਼ਜ਼ਲ ਸੰਗ੍ਰਹਿ ਪੰਜਾਬੀ ਵਿਰਸਾ ਟਰੱਸਟ ਰਜਿ. ਪਲਾਹੀ ਫਗਵਾੜਾ ਨੇ ਪ੍ਰਕਾਸ਼ਤ ਕੀਤਾ ਹੈ।


ਲੇਖਕ ਸ੍ਰੀ ਕਮਲ ਬੰਗਾ ਆਪਣੀ ਪਤਨੀ ਸ੍ਰੀਮਤੀ ਪਲਵਿੰਦਰ ਬੰਗਾ ਨਾਲ

# ਆਪਣੀ ਸਵੇਰ ਦੀ ਸ਼ੁਰੂਆਤ ਕੋਸੇ ਪਾਣੀ ਨਾਲ ਕਰੋ, ਜ਼ਬਰਦਸਤ ਫਾਇਦੇ ਮਿਲਣਗੇ

ਸਰਦੀਆਂ ਦੇ ਮੌਸਮ ਵਿੱਚ ਲੋਕ ਜ਼ਿਆਦਾਤਰ ਕੋਸਾ ਪਾਣੀ ਪੀਂਦੇ ਹਨ। ਪਰ ਕੀ ਤੁਸੀਂ ਜਾਣਦੇ ਹੋ ਕਿ ਸਿਰਫ਼ ਸਰਦੀਆਂ ਵਿੱਚ ਹੀ ਨਹੀਂ ਬਲਕਿ ਹਰ ਮੌਸਮ ਵਿੱਚ ਤੁਹਾਨੂੰ ਆਪਣੇ ਦਿਨ ਦੀ ਸ਼ੁਰੂਆਤ ਗਰਮ ਪਾਣੀ ਪੀ ਕੇ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਸਵੇਰੇ ਉੱਠ ਕੇ ਸਭ ਤੋਂ ਪਹਿਲਾਂ ਗਰਮ ਪਾਣੀ ਪੀਂਦੇ ਹੋ ਤਾਂ ਇਸ ਨਾਲ ਤੁਹਾਡੀ ਸਿਹਤ ਨੂੰ ਕਈ ਗੁਣਾ ਫਾਇਦਾ ਹੋਵੇਗਾ। ਦਰਅਸਲ, ਤੁਸੀਂ ਜਿੰਨਾ ਜ਼ਿਆਦਾ ਪਾਣੀ ਪੀਓਗੇ, ਤੁਹਾਡੀ ਸਿਹਤ ਓਨੀ ਹੀ ਬਿਹਤਰ ਹੋਵੇਗੀ। ਡਾਕਟਰ ਵੀ ਦਿਨ ਵਿਚ 3 ਤੋਂ 4 ਲੀਟਰ ਪਾਣੀ ਪੀਣ ਦੀ ਸਲਾਹ ਦਿੰਦੇ ਹਨ। ਪਰ ਜੇਕਰ ਤੁਸੀਂ ਸਵੇਰ ਦੀ ਸ਼ੁਰੂਆਤ ਗਰਮ ਪਾਣੀ ਨਾਲ ਕਰੋਗੇ ਤਾਂ ਇਹ ਕੁਝ ਬੀਮਾਰੀਆਂ ਤੁਹਾਡੇ ਨੇੜੇ ਨਹੀਂ ਆਉਣਗੀਆਂ।



**ਭਾਰ ਘਟਾਉਣ ’ਚ ਮਦਦਗਾਰ :** ਜੇਕਰ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਰੋਜ਼ਾਨਾ ਸਵੇਰੇ ਗਰਮ ਪਾਣੀ ਪੀਣ ਦੀ ਆਦਤ ਪਾਉਣੀ ਚਾਹੀਦੀ ਹੈ। ਗਰਮ ਪਾਣੀ ਸਰੀਰ ਦਾ ਤਾਪਮਾਨ ਬਰਕਰਾਰ ਰੱਖਦਾ ਹੈ ਅਤੇ ਤੁਹਾਡੀ ਮੈਟਾਬੋਲਿਕ ਦਰ ਨੂੰ ਵਧਾਉਂਦਾ ਹੈ। ਤੁਸੀਂ ਚਾਹੋ ਤਾਂ ਰੋਜ਼ਾਨਾ ਇਕ ਗਲਾਸ ਕੋਸੇ ਜਾਂ ਗਰਮ ਪਾਣੀ ਵਿਚ ਇਕ ਚੱਮਚ ਸ਼ਹਿਦ ਮਿਲਾ ਕੇ ਪੀ ਸਕਦੇ ਹੋ। ਇਸ ਦਾ ਸੇਵਨ ਕਰਨ ਨਾਲ ਵਧਦੇ ਭਾਰ ਨੂੰ ਘੱਟ ਕੀਤਾ ਜਾ ਸਕਦਾ ਹੈ।

**ਸਰੀਰ ਨੂੰ ਡੀਟੌਕਸ ਕਰੋ:** ਕੋਸਾ ਪਾਣੀ ਪੀਣ ਨਾਲ ਸਰੀਰ ਵਿੱਚੋਂ ਸਾਰੇ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਂਦੇ ਹਨ। ਕੋਸਾ ਪਾਣੀ ਅੰਤੜੀ ਵਿਚ ਮੌਜੂਦ ਭੋਜਨ ਨੂੰ ਜਲਦੀ ਤੋੜ ਕੇ ਪਾਚਨ ਪ੍ਰਣਾਲੀ ਨੂੰ ਸੁਧਾਰਨ ਵਿਚ ਵੀ ਮਦਦ ਕਰਦਾ ਹੈ। ਜੇਕਰ ਤੁਸੀਂ ਰੋਜ਼ਾਨਾ ਨਿੰਬੂ ਦੇ ਰਸ ਦੇ ਨਾਲ ਕੋਸਾ ਪਾਣੀ ਪੀਂਦੇ ਹੋ, ਤਾਂ ਇਹ ਤੁਹਾਡੇ ਸਰੀਰ ਵਿੱਚ ਮੌਜੂਦ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢ ਦਿੰਦਾ ਹੈ। ਇਸ ਨੂੰ ਪੀਣ ਨਾਲ ਸਰੀਰ ਦਾ ਤਾਪਮਾਨ ਵਧਦਾ ਹੈ, ਜਿਸ ਨਾਲ ਮੈਟਾਬੌਲਿਕ ਰੇਟ ਵੀ ਵਧਦਾ ਹੈ। ਹਰ ਰੋਜ਼ ਸਵੇਰੇ ਗਰਮ ਪਾਣੀ ਪੀਣਾ ਚਾਹੀਦਾ ਹੈ।

**ਕਬਜ਼ ਤੋਂ ਮਿਲੇਗੀ ਰਾਹਤ :** ਗਰਮ ਪਾਣੀ ਪੀਣ ਨਾਲ ਕਬਜ਼ ਨਹੀਂ ਹੁੰਦੀ। ਸਵੇਰੇ ਖਾਲੀ ਪੇਟ ਕੋਸੇ ਪਾਣੀ ਦਾ ਸੇਵਨ ਕਰਨ ਨਾਲ ਅੰਤੜੀਆਂ ਵਿਚ ਮੌਜੂਦ ਭੋਜਨ ਟੁੱਟ ਜਾਂਦਾ ਹੈ ਅਤੇ ਇਹ ਆਸਾਨੀ ਨਾਲ ਮਲ ਦੇ ਰੂਪ ਵਿਚ ਬਾਹਰ ਆ ਜਾਂਦਾ ਹੈ।

**ਮੌਸਮੀ ਬਿਮਾਰੀਆਂ ਤੋਂ ਬਚਾਅ:** ਗਰਮ ਪਾਣੀ ਪੀਣ ਨਾਲ ਤੁਸੀਂ ਇਸ ਮੌਸਮ ਵਿੱਚ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਫਲੂ, ਖੰਘ ਅਤੇ ਜ਼ੁਕਾਮ ਤੋਂ ਬਚਾਅ ਕਰ ਸਕਦੇ ਹੋ। ਇਸ ਨਾਲ ਤੁਹਾਡੀ ਇਮਿਊਨ ਸਿਸਟਮ ਵੀ ਮਜ਼ਬੂਤ ਹੁੰਦੀ ਹੈ। ਸਰਦੀ ਅਤੇ ਖਾਂਸੀ ਵਿੱਚ ਗਰਮ ਪਾਣੀ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਨਾਲ ਗਲੇ ਦੀ ਖਰਾਸ਼ ਅਤੇ ਸਾਈਨਸ ਦੀ ਸਮੱਸਿਆ ਤੋਂ ਵੀ ਰਾਹਤ ਮਿਲਦੀ ਹੈ। ਡਾਕਟਰ ਹਮੇਸ਼ਾ ਉਨ੍ਹਾਂ ਲੋਕਾਂ ਨੂੰ ਗਰਮ ਪਾਣੀ ਪੀਣ ਦੀ ਸਲਾਹ ਦਿੰਦੇ ਹਨ ਜੋ ਜ਼ੁਕਾਮ ਅਤੇ ਖਾਂਸੀ ਤੋਂ ਪੀੜਤ ਹਨ।

# ਡਾ. ਕੇਵਲ ਧੀਰ ਨੂੰ- ਸਾਲ 2023 ਦਾ ਗਾਲਿਬ ਪੁਰਸਕਾਰ


*''ਉਰਦੂ-ਹਿੰਦੀ-ਪੰਜਾਬੀ ਭਾਸ਼ਾ ਦੇ ਮਸ਼ਹੂਰ ਲੇਖਕ, ਨਾਵਲ ਨਿਗਾਰ, ਪੇਸ਼ੇ ਤੋਂ ਚਿਕਿਤਸਕ, ਡਾ. ਕੇਵਲ ਧੀਰ ਨੂੰ ਇਹ ਅਵਾਰਡ 22 ਦਸੰਬਰ 2023 ਨੂੰ ਅਵਾਨ-ਏ ਗਾਲਿਬ ਨਵੀਂ ਦਿੱਲੀ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਗਾਲਿਬ ਸੈਮੀਨਾਰ ’ਚ ਦਿੱਤਾ ਜਾ ਰਿਹਾ ਹੈ''*

*– ਅਨਿਲ ਧੀਰ. ਕਾਲਮਨਿਸਟ. ਸੋਸ਼ਲ ਐਕਟੀਵਿਸਟ*

ਇਹ ਅਵਾਰਡ 22 ਦਸੰਬਰ 2023 ਨੂੰ ਅਵਾਨ-ਏ ਗਾਲਿਬ ਨਵੀਂ ਦਿੱਲੀ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਗਾਲਿਬ ਸੈਮੀਨਾਰ’ਚ ਦਿੱਤਾ ਜਾ ਰਿਹਾ ਹੈ। ਇਸ ਗਾਲਿਬ ਅਵਾਰਡ ’ਚ 75000 ਨਕਦ, ਇੱਕ ਚਿੰਨ, ਅਤੇ ਪ੍ਰਸ਼ੰਸਾ ਪੱਤਰ, ਦਿੱਤਾ ਜਾਵੇਗਾ।

ਡਾ. ਧੀਰ ਦਾ ਸਫਰ ਛੋਟੀਆਂ ਕਹਾਣੀਆਂ ਦੀ ਪਹਿਲੀ ਕਿਤਾਬ “ਧਰਤੀ ਰੋ ਪੜੀ” ਸਾਲ 1957 ਤੋਂ ਲੈ ਕੇ ਅੱਜ ਤੱਕ ਨਾਵਲ, ਸਫਰਨਾਮੇ, ਟੀ.ਵੀ ਸੀਰੀਅਲ, ਡਾਕਿਊਮੈਂਟਰੀ ਫਿਲਮਾਂ, ਦੀ ਚਰਚਾ ਇੰਡੀਆ, ਪਾਕਿਸਤਾਨ, ਯੂ.ਕੇ, ਕੈਨੇਡਾ, ਅਮਰੀਕਾ ਵਗੈਰਾ ਕਈ ਦੇਸ਼ਾਂ ’ਚ ਰਹੀ ਹੈ। ਡਾ. ਧੀਰ ਨੇ ਲਿਟਰੇਚਰ, ਮਨੋਵਿਗਿਆਨ, ਮਨੁੱਖੀ ਵਿਵਹਾਰ, ਅਤੇ ਮੈਡੀਸਨ ਸਬੰਧੀ 100 ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਡਾ. ਧੀਰ ਨੇ ਸੁਤੰਤਰਤਾ ਵੀਕਲੀ (1958-1960), ਕਮਰ ਮਾਸਿਕ (1967), ਦ ਸਿਗਨੇਚਰ (2000), ਕਿਤਾਬ ਨੁਮਾ (ਜੁਲਾਈ-2004), ਅਤੇ ਅਦੀਬ (2010) ਲਈ ਸੰਪਾਦਕ ਵੱਜੋਂ ਕੰਮ ਕੀਤਾ। “ਮੈਂ ਲਾਹੌਰ ਹੂੰ” ਕਿਤਾਬ ਕਾਫੀ ਚਰਚਾ ’ਚ ਰਹੀ।

ਸਾਲ 1970 ਵਿੱਚ ਡਾ. ਧੀਰ ਨੇ ਅਦੀਬ ਇੰਟਰਨੈਸ਼ਨਲ ਅਤੇ ਸਾਹਿਰ ਕਲਚਰਲ ਅਕੈਡਮੀ ਦੀ ਸਥਾਪਨਾ ਕੀਤੀ। ਸਾਲਾਂ ਤੋਂ ਅਦੀਬ ਇੰਟਰਨੈਸ਼ਨਲ ਅਤੇ ਸਾਹਿਰ ਕਲਚਰਲ ਅਕੈਡਮੀ ਵੱਲੋਂ ਮੁਸ਼ਾਇਰਾ ਜਸ਼ਨੇ-ਸਾਹਿਰ ਅੰਤਰਰਾਸ਼ਟਰੀ ਪੱਧਰ ’ਤੇ ਡਾ. ਧੀਰ ’ਤੇ ਉਹਨਾਂ ਦੀ ਟੀਮ ਦੀ ਪੂਰੀ ਮਿਹਨਤ ਲਗਨ ਨਾਲ ਕਰਾਇਆ ਜਾਂਦਾ ਹੈ। ਅਦੀਬ ਇੰਟਰਨੈਸ਼ਨਲ ਸਾਹਿਰ ਕਲਚਰਲ ਅਕੈਡਮੀ ਦੁਆਰਾ ਹੋਣ ਵਾਲੇ ਸਾਹਿਰ ਲੁਧਿਆਣਵੀ ਦੀ ਯਾਦ ’ਚ ਹਰ ਸਾਲ ਮਾਰਚ ਮਹੀਨੇ ’ਚ ਇਸ ਮੁਸ਼ਾਇਰੇ ਦੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ।




ਡਾ. ਧੀਰ ਨੇ ਦੇਸ਼ ਦੀ ਵੰਡ ਬਾਰੇ ਯਾਦ ਸ਼ੇਅਰ ਕੀਤੀ ਹੈ- ਮੈਂ ਬਹੁਤ ਛੋਟਾ ਸੀ ਅਤੇ ਮੇਰੇ ਫਾਦਰ ਡਾ. ਹੰਸ ਰਾਜ ਧੀਰ ਜੀ ਕੋਲ ਭਾਰਤ ਜਾਣ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਸੀ। ਜੇਕਰ ਮੈਂ ਅੱਜ ਜ਼ਿੰਦਾ ਹਾਂ ਤਾਂ ਇਹ ਇੱਕ ਮੁਸਲਮਾਨ ਜੋੜੇ ਦੀ ਬਦੌਲਤ ਹੈ ਜਿਸਨੇ ਵੰਡ- ਦੰਗਿਆਂ ਦੌਰਾਣ ਮੈਨੂੰ ਅਤੇ ਮੇਰੇ ਫਾਦਰ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ। ਉਹ ਡਰਾਉਣੇ ਦ੍ਰਿਸ਼ ਅਜੇ ਵੀ ਮੇਰੀਆਂ ਅੱਖਾਂ ਦੇ ਸਾਹਮਣੇ ਆਉਂਦੇ ਹਨ ਅਤੇ ਅਗਸਤ ਮੇਰੇ ਲਈ ਹਮੇਸ਼ਾ ਭਾਵਨਾਤਮਕ ਮਹੀਨਾ ਹੁੰਦਾ ਹੈ। ਵੰਡ ਤੋਂ ਬਾਅਦ ਪੰਜਾਬ ’ਚ ਫਗਵਾੜਾ ਨੇੜੇ ਆਪਣੇ ਜੱਦੀ ਪਿੰਡ ਜਾ ਵਸੇ। ਡਾ. ਧੀਰ ਦੇ ਪਿਤਾ ਨੇ ਆਪਣੇ ਡਾਕਟਰੀ ਪੇਸ਼ੇ ਨੂੰ ਜਾਰੀ ਰੱਖਿਆ। ਡਾ ਕੇਵਲ ਧੀਰ ਨੇ ਆਯੁਸ਼ ਵਿਭਾਗ ਸਰਵਿਸ ਕਰਦੇ ਹੋਏ ਪੰਜਾਬ ਦੇ ਯੂਨਾਨੀ ਮੈਡੀਸਨ ਦੇ ਸੰਯੁਕਤ ਡਾਇਰੈਕਟਰ ਵੱਜੋਂ ਰਿਟਾਇਰ ਹੋਏ। ਅੱਜ ਵਾਪਸ, ਆਪਣੇ ਜਨਮ ਭੂਮੀ ਗੱਗੋ ਮੰਡੀ, ਉਥੇ ਇੱਕ ਸੜਕ ਦਾ ਨਾਂ ਡਾ. ਕੇਵਲ ਧੀਰ ਰੱਖਿਆ ਗਿਆ ਹੈ। ਭਾਰਤ ’ਚ ਸਰਕਾਰੀ ਤਿੱਬੀ ਕਾਲਜ, ਪਟਨਾ ’ਚ ਇੱਕ ਜੜੀ-ਬੂਟੀਆਂ ਦਾ ਬਾਗ, ਜਿੱਥੇ ਉਹ ਇੱਕ ਵਿਦਿਆਰਥੀ ਸੀ, ਦਾ ਨਾਮ ਡਾ. ਧੀਰ ਹਰਬਲ ਗਾਰਡਨ ਰੱਖਿਆ ਗਿਆ ਹੈ।ਧੀਰ ਵੀ ਕੁੱਝ ਉਹਨਾਂ ਲੇਖਕਾਂ ਵਿੱਚੋਂ ਹਨ, ਜਿਨਾਂ ਨੂੰ ਹਾਉਸ ਆਫ ਕਾਮਨਜ਼ ਕੈਨੇਡਾ ਵੱਲੋਂ ਸਨਮਾਨਿਤ ਕੀਤਾ ਗਿਆ। ਧੀਰ ਨੇ ਕਿਹਾ ਕਿ “ਮੈਂ ਸ਼ੁਕਰਗੁਜ਼ਾਰ ਹਾਂ ਕਿ ਦੋਵੇਂ ਦੇਸ਼ ਆਪਣੇ ਪੁੱਤਰ ਵਾਂਗ ਪਿਆਰ ਕਰਦੇ ਹਨ”

ਅੱਜ ਡਾ. ਧੀਰ ਨੂੰ ਇਸ ਅਵਾਰਡ ਲਈ ਦੇਸ਼-ਵਿਦੇਸ਼ਾਂ ’ਚ ਰਹਿ ਰਹੇ ਉਹਨਾਂ ਦੇ ਪਾਠਕਾਂ, ਦੋਸਤਾਂ ਵੱਲੋਂ ਮੁਬਾਰਕਬਾਦ ਦਿੰਦੇ ਹਾਂ। ਅਗੇ ਵੀ ਕਲਮ ਦੁਆਰਾ ਸੇਵਾ ਕਰਦੇ ਰਹਿਣ, ਉਹਨਾਂ ਦੀ ਚੰਗੀ ਹੈਲਥ ਬਾਰੇ ਕਾਮਨਾ ਕਰਦੇ ਹਾਂ।


ਅਨਿਲ ਧੀਰ
ਕਾਲਮਨਿਸਟ
healthmedia1@hotmail.com

# ਬੱਚੇਦਾਨੀ, ਅੰਡਕੋਸ਼ ਅਤੇ ਛਾਤੀ ਦੀਆਂ ਰਸੌਲੀਆਂ

ਅਜੋਕੇ ਸਮੇਂ ਵਿਚ ਔਰਤਾਂ ’ਚ ਰਸੌਲੀਆਂ ਦੀ ਸਮੱਸਿਆ ਬਹੁਤ ਵਧ ਚੁੱਕੀ ਹੈ। ਉਹ ਰਸੌਲੀਆਂ ਭਾਵੇਂ ਬੱਚੇਦਾਨੀ ਜਾਂ ਅੰਡਕੋਸ਼ ਦੀਆਂ ਹੋਣ ਜਾਂ ਛਾਤੀ ਦੀਆਂ।



ਅੰਡਕੋਸ਼ ਦੀਆਂ ਪਾਣੀ ਵਾਲੀਆਂ ਰਸੌਲੀਆਂ ਜ਼ਿਆਦਾ 15 ਤੋਂ 30 ਸਾਲ ਦੀ ਉਮਰ ਵਿਚ ਪਾਈਆਂ ਜਾਂਦੀਆਂ ਹਨ। ਇਨ੍ਹਾਂ ਰਸੌਲੀਆਂ ਨਾਲ ਓਵਰੀ (ਅੰਡਕੋਸ਼) ਦਾ ਆਕਾਰ ਵੱਡਾ ਹੋ ਜਾਂਦਾ ਹੈ। ਇਨ੍ਹਾਂ ਰਸੌਲੀਆਂ ਦਾ ਮੁੱਖ ਕਾਰਨ ਹਾਰਮੋਨ ਅੰਸਤੁਲਨ ਹੁੰਦਾ ਹੈ, ਜਿਸ ਦੇ ਸਿੱਟੇ ਵਜੋਂ ਮਾਂਹਵਾਰੀ ਸੰਬੰਧੀ ਪ੍ਰੇਸ਼ਾਨੀਆਂ ਦਾ ਸਾਹਮਣਾ ਮਰੀਜ਼ ਨੂੰ ਕਰਨਾ ਪੈਂਦਾ ਹੈ ਅਤੇ ਬਾਂਝਪਨ ਦੇ ਕਾਰਨਾਂ ਵਿਚੋਂ ਇਕ ਮੁੱਖ ਕਾਰਨ ਬਣਦਾ ਹੈ।

ਬੱਚੇਦਾਨੀ ਦੀਆਂ ਰਸੌਲੀਆਂ 20 ਤੋਂ 45 ਸਾਲ ਦੀ ਉਮਰ ਵਿਚ ਹੁੰਦੀਆਂ ਹਨ। ਇਹ ਰਸੌਲੀਆਂ ਕਈ ਵਾਰ ਕਾਫ਼ੀ ਸਮੇਂ ਤੱਕ ਬਿਨਾਂ ਕਿਸੇ ਲੱਛਣਾਂ ਦੇ ਬੱਚੇਦਾਨੀ ਵਿਚ ਪਈਆਂ ਰਹਿੰਦੀਆਂ ਹਨ ਅਤੇ ਅਚਾਨਕ ਕਿਸੇ ਹੋਰ ਬਿਮਾਰੀ ਕਰਕੇ ਮੁਆਇਨਾ ਕਰਾਉਂਦਿਆਂ ਪਤਾ ਲਗਦਾ ਹੈ ਪਰ ਇਨ੍ਹਾਂ ਵਿਚੋਂ ਕੁਝ ਰਸੌਲੀਆਂ ਸ਼ੁਰੂ ਤੋਂ ਹੀ ਆਪਣੇ ਲੱਛਣ ਦਿੰਦੀਆਂ ਹਨ ਜਿਵੇਂ ਪੇਟ ਦੇ ਹੇਠਲੇ ਹਿੱਸੇ ਵਿਚ ਦਰਦ, ਸੋਜ਼, ਮਾਂਹਵਾਰੀ ਸੰਬੰਧੀ ਸਮੱਸਿਆਵਾਂ, ਮੋਟਾਪਾ ਆਦਿ। ਇਨ੍ਹਾਂ ਰਸੌਲੀਆਂ ਦਾ ਮੁੱਖ ਕਾਰਨ ਵੀ ਹਾਰਮੋਨ ਦਾ ਅਸੰਤੁਲਨ ਹੋਣਾ ਹੀ ਹੁੰਦਾ ਹੈ ਪਰ ਇਨ੍ਹਾਂ ਹਾਰਮੋਨਾਂ ਦੇ ਅਸੰਤੁਲਨ ਦਾ ਵੀ ਇਕ ਕਾਰਨ ਹੁੰਦਾ ਹੈ, ਜੋ ਕਿ ਔਰਤਾਂ ਦੀਆਂ ਘਰੇਲੂ ਅਤੇ ਮਾਨਸਿਕ ਪ੍ਰੇਸ਼ਾਨੀਆਂ ਹੁੰਦੀਆਂ ਹਨ, ਜੋ ਕਿ ਇਨਸਾਨ ਦੇ ਸਰੀਰ ਨੂੰ ਅੰਦਰ ਤੱਕ ਵਿਗਾੜ ਦਿੰਦੀਆਂ ਹਨ।

ਤੀਜੀਆਂ ਰਸੌਲੀਆਂ, ਜਿਨ੍ਹਾਂ ਦਾ ਅੱਜਕਲ੍ਹ ਬਹੁਤ ਵਾਧਾ ਹੋ ਰਿਹਾ ਹੈ, ਉਹ ਛਾਤੀ ਦੀਆਂ ਰਸੌਲੀਆਂ ਹਨ। ਇਹ ਰਸੌਲੀਆਂ ਕਿਸੇ ਵੀ ਉਮਰ ਦੀ ਔਰਤ ਵਿਚ ਹੋ ਸਕਦੀਆਂ ਹਨ। ਇਨ੍ਹਾਂ ਰਸੌਲੀਆਂ ਵਿਚ ਕੁਝ ਰਸੌਲੀਆਂ ਦਰਦ ਵਾਲੀਆਂ ਹੁੰਦੀਆਂ ਹਨ ਅਤੇ ਕੁਝ ਦਰਦ ਰਹਿਤ।

ਹਰ ਰਸੌਲੀ ਕੈਂਸਰ ਵਾਲੀ ਨਹੀਂ ਹੁੰਦੀ। ਰਸੌਲੀਆਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਜੜ੍ਹਾਂ ਵਾਲੀਆਂ ਅਤੇ ਬਗ਼ੈਰ ਜੜ੍ਹਾਂ ਤੋਂ। ਔਰਤਾਂ ਵਿਚ ਪਾਈਆਂ ਜਾਣ ਵਾਲੀਆਂ 98 ਫ਼ੀਸਦੀ ਰਸੌਲੀਆਂ ਕੈਂਸਰ ਵਾਲੀਆਂ ਨਹੀਂ ਹੁੰਦੀਆਂ ਅਤੇ ਉਹ ਜਾਨਲੇਵਾ ਨਹੀਂ ਹੁੰਦੀਆਂ।

**ਆਪ੍ਰੇਸ਼ਨ ਕਿਉਂ ਅਤੇ ਕਿੱਥੇ ? :** ਹਰ ਮਰੀਜ਼ ਨੂੰ ਆਪ੍ਰੇਸ਼ਨ ਕਰਵਾਉਣ ਦੀ ਲੋੜ ਨਹੀਂ ਹੁੰਦੀ। 95 ਫ਼ੀਸਦੀ ਕੇਸ ਤਾਂ ਬਿਨਾਂ ਆਪ੍ਰੇਸ਼ਨ ਦੇ ਦਵਾਈਆਂ ਨਾਲ ਠੀਕ ਹੋ ਜਾਂਦੇ ਹਨ ਅਤੇ ਆਪ੍ਰੇਸ਼ਨ ਦੀ ਲੋੜ ਨਹੀਂ ਪੈਂਦੀ। ਸਿਰਫ਼ 5 ਫ਼ੀਸਦੀ ਕੇਸ, ਜਿਨ੍ਹਾਂ ਵਿਚ ਕੋਈ ਬਹੁਤ ਵੱਡੀ ਲੋੜ ਪੈ ਜਾਵੇ, ਜਿਵੇਂ ਮਾਂਹਵਾਰੀ ਦਾ ਬਹੁਤ ਜ਼ਿਆਦਾ ਖ਼ੂਨ ਪੈ ਜਾਣ ਦੀ ਹਾਲਤ ਵਿਚ, ਜੋ ਕਿ ਲਗਾਤਾਰ ਕਈ ਮਹੀਨੇ ਤੱਕ ਚੱਲਦਾ ਰਹੇ, ਐਚ.ਬੀ. (ਸਰੀਰ ਵਿਚ ਖ਼ੂਨ ਦੀ ਮਾਤਰਾ) ਘਟ ਜਾਣ ’ਤੇ, ਇਸੇ ਤਰ੍ਹਾਂ ਜਦੋਂ ਮਰੀਜ਼ ਦੀ ਜ਼ਿੰਦਗੀ ਨੂੰ ਕੋਈ ਖ਼ਤਰਾ ਹੋਵੇ, ਤਾਂ ਹੀ ਆਪ੍ਰੇਸ਼ਨ ਲੋੜੀਂਦਾ ਹੁੰਦਾ ਹੈ ਪਰ ਅੱਜਕਲ੍ਹ ਡਾਕਟਰ ਬਿਨਾਂ ਭੇਦ-ਭਾਵ ਕੀਤੇ ਹਰ ਇਕ ਮਰੀਜ਼ ਨੂੰ ਆਪ੍ਰੇਸ਼ਨ ਦੀ ਸਲਾਹ ਦਿੰਦੇ ਹਨ, ਜੋ ਕਿ ਬਿਲਕੁਲ ਗ਼ਲਤ ਹੈ। ਇਸ ਲਈ ਸਭ ਤੋਂ ਪਹਿਲਾਂ ਮਰੀਜ਼ ਦੇ ਸਾਰੇ ਅੰਗਾਂ ਨੂੰ ਬਚਾਉਣ ਵਾਸਤੇ ਯਤਨ ਕੀਤਾ ਜਾਣਾ ਚਾਹੀਦਾ ਹੈ। ਬਿਨਾਂ ਆਪ੍ਰੇਸ਼ਨ ਦਵਾਈਆਂ ਨਾਲ ਮਰੀਜ਼ ਦੀਆਂ ਰਸੌਲੀਆਂ ਠੀਕ ਹੋ ਸਕਦੀਆਂ ਹਨ ਅਤੇ ਆਪ੍ਰੇਸ਼ਨ ਤੋਂ ਬਾਅਦ ਆਉਣ ਵਾਲੇ ਦੁਰਪ੍ਰਭਾਵਾਂ ਤੋਂ ਵੀ ਬਚਿਆ ਜਾ ਸਕਦਾ ਹੈ, ਜਿਵੇਂ ਹੱਡੀਆਂ ਦੀਆਂ ਬਿਮਾਰੀਆਂ, ਹੱਡੀਆਂ ਦਾ ਖੁਰਨਾ, ਜੋੜਾਂ ਦੀਆਂ ਦਰਦਾਂ, ਰੀੜ੍ਹ ਦੀ ਹੱਡੀ ਦੀਆਂ ਬਿਮਾਰੀਆਂ, ਹਿਰਦੇ ਸੰਬੰਧੀ ਰੋਗ, ਮੋਟਾਪਾ, ਠੰਢੀਆਂ ਤਰੇਲੀਆਂ ਤੇ ਪਸੀਨੇ ਆਦਿ।

**ਹੋਮਿਓਪੈਥਿਕ ਇਲਾਜ :** ਹੋਮਿਓਪੈਥੀ ਉਨ੍ਹਾਂ ਲੋਕਾਂ ਲਈ ਵਰਦਾਨ ਸਿੱਧ ਹੋ ਰਹੀ ਹੈ, ਜੋ ਕਿ ਬਿਨਾਂ ਆਪ੍ਰੇਸ਼ਨ ਅਤੇ ਬਿਨਾਂ ਆਪਣੇ ਸਰੀਰ ਦੀ ਚੀਰ-ਫਾੜ ਕਰਵਾਏ ਆਪਣੀ ਬਿਮਾਰੀ ਨੂੰ ਜੜ੍ਹ ਤੋਂ ਖ਼ਤਮ ਕਰਨਾ ਚਾਹੁੰਦੇ ਹਨ। ਹੋਮਿਓਪੈਥੀ ਇਕ ਕੁਦਰਤੀ ਇਲਾਜ ਪ੍ਰਣਾਲੀ ਹੈ, ਜੋ ਕਿ ਮਨੁੱਖੀ ਸਰੀਰ ਅਤੇ ਮਨ ਦਾ ਇਲਾਜ ਕੁਦਰਤੀ ਢੰਗ ਨਾਲ ਕਰਦੀ ਹੈ। ਹੋਮਿਓਪੈਥੀ ਰਾਹੀਂ ਰਸੌਲੀਆਂ ਦਾ ਇਲਾਜ ਕਰਦੇ ਹੋਏ ਮਰੀਜ਼ ਦੇ ਸਾਰੇ ਸਰੀਰਕ ਲੱਛਣ ਅਤੇ ਮਾਨਸਿਕ ਲੱਛਣ, ਮਰੀਜ਼ ਦਾ ਸੁਭਾਅ ਅਤੇ ਹੋਰ ਸਾਰਾ ਜ਼ਰੂਰੀ ਵੇਰਵਾ ਲਿਆ ਜਾਂਦਾ ਹੈ। ਉਸੇ ਦੇ ਆਧਾਰ ’ਤੇ ਚੁਣੀ ਗਈ ਦਵਾਈ ਮਰੀਜ਼ ਨੂੰ ਦਿੱਤੀ ਜਾਂਦੀ ਹੈ। ਹੋਮਿਓਪੈਥਿਕ ਇਲਾਜ ਪ੍ਰਣਾਲੀ ਦੁਆਰਾ ਇਲਾਜ ਕਰਦੇ ਹੋਏ ਰਸੌਲੀਆਂ ਦੇ ਮਰੀਜ਼ ਦੀਆਂ ਸਰੀਰਕ ਅਤੇ ਮਾਂਹਵਾਰੀ ਸੰਬੰਧੀ ਸਮੱਸਿਆਵਾਂ ਦਾ ਹੱਲ ਤਾਂ ਹੁੰਦਾ ਹੀ ਹੈ, ਨਾਲ ਹੀ ਰਸੌਲੀਆਂ ਦਾ ਆਕਾਰ ਵੀ ਹੌਲੀ-ਹੌਲੀ ਘਟਦਾ ਜਾਂਦਾ ਹੈ ਅਤੇ ਸਹੀ ਹੋਮਿਓਪੈਥਿਕ ਇਲਾਜ ਤੋਂ ਬਾਅਦ ਮਰੀਜ਼ ਰੋਗ-ਰਹਿਤ ਅਤੇ ਤੰਦਰੁਸਤ ਹੋ ਜਾਂਦਾ ਹੈ।



# ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਫਾਇਦੇ ਅਤੇ ਨੁਕਸਾਨ

ਆਰਟੀਫੀਸ਼ੀਅਲ ਇੰਟੈਲੀਜੈਂਸ ਕੰਪਿਊਟਰ ਪ੍ਰੋਗਰਾਮ ਦੀ ਸਿੱਖਣ ਅਤੇ ਸੋਚਣ ਦੀ ਯੋਗਤਾ ਹੈ। ਹਰ ਚੀਜ਼ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਮੰਨਿਆ ਜਾ ਸਕਦਾ ਹੈ ਜੇਕਰ ਇਸ ਵਿੱਚ ਕੋਈ ਅਜਿਹਾ ਪ੍ਰੋਗਰਾਮ ਸ਼ਾਮਲ ਹੁੰਦਾ ਹੈ ਜੋ ਅਸੀਂ ਆਮ ਤੌਰ 'ਤੇ ਸੋਚਦੇ ਹਾਂ ਕਿ ਇੱਕ ਮਨੁੱਖ ਦੀ ਬੁੱਧੀ 'ਤੇ ਨਿਰਭਰ ਕਰੇਗਾ। ਆਰਟੀਫੀਸ਼ੀਅਲ ਇੰਟੈਲੀਜੈਂਸ ਐਪਲੀਕੇਸ਼ਨਾਂ ਦੇ ਫਾਇਦੇ ਬਹੁਤ ਜ਼ਿਆਦਾ ਹਨ ਅਤੇ ਕਿਸੇ ਵੀ ਪੇਸ਼ੇਵਰ ਖੇਤਰ ਵਿੱਚ ਕ੍ਰਾਂਤੀ ਲਿਆ ਸਕਦੇ ਹਨ।

1) **ਮਨੁੱਖੀ ਗਲਤੀ ਵਿੱਚ ਕਮੀ:** 'ਮਨੁੱਖੀ ਗਲਤੀ' ਸ਼ਬਦ ਦਾ ਜਨਮ ਹੋਇਆ ਹੈ ਕਿਉਂਕਿ ਮਨੁੱਖ ਸਮੇਂ-ਸਮੇਂ 'ਤੇ ਗਲਤੀਆਂ ਕਰਦੇ ਹਨ। ਕੰਪਿਊਟਰ, ਹਾਲਾਂਕਿ, ਇਹ ਗਲਤੀਆਂ ਨਹੀਂ ਕਰਦੇ ਹਨ ਜੇਕਰ ਉਹ ਸਹੀ ਢੰਗ ਨਾਲ ਪ੍ਰੋਗਰਾਮ ਕੀਤੇ ਗਏ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਨਾਲ, ਫੈਸਲੇ ਐਲਗੋਰਿਦਮ ਦੇ ਇੱਕ ਨਿਸ਼ਚਿਤ ਸਮੂਹ ਨੂੰ ਲਾਗੂ ਕਰਦੇ ਹੋਏ ਪਹਿਲਾਂ ਇਕੱਠੀ ਕੀਤੀ ਜਾਣਕਾਰੀ ਤੋਂ ਲਏ ਜਾਂਦੇ ਹਨ। ਇਸ ਲਈ ਗਲਤੀਆਂ ਘਟੀਆਂ ਹਨ ਅਤੇ ਸ਼ੁੱਧਤਾ ਦੀ ਇੱਕ ਵੱਡੀ ਡਿਗਰੀ ਦੇ ਨਾਲ ਸ਼ੁੱਧਤਾ ਤੱਕ ਪਹੁੰਚਣ ਦੀ ਸੰਭਾਵਨਾ ਹੈ।

**ਉਦਾਹਰਨ:** ਏਆਈ ਦੀ ਵਰਤੋਂ ਕਰਦੇ ਹੋਏ ਮੌਸਮ ਦੀ ਭਵਿੱਖਬਾਣੀ ਵਿੱਚ ਉਹਨਾਂ ਨੇ ਜ਼ਿਆਦਾਤਰ ਮਨੁੱਖੀ ਗਲਤੀਆਂ ਨੂੰ ਘਟਾ ਦਿੱਤਾ ਹੈ।

2) **ਮਨੁੱਖਾਂ ਦੀ ਬਜਾਏ ਜੋਖਮ ਲੈਂਦਾ ਹੈ:** ਇਹ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਸਭ ਤੋਂ ਵੱਡਾ ਫਾਇਦਾ ਹੈ। ਅਸੀਂ ਇੱਕ ਏਆਈ ਰੋਬੋਟ ਵਿਕਸਤ ਕਰਕੇ ਮਨੁੱਖਾਂ ਦੀਆਂ ਬਹੁਤ ਸਾਰੀਆਂ ਜੋਖਮ ਭਰੀਆਂ ਸੀਮਾਵਾਂ ਨੂੰ ਦੂਰ ਕਰ ਸਕਦੇ ਹਾਂ ਜੋ ਬਦਲੇ ਵਿੱਚ ਸਾਡੇ ਲਈ ਜੋਖਮ ਭਰੇ ਕੰਮ ਕਰ ਸਕਦਾ ਹੈ। ਇਸ ਨੂੰ ਮੰਗਲ 'ਤੇ ਜਾਣ ਦਿਓ, ਬੰਬ ਨੂੰ ਨਕਾਰਾ ਕਰੋ, ਸਮੁੰਦਰਾਂ ਦੇ ਡੂੰਘੇ ਹਿੱਸਿਆਂ ਦੀ ਪੜਚੋਲ ਕਰੋ, ਕੋਲੇ ਅਤੇ ਤੇਲ ਦੀ ਖੁਦਾਈ ਕਰੋ, ਇਸ ਨੂੰ ਕਿਸੇ ਵੀ ਕਿਸਮ ਦੀ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਈਆਂ ਆਫ਼ਤਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾ ਸਕਦਾ ਹੈ।

**ਉਦਾਹਰਨ:** ਕੀ ਤੁਸੀਂ ਯੂਕਰੇਨ ਵਿੱਚ ਚਰਨੋਬਲ ਪ੍ਰਮਾਣੂ ਪਾਵਰ ਪਲਾਂਟ ਦੇ ਧਮਾਕੇ ਬਾਰੇ ਸੁਣਿਆ ਹੈ? ਉਸ ਸਮੇਂ ਇੱਥੇ ਕੋਈ ਵੀ ਏਆਈ-ਸੰਚਾਲਿਤ ਰੋਬੋਟ ਨਹੀਂ ਸਨ ਜੋ ਸ਼ੁਰੂਆਤੀ ਪੜਾਵਾਂ ਵਿੱਚ ਅੱਗ ਨੂੰ ਕਾਬੂ ਕਰਕੇ ਰੇਡੀਏਸ਼ਨ ਦੇ ਪ੍ਰਭਾਵ ਨੂੰ ਘੱਟ ਕਰਨ ਵਿੱਚ ਸਾਡੀ ਮਦਦ ਕਰ ਸਕਦੇ ਹਨ, ਕਿਉਂਕਿ ਕੋਈ ਵੀ ਮਨੁੱਖ ਕੋਰ ਦੇ ਨੇੜੇ ਜਾਂਦਾ ਹੈ ਤਾਂ ਮਿੰਟਾਂ ਵਿੱਚ ਮਰ ਜਾਂਦਾ ਸੀ। ਉਨ੍ਹਾਂ ਨੇ ਆਖ਼ਰਕਾਰ ਹੈਲੀਕਾਪਟਰਾਂ ਤੋਂ ਥੋੜ੍ਹੀ ਦੂਰੀ ਤੋਂ ਰੇਤ ਅਤੇ ਬੋਰਾਨ ਡੋਲ੍ਹਿਆ। ਏਆਈ ਰੋਬੋਟਸ ਨੂੰ ਅਜਿਹੀਆਂ ਸਥਿਤੀਆਂ ਵਿੱਚ ਵਰਤਿਆ ਜਾ ਸਕਦਾ ਹੈ ਜਿੱਥੇ ਦਖਲਅੰਦਾਜ਼ੀ ਖਤਰਨਾਕ ਹੋ ਸਕਦੀ ਹੈ।

3) **BDxG ਉਪਲਬਧ:** ਇੱਕ ਔਸਤ ਮਨੁੱਖ ਬ੍ਰੇਕ ਨੂੰ ਛੱਡ ਕੇ ਦਿਨ ਵਿੱਚ 4-6 ਘੰਟੇ ਕੰਮ ਕਰੇਗਾ। ਮਨੁੱਖਾਂ ਨੂੰ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਉਹ ਆਪਣੇ ਆਪ ਨੂੰ ਤਰੋਤਾਜ਼ਾ ਕਰਨ ਲਈ ਕੁਝ ਸਮਾਂ ਕੱਢ ਕੇ ਕੰਮ ਦੇ ਨਵੇਂ ਦਿਨ ਲਈ ਤਿਆਰ ਹੋ ਜਾਣ ਅਤੇ ਉਨ੍ਹਾਂ ਨੇ ਆਪਣੀ ਕੰਮ-ਜੀਵਨ ਅਤੇ ਨਿੱਜੀ ਜ਼ਿੰਦਗੀ ਨਾਲ ਜੁੜੇ ਰਹਿਣ ਲਈ ਹਫ਼ਤਾਵਾਰੀ ਛੁੱਟੀ ਵੀ ਕੀਤੀ ਹੈ। ਪਰ ਏਆਈ ਦੀ ਵਰਤੋਂ ਕਰਕੇ ਅਸੀਂ ਮਸ਼ੀਨਾਂ ਨੂੰ ਬਿਨਾਂ ਕਿਸੇ ਬਰੇਕ ਦੇ BDxG ਕੰਮ ਕਰ ਸਕਦੇ ਹਾਂ ਅਤੇ ਉਹ ਮਨੁੱਖਾਂ ਦੇ ਉਲਟ ਬੋਰ ਵੀ ਨਹੀਂ ਹੁੰਦੀਆਂ ਹਨ।

**ਉਦਾਹਰਨ:** ਵਿਦਿਅਕ ਸੰਸਥਾਵਾਂ ਅਤੇ ਹੈਲਪਲਾਈਨ ਕੇਂਦਰਾਂ ਨੂੰ ਬਹੁਤ ਸਾਰੇ ਸਵਾਲ ਅਤੇ ਮੁੱਦੇ ਮਿਲ ਰਹੇ ਹਨ ਜਿਨ੍ਹਾਂ ਨੂੰ ਏਆਈ ਦੀ ਵਰਤੋਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ।

*ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵੱਡੇ ਸੰਭਾਵੀ ਫਾਇਦੇ ਹਨ। ਮਨੁੱਖਾਂ ਲਈ ਕੁੰਜੀ ਇਹ ਯਕੀਨੀ ਬਣਾਏਗੀ ਕਿ 'ਰੋਬੋਟਾਂ ਦਾ ਉਭਾਰ' ਹੱਥੋਂ ਬਾਹਰ ਨਾ ਜਾਵੇ। ਸੋਮਲੋਕ ਇਹ ਵੀ ਕਹਿੰਦੇ ਹਨ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਸਭਿਅਤਾ ਨੂੰ ਤਬਾਹ ਕਰ ਸਕਦੀ ਹੈ ਜੇਕਰ ਇਹ ਗਲਤ ਹੱਥਾਂ ਵਿੱਚ ਜਾਂਦੀ ਹੈ। ਪਰ ਫਿਰ ਵੀ, ਉਸ ਪੈਮਾਨੇ 'ਤੇ ਬਣਾਈ ਗਈ ਕੋਈ ਵੀ ਏਆਈ ਐਪਲੀਕੇਸ਼ਨ ਨਹੀਂ ਹੈ ਜੋ ਮਨੁੱਖਤਾ ਨੂੰ ਤਬਾਹ ਕਰ ਸਕਦੀ ਹੈ ਜਾਂ ਗੁਲਾਮ ਬਣਾ ਸਕਦੀ ਹੈ।*



4) **ਦੁਹਰਾਉਣ ਵਾਲੀਆਂ ਨੌਕਰੀਆਂ ਵਿੱਚ ਮਦਦ ਕਰਨਾ:** ਸਾਡੇ ਰੋਜ਼ਾਨਾ ਦੇ ਕੰਮ ਵਿੱਚ, ਅਸੀਂ ਬਹੁਤ ਸਾਰੇ ਦੁਹਰਾਉਣ ਵਾਲੇ ਕੰਮ ਕਰ ਰਹੇ ਹੋਵਾਂਗੇ ਜਿਵੇਂ ਕਿ ਇੱਕ ਧੰਨਵਾਦ ਪੱਤਰ ਭੇਜਣਾ, ਗਲਤੀਆਂ ਲਈ ਕੁਝ ਦਸਤਾਵੇਜ਼ਾਂ ਦੀ ਪੁਸ਼ਟੀ ਕਰਨਾ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ। ਨਕਲੀ ਬੁੱਧੀ ਦੀ ਵਰਤੋਂ ਕਰਕੇ ਅਸੀਂ ਇਹਨਾਂ ਦੁਨਿਆਵੀ ਕੰਮਾਂ ਨੂੰ ਉਤਪਾਦਕ ਤੌਰ 'ਤੇ ਸਵੈਚਲਿਤ ਕਰ ਸਕਦੇ ਹਾਂ ਅਤੇ ਮਨੁੱਖਾਂ ਲਈ 'ਬੋਰਿੰਗ' ਕਾਰਜਾਂ ਨੂੰ ਵੀ ਹਟਾ ਸਕਦੇ ਹਾਂ ਅਤੇ ਉਹਨਾਂ ਨੂੰ ਵੱਧ ਤੋਂ ਵੱਧ ਰਚਨਾਤਮਕ ਬਣਨ ਲਈ ਮੁਕਤ ਕਰ ਸਕਦੇ ਹਾਂ।

**ਉਦਾਹਰਨ:** ਬੈਂਕਾਂ ਵਿੱਚ, ਅਸੀਂ ਅਕਸਰ ਇੱਕ ਕਰਜ਼ਾ ਪ੍ਰਾਪਤ ਕਰਨ ਲਈ ਦਸਤਾਵੇਜ਼ਾਂ ਦੇ ਬਹੁਤ ਸਾਰੇ ਤਸਦੀਕ ਦੇਖਦੇ ਹਾਂ ਜੋ ਬੈਂਕ ਦੇ ਮਾਲਕ ਲਈ ਦੁਹਰਾਉਣ ਵਾਲਾ ਕੰਮ ਹੈ। ਏਆਈ ਕਾਗਨੀਟਿਵ ਆਟੋਮੇਸ਼ਨ ਦੀ ਵਰਤੋਂ ਕਰਕੇ ਮਾਲਕ ਦਸਤਾਵੇਜ਼ਾਂ ਦੀ ਤਸਦੀਕ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰ ਸਕਦਾ ਹੈ ਜਿਸ ਨਾਲ ਗਾਹਕ ਅਤੇ ਮਾਲਕ ਦੋਵਾਂ ਨੂੰ ਲਾਭ ਹੋਵੇਗਾ।

5) **ਡਿਜੀਟਲ ਸਹਾਇਤਾ:** ਕੁਝ ਉੱਚ ਉੱਨਤ ਸੰਸਥਾਵਾਂ ਉਪਭੋਗਤਾਵਾਂ ਨਾਲ ਗੱਲਬਾਤ ਕਰਨ ਲਈ ਡਿਜੀਟਲ ਸਹਾਇਕ ਦੀ ਵਰਤੋਂ ਕਰਦੀਆਂ ਹਨ ਜੋ ਮਨੁੱਖੀ ਸਰੋਤਾਂ ਦੀ ਜ਼ਰੂਰਤ ਨੂੰ ਬਚਾਉਂਦੀਆਂ ਹਨ। ਡਿਜੀਟਲ ਅਸਿਸਟੈਂਟ ਵੀ ਬਹੁਤ ਸਾਰੀਆਂ ਵੈਬਸਾਈਟਾਂ ਵਿੱਚ ਉਹ ਚੀਜ਼ਾਂ ਪ੍ਰਦਾਨ ਕਰਨ ਲਈ ਵਰਤੇ ਜਾਂਦੇ ਹਨ ਜੋ ਉਪਭੋਗਤਾ ਚਾਹੁੰਦੇ ਹਨ। ਅਸੀਂ ਉਹਨਾਂ ਨਾਲ ਗੱਲਬਾਤ ਕਰ ਸਕਦੇ ਹਾਂ ਜੋ ਅਸੀਂ ਲੱਭ ਰਹੇ ਹਾਂ। ਕੁਝ ਚੈਟਬੋਟਸ ਨੂੰ ਇਸ ਤਰੀਕੇ ਨਾਲ ਡਿਜ਼ਾਈਨ ਕੀਤਾ ਗਿਆ ਹੈ ਕਿ ਇਹ ਨਿਰਧਾਰਤ ਕਰਨਾ ਔਖਾ ਹੋ ਗਿਆ ਹੈ ਕਿ ਅਸੀਂ ਚੈਟਬੋਟ ਜਾਂ ਕਿਸੇ ਮਨੁੱਖ ਨਾਲ ਚੈਟ ਕਰ ਰਹੇ ਹਾਂ।

**ਉਦਾਹਰਨ:** ਅਸੀਂ ਸਾਰੇ ਜਾਣਦੇ ਹਾਂ ਕਿ ਸੰਸਥਾਵਾਂ ਕੋਲ ਇੱਕ ਗਾਹਕ ਸਹਾਇਤਾ ਟੀਮ ਹੈ ਜਿਸਦੀ ਲੋੜ ਹੈਗਾਹਕਾਂ ਦੇ ਸ਼ੰਕਿਆਂ ਅਤੇ ਸਵਾਲਾਂ ਨੂੰ ਸਪੱਸ਼ਟ ਕਰਨਾ। ਏਆਈ ਦੀ ਵਰਤੋਂ ਕਰਕੇ ਸੰਸਥਾਵਾਂ ਇੱਕ ਵੌਇਸ ਬੋਟ ਜਾਂ ਚੈਟਬੋਟ ਸਥਾਪਤ ਕਰ ਸਕਦੀਆਂ ਹਨ ਜੋ ਗਾਹਕਾਂ ਨੂੰ ਉਹਨਾਂ ਦੇ ਸਾਰੇ ਸਵਾਲਾਂ ਵਿੱਚ ਮਦਦ ਕਰ ਸਕਦੀਆਂ ਹਨ। ਅਸੀਂ ਦੇਖ ਸਕਦੇ ਹਾਂ ਕਿ ਬਹੁਤ ਸਾਰੀਆਂ ਸੰਸਥਾਵਾਂ ਪਹਿਲਾਂ ਹੀ ਉਹਨਾਂ ਦੀਆਂ ਵੈੱਬਸਾਈਟਾਂ ਅਤੇ ਮੋਬਾਈਲ ਐਪਲੀਕੇਸ਼ਨਾਂ 'ਤੇ ਇਹਨਾਂ ਦੀ ਵਰਤੋਂ ਸ਼ੁਰੂ ਕਰ ਚੁੱਕੀਆਂ ਹਨ।

6) **ਤੇਜ਼ ਫੈਸਲੇ:** ਹੋਰ ਤਕਨੀਕਾਂ ਦੇ ਨਾਲ ਏਆਈ ਦੀ ਵਰਤੋਂ ਕਰਕੇ ਅਸੀਂ ਮਸ਼ੀਨਾਂ ਨੂੰ ਮਨੁੱਖ ਨਾਲੋਂ ਤੇਜ਼ੀ ਨਾਲ ਫੈਸਲੇ ਲੈਣ ਅਤੇ ਕਾਰਵਾਈਆਂ ਨੂੰ ਤੇਜ਼ੀ ਨਾਲ ਪੂਰਾ ਕਰ ਸਕਦੇ ਹਾਂ। ਫੈਸਲਾ ਲੈਂਦੇ ਸਮੇਂ ਮਨੁੱਖ ਭਾਵਨਾਤਮਕ ਅਤੇ ਵਿਵਹਾਰਕ ਤੌਰ 'ਤੇ ਬਹੁਤ ਸਾਰੇ ਕਾਰਕਾਂ ਦਾ ਵਿਸ਼ਲੇਸ਼ਣ ਕਰੇਗਾ ਪਰ ਏਆਈ-ਸੰਚਾਲਿਤ ਮਸ਼ੀਨ ਉਸ 'ਤੇ ਕੰਮ ਕਰਦੀ ਹੈ ਜੋ ਇਹ ਪ੍ਰੋਗਰਾਮ ਕੀਤੀ ਜਾਂਦੀ ਹੈ ਅਤੇ ਨਤੀਜੇ ਨੂੰ ਤੇਜ਼ੀ ਨਾਲ ਪ੍ਰਦਾਨ ਕਰਦੀ ਹੈ।

**ਉਦਾਹਰਨ:** ਅਸੀਂ ਸਾਰਿਆਂ ਨੇ ਵਿੰਡੋਜ਼ ਵਿੱਚ ਸ਼ਤਰੰਜ ਗੇਮਾਂ ਖੇਡੀਆਂ ਹਨ। ਉਸ ਗੇਮ ਦੇ ਪਿੱਛੇ ਏਆਈ ਦੇ ਕਾਰਨ ਹਾਰਡ ਮੋਡ ਵਿੱਚ ਸੀਪੀਯੂ ਨੂੰ ਹਰਾਉਣਾ ਲਗਭਗ ਅਸੰਭਵ ਹੈ। ਇਹ ਇਸਦੇ ਪਿੱਛੇ ਵਰਤੇ ਗਏ ਐਲਗੋਰਿਦਮ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਦੇ ਅਨੁਸਾਰ ਬਹੁਤ ਘੱਟ ਸਮੇਂ ਵਿੱਚ ਸਭ ਤੋਂ ਵਧੀਆ ਸੰਭਵ ਕਦਮ ਚੁੱਕੇਗਾ।

7) **ਰੋਜ਼ਾਨਾ ਐਪਲੀਕੇਸ਼ਨ:** ਰੋਜ਼ਾਨਾ ਐਪਲੀਕੇਸ਼ਨਾਂ ਜਿਵੇਂ ਕਿ ਐਪਲ ਦੀ ਸਿਰੀ, ਵਿੰਡੋਜ਼ ਕੋਰਟਾਨਾ, ਗੂਗਲ ਦੀ ਓਕੇ ਗੂਗਲ ਸਾਡੀ ਰੋਜ਼ਾਨਾ ਰੁਟੀਨ ਵਿੱਚ ਅਕਸਰ ਵਰਤੀ ਜਾਂਦੀ ਹੈ ਭਾਵੇਂ ਇਹ ਸਥਾਨ ਖੋਜਣ, ਸੈਲਫੀ ਲੈਣ, ਫ਼ੋਨ ਕਾਲ ਕਰਨ, ਮੇਲ ਦਾ ਜਵਾਬ ਦੇਣ ਅਤੇ ਹੋਰ ਬਹੁਤ ਕੁਝ ਲਈ ਹੋਵੇ। ਉਦਾਹਰਨ: ਲਗਭਗ 20 ਸਾਲ ਪਹਿਲਾਂ, ਜਦੋਂ ਅਸੀਂ ਕਿਤੇ ਜਾਣ ਦੀ ਯੋਜਨਾ ਬਣਾ ਰਹੇ ਹੁੰਦੇ ਸੀ ਤਾਂ ਅਸੀਂ ਇੱਕ ਵਿਅਕਤੀ ਨੂੰ ਪੁੱਛਦੇ ਸੀ ਜੋ ਪਹਿਲਾਂ ਹੀ ਉੱਥੇ ਜਾ ਚੁੱਕਾ ਸੀ। ਪਰ ਹੁਣ ਸਾਨੂੰ ਸਿਰਫ਼ 'ਓਕੇ ਗੂਗਲ ਵਿਸ਼ਾਖਾਪਟਨਮ ਕਿੱਥੇ ਹੈ' ਕਹਿਣਾ ਹੈ। ਇਹ ਤੁਹਾਨੂੰ ਗੂਗਲ ਮੈਪ 'ਤੇ ਵਿਸ਼ਾਖਾਪਟਨਮ ਦੀ ਸਥਿਤੀ ਅਤੇ ਤੁਹਾਡੇ ਅਤੇ ਵਿਸ਼ਾਖਾਪਟਨਮ ਵਿਚਕਾਰ ਸਭ ਤੋਂ ਵਧੀਆ ਮਾਰਗ ਦਿਖਾਏਗਾ।

8) **ਨਵੀਆਂ ਕਾਢਾਂ:** ਏਆਈ ਲਗਭਗ ਹਰ ਡੋਮੇਨ ਵਿੱਚ ਬਹੁਤ ਸਾਰੀਆਂ ਖੋਜਾਂ ਨੂੰ ਸ਼ਕਤੀ ਦੇ ਰਿਹਾ ਹੈ ਜੋ ਮਨੁੱਖਾਂ ਨੂੰ ਜ਼ਿਆਦਾਤਰ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰੇਗਾ।

**ਉਦਾਹਰਨ:** ਹਾਲ ਹੀ ਵਿੱਚ ਡਾਕਟਰ ਅਡਵਾਂਸਡ ਏਆਈ-ਆਧਾਰਿਤ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਸ਼ੁਰੂਆਤੀ ਪੜਾਵਾਂ ਵਿੱਚ ਔਰਤ ਵਿੱਚ ਛਾਤੀ ਦੇ ਕੈਂਸਰ ਦੀ ਭਵਿੱਖਬਾਣੀ ਕਰ ਸਕਦੇ ਹਨ। ਜਿਵੇਂ ਕਿ ਹਰ ਚਮਕਦਾਰ ਪਾਸੇ ਇਸ ਵਿੱਚ ਇੱਕ ਗੂੜਾ ਸੰਸਕਰਣ ਹੈ. ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵੀ ਕੁਝ ਨੁਕਸਾਨ ਹਨ। ਆਓ ਉਨ੍ਹਾਂ ਵਿੱਚੋਂ ਕੁਝ ਨੂੰ ਵੇਖੀਏ 1) ਰਚਨਾ ਦੀ ਉੱਚ ਲਾਗਤ: ਜਿਵੇਂ ਕਿ ਏਆਈ ਹਰ ਰੋਜ਼ ਅੱਪਡੇਟ ਕਰ ਰਿਹਾ ਹੈ, ਹਾਰਡਵੇਅਰ ਅਤੇ ਸੌਫਟਵੇਅਰ ਨੂੰ ਨਵੀਨਤਮ ਲੋੜਾਂ ਨੂੰ ਪੂਰਾ ਕਰਨ ਲਈ ਸਮੇਂ ਦੇ ਨਾਲ ਅੱਪਡੇਟ ਹੋਣ ਦੀ ਲੋੜ ਹੈ। ਮਸ਼ੀਨਾਂ ਦੀ ਮੁਰੰਮਤ ਅਤੇ ਰੱਖ-ਰਖਾਅ ਦੀ ਲੋੜ ਹੁੰਦੀ ਹੈ ਜਿਸ ਲਈ ਕਾਫੀ ਖਰਚੇ ਦੀ ਲੋੜ ਹੁੰਦੀ ਹੈ। ਇਸ ਨੂੰ ਬਣਾਉਣ ਲਈ ਬਹੁਤ ਜ਼ਿਆਦਾ ਖਰਚੇ ਦੀ ਲੋੜ ਹੁੰਦੀ ਹੈ ਕਿਉਂਕਿ ਇਹ ਬਹੁਤ ਗੁੰਝਲਦਾਰ ਮਸ਼ੀਨਾਂ ਹਨ।

2) **ਮਨੁੱਖਾਂ ਨੂੰ ਆਲਸੀ ਬਣਾਉਣਾ:** ਏਆਈ ਮਨੁੱਖਾਂ ਨੂੰ ਇਸਦੀਆਂ ਐਪਲੀਕੇਸ਼ਨਾਂ ਨਾਲ ਆਲਸੀ ਬਣਾ ਰਿਹਾ ਹੈ ਜੋ ਜ਼ਿਆਦਾਤਰ ਕੰਮ ਨੂੰ ਸਵੈਚਾਲਤ ਕਰ ਰਿਹਾ ਹੈ। ਮਨੁੱਖ ਇਹਨਾਂ ਕਾਢਾਂ ਦੇ ਆਦੀ ਹੋ ਜਾਂਦੇ ਹਨ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਸਮੱਸਿਆ ਪੈਦਾ ਕਰ ਸਕਦੇ ਹਨ।

3) **ਬੇਰੁਜ਼ਗਾਰੀ:** ਕਿਉਂਕਿ ਏਆਈ ਜ਼ਿਆਦਾਤਰ ਦੁਹਰਾਉਣ ਵਾਲੇ ਕੰਮਾਂ ਅਤੇ ਹੋਰ ਕੰਮਾਂ ਨੂੰ ਰੋਬੋਟ ਨਾਲ ਬਦਲ ਰਿਹਾ ਹੈ, ਮਨੁੱਖੀ ਦਖਲਅੰਦਾਜ਼ੀ ਘੱਟ ਹੁੰਦੀ ਜਾ ਰਹੀ ਹੈ ਜੋ ਰੁਜ਼ਗਾਰ ਦੇ ਮਿਆਰਾਂ ਵਿੱਚ ਇੱਕ ਵੱਡੀ ਸਮੱਸਿਆ ਪੈਦਾ ਕਰੇਗੀ। ਹਰ ਸੰਸਥਾ ਘੱਟੋ-ਘੱਟ ਯੋਗਤਾ ਪ੍ਰਾਪਤ ਵਿਅਕਤੀਆਂ ਨੂੰ ਏਆਈ ਰੋਬੋਟਾਂ ਨਾਲ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ ਜੋ ਵਧੇਰੇ ਕੁਸ਼ਲਤਾ ਨਾਲ ਸਮਾਨ ਕੰਮ ਕਰ ਸਕਦੇ ਹਨ।

4) **ਕੋਈ ਭਾਵਨਾਵਾਂ ਨਹੀਂ:** ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮਸ਼ੀਨਾਂ ਬਹੁਤ ਵਧੀਆ ਹੁੰਦੀਆਂ ਹਨ ਜਦੋਂ ਇਹ ਕੁਸ਼ਲਤਾ ਨਾਲ ਕੰਮ ਕਰਨ ਦੀ ਗੱਲ ਆਉਂਦੀ ਹੈ ਪਰ ਉਹ ਮਨੁੱਖੀ ਕੁਨੈਕਸ਼ਨ ਦੀ ਥਾਂ ਨਹੀਂ ਲੈ ਸਕਦੇ ਜੋ ਟੀਮ ਬਣਾਉਂਦਾ ਹੈ. ਮਸ਼ੀਨਾਂ ਮਨੁੱਖਾਂ ਨਾਲ ਇੱਕ ਬੰਧਨ ਵਿਕਸਿਤ ਨਹੀਂ ਕਰ ਸਕਦੀਆਂ ਜੋ ਟੀਮ ਪ੍ਰਬੰਧਨ ਦੀ ਗੱਲ ਕਰਨ ਵੇਲੇ ਇੱਕ ਜ਼ਰੂਰੀ ਗੁਣ ਹੈ।

5) **ਬਾਕਸ ਤੋਂ ਬਾਹਰ ਸੋਚਣ ਦੀ ਘਾਟ:** ਮਸ਼ੀਨਾਂ ਸਿਰਫ਼ ਉਹੀ ਕੰਮ ਕਰ ਸਕਦੀਆਂ ਹਨ ਜੋ ਉਹਨਾਂ ਨੂੰ ਕਰਨ ਲਈ ਡਿਜ਼ਾਈਨ ਕੀਤੀਆਂ ਗਈਆਂ ਹਨ ਜਾਂ ਪ੍ਰੋਗਰਾਮ ਕੀਤੀਆਂ ਗਈਆਂ ਹਨ, ਇਹਨਾਂ ਵਿੱਚੋਂ ਕੁਝ ਵੀ ਉਹ ਕਰੈਸ਼ ਜਾਂ ਅਪ੍ਰਸੰਗਿਕ ਆਉਟਪੁੱਟ ਦਿੰਦੀਆਂ ਹਨ ਜੋ ਇੱਕ ਪ੍ਰਮੁੱਖ ਪਿਛੋਕੜ ਹੋ ਸਕਦੀਆਂ ਹਨ।

**ਸੰਖੇਪ:** ਇਹ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਕੁਝ ਫਾਇਦੇ ਅਤੇ ਨੁਕਸਾਨ ਹਨ। ਹਰ ਨਵੀਂ ਕਾਢ ਜਾਂ ਸਫਲਤਾ ਦੋਵੇਂ ਹੋਣਗੀਆਂ, ਪਰ ਸਾਨੂੰ ਮਨੁੱਖਾਂ ਵਜੋਂ ਇਸ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਇੱਕ ਬਿਹਤਰ ਸੰਸਾਰ ਦੀ ਸਿਰਜਣਾ ਲਈ ਕਾਢ ਦੇ ਸਕਾਰਾਤਮਕ ਪੱਖਾਂ ਦੀ ਵਰਤੋਂ ਕਰਨ ਦੀ ਲੋੜ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵੱਡੇ ਸੰਭਾਵੀ ਫਾਇਦੇ ਹਨ। ਮਨੁੱਖਾਂ ਲਈ ਕੁੰਜੀ ਇਹ ਯਕੀਨੀ ਬਣਾਏਗੀ ਕਿ 'ਰੋਬੋਟਾਂ ਦਾ ਉਭਾਰ' ਹੱਥੋਂ ਬਾਹਰ ਨਾ ਜਾਵੇ। ਸੋਮਲੋਕ ਇਹ ਵੀ ਕਹਿੰਦੇ ਹਨ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਸਭਿਅਤਾ ਨੂੰ ਤਬਾਹ ਕਰ ਸਕਦੀ ਹੈ ਜੇਕਰ ਇਹ ਗਲਤ ਹੱਥਾਂ ਵਿੱਚ ਜਾਂਦੀ ਹੈ। ਪਰ ਫਿਰ ਵੀ, ਉਸ ਪੈਮਾਨੇ 'ਤੇ ਬਣਾਈ ਗਈ ਕੋਈ ਵੀ ਏਆਈ ਐਪਲੀਕੇਸ਼ਨ ਨਹੀਂ ਹੈ ਜੋ ਮਨੁੱਖਤਾ ਨੂੰ ਤਬਾਹ ਕਰ ਸਕਦੀ ਹੈ ਜਾਂ ਗੁਲਾਮ ਬਣਾ ਸਕਦੀ ਹੈ।




# ਸੁਪਰ ਮਹਿਲਾ ਬਣਨ ਦਾ ਚੱਕਰ



ਬਚਪਨ ਤੋਂ ਹੀ ਲੜਕੀਆਂ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਉਸ ਨੂੰ ਸਾਰੇ ਕੰਮ ਆਉਣੇ ਚਾਹੀਦੇ ਹਨ, ਜਿਸ ਨਾਲ ਉਸ ਨਾਲ ਜੁੜੇ ਸਾਰੇ ਲੋਕ ਖੁਸ਼ ਰਹਿਣ ਜੇਕਰ ਕੋਈ ਵੀ, ਕਿਤੇ ਵੀ ਉਸ ਤੋਂ ਨਾਖੁਸ਼ ਹੋਇਆ ਤਾਂ ਇਸ ਦਾ ਮਤਲਬ ਹੈ ਕਿ ਉਸ ਦੇ ਕੰਮ ’ਚ ਕਿਤੇ ਨਾ ਕਿਤੇ ਗੜਬੜੀ ਹੋਈ ਹੈ ਉਸ ਨੂੰ ਸਿਖਾਇਆ ਜਾਂਦਾ ਹੈ ਕਿ ਉਹ ਹਰ ਕੰਮ ’ਚ ਪਰਫੈਕਟ ਰਹੇ ਉਹ ਜੀਵਨ ਚੰਗੀ ਬੇਟੀ, ਚੰਗੀ ਭੈਣ, ਚੰਗੀ ਨੂੰਹ, ਚੰਗੀ ਪਤਨੀ ਅਤੇ ਚੰਗੀ ਮਾਂ ਬਣਨ ’ਚ ਹੀ ਗੁਜ਼ਾਰ ਦਿੰਦੇ ਹਨ।

ਇਨ੍ਹਾਂ ਸਭ ਜਦੋ-ਜ਼ਹਿਦ ’ਚ ਉਹ ਇੱਕ ਔਰਤ ਹੋਂਦ ਨੂੰ ਹੀ ਭੁੱਲ ਜਾਂਦੀ ਹੈ ਉਹ ਭੁੱਲ ਜਾਂਦੀ ਹੈ ਕਿ ਉਹ ਵੀ ਕੁਝ ਹੈ ਖੁਦ ਨੂੰ ਪਰਫੈਕਟ ਵੂਮਨ ਸਾਬਤ ਕਰਨ ਦੇ ਚੱਕਰ ’ਚ ਉਹ ਹੀਨ-ਭਾਵਨਾ ਦੀ ਸ਼ਿਕਾਰ ਹੁੰਦੀ ਚਲੀ ਜਾਂਦੀ ਹੈ ਉਹ ਆਪਣੇ ਆਸ-ਪਾਸ ਦੇ ਦਬਾਅ ਨਾਲ ਆਪਣੀ ਸ਼ਖਸੀਅਤ ਨਿਖਾਰਨਾ ਹੀ ਭੁੱਲ ਜਾਂਦੀ ਹੈ।

ਦਰਅਸਲ ਗੱਲ ਇਹ ਹੈ ਕਿ ਉਸ ਦੇ ਆਸ-ਪਾਸ ਦੇ ਲੋਕ ਤਾਂ ਉਸ ਤੋਂ ਬਿਹਤਰੀਨ ਹੋਣ ਦੀਆਂ ਉਮੀਦਾਂ ਰੱਖਦੇ ਹੀ ਹਨ ਪਰ ਮਹਿਲਾ ਖੁਦ ਹੀ ਇਹ ਉਮੀਦ ਰੱਖਦੀ ਹੈ ਕਿ ਉਸ ਨੂੰ ਪਰਫੈਕਟ ਵੂਮਨ ਹੋਣਾ ਚਾਹੀਦਾ ਹੈ ਉਸਨੂੰ ਘਰ-ਬਾਹਰ ਦਾ ਸਭ ਕੰਮ ਆਉਣਾ ਚਾਹੀਦਾ ਹੈ ਇੱਕ ਮਹਿਲਾ ਨੂੰ ਇਹ ਲੱਗਦਾ ਹੈ ਕਿ ਉਸ ਨੂੰ ਰਸੋਈ ਦੇ ਹਰ ਕੰਮ ’ਚ ਨਿਪੁੰਨ ਹੋਣਾ ਚਾਹੀਦਾ ਹੈ ਉਸ ਨੂੰ ਅਜਿਹਾ ਖਾਣਾ ਬਣਾਉਣਾ ਆਵੇ ਜਿਸ ਦੀਆਂ ਸਭ ਤਾਰੀਫਾਂ ਕਰਨ ਅਤੇ ਉਸ ਤੋਂ ਵਧੀਆ ਖਾਣਾ ਕੋਈ ਬਣਾ ਵੀ ਨਾ ਸਕੇ।

ਘਰ ’ਚ ਕੋਈ ਮਹਿਮਾਨ ਆਵੇ ਤਾਂ ਉਸ ਦੀ

**ਸੰਜੇ ਕੁਮਾਰ ‘ਸੁਮਨ’**

ਮੇਜ਼ਬਾਨੀ ’ਚ ਉਸ ਦੇ ਵੱਲੋਂ ਕੋਈ ਕਮੀ ਨਾ ਹੋਵੇ ਤਾਂ ਕਿ ਚਾਰ ਥਾਵਾਂ ਬਾਹਰ ਜਾ ਕੇ ਉਸ ਦੀਆਂ ਉਹ ਤਾਰੀਫਾਂ ਕਰਨ ਕਿ ਉਸ ਤੋਂ ਚੰਗਾ ਮੇਜ਼ਬਾਨ ਕਿੱਥੇ? ਇਸੇ ਤਰ੍ਹਾਂ ਘਰ ਦੀ ਸਾਫ-ਸਫਾਈ ’ਚ ਉਹ ਸਭ ਤੋਂ ਅੱਗੇ ਹੋਣ ਬੱਚਿਆਂ ਦੀ ਪੜ੍ਹਾਈ ’ਚ ਪੂਰੀ ਤਰ੍ਹਾਂ ਮੱਦਦਗਾਰ ਹੋਣ ਉਨ੍ਹਾਂ ਨੂੰ ਅਨੁਸ਼ਾਸਨ ਸਿਖਾਓ ਉਨ੍ਹਾਂ ਦੇ ਦੋਸਤ ਬਣੋ ਅਤੇ ਜੀਵਨ ’ਚ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰੋ।

ਪਤੀ ਦੇ ਹਰ ਕੰਮ ਨੂੰ ਤਿਆਰ ਰੱਖੋ ਉਸ ਤੋਂ ਕੁਝ ਟੋਕੇ ਬਿਨਾਂ ਉਸ ਦੇ ਹਰ ਫੈਸਲੇ ਨੂੰ ਮੰਨੋ, ਸਾਰੀਆਂ ਰਿਸ਼ਤੇਦਾਰੀਆਂ ਨੂੰ ਨਿਭਾਓ, ਰਾਸ਼ਨ-ਬਿਜਲੀ-ਪਾਣੀ ਦਾ ਬਿੱਲ ਸੰਭਾਲੋ, ਜੇਕਰ ਕੰਮਕਾਜ਼ੀ ਹੋ ਤਾਂ ਦਫਤਰ ’ਚ ਵੀ ਆਪਣਾ ਬਿਹਤਰੀਨ ਕੰਮ ਕਰਕੇ ਦਿਖਾਓ, ਇਸ ਤੋਂ ਇਲਾਵਾ ਦਿੱਖੋਂ ਵੀ ਇੱਕਦਮ ਹੀਰੋਇਨਾਂ ਵਾਂਗ ਟਿਪ-ਟਾਪ, ਅਜਿਹੀਆਂ ਹੁੰਦੀਆਂ

ਸੁਪਰ ਵੂਮਨ : ਕੁਝ ਤਾਂ ਸਾਡਾ ਸਮਾਜ ਹੀ ਸ਼ੁਰੂ ਤੋਂ ਔਰਤਾਂ ਨੂੰ ਜ਼ਿਆਦਾ ਕੰਮ ਦੇ ਬੋਝ ਦੇ ਹੇਠਾਂ ਦਬਾਉਂਦਾ ਆਇਆ ਹੈ ਉਸ ’ਤੇ ਹੁਣ ਇਹ ਪਰਫੈਕਟਸ਼ਨਿਸਟ ਦਾ ਬੋਝ ਪਰਿਵਾਰ ’ਚ ਸਭ ਤੋਂ ਜ਼ਿਆਦਾ ਜ਼ਿੰਮੇਵਾਰੀਆਂ ਉਨ੍ਹਾਂ ਕੋਲ ਹਨ ਘਰ ’ਚ ਕੋਈ ਕੰਮ ਵਿਗੜਿਆ ਨਹੀਂ ਕਿ ਦੂਜਿਆਂ ਤੋਂ ਪਹਿਲਾਂ ਉਹ ਖੁਦ ਨੂੰ ਹੀ ਇਸ ਦਾ ਦੋਸ਼ੀ ਮੰਨਣ ਲੱਗਦੀਆਂ ਹਨ ਉਹ ਹਮੇਸ਼ਾ ਇਸ ਡਰ ਤੋਂ ਡਰੀਆਂ ਰਹਿੰਦੀਆਂ ਹਨ ਕਿ ਕਿਤੇ ਕੋਈ ਕੰਮ ਢੰਗ ਨਾਲ ਨਾ ਹੋਇਆ ਤਾਂ ਪਰਿਵਾਰ ’ਚ ਉਨ੍ਹਾਂ ਦੀ ਉਹ ਥਾਂ ਖੋਹ ਜਾਵੇਗੀ ਜਿਸ ਨੂੰ ਪਾਉਣ ਲਈ ਉਹ ਯਤਨ ਕਰ ਰਹੀਆਂ ਹਨ ਜ਼ਰਾ ਜਿਹੀ ਗੜਬੜੀ ਤੋਂ ਉਹ ਹੀਨ-ਭਾਵਨਾ ਨਾਲ ਗ੍ਰਸਤ ਹੋ ਜਾਂਦੀ ਹੈ।

ਕੁਝ ਸਮਾਂ ਪਹਿਲਾਂ ਔਰਤਾਂ ਨੂੰ ਸਾਡੇ ਦੇਸ਼ ’ਚ ਪਰਿਵਾਰ ਤੱਕ ਹੀ ਸੀਮਤ ਮੰਨਿਆ ਜਾਂਦਾ ਸੀ ਬਾਹਰ ਦੇ ਸਾਰੇ ਕੰਮ ਪੁਰਸ਼ ਹੀ ਦੇਖਦੇ ਸਨ ਔਰਤਾਂ ਦਾ ਜੀਵਨ ਸਿਰਫ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਤ ਸੀ ਇਸੇ ਚਾਰਦੀਵਾਰੀ ਅੰਦਰ ਉਨ੍ਹਾਂ ਨੂੰ ਆਪਣੀ ਕੁਸ਼ਲਤਾ, ਰਚਨਾਤਮਕਤਾ ਅਤੇ ਨਿਪੁੰਨਤਾ ਦਾ ਸਬੂਤ ਦੇਣਾ ਹੁੰਦਾ ਸੀ ਚਾਰਦੀਵਾਰੀ ’ਚ ਵੀ ਬੇਹੱਦ ਮੁਸ਼ਕਲਾਂ ਸਨ।

ਆਪਣੇ ਗੁਣਾਂ ਅਤੇ ਹੁਨਰ ਨੂੰ ਸਾਬਤ ਕਰਨ ਲਈ ਔਰਤਾਂ ਨੇ ਹੌਲੀ-ਹੌਲੀ ਬਾਹਰ ਦੀ ਦੁਨੀਆਂ ’ਚ ਕਦਮ ਰੱਖਿਆ ਬਾਹਰ ਨਿਕਲ ਕੇ ਉਨ੍ਹਾਂ ਨੇ ਇਹ ਸਾਬਤ ਕਰ ਦਿਖਾਇਆ ਹੈ ਕਿ ਉਹ ਵੀ ਦੁਨੀਆਂ ’ਚ ਕਾਫੀ ਕੁਝ ਕਰ ਸਕਦੀਆਂ ਹਨ ਉਨ੍ਹਾਂ ਦੀ ਰੂਟੀਨ ’ਚ ਕਾਫੀ ਬਦਲਾਅ ਆਇਆ ਪਰ ਗ੍ਰਹਿਸਥੀ ਨਾਲ ਜੁੜੀਆਂ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ’ਚ ਕੋਈ ਬਦਲਾਅ ਨਹੀਂ ਆਇਆ।

ਪਰਿਵਾਰ ਉਨ੍ਹਾਂ ਤੋਂ ਇਹ ਉਮੀਦ ਕਰਦਾ ਹੈ ਕਿ ਅੱਠ ਘੰਟੇ ਦੀ ਡਿਊਟੀ ਆਫਿਸ ’ਚ ਨਿਭਾਉਣ ਤੋਂ ਬਾਅਦ ਉਹ ਘਰ ’ਚ ਇੱਕ ਘਰੇਲੂ ਮਹਿਲਾ ਵਾਂਗ ਆਪਣੇ ਸਾਰੇ ਕੰਮ ਨਿਪਟਾਉਣ ਆਫਿਸ ’ਚ ਵੀ ਉਨ੍ਹਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣਾ ਬਿਹਤਰੀਨ ਕਰਕੇ ਦਿਖਾਉਣ ਅਤੇ ਘਰ ’ਤੇ ਤਾਂ ਉਸ ਤੋਂ ਸਾਰਿਆਂ ਦੀਆਂ ਉਮੀਦਾਂ ਜੁੜੀਆਂ ਹੀ ਰਹਿੰਦੀਆਂ ਹਨ ਅਜਿਹੇ ’ਚ ਉਹ ਆਪਣੀ ਸ਼ਖਸੀਅਤ ਭੁੱਲ ਜਾਂਦੀਆਂ ਹਨ।

ਅਜਿਹਾ ਲੱਗਦਾ ਹੈ ਕਿ ਮੰਨੋ ਅੱਜ ਔਰਤਾਂ ਦਾ ਜੀਵਨ ਸੰਘਰਸ਼ ਬਣ ਗਿਆ ਹੈ ਘਰ ’ਚ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਅਤੇ ਬਾਹਰ ਆਫਿਸ ਦੀਆਂ ਜ਼ਿੰਮੇਵਾਰੀਆਂ ਉਹ ਆਪਣੀ ਪਸੰਦ-ਨਾਪਸੰਦ ਭੁੱਲ ਗਈਆਂ ਹਨ ਉਨ੍ਹਾਂ ਨੂੰ ਦੂਜਿਆਂ ਦੀ ਪਸੰਦ ਨੂੰ ਆਪਣੇ ਉੱਪਰ ਥੋਪਣਾ ਪੈ ਰਿਹਾ ਹੈ ਉਹ ਆਪਣੇ ਸੁੱਖ-ਦੁੱਖ ਦਾ ਅਹਿਸਾਸ ਹੀ ਨਹੀਂ ਕਰ ਪਾਉਂਦੀਆਂ ਜ਼ਰੂਰਤ ਹੈ ਆਪਣੇ ਵਿਸ਼ੇ ’ਚ ਆਪਣੇ ਆਸ-ਪਾਸ ਅਤੇ ਪਰਿਵਾਰ ਦੇ ਲੋਕਾਂ ਨੂੰ ਜਾਗਰੂਕ ਬਣਾਉਣ ਦੀ ਆਪਣੀ ਪਹਿਲ ਦਾ ਖਿਆਲ ਰੱਖੋ ਘਰ ਦੇ ਹਰੇਕ ਮੈਂਬਰ ਨੂੰ ਇਹ ਦੱਸੋ ਕਿ ਤੁਸੀਂ ਉਨ੍ਹਾਂ ਲਈ ਬਹੁਤ ਕੁਝ ਕਰ ਰਹੇ ਹੋ ਪਰ ਕੁਝ ਆਪਣੇ ਲਈ ਵੀ ਕਰਨਾ ਚਾਹੁੰਦੇ ਹੋ ਘਰ ਦੇ ਹਰ ਮੈਂਬਰ ਤੋਂ ਘਰ ਦੇ ਕਿਸੇ ਨਾ ਕਿਸੇ ਕੰਮ ’ਚ ਮੱਦਦ ਜ਼ਰੂਰ ਲਓ ਇਸ ਨਾਲ ਤੁਹਾਡਾ ਕੰਮ ਵੀ ਅਸਾਨ ਹੋਵੇਗਾ ਅਤੇ ਤੁਹਾਨੂੰ ਵੀ ਇਹ ਅਹਿਸਾਸ ਹੋਵੇਗਾ ਕਿ ਪਰਿਵਾਰ ਵੀ ਤੁਹਾਡੇ ਲਈ ਕੁਝ ਸੋਚਦਾ ਹੈ


## Metrimonial

Suitable match for Parminder Singh Josan Sikh boy, trucking business in Canada, age 29 years, Height 5'-7". Contact 913-256-9498



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

Uscipp Insurance Services
1050 N Carpenter RD STE C, Modesto, CA 95351



TRUCK INSURANCE
TRUCK TAX IFTA



Amarjit S Bir
amarjit@uscipp.org
Lic#0I15593CA
Ph: (925)318-1247

## ਸ਼੍ਰੀ ਗੁਰੂ ਤੇਗ ਬਹਾਦਰ ਜੀ

ਨੌਵੇਂ ਗੁਰੂ ਜੀ ਦੀਆਂ, ਆਓ ਕਰੀਏ ਕਹਾਣੀਆਂ ,
ਧੰਨ ਧੰਨ ਕਰੀਏ ਨਾਲੇ, ਚੱਲੋ ਗਾਈਏ ਬਾਣੀਆਂ।
ਪਰਕਾਸ਼ ਗੁਰਾਂ ਨੇ ਸੀ, ਸ੍ਰੀ ਅੰਮ੍ਰਿਤਸਰ ਧਾਰਿਆ,
ਪਿਤਾ ਹਰਗੋਬਿੰਦ ਮਾਤਾ, ਨਾਨਕੀ ਦੇ ਦੁਲਾਰਿਆ।

ਪਹਿਲੀ ਅਪਰੈਲ ਸੋਲਾਂ ਸੌ, ਇੱਕੀ ਦੀ ਤਾਰੀਕ ਸੀ,
ਤਿਆਗ ਮੱਲ ਪਹਿਲਾ ਨਾਮ, ਬੜਾ ਹੀ ਸਟੀਕ ਸੀ।
ਛੇਵੇਂ ਗੁਰਾਂ ਦੇ ਪੰਜ ਪੁੱਤਰਾਂ 'ਚੋਂ,ਉਹ ਛੋਟੇ ਲਾਲ ਜੀ ,
ਧਾਰਮਿਕ ,ਸ਼ਾਸਤਰ ਵਿੱਦਿਆ, ਪੜ੍ਹੀ ਕਮਾਲ ਜੀ।

ਮੁਗ਼ਲਾਂ ਨਾਲ ਜੰਗਾਂ ਵਿੱਚ, ਜਦੋਂ ਦਿਖਾਏ ਜੌਹਰ ਜੀ,
ਤੀਰ ਤੇਗਾਂ ਵਾਹੁੰਦੇ ਤੱਕਕੇ, ਮੁਗ਼ਲ ਹੋਏ ਡੌਰ ਭੌਰ ਜੀ।
ਖ਼ੁਸ਼ ਸੀ ਪਿਤਾ ਹਰਗੋਬਿੰਦ, ਮੈਦਾਨ-ਏ-ਜੰਗ ਦੇਖ ਕੇ,
ਬਖ਼ਸ਼ਿਆ ਖ਼ਿਤਾਬ, 'ਤੇਗ ਬਹਾਦਰ' ਦਾ ਢੰਗ ਦੇਖ ਕੇ।

ਤਿਆਗ ਮੱਲ ਤੋਂ ਫਿਰ, ਤੇਗ ਦੇ ਧਨੀ ਉਹ ਬਣ ਗਏ,
ਪਰ ਵੈਰਾਗ ਭਗਤੀ ਵਿੱਚ, ਬਾਬੇ ਬਕਾਲੇ ਠਣ ਗਏ।
ਬਣਾ ਲਿਆ ਸੀ ਗੁਰਾਂ ਨੇ, ਭੌਰਾ ਧਰਤੀ ਦੇ ਹੇਠ ਜੀ,
ਲੀਨ ਹੋਏ ਪ੍ਰਭੂ ਭਗਤੀ 'ਚ, ਚੌਂਕੜਾ ਮਾਰ ਬੈਠ ਜੀ।

ਅਗਿਆਤ ਵਾਸ ਹੋ ਰਹੇ, ਬਕਾਲੇ ਚੌਦ੍ਹਾਂ ਸਾਲ ਜੀ,
ਸੋਲਾਂ ਸੌ ਚੌਂਹਠ ਵਿੱਚ ਬੈਠੇ, ਗੁਰਗੱਦੀ ਸੰਭਾਲ ਜੀ।
ਗੱਦੀ ਕਿੰਝ ਮਿਲੀ ਇੱਕ, ਵੱਖਰੀ ਕਹਾਣੀ ਮਾਣੋ ਜੀ,
ਅੱਠਵੇਂ ਗੁਰਾਂ ਨੇ ਆਖਿਆ, 'ਬਾਬਾ' ਬਕਾਲੇ ਜਾਣੋ ਜੀ।

ਕੋਈ ਨਹੀਂ ਜਾਣਦਾ ਸੀ ਕਿ, ਕੌਣ ਤੇਗ ਬਹਾਦਰ ਜੀ,
ਚਾਂਦਨੀ ਚੌਂਕ ਦੇਊ ਕੁਰਬਾਨੀ, ਬਣੂ ਹਿੰਦ ਚਾਦਰ ਜੀ ?
ਮੱਖਣ ਸ਼ਾਹ ਲੁਬਾਣੇ ਵਪਾਰੀ, ਆਣ ਕੇ ਸੀ ਲੱਭਿਆ,
ਗੁਰੂ ਲਾਧੋ ਦਾ ਨਾਅਰਾ ਲਾ ਕੇ,ਜੱਗ ਨੂੰ ਸੀ ਦੱਸਿਆ।

ਚੱਲ ਪਏ ਧਰਮ ਪ੍ਰਚਾਰ ਹੇਤ, ਪਟਨਾ ਜਾ ਪਹੁੰਚੇ ਸੀ,
ਛੱਡਕੇ ਪ੍ਰਵਾਰ ਪਿੱਛੇ ਪਟਨੇ, ਧਰਮ ਪ੍ਰਚਾਰ 'ਚ ਰੁੱਝੇ ਸੀ।
ਅਸਾਮੋਂ ਵਾਪਿਸ ਚੱਲ ਪਏ, ਪੰਜਾਬ ਆ ਜੁਗਤ ਬਣਾਈ,
ਲੈ ਕੇ ਮੁੱਲ ਜ਼ਮੀਨ ਰਾਜੇ ਤੋਂ, ਆ ਅਨੰਦਪੁਰੀ ਵਸਾਈ।

ਸ਼ਾਂਤ ਚਿੱਤ ਫਿਰ ਰਹਿ ਕੇ, ਮਨੁੱਖਤਾ ਦੀ ਸੇਵਾ 'ਚ ਜੁਟੇ,
ਤੋੜਦੇ ਬੰਧਨ ਜਾਤ ਪਾਤ ਦੇ, ਭਰਮ ਉਚ ਨੀਚ ਦੇ ਟੁੱਟੇ।
ਬਾਣੀ ਪੜ੍ਹਦੇ ਸਵੇਰ ਸ਼ਾਮ, ਨਾਲੇ ਨਿੱਤ ਦੀਵਾਨ ਸਜਾਉਂਦੇ,
ਆਪਭੁੱਲੀ ਭਟਕੇ ਇਨਸਾਨ ਨੂੰ, ਸਮਝਾ ਸਿੱਧੇ ਰਾਸਤੇ ਪਾਉਂਦੇ।

ਕਸ਼ਮੀਰੀ ਪੰਡਿਤਾਂ ਨੂੰ ਮੁਗ਼ਲਾਂ, ਸੀ ਰੱਜ ਕੇ ਸਤਾਇਆ,
ਸਵਾ ਮਣ ਜੰਞੂ ਲਾਹੁਣ ਦਾ, ਹੁਕਮ ਦਿੱਲੀਉਂ ਆਇਆ।
ਅੱਤਿਆਚਾਰ ਜਦੋਂ ਵੱਧ ਗਿਆ, ਸਾਰੇ ਹਿੰਦੂ ਸੀ ਸਹਿਮੇ,
ਆ ਹਾਜਰ ਹੋਏ ਗੁਰੂ ਜੀ ਅੱਗੇ, ਅਰਜ਼ੋਈ ਕਰ ਰਹਿਮੇ।

ਜਦੋਂ ਵਿਚਾਰਦੇ ਨੌਵੇਂ ਪਾਤਸ਼ਾਹ, ਬਾਲ ਗੋਬਿੰਦ ਜੀ ਆਏ,
ਦੇਖ ਕੇ ਗੰਭੀਰ ਪਿਤਾ ਜੀ ਨੂੰ, ਸਿੱਧੇ ਕਾਰਨ ਸੀ ਪੁਛਾਏ।
'ਕੁਰਬਾਨੀ ਮਹਾਂਪੁਰਸ਼ ਦੀ ਹੈ, ਧਰਮ ਦੀ ਰੱਖਿਆ ਮੰਗੇ',
ਪਿਤਾ ਜੀ ਹੋ ਜਾਊ ਤਿਆਰ, ਨਾ ਦਸ਼ਮੇਸ਼ ਕਹਿਣੋਂ ਸੰਗੇ।

ਝੱਟ ਤਿਆਰ ਹੋਏ ਦਿੱਲੀ ਨੂੰ, ਚਾਂਦਨੀ ਚੌਕ ਜਾ ਡੇਰੇ ਲਾਏ,
ਹਿੰਦੂ ਧਰਮ ਬਚਾਉਣ ਲਈ, ਗੁਰੂ ਜੀ ਜਾ ਸੀਸ ਕਟਾਏ।
ਇੰਝ ਵੱਡਾ ਸਾਕਾ ਹੋਇਆ, ਗੁਰੂ ਸਿਧਾਰ ਗਏ ਪਰਲੋਕ,
ਹੈ ਹੈ ਸਭ ਜੱਗ ਭਇਉ ਤੇ, 'ਨੂਰਪੁਰੀ' ਜੈ ਜੈ ਸਰਲੋਕ।

ਸੇਵਾ ਸਿੰਘ ਨੂਰਪੁਰੀ

## ਜਿਹਦੀ ਲਾਠੀ ਉਹਦੀ ਮੱਝ

ਲਿਖਿਆ ਕੰਧਾਂ 'ਤੇ 'ਸੱਤਯ ਮੇਵ ਜਯਤੇ'
ਐਪਰ ਝੂਠ ਦੇ ਮੋਹਰੇ ਸੱਚ ਢਈ ਜਾਂਦਾ।
ਮੂੰਹ-ਜੋਰ ਦੀ ਹੈਂਕੜ ਹੀ 'ਪੁੱਗਦੀ' ਐ
ਭਾਂਵੇਂ ਜੂਨ ਨੂੰ ਬੋਲੀ ਉਹ 'ਮਈ' ਜਾਂਦਾ।
ਅਫਸਰ 'ਉੱਪਰਲੇ' ਹੁਕਮ ਨੂੰ ਮੰਨਕੇ ਜੀ
ਖੜ੍ਹੇ ਇੱਕ ਨੂੰ ਲਿਖੀ ਉਹ 'ਕਈ' ਜਾਂਦਾ।
ਲੱਗੇ ਮੁਨਸਫ ਵੀ ਹੋਇਆ ਕਮਜ਼ੋਰ ਯਾਰੋ
ਗਲ ਵਿੱਚ 'ਗੂਠਾ ਨਿਆਂ ਦੇ ਦਈ ਜਾਂਦਾ।
ਜਿੱਤ ਸੱਚ ਦੀ ਲਗਦੀ ਵੀ ਹਾਰ ਮਿਲਦੀ
ਬਹੁ-ਗਿਣਤੀ ਦਾ 'ਜ਼ੋਰ' ਹੀ ਪਈ ਜਾਂਦਾ।
ਸਹੀ ਮਾਲਕ ਰਹਿ ਜਾਂਦਾ ਏ ਹੱਥ ਮਲਦਾ
'ਲਾਠੀ ਵਾਲਾ' ਹੀ ਮੱਝ ਨੂੰ ਲਈ ਜਾਂਦਾ!



ਤਰਲੋਚਨ ਸਿੰਘ 'ਦੁਪਾਲਪੁਰ'
78146-92724

## ਏਹੁ ਹਮਾਰਾ ਜੀਵਣਾ....

(ਪੰਜਾਬ ਦੀ ਪੁਕਾਰ)
ਪਿੰਡ ਘੜਾਮਿਓਂ ਰੋਮੀ ਰਾਹੀਂ ਰਿਹਾ ਮੈਂ ਅਰਜ ਗੁਜਾਰ।
ਸੁਣੀ ਡਾਹਢਿਆ ਮੈਂ ਪੰਜਾਬ ਦੀ ਤੈਨੂੰ ਲਾਈ ਪੁਕਾਰ।

ਡਾਵਾਂਡੋਲ ਹੈ ਸਿਹਤ ਤੇ ਸਿੱਖਿਆ, ਨੌਕਰੀਆਂ ਦੀ ਥੋੜ੍ਹ।
ਸਭ ਤੋਂ ਵੱਡਾ ਮੁੱਦਾ ਕਰਜਾ, ਤਿੰਨ ਕੁ ਲੱਖ ਕਰੋੜ।

ਧੀਆਂ-ਪੁੱਤਾਂ ਨੇ ਅੰਦਰੋਂ ਅੰਦਰੀ ਰਲਮਿਲ ਮਤੇ ਪਕਾਏ।
ਜਿੰਨੇ ਜ਼ੁੰਮੇਵਾਰ ਸੀ ਇੱਕ ਇੱਕ ਕਰਕੇ ਖੂੰਜੇ ਲਾਏ।

ਛੇਕੇ ਸਭ ਪੁਰਾਣੇ ਲਾਹ ਲਏ ਝਪਟ ਸਿਰਾਂ ਤੋਂ ਤਾਜ।
ਰੱਖ ਆਸਾਂ-ਧਰਵਾਸਾਂ ਦਿੱਤੇ ਨਵਿਆਂ ਦੇ ਸਿਰ ਸਾਜ।

ਇਹ ਸੋਚ ਕਿ ਅਸਲੀ ਮੁੱਦੇ ਕਰ ਦੇਵਣਗੇ ਹੱਲ।
ਐਪਰ ਚਾਲ ਪੁਰਾਣਿਆਂ ਵਾਲੀ ਹੁਣ ਵੀ 'ਚੱਲ ਸੋ ਚੱਲ'।

ਓਵੇਂ ਹੀ ਹੜਤਾਲਾਂ, ਧਰਨੇ, ਵਰ੍ਹੀ ਜਾਂਦੀਆਂ ਡਾਂਗਾਂ।
ਆਗੂ ਮਿਹਣੋ-ਮਿਹਣੀ ਲਾਹੁੰਦੇ ਇੱਕ ਦੂਜੇ ਦੀਆਂ ਸਾਂਗਾਂ।

ਗੱਡੀਆਂ, ਬਾਡੀਗਾਰਡ, ਕਾਫਲੇ ਉਵੇਂ ਹੀ ਪਾਉਂਦੇ ਖੌਰੂ।
ਜਨਤਾ ਅੱਜ ਵੀ ਹੁੰਦੀ ਪਿੰਡ ਵਿੱਚ ਜਿਉਂ 'ਮਾੜੇ ਦੀ ਜ਼ੋਰੂ'।

ਉੱਪਰੋਂ ਸੱਚ ਸੁਣਾਵਣ ਵਾਲਿਆਂ ਦੇ ਨਾਲ਼ ਲੜਦੇ ਭਿੜਦੇ।
ਗਲੀ, ਮੁਹੱਲਿਆਂ, ਮੋੜਾਂ ਉੱਤੇ ਭਗਤ ਚਾਂਬਲੇ ਫਿਰਦੇ।

ਬਹੁਤ ਖੁਸ਼ੀ ਸਾਂ ਕਿ ਸ਼ਾਇਦ ਇਹ ਨਵੇਂ ਲਿਖਣਗੇ ਲੇਖ।
ਪਰ 'ਏਹੁ ਹਮਾਰਾ ਜੀਵਣਾ, ਤੂ ਸਾਹਿਬ ਸਚੇ ਵੇਖੁ'।

'ਏਹੁ ਹਮਾਰਾ ਜੀਵਣਾ, ਤੂ ਸਾਹਿਬ ਸਚੇ ਵੇਖੁ'।



ਰੋਮੀ ਘੜਾਮੇਂ ਵਾਲਾ
9855281105

## ਭਰੋਸਾ

ਭਰੋਸਾ ਕੀ ਹੈ ਜਿੰਦਗੀ ਦਾ ਤੂੰ ਹੱਸ ਲੈ ਗਾ ਲੈ ਓ ਸੱਜਣਾ
ਕਿਤੇ ਰੁੱਸੇ ਨਾ ਮਰ ਜਾਈਏ ਤੂੰ ਗਲ ਨਾਲ ਲਾ ਲੈ ਓ ਸੱਜਣਾ

ਇਹ ਜ਼ਿੰਦਗੀ ਮੇਲਾ ਦੋ ਦਿਨ ਦਾ ਪਤਾ ਨਹੀਂ ਵਿਛੜ ਕਦੋਂ ਜਾਣਾ
ਜਿਹੜੀ ਹਉਮੈ ਵਿੱਚ ਫਿਰਦਾ ਏਂ ਉਹ ਮਾਰ ਮੁਕਾ ਲੈ ਓ ਸੱਜਣਾ
ਭਰੋਸਾ ਕੀ ਹੈ ਜ਼ਿੰਦਗੀ ਦਾ, ਤੂੰ ਹੱਸ ਲੈ ਗਾ ਲੈ ਓ ਸੱਜਣਾ...

ਇਹ ਦੁਨੀਆ ਖੁਸ਼ ਨਹੀਂ ਹੋਣੀ ਤੂੰ ਜਿੰਨਾ ਮਰਜੀ ਖੁਸ਼ ਕਰ ਲੈ
ਜੋ ਤੈਨੂੰ ਚੰਗਾ ਲੱਗਦਾ ਏ, ਉਹ ਪੀ ਲੈ ਖਾ ਲੈ ਓ ਸੱਜਣਾ
ਭਰੋਸਾ ਕੀ ਹੈ ਜ਼ਿੰਦਗੀ ਦਾ, ਤੂੰ ਹੱਸ ਲੈ ਗਾ ਲੈ ਓ ਸੱਜਣਾ

ਕਿਉਂ ਦਿਲ ਵਿਚ 'ਖੁਸ਼ੀ' ਫਿਰਦੈਂ, ਤੂੰ ਪਾਲੀ ਨਫ਼ਰਤ ਦੇ ਬੂਟੇ
ਕਦੇ ਤਾਂ ਗੱਲ ਪਿਆਰਾਂ ਦੀ ਤੂੰ ਕਰ ਮਨ ਭਾ ਲੈ ਓ ਸੱਜਣਾ
ਭਰੋਸਾ ਕੀ ਹੈ ਜ਼ਿੰਦਗੀ ਦਾ, ਤੂੰ ਹੱਸ ਲੈ ਗਾ ਲੈ ਓ ਸੱਜਣਾ ....



ਖੁਸ਼ੀ ਮੁਹੰਮਦ 'ਚੱਠਾ'

## ਕਵਿਤਾ

ਮੇਰੇ ਹੱਥੀਂ ਫੜ੍ਹੀ ਕਿਤਾਬ, ਇਹ ਆਪ ਲਿਖੀ ਹੈ ਮੈਂ।
ਆਪਣੇ ਹੱਥੀਂ ਚੁੱਕ ਚੁੰਮ ਕੇ, ਪੜ੍ਹਨੇ ਲਈ ਖੋਹਲੀ ਹੈ।

ਪੜ੍ਹਨਾ ਜੋ ਚਾਹੁੰਦੀ ਹਾਂ, ਰੀਝਾਂ ਲਾ ਹਰ ਪੰਨਾ।
ਲਿਖੀਆਂ ਹੱਡਬੀਤੀਆਂ, ਤਾਜ਼ਾ ਕਰਨ ਲਈ।

ਹੋਈਆਂ ਅਣਹੋਈਆਂ, ਬੀਤੀਆਂ ਜੋ ਤਨ ਉੱਤੇ।
ਰੱਖੀਆਂ ਦਿਮਾਗ ਰਾਹੀਂ, ਸੀਨੇ ਨਾਲ ? ਲਾ ਜੋ ਮੈਂ।

ਉਹਨਾਂ ਨੂੰ ਪੜ੍ਹ ਲਵਾਂ, ਸਬਕਾਂ ਨੂੰ ਸਿੱਖ ਲਵਾਂ।
ਕਿਹੜੇ ਉਹ ਆਪਣੇ, ਜਿੰਨਾਂ ਸਬਕ ਸਿਖਾਏ ਸੀ।

ਵੇਖਾਂ ਕਿਸ ਛਿੱਲਿਆ ਸੀ, ਅੱਲੇ ਮੇਰੇ ਜਖਮਾਂ ਨੂੰ।
ਕਿਹੜੇ ਉਹ ਆਪਣੇ, ਜਿੰਨਾਂ ਤੋਂ ਦੂਰ ਰਹਿਣਾ ਮੈਂ।

ਆਪਣਾ ਜੇ ਕਹਿਣ ਲੱਗਣ, ਗੱਲ ਹੱਸ ਕੇ ਟਾਲ ? ਦੇਣੀ।
ਮਾੜਾ ਵੀ ਨਹੀਂ ਕਹਿਣਾ, ਇਤਬਾਰ ਵੀ ਨਹੀਂ ਕਰਨਾ।

ਨਾਲ ਸਮਾਂ ਵੀ ਵੇਖਣਾ ਮੈਂ, ਕਿਤੇ ਠਹਿਰਿਆ ਤੇ ਨਹੀਂ।
ਸੁਣਿਆਂ ਇਹਦੇ ਬਦਲਦਿਆਂ, ਸਭ ਸਾਡਾ ਕਹਿੰਦੇ ਨੇ।

ਸੁਣਿਆਂ ਚੁੱਲੇ ਅੱਗ ਬਲਦੀ ਵੇਖ, ਸਾਰੇ ਮੁੜ ਆਉਂਦੇ ਨੇ।
ਕਹਿੰਦੇ ਪੌੜੀ ਚੜ੍ਹੇ ਨੂੰ ਵੇਖ, ਪੌੜੀ ਫੜ੍ਹਨ ਨੂੰ ਆਖਦੇ ਨੇ।

ਆਪਣੀ ਇਹ ਲਿਖੀ ਕਿਤਾਬ, ਸਾਰੀ ਪੜ੍ਹ ਲੈ ਲਈ ਮੈਂ।
ਬਦਲ ਦਿੱਤਾ ਹੈ ਇਸਨੇ, ਸਮਾਂ ਜੋ ਮਾੜਾ ਆਇਆ ਸੀ।

ਬਦਲਿਆ ਸਮਾਂ ਮੇਰਾ, ਕਿਤਾਬ ਨੂੰ ਪੜ੍ਹ ਲਿਖਕੇ।
ਰੋਜੀ ਵੀ ਮਿਲਦੀ ਹੈ, ਨਾਲ ਜਦ ਇਹ ਖੜ੍ਹਜੇ।

ਸਰਬ ਸਬਕ ਦੇਵਾਂ ਤੁਹਾਨੂੰ, ਯਾਦ ਰੱਖਿਉ, ਕਿਹਾ ਸਾਨੂੰ।
ਮੇਰੇ ਬੱਚਿਉ ਪੜ੍ਹੋ ਕਿਤਾਬ, ਸਾਰੇ ਪੂਰੇ ਕਰਦੀ ਖ਼ੁਆਬ।



ਸਰਬਜੀਤ ਕੌਰ ਪੀਸੀ

## ਕਵਿਤਾ

ਮਾਏ ਨੀ ਮੈਂ ਲੇਖ ਲਿਆਈ, ਕਿਉਂ ਧੁਰ ਤੋਂ ਹੀ ਮਾੜੇ ਨੀ ?
ਬਾਹਰੋਂ ਭਾਂਵੇ ਹੱਸਦੀ ਆਂ, ਪਰ ਅੰਦਰ ਪਏ ਉਜਾੜੇ ਨੀ !!


ਨੀਲਾ ਅੰਬਰ ਕਾਲਾ ਜਾਪੇ, ਘਟਾ ਜਿਵੇਂ ਘਨਘੋਰ ਕੋਈ
ਗਮਾਂ ਦੇ ਪਿੰਜਰੇ ਮੈਂ ਰੁਲ ਚਲੀ, ਹਾਸੇ ਲੈ ਗਿਆ ਚੋਰ ਕੋਈ !!

ਮਾਏ ਨੀ ਮੇਰੇ ਨੈਣਾਂ ਵਿੱਚੋਂ, ਮੁੱਕਿਆ ਸਬਰ ਹੈ ਆਸਾਂ ਦਾ
ਖ਼ਬਰੇ ਕਦ ਨੂੰ ਫਲ ਮਿਲੇਗਾ, ਬੇਅੰਤੀ ਅਰਦਾਸਾਂ ਦਾ!!

ਤਿੜਕ ਰਹੀ ਹਾਂ ਕੱਚ ਵਾਂਗਰਾਂ, ਕੰਨੀ ਟਾਟਾਂ ਸ਼ੋਰ ਦੀਆਂ
ਬੇਰਹਿਮ ਅੱਵਲੀਆਂ ਪੀੜਾਂ ਮਾਏ, ਹੱਡ ਮੇਰੇ ਨੇ ਖੋਰਦੀਆਂ!!

ਹਿਜਰ ਮੇਰੇ ਵਿੱਚ ਚਸਕ ਉੱਠੀ ਏ, ਗੁੱਝੀ ਲੱਗੀ ਸੱਟ ਨੀ ਮਾਏ
ਜੇਕਰ ਲੱਗਦੇ ਜਿਸਮ ਮੇਰੇ ਤੇ, ਸਹਿ ਲੈਂਦੀ ਮੈਂ ਫੱਟ ਨੀ ਮਾਏ!!

ਮਾਏ ਮੇਰੇ ਜਿਹਨ ਵਿੱਚੋਂ, ਆਸ ਮੁੱਕੀ ਏ ਜੀਵਣ ਦੀ
ਨਹੀਂ ਬਚੀ ਏ ਹਿੰਮਤ ਹੁਣ ਮਾਂ, ਖਾਰੇ ਹੰਝੂ ਪੀਵਣ ਦੀ !!



ਸਰਬਜੀਤ ਕੌਰ ਹਾਜੀਪੁਰ, ਸ਼ਾਹਕੋਟ

## ਤਿੜਕਿਆ ਸ਼ੀਸ਼ਾ

ਨਜ਼ਰ ਤੇਰੀ ਜਦ ਤਿੜਕਿਆ ਸ਼ੀਸ਼ਾ
ਇੱਕ ਵੱਖਰਾ ਚੰਨ ਵਿਖਾਇਆ ਤੂੰ।
ਵਿੱਚ ਸ਼ੀਸ਼ੇ ਸਾਰਿਆਂ
ਮੂੰਹ ਅਪਣਾ ਤੱਕੇ
ਤਿੜਕਿਆਂ ਮੂੰਹ ਚਿੜਾਇਆ ਤੂੰ।
ਚੰਨ ਚੰਨ ਮੈਨੂੰ
ਆਖ ਨਾਂ ਥੱਕੇ
ਹਰ ਚਿਹਰੇ ਚੰਨ
ਅਪਣਾ ਤੱਕੇ
ਕਿੱਡਾ ਕਹਿਰ
ਕਮਾਇਆ ਤੂੰ।
ਈਦ ਦਾ ਚੰਨ ਕਹੇ
ਮੱਸਿਆ ਦੀ ਰਾਤੀਂ
ਗ੍ਰਹਿਣ ਚੰਨ ਨੂੰ
ਲਾਇਆ ਤੂੰ,
ਦਿਨ ਦਿਹਾੜੇ
ਸ਼ੀਸ਼ਾ ਤਿੜਕਾ ਕੇ
ਹਨੇਰਾ ਘੁੱਪ
ਵਸਾਇਆ ਤੂੰ,
ਦਿਲ ਮੇਰੇ ਤੇ
ਸੱਟਾਂ ਲੱਗੀਆਂ
ਮੈਨੂੰ ਬਹੁਤ
ਰਵਾਇਆ ਤੂੰ,
ਨਜ਼ਰ ਤੇਰੀ ਜਦ ਤਿੜਕਿਆ ਸ਼ੀਸ਼ਾ
ਇੱਕ ਵਖਰਾ ਚੰਨ ਵਿਖਾਇਆ ਤੂੰ

ਬਲਰਾਜ ਚੰਦੇਲ ਜਲੰਧਰ

## ਨਕਲੀ ਚਿਹਰੇ...

ਪਹਿਲਾਂ ਵਰਗੇ ਲੋਕ ਰਹੇ ਨਾ,
ਨਾ ਪਹਿਲਾਂ ਵਰਗੀਆਂ ਪ੍ਰੀਤਾਂ।
ਨਕਲੀ ਨਕਲੀ ਚਿਹਰੇ ਨੇ ਤੇ,
ਖੋਟੀਆਂ ਜਿਹੀਆਂ ਨੀਤਾਂ।
ਪਹਿਲਾਂ ਵਰਗੇ....
ਪਹਿਲੋਂ ਪਿਆਰ ਸੀ ਸੱਚੇ ਸੁੱਚੇ,
ਇਬਾਦਤ ਵਰਗੀਆਂ ਯਾਰੀਆਂ।
ਹੁਣ ਤਾਂ ਛੁਰੀਆਂ ਪਿੱਠਾਂ ਦੇ ਵਿੱਚ,
ਭਾਈਆਂ ਯਾਰਾਂ ਮਾਰੀਆਂ।
ਜ਼ਹਿਰ ਮਿਲਾ ਦੇ ਗਏ ਚੂਰੀ,
ਤਰਸ ਨਾ ਮਨ ਵਿੱਚ ਮੀਤਾਂ।
ਪਹਿਲਾਂ ਵਰਗੇ.....
ਮਾਇਆ ਪਿੱਛੇ ਪਾਗਲ ਹੋਏ,
ਛੋਟੇ ਵੱਡੇ ਕਰ ਲਏ ਕਾਰੇ।
ਝੂਠੀਆਂ ਕਸਮਾਂ ਖਾ ਕੇ ਮੁੱਕਰੇ,
ਤੇਰੇ ਮੇਰੇ ਸੱਭ ਡਕਾਰੇ।
ਝੂਠੇ ਖੁਸ਼ੀ ਗਮੀ ਦੇ ਚੋਜ ਤੇ,
ਦਿਖਾਵੇ ਰਹਿ ਗਈਆਂ ਰੀਤਾਂ।
ਪਹਿਲਾਂ ਵਰਗੇ.....
ਤੁਰ ਗਏ ਕਈ 'ਕੱਠੀ ਕਰਦੇ,
ਹੁਣ ਨਵਿਆਂ ਕੁੰਡਲੀ ਮਾਰੀ।
ਸਾਰਾ ਜਹਾਨ ਜਿੱਤ ਕੇ ਏਸ,
ਮਾਇਆ ਤੋਂ ਦੁਨੀਆਂ ਹਾਰੀ।
ਰੋਂਦੇ ਹਉਕੇ ਲੈ ਕੇ ਰਿਸ਼ਤੇ,
ਵਿੱਚ ਮਨਜੀਤ ਦੇ ਗੀਤਾਂ।
ਪਹਿਲਾਂ ਵਰਗੇ.....



ਮਨਜੀਤ ਕੌਰ ਧੀਮਾਨ
9464633059

## ਧੀਆਂ ਦੀ ਵਿਦੇਸ਼ੀ ਪੜ੍ਹਾਈ

ਬਾਬਲ ਦੀ ਬਗੀਚੀ ਦੀਏ ਚਿੜੀਏ
ਨਿੱਕੇ ਫੁੱਲਾਂ ਵਾਂਗੂੰ ਖਿੜੀਏ
ਅੱਜ ਅਸੀਂ ਹੋਏ ਮਜਬੂਰ
ਲੰਮੀ ਉਡਾਰੀ ਵਿਦੇਸ਼ ਤੁਰ ਜਾਣਾ
ਪੜ੍ਹਾਈ ਨੇ ਕੀਤਾ ਸਾਥੋਂ ਦੂਰ

ਸਾਡਾ ਰੰਗਲਾ ਪੰਜਾਬ
ਘਰ ਖਿੜੀ ਗੁਲਜ਼ਾਰ
ਇੱਕ ਦੂਜੇ ਵੱਲ ਵੇਖ
ਸਭ ਤੁਰੇ ਜਾਣ ਬਾਹਰ
ਨਾਂ ਇਹ ਰੋਕਿਆਂ ਰੁਕਣ
ਅੱਖੀਆਂ ਦੀ ਝੱਲਣ ਨਾਂ ਘੂਰ
ਲੰਮੀ ਉਡਾਰੀ ਵਿਦੇਸ਼...

ਇਹ ਕਿਹੋ ਜਿਹਾ ਸਮਾਂ
ਹੋ ਗਏ ਬੱਚਿਆਂ ਤੋਂ ਵੱਖ
ਇੱਕ ਕਨੇਡਾ ਦੂਜਾ ਯੂ ਕੇ
ਇਹ ਹੈ ਪੂਰਾ ਦਿਸੇ ਸੱਚ
ਬਾਬਾ ਨਾਨਕਾ ਤੂੰ ਰੋਕ
ਭਰ ਉਡੇ ਜਾਣ ਜ਼ਹਾਜ਼ਾ ਦੇ ਪੂਰ
ਲੰਮੀ ਉਡਾਰੀ ਵਿਦੇਸ਼...

ਭਾਵੇਂ ਓਥੇ ਜਾ ਕੇ ਹੋਣ ਤੰਗ
ਭੂਤ ਬਾਹਰ ਜਾਣ ਦਾ ਸਵਾਰ
ਕੋਠੀਆਂ ਬੱਚਿਆਂ ਤੋਂ ਖਾਲੀ
ਮਾਂ ਪਿਓ ਬੈਠੇ ਵੇਹੜੇ ਵਿਚਕਾਰ
ਦੱਸੂ ਆਉਣ ਵਾਲਾ ਸਮਾਂ
ਕਿੰਨਾ ਆਸਾਂ ਨੂੰ ਪੈਂਦਾ ਏ ਬੂਰ
ਲੰਮੀ ਉਡਾਰੀ ਵਿਦੇਸ਼ ਤੁਰ ਜਾਣਾ
ਪੜ੍ਹਾਈ ਨੇ ਕੀਤਾ ਸਾਥੋਂ ਦੂਰ



ਗੁਰਚਰਨ ਸਿੰਘ ਧੰਜੂ

## ਗ਼ਜ਼ਲ

ਮੈਂ ਭੀੜ ਦੇ ਵਿੱਚ ਇਕੱਲੀ ਹਾਂ।
ਤੇ ਲੋਕੀ ਕਹਿਣ ਅਵੱਲੀ ਹਾਂ।

ਉਹਨਾਂ ਚੋਖਾ ਮੁੱਲ ਵੱਟਿਆ ਏ,
ਪਰ ਮੈਂ ਧੋਖੇ ਵਿੱਚ ਝੱਲੀ ਹਾਂ।

ਤੂੰ ਲਹੂ ਅਸਾਡਾ ਪੀਤਾ ਏ
ਮੈਂ ਹੰਝੂ ਪੀ ਪੀ ਟੱਲੀ ਹਾਂ।

ਮੈਂ ਸ਼ਾਂਤ ਸੁਭਾਅ ਚੁੱਪ ਰਹਿੰਦੀ ਹਾਂ
ਪਰ ਬੋਲਣ ਵਿੱਚ ਤਰਥੱਲੀ ਹਾਂ

ਮੰਜ਼ਿਲ ਉੱਤੇ ਪਹੁੰਚੀ ਹਾਂ ਤਦ
ਜਦ ਵੀ ਰਾਹਾਂ ਉੱਤੇ ਚੱਲੀ ਹਾਂ

ਗੋਰੇ ਰੰਗ ਦਾ ਮਾਣ ਕਰੀਂ ਨਾ
ਮੈਂ ਵੀ ਦੇਧੇ ਦੀ ਛੱਲੀ ਹਾਂ

ਜੇ ਪੁੱਤ ਰੱਬ ਦੀਆਂ ਦਾਤਾਂ ਨੇ
ਮੈਂ ਧੀ ਨਾਨਕ ਨੇ ਘੱਲੀ ਹਾਂ

ਜੋ ਦੁਨੀਆਂ ਦਾ ਢਿੱਡ ਭਰਦੀ ਹੈ
ਉਹ ਕਿਰਤ ਕਣਕ ਦੀ ਬੱਲੀ ਹਾਂ

ਕਿਰਤੀ ਦੀ ਜਾਇਦਾਦ ਬੜੀ
ਇੱਜ਼ਤ ਦੀ ਦਾਤੀ ਪੱਲੀ ਹਾਂ

'ਪ੍ਰੀਤ' ਜਿਉਂ ਵੋਟਾਂ ਬਦਲੇ ਦਿਲ ਨੂੰ
ਬੱਸ ਦਿੰਦੀ ਰਹੀ ਤਸੱਲੀ ਹਾਂ।



ਪਰਮ 'ਪ੍ਰੀਤ' ਬਠਿੰਡਾ

## ਕਵਿਤਾ-

ਮੇਰੇ ਸਬਰ ਦੀ ਟਾਹਣੀ ਟੁੱਟ ਜਾਣੀ,
ਇਹ ਜਿੰਦ ਏਦਾ ਹੀ ਮੁੱਕ ਜਾਣੀ......

ਇਹ ਰੁੱਤ ਮੁਹੱਬਤੀ ਨਹੀਂ ਰਹਿਣੀ ,
ਬਣ ਆਸ਼ਿਕ ਇਕ ਦਿਨ ਲੁੱਟ ਜਾਣੀ।

ਤਪਸ਼ ਨਾਲ ਮਰ ਰਿਹਾ ਪਰਿੰਦਾ ਮੈਂ,
ਜਿਹਨੂੰ ਮੰਗਿਆ ਮਿਲਦਾ ਨਹੀਂ ਪਾਣੀ।

ਇਕ ਪੀੜ ਸਹੀ ਮੇਰੇ ਸੀਨੇ ਨੇ,
ਉਸ ਬੇਦਰਦ ਨੇ ਚੀਸ ਵੀ ਨਾ ਜਾਣੀ।

ਮੇਰੇ ਹੌਕਿਆਂ ਦੇ ਵਿਚ ਚੀਕਾਂ ਸੀ ,
ਕੀ ਕਰਦਾ ਫਿੱਕੀਆਂ ਲੀਕਾਂ ਸੀ ।

ਉਹਦੇ ਆਉਣ ਦੇ ਦਿਨ ਕੀ ਗਿਣ ਬੈਠਾ,
ਪਰ ਲੰਮੀਆਂ ਮੇਰੀਆਂ ਡੀਕਾਂ (ਉਡੀਕਾਂ) ਸੀ।

ਹੁਣ ਤਾਂਹੀ ਅੱਗ ਵਿੱਚ ਡਹਿ ਬੈਠਾ,
ਮੇਰੇ ਦਿਲ ਦੀ ਕਦੇ ਸੀ ਉਹ ਰਾਣੀ।

ਇਕ ਪੀੜ ਸਹੀ ਮੇਰੇ ਸੀਨੇ ਨੇ ,
ਉਸ ਬੇਦਰਦ ਨੇ ਚੀਸ ਵੀ ਨਾ ਜਾਣੀ......

ਇਹ ਇਸ਼ਕ ਦੇ ਬੂਟੇ ਨਹੀ ਪੁੰਗਰੇ,
ਜੋ ਪੁੰਗਰੇ ਸੀ ਕਦੇ ਅੱਜ ਸੁੰਗੜੇ ।

ਏਨਾ ਸੁੰਗੜਿਆਂ ਦੇ ਹੱਡ ਪੀਸ ਗਏ ,
ਛੱਡ ਸਿਮਰਨ ਸੀ ਕੋਈ ਜਿੰਦ ਨਿਆਣੀ।

ਮੈਂ ਕਹਿੰਦਾ ਕਹਿੰਦਾ ਮਰ ਚੱਲਿਆ,
ਬਸ ਏਸ ਹਿਜ਼ਰ ਨੂੰ ਨਾ ਮਾਣੀ।



ਇੱਕ ਪੀੜ ਸਹੀ ਮੇਰੇ ਸੀਨੇ ਨੇ,
ਉਸ ਬੇਦਰਦ ਨੇ ਚੀਸ ਵੀ ਨਾ ਜਾਣੀ..

**ਸਿਮਰਨਜੀਤ ਕੌਰ ਸਿਮਰ**

## ਕਵਿਤਾ

ਦਿਲ ਦੇ ਸ਼ਹਿਰ ਹਜ਼ਾਰਾਂ ਕਾਅਬੇ
ਵਿਚ ਇਕ ਕਾਅਬਾ ਤੇਰਾ
ਹੁੰਦਾ ਜਾਵੇ ਸ਼ਾਮ ਢਲ਼ੀ ਤੋਂ
ਇਸ਼ਕ ਦਾ ਝੱਲ ਘਨੇਰਾ

ਖ਼ਲਕਤ ਵੱਲੋਂ ਅੰਨ੍ਹੇ ਬੋਲ਼ੇ
ਸਿਰ ਬਿਰਹੇ ਦੀ ਆਰੀ
ਦੀਵੇ ਦੇ ਨਾਲ਼ ਦੀਵਾ ਲੱਭਾਂ
ਮੱਤ ਗਈ ਏ ਮਾਰੀ

ਉਹ ਦਿਲਬਰ ਉਰਵਾਰ ਨਾ ਪਾਰਾ
ਨਾ ਹੀ ਬਲਖ਼-ਬੁਖ਼ਾਰੇ
ਉਸਦੀ ਛੋਹ ਨੂੰ ਤਰਸਣ ਟਿੱਲੇ
ਰੋਵਣ ਤਖ਼ਤ ਹਜਾਰੇ

ਵਗਦੇ ਰਹਿਣ ਹਜ਼ਾਰਾਂ ਤੀਰਥ
ਜਿਸਦੇ ਪੈਰਾਂ ਥੱਲੇ
ਉਸਦੇ ਅੱਗੇ ਰੂਹ ਮੇਰੀ ਦੀ
ਪੇਸ਼ ਨਾ ਕੋਈ ਚੱਲੇ

ਬਹਿ ਗਿਆ ਹਿਜਰ ਜਮਾਤ ਰੂਹਾਨੀ
ਲੈ ਕੇ ਕਾਇਦਾ, ਫੱਟੀ
ਵਾਹਵਾ ਖ਼ੂਬ! ਇਸ਼ਕ ਨੇ ਖੋਲ੍ਹੀ
ਅੱਖਾਂ ਉੱਤੋਂ ਪੱਟੀ

ਉਸਦੀ ਖ਼ਬਰ ਸੁਣਾਵੇ ਜਿਹੜਾ
ਨੌ ਲੱਖ ਤਾਰਾ ਦੇਵਾਂ
ਝੁਕ ਕੇ ਕਰਾਂ ਤਵਾਫ਼ ਤੇ ਨਾਲ਼ੇ
ਚੂਲ਼ੀ ਭਰ ਕੇ ਪੀਵਾਂ

ਦਿਲ ਦੇ ਚੈਨ ਨੇ ਹਿਜਰਤ ਕੀਤੀ
ਸਰਫ਼ਾ ਕੀਤਾ ਸਾਹਵਾਂ
ਕਿਬਲੇ ਵਿਚ ਹੁਜ਼ੂਰ ਨੀ ਲਗਦੇ
ਕਿੱਥੇ ਕਰਾਂ ਦੁਆਵਾਂ?

ਜਿਹੜੇ ਘਰ ਦਿਲਦਾਰ ਨਹੀਂ
ਉਸ ਦਰ ਦੇ ਨਾਲ਼ ਕੀ ਖਹਿਣਾ
ਉਸ ਮੇਹਰਾਬ ਦੇ ਹੇਠਾਂ ਕ?ਲਮਾ
ਪੜ੍ਹ ਕੇ ਵੀ, ਕੀ ਕਰਨਾ?

ਆਲਿਮ ਹੋ ਕੇ ਤਾੜੀ ਮਾਰੀ
ਰੋਂਦਾ ਜੱਗ ਹਸਾਇਆ
ਜਾਹਿਲ ਮਨ ਦੇ ਹੱਥੋਂ
ਰੂਹ ਦਾ ਖ਼ਿਰਕਾ ਪਾੜ ਗੰਵਾਇਆ

ਕਰ ਕੇ ਫ਼ਨਾ ਗ਼ਰੂਰ ਦੀ ਹਸਤੀ
ਭਰ ਲਈ ਵਿਚ ਕਲਾਵੇ
ਵੇਖੀਂ ਇੰਤਜ਼ਾਰ ਵਿਚ ਕੋਈ
ਜਿਉਂਦਾ ਨਾ ਮਰ ਜਾਵੇ



**ਰਿੱਤੂ ਵਾਸੂਦੇਵ**

## ਅਰਜਨ ਵੈਲੀ

ਕੋਈ ਕਹਿੰਦਾ ਲੁਧਿਆਣੇ ਦਾ ਸੀ
ਕਈ ਆਖਦੇ ਦੌਧਰ ਦਾ
ਚਾਰ ਚੁਫੇਰੇ ਚਰਚਾ ਛਿੜਿਆ
ਹੋਇਆ ਦੇਖੋ ਚੋਬਰ ਦਾ
ਮੇਰੇ ਤੋਂ ਤਾਂ ਇਸ ਵਿਸ਼ੇ 'ਤੇ ਗੱਲ
ਨਹੀਂ ਜਾਂਦੀ ਆਖੀ
ਅੱਜ ਕੱਲ੍ਹ ਨਹੀਂ ਚਲਦੀ ਅਰਜਨ
ਵਾਲੀ ਗੰਡਾਸੀ

ਭੇਡ ਚਾਲ ਬਣਾਂ ਲਈ ਲੋਕਾਂ ਭੇਡਾਂ
ਵਾਂਗ ਹੀ ਕਰਦੇ ਆ
ਅੱਜ ਕੱਲ ਹਰ ਘਰ ਦੇ ਵਿੱਚ ਅਰਜਨ
ਕਦੋ ਕਿਸੇ ਤੋਂ ਡਰਦੇ ਆ
ਜੇਲ੍ਹਾਂ ਵਿੱਚ ਜਵਾਕ ਡੱਕੇ ਜੋ ਲਾਉਂਦੇ
ਅਸਮਾਨ ਨੂੰ ਟਾਕੀ
ਅੱਜ ਕੱਲ੍ਹ ਨਹੀਂ ਚਲਦੀ ਅਰਜਨ
ਵਾਲੀ ਗੰਡਾਸੀ

ਮਿੰਟਾਂ ਵਿੱਚ ਬੰਦਾ ਮਾਰ ਦਿੰਦੇ ਆ
ਜੋ ਵੀ ਟੇਢਾ ਤੱਕੇ
ਡੱਬ ਨਾਲ ਘੋੜੇ ਲਾਕੇ ਫਿਰਦੇ
ਨਿੱਕੇ ਨਿੱਕੇ ਬੱਚੇ
ਹੁਣ ਤਾਂ ਅਰਜਨ ਰੱਖੀਂ ਫਿਰਦੇ
ਜੇਬ ਚ ਪਾਕੇ ਖਾਖੀ
ਅੱਜ ਕੱਲ੍ਹ ਨਹੀਂ ਚਲਦੀ ਅਰਜਨ
ਵਾਲੀ ਗੰਡਾਸੀ

ਹੋਰ ਬਥੇਰੇ ਮੁੱਦੇ ਆ ਏਥੇ ਐਵੇਂ
ਮਾਰੀ ਜਾਣ ਭਕਾਈ
ਸੋਸ਼ਲ ਮੀਡੀਆ ਉੱਤੇ ਆਕੇ ਕੀ
ਦੱਸ ਦੇ ਵਡਿਆਈ
ਨਸਿਆਂ ਦੇ ਵਿੱਚ ਪੰਜਾਬ ਵਹਿ ਰਿਹਾ
ਹੋਰ ਕੀ ਕਰਨਾ ਬਾਕੀ
ਅੱਜ ਕੱਲ੍ਹ ਨਹੀਂ ਚਲਦੀ ਅਰਜਨ
ਵਾਲੀ ਗੰਡਾਸੀ

ਕੌਣ ਕਿਸੇ ਤੋ ਡਰਦਾ ਅੱਜ ਕੱਲ੍ਹ
ਦੁਨੀਆਂ ਤੱਤੀ ਬਾਹਲੀ
ਗੁਰਮੀਤ ਡੁਮਾਣੇ ਵਾਲਿਆਂ ਹੁਣ ਤਾਂ
ਚੱਲੂ ਏ ਕੇ ਸੰਤਾਲੀ
ਮੋੜਾ ਉਤੇ ਭਾਵੇਂ ਨਾਕੇ ਲੱਗੇ ਹੁੰਦੇ
ਨਹੀਂ ਤਲਾਸ਼ੀ
ਅੱਜ ਕੱਲ੍ਹ ਨਹੀਂ ਚਲਦੀ ਅਰਜਨ
ਵਾਲੀ ਗੰਡਾਸੀ

**ਗੁਰਮੀਤ ਡੁਮਾਣਾ**
**76528 ,16074**


## ਚੀਸਾ ਪੈਂਦੀਆਂ ਨੀ ਮਾਏ

ਚੀਸਾਂ ਪੈਂਦੀਆਂ ਨੀ ਮਾਏ,
ਵੇਖ ਸੁੰਨੜੇ ਜੇ ਵੇਹੜੇ,
ਸੁੰਨੀਆਂ ਬੂਹੇ ਬਾਰੀਆਂ,
ਸੁੱਕ ਚੱਲੇ ਤੇਰੇ ਬਾਗ,
ਸੁੱਕ ਗਈਆਂ ਨੇ ਕਿਆਰੀਆਂ,
ਮਾਏ ਦੱਸ ਕੇ ਤਾਂ ਜਾਂਦੀ,
ਕਿਉਂ ਪਈਆਂ ਤੈਨੂੰ ਕਾਹਲੀਆਂ।

ਚੀਸਾ ਪੈਂਦੀਆਂ ਨੀ ਮਾਏ,
ਵੇਖ ਤੇਰੀਆਂ ਅਲਮਾਰੀਆਂ,
ਤੇਰੇ ਸੂਹੇ ਨੇ ਦੁਸ਼ਾਲੇ,
ਕਿੱਲੇ ਟੰਗੀਆਂ ਪਰਾਂਦੀਆਂ,
ਮਾਏ ਦੱਸ ਕੇ ਤਾਂ ਜਾਂਦੀ,
ਕਿਉਂ ਪਈਆਂ ਤੈਨੂੰ ਕਾਹਲੀਆਂ।

ਚੀਸਾਂ ਪੈਂਦੀਆਂ ਨੀ ਮਾਏ,
ਜਦ ਬਾਬਲੇ ਨੂੰ ਤੱਕ ਲਾ,
ਹੰਝੂ ਪੀ ਗਿਆ ਨੀ ਸਾਰੇ,
ਦੁੱਖ ਕਿਸੇ ਨੂੰ ਨਾ ਦੱਸਦਾ,
ਮਾਏ ਦੱਸ ਕੇ ਤਾਂ ਜਾਂਦੀ
ਕਿਉਂ ਪਈਆਂ ਤੈਨੂੰ ਕਾਹਲੀਆਂ।

ਮਾਏ ਜਰ ਨਹੀਓ ਹੁੰਦੀਆਂ,
ਜੋ ਤੂੰ ਦੂਰੀਆਂ ਬਣਾ ਲਈਆਂ,
ਕੋਈ ਮੁੜ ਕੇ ਨਹੀਂ ਆਇਆ
ਜਿਸ ਦੇਸ਼ ਸਾਂਝਾ ਪਾ ਲਈਆਂ
ਮਾਏ ਦੱਸ ਕੇ ਤਾਂ ਜਾਂਦੀ
ਕਿਉਂ ਪਈਆਂ ਤੈਨੂੰ ਕਾਹਲੀਆਂ।



**ਡਾ. ਪਰਮਿੰਦਰ ਕੌਰ**

## ਜ਼ਿੰਦਗੀ ਦੇ ਪੈਂਡੇ

ਜ਼ਿੰਦਗੀ ਓਹੀ ਜੋ ਅਸੀ ਜੀ ਰਹੇ ਆ।
ਸਬਰਾ ਦੇ ਘੁੱਟ ਜਿਹੜੇ ਪੀ ਰਹੇ ਆ।
ਆ ਕਰਾਂਗੇ,
ਜਾ ਅਸੀਂ ਓਹ ਕਰਾਂਗੇ,
ਏਹ ਜ਼ਿੰਦਗੀ 'ਚ ਖ਼ਾਬ ਹੁੰਦੇ ਆ।
ਜ਼ਿੰਦਗੀ ਦੇ ਪੈਂਡੇ ਸਦਾ ਹੀ ਵੱਖਰੇ,
ਵੱਖਰੇ ਹੀ ਏਥੇ ਜਨਾਬ ਹੁੰਦੇ ਆ।
ਜ਼ਿੰਦਗੀ ਓਹੀ ਜੋ...

ਇਕਨਾਂ ਦੀ ਆਦਤ ਹੁੰਦੀ ਸੁਪਨੇ ਵੇਖਣਾ।
ਥਾਂ ਥਾਂ ਤੇ ਜਾ ਕੇ ਐਵੇਂ ਮੱਥੇ ਟੇਕਣਾ।
ਅੱਡ ਅੱਡ ਝੋਲੀ,
ਕੁਫ਼ਰ ਜਾਣ ਤੋਲੀ,
ਪੱਲੇ ਠੀਕਰੀ ਤੇ ਠਾਠ ਨਵਾਬ ਹੁੰਦੇ ਆ।
ਜ਼ਿੰਦਗੀ ਦੇ ਪੈਂਡੇ ਸਦਾ ਹੀ ਵੱਖਰੇ,
ਵੱਖਰੇ ਹੀ ਏਥੇ ਜਨਾਬ ਹੁੰਦੇ ਆ।
ਜ਼ਿੰਦਗੀ ਓਹੀ ਜੋ...

ਤੋੜਦੇ ਨਹੀਂ ਡੱਕਾ ਕਿਸਮਤ ਨੂੰ ਕੋਸਦੇ।
ਹੱਥ ਤੇ ਹੱਥ ਧਰ ਸਦਾ ਰਹਿੰਦੇ ਸੋਚਦੇ।
ਜੇ ਕਰਨੀ ਤੱਰਕੀ,
ਮਾਰਨੀ ਪੈਣੀਂ ਮੱਖੀ,
ਐਵੇਂ ਉਂਗਲਾਂ ਨੂੰ ਭੰਨ ਭੰਨ ਹਿਸਾਬ ਹੁੰਦੇ ਆ।
ਜ਼ਿੰਦਗੀ ਦੇ ਪੈਂਡੇ ਸਦਾ ਹੀ ਵੱਖਰੇ,
ਵੱਖਰੇ ਹੀ ਏਥੇ ਜਨਾਬ ਹੁੰਦੇ ਆ।
ਜ਼ਿੰਦਗੀ ਓਹੀ ਜੋ...

ਕਿਰਤ ਦੀ ਸਿੱਖਿਆ ਜੋ ਬਾਬੇ ਦਿੱਤੀ ਆ।
ਪੜ ਲਿਖ ਬੇਹਿਸਾਬ ਕਿਤਾਬੇ ਦਿੱਤੀ ਆ।
ਕਰ ਹਿੰਮਤ ਲੜੋਈ,
ਆਖਦਾ ਕੋਈ ਕੋਈ,
ਨਰਿੰਦਰ ਤਾਈਓ ਤਾਂ ਪੂਰੇ ਖ਼ਾਬ ਹੁੰਦੇ ਆ।
ਜ਼ਿੰਦਗੀ ਦੇ ਪੈਂਡੇ ਸਦਾ ਹੀ ਵੱਖਰੇ,
ਵੱਖਰੇ ਹੀ ਏਥੇ ਜਨਾਬ ਹੁੰਦੇ ਆ।
ਜ਼ਿੰਦਗੀ ਓਹੀ ਜੋ...

ਅੱਗੇ ਵੱਧਦੇ ਨੂੰ ਵੇਖ ਵੇਖ ਜਿਹੜੇ ਸੜਦੇ।
ਰਾਹਾਂ ਵਿੱਚ ਖੜ੍ਹ-ਖੜ੍ਹ ਗੱਲਾਂ ਜੋ ਕਰਦੇ।
ਜ਼ਹਿਰ ਈਰਖਾ ਦੇ ਘੋਲ,
ਰੱਬਾ ਰੱਖੀਂ ਉਨ੍ਹਾਂ ਕੋਲ,
ਐਵੇਂ ਸੋਚ ਸੋਚ ਖਾਨੇ ਖਰਾਬ ਹੁੰਦੇ ਆ।
ਜ਼ਿੰਦਗੀ ਦੇ ਪੈਂਡੇ ਸਦਾ ਹੀ ਵੱਖਰੇ,
ਵੱਖਰੇ ਹੀ ਏਥੇ ਜਨਾਬ ਹੁੰਦੇ ਆ।
ਜ਼ਿੰਦਗੀ ਓਹੀ ਜੋ...

**-ਨਰਿੰਦਰ ਲੜੋਈ ਵਾਲਾ**

## ਜ਼ਿੰਦਗੀ ਦਾ ਸਫ਼ਰ

ਸਫ਼ਰ ਜ਼ਿੰਦਗੀ ਦਾ ਹਰੇਕ ਲਈ,
ਹੁੰਦਾ ਬੜਾ ਹੀ ਔਖਾ।
ਐਪਰ ਜੇਕਰ ਰਜ਼ਾ 'ਚ ਰਹੀਏ,
ਹੋ ਜਾਂਦਾ ਹੈ ਸੌਖਾ।
ਜੀਵਨ-ਪੰਧ 'ਚ ਸਦਾ ਹੀ ਆਵਣ,
ਉੱਚੇ-ਨੀਵੇਂ ਰਸਤੇ।
ਨਿੱਕੇ ਮੋਢਿਆਂ 'ਤੇ ਟੰਗੇ ਨੇ,
ਕਿੰਨੇ ਭਾਰੀ ਬਸਤੇ।
ਹੱਸ-ਖੇਡ ਕੇ ਕੱਟੀਏ ਜੀਵਨ,
ਮੇਲਾ ਚਾਰ ਦਿਹਾੜੇ।
ਸੁਖੀ ਰਹਾਂਗੇ ਆਪਾਂ ਜੇਕਰ,
ਕਰੀਏ ਕੰਮ ਨਾ ਮਾੜੇ।
ਸਭਨਾਂ ਦੇ ਦਿਲ ਅੱਲ੍ਹਾ ਵੱਸਦਾ,
ਸਭ ਦਾ ਦੁਖ ਵੰਡਾਈਏ।
ਕੰਡੇ ਚੁਗੀਏ ਰਾਹਾਂ ਵਿੱਚੋਂ,
ਸਭ ਦੀ ਖ਼ੈਰ ਮਨਾਈਏ।
ਮੋਹ, ਮਮਤਾ ਤੇ ਹਮਦਰਦੀ ਨੇ,
ਗੁਣ ਸਾਰੇ ਹੀ ਪਿਆਰੇ।
ਮਿੱਠਾ ਬੋਲਣ ਵਾਲੇ ਹਰ ਥਾਂ,
ਜਾਂਦੇ ਨੇ ਸਤਿਕਾਰੇ।
ਨੀਵੇਂ ਹੋ ਕੇ ਰਹੀਏ ਹਰਦਮ,
ਓਸ ਖ਼ੁਦਾ ਤੋਂ ਡਰੀਏ।
ਗਊ-ਗ਼ਰੀਬ ਦੀ ਰਾਖੀ ਕਰਕੇ,
ਇਹ ਭਵਸਾਗਰ ਤਰੀਏ।



**ਪ੍ਰੋ. ਨਵ ਸੰਗੀਤ ਸਿੰਘ**
**9417692015.**

## ਮਾਂ ਦੀ ਕੁੱਖ 'ਚੋਂ ਰਹੀ ਹਾਂ ਬੋਲ

ਪਿਆਰੇ ਬਾਪੂ ਜੀ
ਮੈਂ ਮਾਂ ਦੀ ਕੁੱਖ 'ਚੋਂ ਰਹੀ ਹਾਂ ਬੋਲ

ਇੱਥੇ ਮੈਂ ਪੜ੍ਹ ਲਿਆ
ਮਾਂ ਦੇ ਮਨ ਨੂੰ ਸਾਰੇ ਦਾ ਸਾਰਾ

ਜਿਹੜੇ ਰਹੱਸਮਈ ਮਨ ਨੂੰ
ਮਾਂ ਪਲ ਪਲ ਰੂਪ ਵਟਾ
ਰਹੀ ਅੰਦਰ ਹੀ ਅੰਦਰ ਮਾਰਦੀ

ਸੋ ਇਸ ਵਾਰ ਮੈਂ
ਮਾਂ ਨੂੰ ਨਹੀਂ ਕਰਾਂਗੀ ਸੰਬੋਧਨ

ਉਹਨੇ ਤਾਂ ਮੈਨੂੰ
ਉਹੀ ਪਾਠ ਪੜ੍ਹਾਉਣਾ
ਜੋ ਮੇਰੀ ਮਾਂ ਦੀ ਮਾਂ ਨੇ
ਉਸਨੂੰ ਸਿਖਾਇਆ
ਸਬਰ ਸੰਤੋਖ ਹਲੀਮੀ
ਤੇ ਚੁੱਪ ਨਾਲ ਬੁੱਲ੍ਹਾਂ ਨੂੰ ਸਿਉਣਾ

ਤੈਨੂੰ ਹੀ ਹੋਵਾਂਗੀ ਮੁਖ਼ਾਤਿਬ ਬਾਪੂ
ਆ ਰਹੀ ਹਾਂ ਮੈਂ
ਛੇਤੀ ਹੀ ਇਸ ਦੁਨੀਆਂ 'ਚ
ਆਪਣੇ ਹਿੱਸੇ ਦਾ ਅਸਮਾਨ
ਤੇ ਆਪਣੇ ਹਿੱਸੇ ਦੀ ਧਰਤੀ ਨਾਪਣ

ਪਰ ਇਕ ਅਰਜ਼ ਹੈ ਤੈਨੂੰ ਮੇਰੀ
ਮੇਰੇ ਜਨਮ ਉੱਤੇ
ਉਹ ਗੁਲਾਬੀ ਰੰਗ ਦੀ ਗੁੱਡੀ ਤੇ ਪਟੋਲੇ
ਨਾ ਰੱਖੀਂ ਖਰੀਦ
ਨਹੀਂ ਖੇਡਣਾ ਮੈਂ ਭਾਵੁਕਤਾ ਦਾ ਖੇਡ
ਤੂੰ ਮੇਰੇ 'ਚ ਆਤਮ ਵਿਸ਼ਵਾਸ ਭਰੀ
ਮੈਂ ਲੜ੍ਹ ਸਕਾਂ ਹਰ ਮੁਸ਼ਕਿਲ ਨਾਲ
ਮੈਨੂੰ ਪਤਾ ਬਾਪੂ
ਇਸ ਜ਼ਾਲਮ ਦੁਨੀਆਂ 'ਚ
ਮੈਨੂੰ ਕਿਵੇਂ ਪਲ ਪਲ ਮਰਨਾ ਪੈਣਾ

ਜਦ ਹੋਵਾਂਗੀ ਚਾਰ ਸਾਲ ਦੀ
ਕੋਈ ਚਾਕਲੇਟ ਤੇ ਟਾਫ਼ੀਆਂ ਬਹਾਨੇ
ਕਿਵੇਂ ਕਰੇਗਾ ਵਾਰ
ਮੇਰੀ ਤੋਤਲੀ ਬੋਲੀ ਉੱਤੇ

ਜਦ ਜਾਵਾਂਗੀ ਸਕੂਲ ਪੜ੍ਹਨ
ਕੌਣ ਕਦੋਂ ਤੇ ਕਿੱਥੇ ਕੁਚਲੇਗਾ
ਮੇਰੀ ਮਾਸੂਮੀਅਤ ਨੂੰ

ਜਦ ਹੋਵਾਂਗੀ ਜਵਾਨ
ਅੱਤ ਕੋਕਾ ਤੇ ਪੁਰਜਾ ਕਹਿ
ਕਰਨਗੇ ਸੰਬੋਧਨ ਮੈਨੂੰ
ਆਪਣੀ ਹੀ ਮਾਂ ਬੋਲੀ ਵਿੱਚ

ਆਪਣੀ ਗੁੱਡੀ ਦਾ ਵਿਆਹ
ਕਰਦੇ ਕਰਦੇ
ਮੇਰੇ ਸੁਪਨਿਆਂ ਨੂੰ ਵੀ ਸਿਰਜੇਗਾ
ਜਦ ਇੱਕ ਰਾਜਕੁਮਾਰ
ਫਿਰ ਮੇਰੇ ਸੁਪਨਿਆਂ ਵਿੱਚ ਆ ਡਰਾਉਣਗੀਆਂ
ਇਕ ਅੱਖ ਮੀਚ ਕੇ ਨੱਕ ਸਕੋੜਦੀਆਂ
ਇੱਕ ਦੂਜੀ ਦੇ ਕੰਨ੍ਹਾਂ ਵਿੱਚ
ਫੁਸ-ਫਸਾਉਂਦੀਆਂ
ਪਿੰਡ ਦੀਆਂ ਉਹ
ਕਮੀਨੀਆਂ ਔਰਤਾਂ
ਜੋ ਖ਼ੁਦ ਔਰਤ ਹੋਣ ਦਾ ਲਾਹਾ ਲੈ
ਔਰਤ ਦੇ ਨਾਮ 'ਤੇ ਧੱਬਾ ਹੁੰਦੀਆਂ
ਤੇ ਉਹ ਟੁਚੂ ਮਰਦਾਂ ਦੀਆਂ
ਮੁੱਛਾਂ, ਦਾੜ੍ਹੀਆਂ ਤੇ ਹਾਸੇ
ਜੋ ਮੇਰੇ ਹਾਸੇ
ਮੇਰੇ ਉੱਠਣ
ਮੇਰੇ ਬੈਠਣ
ਨੂੰ ਜੋੜ ਦੇਣਗੇ
ਤੇਰੀ ਪੱਗ ਨਾਲ

ਜਾਂ ਕੋਈ ਦਗੇਬਾਜ਼
ਪਿਆਰ ਦੇ ਝੂਠੇ
ਕਲਾਵੇ ਵਿੱਚ ਲੈ ਖੇਡੇਗਾ
ਮੇਰੇ ਤਨ ਅਤੇ ਮਨ ਨਾਲ

ਜਾਂ ਕਿਸੇ ਸ਼ਰਾਬੀ
ਦੀ ਥਾਲੀ ਵਿੱਚ ਰੋਟੀ ਪਰੋਸ ਕੇ
ਆਪਣੀ ਥਾਲੀ ਵਿੱਚ ਖਾਵਾਂਗੀ
ਉਸ ਦੀ ਜੁੱਤੀ ਦਾ ਨਾਪ

ਮੈਨੂੰ ਪਤਾ ਬਾਪੂ
ਇਸ ਦੁਨੀਆਂ 'ਚ
ਕੁੜੀਆਂ ਦਾ ਜਿਉਣਾ ਕੀ ਹੁੰਦਾ
ਜੋ ਮੈਨੂੰ ਮਾਂ ਨੇ
ਅੰਦਰੇ ਹੀ ਮਹਿਸੂਸ ਕਰਾ ਦਿੱਤਾ

ਸੋ ਪਹਿਲਾਂ ਹੀ ਕਹਿ ਰਹੀ ਹਾਂ ਬਾਪੂ
ਕਿ ਬਹੁਤ ਹੋ ਗਿਆ
ਭਾਵੁਕਤਾ ਦਾ ਖੇਡ
ਇਸ ਵਾਰ ਮੈਂ
ਰੂਪ ਵਟਾਏ ਬਿਨ੍ਹ
ਸੁਪਨੇ ਮਾਰੇ ਬਿਨ੍ਹ
ਅਸਲੀਅਤ 'ਚ ਹੀ ਵਿਚਰਾਂਗੀ।



**ਵਿਰਕ ਪੁਸ਼ਪਿੰਦਰ**

## ਪਰਛਾਵਾਂ

ਖਿਆਲਾਂ ਵਿਚ,
ਉਹ ਮੇਰੇ।
ਮਨਫ਼ੀ ਕਦੇ,
ਹੋਇਆ ਨਹੀਂ।
ਜ਼ਿੰਦਗੀ ਵਿਚ,
ਉਹ ਮੇਰੇ,
ਹਾਜ਼ਰ ਕਦੇ,
ਹੋਇਆ ਨਹੀਂ।
ਅਹਿਸਾਸ ਨੇ,
ਜ਼ਿੰਦਾ ਰਹਿਣ ਲਈ,
ਮਜ਼ਬੂਰ ਕਰਦੇ ਨੇ।
ਸਾਹਾਂ ਤੋਂ ਉਹ ਮੇਰੇ,
ਦੂਰ ਕਦੇ,
ਹੋਇਆ ਨਹੀਂ।
ਇਹ ਵੀ ਕਾਫ਼ੀ ਹੈ,
'ਜ਼ਿੰਦਾ'
ਰਹਿਣ ਲਈ ਮੇਰੇ।
ਮੇਰੀ ਵਫ਼ਾ ਤੋਂ,
ਉਹ 'ਜੱਸੀ'
ਮੁਨਕਰ ਕਦੇ,
ਹੋਇਆ ਨਹੀਂ।



**ਜਸਪਾਲ ਜੱਸੀ**

## ਪੰਛੀਆਂ ਦੀ ਪੁਕਾਰ

ਆਲ੍ਹਣੇ ਅਸੀਂ ਕਿੱਥੇ ਪਾਈਏ,
ਰੁੱਖਾਂ ਤਾਂਈ ਵੱਢ ਦਿੱਤਾ।
ਕੱਚਿਆਂ ਦੀ ਥਾਂ ਪੱਕੇ ਪਾ ਲਏ,
ਉੱਥੋਂ ਵੀ ਸਾਨੂੰ ਕੱਢ ਦਿੱਤਾ।
ਖੇਤਾਂ ਵਿੱਚ ਜੇ ਜਾ ਕੇ ਰਹੀਏ,
ਅੱਗਾਂ ਲਾ ਲਾ ਸਾੜ ਦਿੰਦੇ।
ਆਲ੍ਹਣਿਆਂ ਵਿੱਚ ਬੋਟ ਜੋ ਸਾਡੇ,
ਧਰਤੀ ਉੱਤੇ ਰਾੜ੍ਹਾ ਦਿੰਦੇ।
ਫਿਰ ਜਾਈਏ ਕਿੱਥੇ ਉੱਚੇ ਟਾਵਰਾਂ,
ਜੀਣਾ ਸਾਡਾ ਮੁਹਾਲ ਕੀਤਾ।
ਤੇਜ਼ ਤਰੰਗਾਂ ਦੁਸ਼ਮਣ ਸਾਡੀਆਂ,
ਮੰਦੜਾ ਉਹਨਾਂ ਹਾਲ ਕੀਤਾ।
ਦੱਸੋ ਫੇਰ ਸਾਡਾ ਟਿਕਾਣਾ ਕਿੱਥੇ,
ਹੱਕ ਸਾਡਾ ਵੀ ਤਾਂ ਪੂਰਾ ਹੈ।
ਪੰਛੀਆਂ ਨਾਲ ਸੰਸਾਰ ਹੈ ਸੋਹਣਾ,
ਨਹੀਂ ਸਭ ਕੁਝ ਅਧੂਰਾ ਹੈ।
ਹਾੜਾ ਨਾ ਤੁਸੀਂ ਕਹਿਰ ਗੁਜ਼ਾਰੋ,
ਸਾਨੂੰ ਵੀ ,ਪੱਤੋ, ਰਹਿਣ ਦਿਓ।
ਅਸੀਂ ਹਾਂ ਮਨੁੱਖ ਦੇ ਸੱਚੇ ਮਿੱਤਰ,
ਕਿਤੇ ਤਾਂ ਸਾਨੂੰ ਬਹਿਣ ਦਿਓ।

**ਹਰਪ੍ਰੀਤ ਪੱਤੋ**
**94658-21417**

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep® DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD